17-JULY-PAGE-1.qxd 7/16/2025 9:07 PM Page 1

ਵੀਰਵਾਰ, 17 ਜੁਲਾਈ, 2025

2 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 46

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 17 JULY, 2025 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

ਸਟਾਫ ਦੀ ਲੋੜ

ਭੰਡਾਰੀ ਕਾਰ ਬਾਜ਼ਾਰ ਭੋਗਪੁਰ

ਵਿਖੇ ਦਫਤਰੀ ਕੰਮਾਂ ਲਈ ਸਟਾਫ ਅਤੇ ਕਾਰ ਵਾਸ਼ਿੰਗ ਲਈ ਲੜਕਿਆਂ ਦੀ ਜ਼ਰੂਰਤ ਹੈ।

ਤਨਖਾਹ 10,000 ਤੋਂ 20,000 ਰੁਪਏ।

ਚਾਹਵਾਨ 62800-30861 'ਤੇ ਸੰਪਰਕ ਕਰਨ।

ਮਿਲਣ ਦਾ ਸਮਾਂ : ਸਵੇਰੇ 8 ਤੋਂ 10 ਵਜੇ ਤੱਕ

## ਨਾਟੋ ਦੀ ਭਾਰਤ, ਚੀਨ ਤੇ ਬ੍ਰਾਜ਼ੀਲ ਨੂੰ ਧਮਕੀ



**ਵਾਸ਼ਿੰਗਟਨ** : ਨਾਟੋ ਦੇ ਸਕੱਤਰ ਜਨਰਲ ਮਾਰਕ ਰੂਟੇ ਨੇ ਬੁੱਧਵਾਰ ਚੇਤਾਵਨੀ ਦਿੱਤੀ ਕਿ ਭਾਰਤ, ਬ੍ਰਾਜ਼ੀਲ ਤੇ ਚੀਨ ਵਰਗੇ ਮੁਲਕ ਜੇ ਰੂਸ ਨਾਲ ਕਾਰੋਬਾਰ ਜਾਰੀ ਰੱਖਦੇ ਹਨ ਤਾਂ ਉਨ੍ਹਾਂ ਨੂੰ ਸਖਤ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੂਟੇ ਨੇ 'ਬ੍ਰਿਕਸ' ਸਮੂਹ 'ਚ ਸ਼ਾਮਲ ਇਨ੍ਹਾਂ ਮੁਲਕਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਪੂਤਿਨ ਨੂੰ ਸ਼ਾਂਤੀ ਵਾਰਤਾ ਲਈ ਸੰਜੀਦਾ ਹੋਣ ਵਾਸਤੇ ਕਹਿਣ ਜਾਂ ਫਿਰ ਰੂਸ ਸਖਤ ਪਾਬੰਦੀਆਂ ਲਈ ਤਿਆਰ ਰਹੇ।

ਰੂਟੇ ਨੇ ਇਹ ਟਿੱਪਣੀ ਅਮਰੀਕੀ ਕਾਂਗਰਸ ਵਿੱਚ ਸੈਨੇਟਰਾਂ ਨਾਲ ਮੁਲਾਕਾਤ ਦੌਰਾਨ ਕੀਤੀ, ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕਰੇਨ ਲਈ ਨਵੇਂ ਹਥਿਆਰਾਂ ਦਾ ਐਲਾਨ ਕੀਤਾ ਅਤੇ 50 ਦਿਨਾਂ ਵਿੱਚ ਸ਼ਾਂਤੀ ਸਮਝੌਤਾ ਨਾ ਹੋਣ 'ਤੇ ਰੂਸੀ ਬਰਾਮਦਾਂ ਦੇ ਖਰੀਦਦਾਰਾਂ 'ਤੇ 100 ਫੀਸਦੀ ਸੈਕੰਡਰੀ ਟੈਰਿਫ ਲਾਉਣ ਦੀ ਧਮਕੀ ਦਿੱਤੀ।

ਰੂਟੇ ਨੇ ਪੱਤਰਕਾਰਾਂ ਨੂੰ ਕਿਹਾ, 'ਇਨ੍ਹਾਂ ਤਿੰਨਾਂ ਦੇਸ਼ਾਂ ਨੂੰ ਮੇਰੀ ਸਲਾਹ ਹੈ, ਖਾਸ ਕਰਕੇ, ਜੇ ਤੁਸੀਂ ਹੁਣ ਬੀਜਿੰਗ ਵਿੱਚ ਰਹਿੰਦੇ ਹੋ ਜਾਂ ਦਿੱਲੀ ਵਿੱਚ ਜਾਂ ਤੁਸੀਂ ਬ੍ਰਾਜ਼ੀਲ ਦੇ ਰਾਸ਼ਟਰਪਤੀ ਹੋ, ਤਾਂ ਤੁਸੀਂ ਇਸ 'ਤੇ ਇੱਕ ਨਜ਼ਰ ਮਾਰਨਾ ਚਾਹੋਗੇ, ਕਿਉਂਕਿ ਇਹ ਤੁਹਾਨੂੰ ਅਸਰਅੰਦਾਜ਼ ਕਰ ਸਕਦਾ ਹੈ।'

ਰੂਟੇ ਨੇ ਟਰੰਪ ਨਾਲ ਮੁਲਾਕਾਤ ਕੀਤੀ ਅਤੇ ਟੈਰਿਫ ਨੂੰ ਲੈ ਕੇ ਨਵੀਂ ਪੇਸ਼ਕਦਮੀ 'ਤੇ ਸਹਿਮਤੀ ਪ੍ਰਗਟਾਈ। ਰੂਟੇ ਨੇ ਕਿਹਾ, 'ਇਸ ਲਈ ਕ੍ਰਿਪਾ ਕਰਕੇ ਪੂਤਿਨ ਨੂੰ ਫੋਨ ਕਰੋ ਤੇ ਦੱਸੋ ਕਿ ਉਨ੍ਹਾ ਨੂੰ ਸ਼ਾਂਤੀ ਵਾਰਤਾ ਬਾਰੇ ਸੰਜੀਦਾ ਹੋਣਾ ਹੋਵੇਗਾ, ਜੇ ਅਜਿਹਾ ਨਹੀਂ ਹੁੰਦਾ ਤਾਂ ਭਾਰਤ, ਬ੍ਰਾਜ਼ੀਲ ਤੇ ਚੀਨ 'ਤੇ ਇਸ ਦਾ ਵਿਆਪਕ ਅਸਰ ਪਏਗਾ।'

## ਪਾਕਿਸਤਾਨ ਫਿਰ ਚੱਲਿਆ ਪ੍ਰਧਾਨਗੀ ਸਿਸਟਮ ਵੱਲ

**ਇਸਲਾਮਾਬਾਦ** : ਪਾਕਿਸਤਾਨ ਦੀ ਨਾਗਰਿਕ ਤੇ ਫੌਜੀ ਲੀਡਰਸ਼ਿਪ ਵਿਚਾਲੇ ਹਾਲੀਆ ਮੀਟਿੰਗ ਨੇ ਸੈਨਾ ਮੁਖੀ ਦੇ ਅਗਲਾ ਰਾਸ਼ਟਰਪਤੀ ਬਣਨ ਦੀਆਂ ਕਿਆਸਅਰਾਈਆਂ ਨੂੰ ਫਿਰ ਹਵਾ ਦੇ ਦਿੱਤੀ ਹੈ। ਇਸ ਮਹੀਨੇ ਤੀਜੀ ਵਾਰ ਅਜਿਹੀਆਂ ਕਿਆਸਅਰਾਈਆਂ ਨੂੰ ਹਵਾ ਮਿਲੀ ਹੈ। ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਹਾਲਾਂਕਿ ਪਿਛਲੇ ਹਫਤੇ ਖੰਡਨ ਕੀਤਾ ਸੀ ਕਿ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਹਟਾ ਕੇ ਸੈਨਾ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੂੰ ਰਾਸ਼ਟਰਪਤੀ ਬਣਾਇਆ ਜਾ ਰਿਹਾ ਹੈ। ਸ਼ਰੀਫ ਦੇ ਮੰਗਲਵਾਰ ਜ਼ਰਦਾਰੀ ਨੂੰ ਮਿਲਣ ਤੋਂ ਪਹਿਲਾਂ ਮੁਨੀਰ ਦੀ ਸ਼ਰੀਫ ਨਾਲ ਮੁਲਾਕਾਤ ਨੇ ਅਫਵਾਹਾਂ ਦਾ ਬਾਜ਼ਾਰ ਹੋਰ ਗਰਮ ਕਰ ਦਿੱਤਾ।



ਪਾਕਿਸਤਾਨ ਦੀ ਅਖਬਾਰ 'ਦੀ ਐੱਕਸਪ੍ਰੈੱਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਇਹ ਮੁਲਾਕਤਾਂ ਸੰਵਿਧਾਨ ਵਿੱਚ ਕੀਤੀ ਜਾਣ ਵਾਲੀ 27ਵੀਂ ਸੋਧ ਦੇ ਸੰਦਰਭ ਵਿੱਚ ਹੋਈਆਂ ਦੱਸੀਆਂ ਜਾ ਰਹੀਆਂ ਹਨ, ਜਿਸ ਨਾਲ ਜ਼ਰਦਾਰੀ ਮੁਨੀਰ ਦੇ ਹੱਕ ਵਿੱਚ ਰਾਸ਼ਟਰਪਤੀ ਦਾ ਅਹੁਦਾ ਛੱਡਣਗੇ।

ਸੋਸ਼ਲ ਮੀਡੀਆ ਇਹ ਖਬਰਾਂ ਦੇ ਰਿਹਾ ਹੈ ਕਿ ਦੇਸ਼ ਵਿੱਚ ਪਾਰਲੀਮੈਂਟਰੀ ਸਿਸਟਮ ਨੂੰ ਪ੍ਰਧਾਨਗੀ ਤਰਜ਼ ਦੀ ਸਰਕਾਰ ਵਿੱਚ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ ਕਿ ਕਿਆਸਅਰਾਈਆਂ ਬੇਬੁਨਿਆਦ ਹਨ, ਪਰ ਨਾਲ ਹੀ ਇਨ੍ਹਾਂ ਰਿਪੋਰਟਾਂ ਦੀ ਪੁਸ਼ਟੀ ਕੀਤੀ ਕਿ ਜ਼ਰਦਾਰੀ ਤੇ ਸ਼ਰੀਫ ਵਿਚਾਲੇ ਹੋਈ ਮੀਟਿੰਗ ਵਿੱਚ ਜ਼ਰਦਾਰੀ ਦੇ ਅਸਤੀਫੇ ਤੇ ਮੁਨੀਰ ਨੂੰ ਰਾਸ਼ਟਰਪਤੀ ਬਣਾਉਣ ਦਾ ਮਾਮਲਾ ਉੱਠਿਆ ਸੀ। ਸ਼ਰੀਫ ਨੇ 11 ਜੁਲਾਈ ਨੂੰ ਜ਼ਰਦਾਰੀ ਦੇ ਅਹੁਦਾ ਛੱਡਣ ਤੇ ਮੁਨੀਰ ਦੇ ਰਾਸ਼ਟਰਪਤੀ ਬਣਨ ਦੇ ਦਾਅਵਿਆਂ ਨੂੰ ਕਿਆਸਅਰਾਈਆਂ ਦੱਸਿਆ ਸੀ। ਉਨ੍ਹਾ ਕਿਹਾ ਸੀ— ਫੀਲਡ ਮਾਰਸ਼ਲ ਆਸਿਮ ਮੁਨੀਰ ਨੇ ਕਦੇ ਵੀ ਰਾਸ਼ਟਰਪਤੀ ਬਣਨ ਦੀ ਇੱਛਾ ਜ਼ਾਹਰ ਨਹੀਂ ਕੀਤੀ ਤੇ ਨਾ ਹੀ ਅਜਿਹੀ ਕੋਈ ਯੋਜਨਾ ਹੈ।

ਸ਼ਰੀਫ ਦੇ ਸਪੱਸ਼ਟੀਕਰਨ ਤੋਂ ਪਹਿਲਾਂ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ 10 ਜੁਲਾਈ ਨੂੰ ਕਿਹਾ ਸੀ ਕਿ ਉਨ੍ਹਾ ਨੂੰ ਪਤਾ ਹੈ ਕਿ ਜ਼ਰਦਾਰੀ, ਸ਼ਰੀਫ ਤੇ ਮੁਨੀਰ ਬਾਰੇ ਅਫਵਾਹਾਂ ਕੌਣ ਫੈਲਾ ਰਿਹਾ ਹੈ। ਨਕਵੀ ਫੌਜੀ ਲੀਡਰਸ਼ਿਪ ਦੇ ਕਰੀਬੀ ਹਨ।

ਪਾਰਲੀਮੈਂਟਰੀ ਸਿਸਟਮ ਨੂੰ ਪ੍ਰਧਾਨਗੀ ਸਿਸਟਮ ਵਿੱਚ ਬਦਲਣ ਦੀਆਂ ਕਿਆਸਅਰਾਈਆਂ ਦਰਮਿਆਨ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਬੁੱਧਵਾਰ ਫਿਰ ਸਾਰੀਆਂ ਕਿਆਸਅਰਾਈਆਂ ਨੂੰ ਰੱਦ ਕਰਦਿਆਂ ਕਿਹਾ ਕਿ ਸ਼ਰੀਫ ਨੇ ਕਿਆਸਅਰਾਈਆਂ ਬਾਰੇ ਗੱਲ ਕੀਤੀ ਤੇ ਦੱਸਿਆ ਕਿ ਇਹ ਸਭ ਪਤੰਗਬਾਜ਼ੀ ਹੈ। ਜ਼ਰਦਾਰੀ ਨੇ ਵੀ ਵਰਤਮਾਨ ਸਿਆਸੀ ਸਿਸਟਮ 'ਤੇ ਪੂਰਾ ਭਰੋਸਾ ਪ੍ਰਗਟਾਇਆ। ਜ਼ਰਦਾਰੀ ਨਾਲ ਮੁਲਾਕਾਤ ਤੋਂ ਪਹਿਲਾਂ ਮੁਨੀਰ ਦੀ ਸ਼ਰੀਫ ਨਾਲ ਮੁਲਾਕਾਤ ਬਾਰੇ ਆਸਿਫ ਨੇ ਕਿਹਾ ਕਿ ਇਸ ਵਿੱਚ ਕੋਈ ਨਵੀਂ ਗੱਲ ਨਹੀਂ। ਫੀਲਡ ਮਾਰਸ਼ਲ ਤੇ ਪ੍ਰਧਾਨ ਮੰਤਰੀ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਲਈ ਹਫਤੇ ਵਿੱਚ ਤਿੰਨ ਵਾਰ ਮਿਲਦੇ ਹਨ। ਉਨ੍ਹਾ ਦਾਅਵਾ ਕੀਤਾ ਕਿ ਸੈਨਾ ਮੁਖੀ ਦੀ ਸਿਆਸਤ 'ਚ ਦਿਲਚਸਪੀ ਨਹੀਂ ਹੈ। ਸੈਨਾ ਮੁਖੀ ਕੋਲ ਪਹਿਲਾਂ ਹੀ ਫੌਜ ਦਾ ਸਭ ਤੋਂ ਵੱਡਾ ਅਹੁਦਾ ਹੈ ਅਤੇ ਉਨ੍ਹਾ ਭਾਰਤ ਨਾਲ ਹਾਲੀਆ ਟਕਰਾਅ ਦੌਰਾਨ ਕਾਫੀ ਮਾਣ-ਸਤਿਕਾਰ ਹਾਸਲ ਕੀਤਾ ਹੈ। ਖਵਾਜਾ ਆਸਿਫ ਨੇ ਹੁਕਮਰਾਨ ਕੁਲੀਸ਼ਨ ਦੀਆਂ ਦੋ ਪ੍ਰਮੁੱਖ ਭਾਈਵਾਲ ਪਾਰਟੀਆਂ—ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਵਿਚਾਲੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਫੁੱਟ ਦਾ ਵੀ ਖੰਡਨ ਕੀਤਾ। ਰਿਜ਼ਰਵ ਸੀਟਾਂ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਕੌਮੀ ਅਸੈਂਬਲੀ ਵਿੱਚ ਸਭ ਤੋਂ ਵੱਡੀ ਪਾਰਟੀ ਬਣ ਗਈ ਸੀ।

## ਕਰਨਲ ਬਾਠ ਦਾ ਕੇਸ ਸੀ ਬੀ ਆਈ ਹਵਾਲੇ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟਿਆਲਾ ਵਿੱਚ ਕਰਨਲ ਬਾਠ 'ਤੇ ਹੋਏ ਹਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਹੈ। ਕਰਨਲ ਬਾਠ ਦਾ ਪਰਵਾਰ ਚੰਡੀਗੜ੍ਹ ਪੁਲਸ ਵੱਲੋਂ ਗਠਿਤ ਸਿੱਟ ਦੀ ਜਾਂਚ ਤੋਂ ਸੰਤੁਸ਼ਟ ਨਹੀਂ ਸੀ, ਜਿਸ ਤੋਂ ਬਾਅਦ ਹਾਈ ਕੋਰਟ ਨੇ ਜਾਂਚ ਸੀ ਬੀ ਆਈ ਹਵਾਲੇ ਕਰ ਦਿੱਤੀ ਹੈ।

ਕਰਨਲ ਬਾਠ ਦੇ ਪਰਵਾਰ ਨੇ ਹਾਈ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਅਦਾਲਤ ਦੁਆਰਾ ਬਣਾਈ ਗਈ ਐੱਸ ਆਈ ਟੀ ਕੰਮ ਨਹੀਂ ਕਰ ਰਹੀ। ਬੀਤੇ ਦਿਨ ਕਰਨਲ ਬਾਠ ਦੀ ਪਤਨੀ ਨੇ ਇੱਕ ਇੰਟਰਵਿਊ ਦੌਰਾਨ ਇਤਰਾਜ਼ ਜਤਾਇਆ ਸੀ ਕਿ ਚੰਡੀਗੜ੍ਹ ਪੁਲਸ ਵੱਲੋਂ ਇਸ ਮਾਮਲੇ ਵਿਚ ਹੁਣ ਤੱਕ ਇੱਕ ਵੀ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ। ਕਰਨਲ ਬਾਠ ਦੇ ਪਰਵਾਰ ਵੱਲੋਂ ਕਾਫੀ ਸਮੇਂ ਤੋਂ ਮੰਗ ਕੀਤੀ ਜਾ ਰਾਹੀ ਸੀ ਕਿ ਇਸ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਜਾਵੇ ਜਾਂ ਐੱਸ ਆਈ ਟੀ ਨੂੰ ਬਦਲ ਦਿੱਤਾ ਜਾਵੇ।

ਕਰਨਲ ਬਾਠ ਨੇ ਪਹਿਲਾਂ ਪਾਈ ਪਟੀਸ਼ਨ ਵਿੱਚ ਕਿਹਾ ਸੀ ਕਿ ਉਨ੍ਹਾ ਅਤੇ ਉਨ੍ਹਾ ਦੇ ਪੁੱਤਰ 'ਤੇ 13-14 ਮਾਰਚ ਦੀ ਰਾਤ ਨੂੰ ਪਟਿਆਲਾ ਵਿੱਚ ਬੇਰਹਿਮੀ ਨਾਲ ਹਮਲਾ ਕੀਤਾ ਗਿਆ ਸੀ। ਉਨ੍ਹਾ ਇੰਸਪੈਕਟਰ ਰੈਂਕ ਦੇ ਪੰਜਾਬ ਪੁਲਸ ਦੇ ਚਾਰ ਅਧਿਕਾਰੀਆਂ ਅਤੇ ਉਨ੍ਹਾਂ ਦੇ ਹਥਿਆਰਬੰਦ ਮੁਲਾਜ਼ਮਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਉਨ੍ਹਾਂ ਉੱਤੇ ਹਮਲਾ ਕਰਨ, ਉਨ੍ਹਾਂ ਦਾ ਅਧਿਕਾਰਤ ਆਈ ਡੀ ਕਾਰਡ ਅਤੇ ਮੋਬਾਇਲ ਫੋਨ ਖੋਹਣ ਅਤੇ ਝੂਠੇ ਮੁਕਾਬਲਿਆਂ ਦੀਆਂ ਧਮਕੀਆਂ ਦੇਣ ਦਾ ਦੋਸ਼ ਲਗਾਇਆ ਸੀ।

## ਪੀ ਆਰ ਟੀ ਸੀ ਮੈਨੇਜਮੈਂਟ ਖਿਲਾਫ ਭਲਕੇ ਜ਼ੋਰਦਾਰ ਪ੍ਰਦਰਸ਼ਨ

**ਪਟਿਆਲਾ** : ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਵੱਖ-ਵੱਖ ਜਥੇਬੰਦੀਆਂ ਦੇ ਬੁਲਾਰਿਆਂ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖਟੜਾ, ਰਾਕੇਸ਼ ਕੁਮਾਰ ਦਾਤਾਰਪੁਰੀ ਅਤੇ ਮੁਹੰਮਦ ਖਲੀਲ ਨੇ ਬੁੱਧਵਾਰ ਕਿਹਾ ਕਿ 18 ਜੁਲਾਈ (ਸ਼ੁੱਕਰਵਾਰ) ਨੂੰ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਵਿਰੁੱਧ ਨਵਾਂ ਬੱਸ ਸਟੈਂਡ ਪਟਿਆਲਾ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ, ਖਜ਼ਾਨਾ ਮੰਤਰੀ ਅਤੇ ਵਿੱਤ ਸਕੱਤਰ ਦੇ ਪੁਤਲੇ ਫੂਕੇ ਜਾਣਗੇ, ਕਿਉਂਕਿ ਇਹ ਸਰਕਾਰ ਪੀ ਆਰ ਟੀ ਸੀ ਦੇ ਵਰਕਰਾਂ ਅਤੇ ਸੇਵਾ-ਮੁਕਤ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਹਰ ਮਹੀਨੇ ਤਰਸਾ-ਤਰਸਾ ਕੇ ਅੱਧਾ ਮਹੀਨਾ ਲੰਘੇ ਤੋਂ ਬਾਅਦ ਦਿੰਦੀ ਆ ਰਹੀ ਹੈ। ਪਿਛਲੇ ਮਹੀਨੇ ਵੀ ਅਦਾਇਗੀ 27 ਤਰੀਕ ਨੂੰ ਹੋਈ ਸੀ, ਇਸ ਵਾਰ ਫਿਰ ਜੂਨ ਦੀ ਅਦਾਇਗੀ ਜੁਲਾਈ ਦਾ ਅੱਧਾ ਮਹੀਨਾ ਲੰਘ ਜਾਣ ਦੇ ਬਾਵਜੂਦ ਵੀ ਕੋਈ ਸੰਕੇਤ ਨਹੀਂ ਮਿਲ ਰਹੇ ਕਿ ਕਦੋਂ ਤਨਖਾਹ-ਪੈਨਸ਼ਨ ਨਸੀਬ ਹੋਵੇਗੀ। ਆਗੂਆਂ ਕਿਹਾ ਕਿ ਇਸ ਨਾ ਤਜਰਬੇਕਾਰ, ਅਸੰਵੇਦਨਸ਼ੀਲ, ਗੈਰਸੰਜੀਦਾ ਅਤੇ ਗਪੌੜੀਆਂ ਦੀ ਸਰਕਾਰ ਨੇ ਜਿੱਥੇ ਆਪਣੇ ਵਿੱਤੀ ਦੁਰਪ੍ਰਬੰਧ ਰਾਹੀਂ ਸਮੁੱਚੇ ਮੁਲਾਜ਼ਮਾਂ, ਮਜ਼ਦੂਰਾਂ, ਸਕੀਮ ਵਰਕਰਾਂ, ਨਰੇਗਾ ਕਾਮਿਆਂ ਆਦਿ ਵਰਗਾਂ ਦੇ ਆਰਥਕ ਮਸਲਿਆਂ ਨੂੰ ਢੀਠਤਾਈ ਦੀਆਂ ਹੱਦਾਂ ਪਾਰ ਕਰਕੇ ਪੈਰਾਂ ਹੇਠ ਲਤਾੜਿਆ ਹੋਇਆ ਹੈ, ਉੱਥੇ ਇਸ ਤੋਂ ਵੀ ਵੱਧ ਜ਼ੁਲਮ ਪੀ ਆਰ ਟੀ ਸੀ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਠੇਕਾ ਪ੍ਰਣਾਲੀ ਅਧੀਨ ਕੰਮ ਕਰਦੇ ਵਰਕਰਾਂ ਦੇ ਵਿਰੁੱਧ ਹਰ ਮਹੀਨੇ ਤਨਖਾਹ—ਪੈਨਸ਼ਨਾਂ ਦੀ ਅਦਾਇਗੀ ਸਮੇਂ ਸਿਰ ਨਾ ਕਰਕੇ ਕੀਤਾ ਜਾ ਰਿਹਾ ਹੈ। ਤਨਖਾਹ-ਪੈਨਸ਼ਨ ਤੋਂ ਇਲਾਵਾ 125 ਕਰੋੜ ਰੁਪਏ ਦੇ ਪੇ ਕਮਿਸ਼ਨ ਦੇ ਬਕਾਏ ਵਿਚੋਂ ਅਜੇ ਤੱਕ ਧੇਲਾ ਵੀ ਨਹੀਂ ਦਿੱਤਾ, ਸੇਵਾ-ਮੁਕਤ ਕਰਮਚਾਰੀਆਂ ਨੂੰ ਸੇਵਾ-ਮੁਕਤੀ ਲਾਭ ਨਹੀਂ ਦਿੱਤੇ ਜਾ ਰਹੇ, ਮੈਡੀਕਲ ਬਿੱਲਾਂ ਦਾ ਭੁਗਤਾਨ ਨਹੀਂ ਹੁੰਦਾ ਅਤੇ ਹੋਰ ਕਈ ਤਰ੍ਹਾਂ ਦੇ ਬਕਾਏ ਹਨ, ਜਿਹੜੇ • ਬਾਕੀ ਸਫਾ 2 'ਤੇ

## ਰਾਹੁਲ ਨੂੰ ਫਾਰੇਨ ਪਾਲਿਸੀ ਦਾ 'ਐੱਫ' ਵੀ ਨਹੀਂ ਪਤਾ : ਭਾਜਪਾ


**ਨਵੀਂ ਦਿੱਲੀ** : ਭਾਜਪਾ ਨੇ ਬੁੱਧਵਾਰ ਰਾਹੁਲ ਗਾਂਧੀ 'ਤੇ ਹਥਿਆਰਬੰਦ ਸੈਨਾਵਾਂ ਦਾ ਨਿਰਾਦਰ ਕਰਨ ਦੇ ਮਾਮਲੇ ਵਿੱਚ ਆਦਤਨ ਝੂਠੇ ਅਤੇ ਅਪਰਾਧੀ ਹੋਣ ਦਾ ਦੋਸ਼ ਲਗਾਇਆ ਹੈ। ਭਾਜਪਾ ਦੇ ਕੌਮੀ ਬੁਲਾਰੇ ਅਜੈ ਆਲੋਕ ਨੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਤੋਂ ਬਾਅਦ ਕਾਂਗਰਸੀ ਆਗੂ ਦੇ 'ਸਰਕਸ' ਵਾਲੇ ਤਨਜ਼ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਉਹ ਫਾਰੇਨ ਪਾਲਿਸੀ ਦਾ ਐੱਫ ਵੀ ਨਹੀਂ ਜਾਣਦੇ, ਪਰ ਸਵਾਲ ਚੁੱਕਦੇ ਰਹਿੰਦੇ ਹਨ। ਆਲੋਕ ਨੇ ਕਿਹਾ, 'ਜਦੋਂ ਸਾਡੇ ਵਿਦੇਸ਼ ਮੰਤਰੀ ਮੀਟਿੰਗ ਲਈ ਚੀਨ ਜਾਂਦੇ ਹਨ, ਜੇ ਉਹ ਆਪਣੇ ਚੀਨੀ ਹਮਰੁਤਬਾ ਅਤੇ ਦੇਸ਼ ਦੇ ਰਾਸ਼ਟਰਪਤੀ ਨੂੰ ਨਹੀਂ ਮਿਲਦੇ, ਤਾਂ ਉਹ ਕਿਸ ਨੂੰ • ਬਾਕੀ ਸਫਾ 2 'ਤੇ

## ਲੋਹੇ ਦੇ ਮੰਜੇ 'ਚ ਕਰੰਟ ਆਉਣ ਨਾਲ ਤਿੰਨ ਬੱਚੀਆਂ ਦੀ ਮੌਤ

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)**

ਸ਼ਹਿਰ ਦੀ ਅਨਾਜ ਮੰਡੀ ਦੇ ਪੰਜ ਕਿੱਲਿਆਂ ਵਾਲੇ ਫੜ੍ਹਾਂ ਦੇ ਨਜ਼ਦੀਕ ਇੱਕ ਪਲਾਟ ਵਿੱਚ ਕਿਰਾਏ ਉਤੇ ਰਹਿ ਰਹੇ ਪ੍ਰਵਾਸੀ ਮਜ਼ਦੂਰ ਪਰਵਾਰ ਦੀਆਂ ਤਿੰਨ ਮਾਸੂਮ ਬੱਚੀਆਂ ਦੀ ਬੁੱਧਵਾਰ ਦੁਪਹਿਰ ਸਮੇਂ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਹੋ ਗਈ। ਬਿਹਾਰ ਤੋਂ ਪਾਤੜਾਂ ਵਿਖੇ ਕੰਮ ਕਰਨ ਆਏ ਪ੍ਰਵਾਸੀ ਮਜ਼ਦੂਰ ਪਰਵਾਰ ਨਾਲ ਸੰਬੰਧਤ ਮ੍ਰਿਤਕ ਬੱਚੀਆਂ ਦੀ ਉਮਰ 7 ਸਾਲ, 5 ਸਾਲ ਅਤੇ 3 ਸਾਲ ਦੱਸੀ ਜਾ ਰਹੀ ਹੈ। ਤਿੰਨੋਂ ਭੈਣਾਂ ਹਾਦਸੇ ਸਮੇਂ ਘਰ ਵਿੱਚ ਇਕੱਲੀਆਂ ਸਨ। ਮ੍ਰਿਤਕ ਬੱਚੀਆਂ ਦੇ ਮਾਂ-ਬਾਪ ਮਜ਼ਦੂਰੀ ਲਈ ਘਰ ਤੋਂ ਬਾਹਰ ਗਏ ਹੋਏ ਸਨ। ਘਟਨਾ ਦਾ ਪਤਾ ਲੱਗਣ 'ਤੇ ਪਾਵਰਕਾਮ ਅਤੇ ਪੁਲਸ ਅਧਿਕਾਰੀਆਂ ਨੇ ਮੌਕੇ ਉੱਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈਂਦੇ ਹੋਏ ਅਗਲੀ ਕਾਰਵਾਈ ਸ਼ੁਰੂ ਕੀਤੀ। ਜਾਣਕਾਰੀ ਅਨੁਸਾਰ ਇਹ ਘਟਨਾ ਦੁਪਹਿਰ 2 ਵਜੇ ਦੇ ਕਰੀਬ ਵਾਪਰੀ। ਜਦੋਂ ਬੱਚੀਆਂ ਦੇ ਮਾਪੇ ਕੰਮ ਤੋਂ ਵਾਪਸ ਆਏ ਤਾਂ ਤਿੰਨੋਂ ਘਰ ਦੇ ਅੰਦਰ ਬੇਹੋਸ਼ ਪਈਆਂ ਸਨ। ਪਤਾ ਲੱਗਾ ਹੈ ਕਿ ਪੱਖਾ ਲੋਹੇ ਦੇ ਮੰਜੇ ਦੇ ਬਹੁਤ ਨੇੜੇ ਸੀ, ਜਿਸ ਉੱਤੇ ਤਿੰਨੋਂ ਸੁੱਤੀਆਂ ਹੋਈਆਂ ਸਨ। ਅਚਾਨਕ ਪੱਖੇ ਦੀ ਤਾਰ ਮੰਜੇ ਨੂੰ ਛੂਹ ਗਈ, ਜਿਸ ਕਾਰਨ ਮੰਜੇ ਵਿੱਚ ਕਰੰਟ ਆ ਗਿਆ। ਮ੍ਰਿਤਕ ਬੱਚੀਆਂ ਦੀ ਪਛਾਣ ਨਗਮਾ ਖਾਤਿਮ (7) ਰੁਕਸਾਰ ਖਾਤਿਮ (5) ਅਤੇ ਖੁਸ਼ੀ ਖਾਤਿਮ (3) ਪੁੱਤਰੀਆਂ ਮੁਹੰਮਦ ਫਾਰੂਕਦੀਨ ਪੁੱਤਰ ਮੁਹੰਮਦ ਸਲੀਮ ਵਾਸੀ ਪਿੰਡ ਲੱਖਰਾ ਬਸਤੀ ਜ਼ਿਲ੍ਹਾ ਰਈਆ (ਬਿਹਾਰ) ਵਜੋਂ ਹੋਈ ਹੈ।





ਹਾਦਸੇ ਦੀਆਂ ਸ਼ਿਕਾਰ ਹੋਈਆਂ ਬੱਚੀਆਂ

### ਦੋ ਮਾਓਵਾਦੀ ਤੇ ਇੱਕ ਜਵਾਨ ਮਾਰੇ ਗਏ

**ਬੋਕਾਰੋ** : ਝਾਰਖੰਡ ਦੇ ਬੋਕਾਰੋ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਹੋਈ ਗੋਲੀਬਾਰੀ ਵਿੱਚ ਦੋ ਮਾਓਵਾਦੀਆਂ ਅਤੇ ਇੱਕ ਸੀ ਆਰ ਪੀ ਐੱਫ ਜਵਾਨ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ 5.30 ਵਜੇ ਦੇ ਕਰੀਬ ਗੋਮੀਆ ਥਾਣਾ ਖੇਤਰ ਦੇ ਬਿਰਹੋਰਡੇਰਾ ਜੰਗਲ ਵਿੱਚ ਸੁਰੱਖਿਆ ਬਲਾਂ ਅਤੇ ਮਾਓਵਾਦੀਆਂ ਵਿਚਕਾਰ ਗੋਲੀਬਾਰੀ ਹੋਈ।

### ਪ੍ਰਾਡਾ ਖਿਲਾਫ ਪਟੀਸ਼ਨ ਰੱਦ

**ਮੁੰਬਈ** : ਬੰਬੇ ਹਾਈ ਕੋਰਟ ਨੇ ਬੁੱਧਵਾਰ ਇਤਾਲਵੀ ਫੈਸ਼ਨ ਹਾਊਸ ਪ੍ਰਾਡਾ ਦੇ ਖਿਲਾਫ ਇੱਕ ਜਨਹਿੱਤ ਪਟੀਸ਼ਨ ਖਾਰਜ ਕਰ ਦਿੱਤੀ, ਜਿਸ ਵਿੱਚ ਉਸ 'ਤੇ ਮਸ਼ਹੂਰ ਕੋਲਹਾਪੁਰੀ ਚੱਪਲਾਂ ਦੀ ਕਥਿਤ ਤੌਰ 'ਤੇ ਅਣਅਧਿਕਾਰਤ ਵਰਤੋਂ ਦਾ ਦੋਸ਼ ਲਗਾਇਆ ਗਿਆ ਸੀ। ਚੀਫ ਜਸਟਿਸ ਆਲੋਕ ਅਰਾਧੇ ਅਤੇ ਜਸਟਿਸ ਸੰਦੀਪ ਮਾਰਨੇ ਦੀ ਬੈਂਚ ਨੇ ਪੰਜ ਵਕੀਲਾਂ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਉਨ੍ਹਾਂ ਦੇ ਕਾਨੂੰਨੀ ਅਧਿਕਾਰ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਉਹ ਨਾ ਤਾਂ ਪੀੜਤ ਵਿਅਕਤੀ ਹਨ ਤੇ ਨਾ ਹੀ ਫੁਟਵੀਅਰ ਦੇ ਰਜਿਸਟਰਡ ਮਾਲਕ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਕੋਲਹਾਪੁਰੀ ਚੱਪਲ (ਸੈਂਡਲ) ਨੂੰ ਭੂਗੋਲਿਕ ਸੰਕੇਤਾਂ ਦੇ ਰਜਿਸਟ੍ਰੇਸ਼ਨ ਅਤੇ ਸੁਰੱਖਿਆ ਐਕਟ ਦੇ ਤਹਿਤ ਇੱਕ ਭੂਗੋਲਿਕ ਸੰਕੇਤ (ਜੀ ਆਈ) ਵਜੋਂ ਸੁਰੱਖਿਅਤ ਕੀਤਾ ਗਿਆ ਹੈ। ਬੈਂਚ ਨੇ ਫਿਰ ਕਿਹਾ ਕਿ ਜੀ ਆਈ ਟੈਗ ਦਾ ਰਜਿਸਟਰਡ ਮਾਲਕ ਅਦਾਲਤ ਵਿੱਚ ਆ ਕੇ ਆਪਣੀ ਕਾਰਵਾਈ ਕਰ ਸਕਦਾ ਹੈ। ਅਦਾਲਤ ਨੇ ਪਟੀਸ਼ਨ ਖਾਰਜ ਕਰ ਦਿੱਤੀ ਅਤੇ ਕਿਹਾ ਕਿ ਉਹ ਬਾਅਦ ਵਿੱਚ ਵਿਸਤ੍ਰਿਤ ਹੁਕਮ ਪਾਸ ਕਰੇਗੀ। ਪ੍ਰਾਡਾ ਨੇ ਆਪਣੇ ਬਸੰਤ/ ਗਰਮੀ ਸੰਗ੍ਰਹਿ ਵਿੱਚ ਆਪਣੇ 'ਟੋ-ਰਿੰਗ ਸੈਂਡਲ' ਪ੍ਰਦਰਸ਼ਤ ਕੀਤੇ ਸਨ, ਜੋ ਪਟੀਸ਼ਨ ਅਨੁਸਾਰ ਕੋਲਹਾਪੁਰੀ ਚੱਪਲਾਂ ਦੇ ਸਮਾਨ ਹਨ। ਇਨ੍ਹਾਂ ਸੈਂਡਲਾਂ ਦੀ ਕੀਮਤ ਪ੍ਰਤੀ ਜੋੜਾ 1 ਲੱਖ ਰੁਪਏ ਹੈ।

ਜੈ ਮਾਤਾ ਦੀ ਜੈ ਮਾਤਾ ਦੀ

ਚਿੰਤਪੁਰਨੀ ਮਾਤਾ ਦੇ ਮੇਲੇ 'ਤੇ ਮੰਗੂਵਾਲ ਬੈਰੀਅਰ 'ਤੇ ਭੋਗਪੁਰ ਵਾਸੀਆਂ ਦੀ ਸਰਾਂ ਹੈ, ਜਿਸ ਦਾ ਪੱਕਾ ਲੈਂਟਰ ਵਾਲਾ ਹਾਲ ਹੈ, ਜਿਸ ਦਾ ਵਾਇਆ ਦਸ ਹਜ਼ਾਰ ਸਕੇਅਰ ਫੁੱਟ ਹੈ। ਜੇਕਰ ਕਿਸੇ ਵੀ ਸੇਵਾਦਾਰ ਨੇ ਮੇਲੇ 'ਤੇ ਲੰਗਰ ਲਗਾਉਣਾ ਹੈ ਤਾਂ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦਾ ਹੈ।

ਪੱਪੂ ਸੇਵਾਦਾਰ : 98143-75023

## ਪਾਣੀ ਤੇ ਵਾਤਾਵਰਣ ਦੀ ਸੰਭਾਲ ਲਈ ਲੋਕ ਸਾਥ ਦੇਣ : ਮਾਨ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਬਲਬੀਰ ਸਾਲ੍ਹਾਪੁਰੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਅਤੇ ਵਾਤਾਵਰਨ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਲੋਕਾਂ ਨੂੰ ਹਲਫ਼ ਲੈਣ ਦਾ ਸੱਦਾ ਦਿੱਤਾ।ਇੱਥੇ ਪਵਿੱਤਰ ਕਾਲੀ ਵੇਈਂ ਦੀ ਸਫ਼ਾਈ ਦੀ 25ਵੀਂ ਵਰ੍ਹੇਗੰਢ ਸੰਬੰਧੀ ਕਰਵਾਏ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਪੰਜਾਬ ਨੂੰ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ, ਪਰ ਮੌਜੂਦਾ ਸਮੇਂ ਸੂਬਾ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਲਈ ਪਾਣੀ ਦੀ ਸੰਭਾਲ ਵੱਡੀ ਚੁਣੌਤੀ ਬਣ ਰਹੀ ਹੈ। ਉਨ੍ਹਾ ਕਿਹਾ ਕਿ ਆਪਣਾ ਕਾਰਜਭਾਰ ਸੰਭਾਲਣ ਮਗਰੋਂ ਸਾਡੀ ਸਰਕਾਰ ਨੇ ਸੂਬੇ ਭਰ ਵਿੱਚ 15,947 ਖ਼ਾਲੇ ਤੇ ਕੱਸੀਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਪਾਣੀ ਪਹੁੰਚ ਰਿਹਾ ਹੈ। ਮਾਨ ਨੇ ਕਿਹਾ ਕਿ ਜਦੋਂ ਉਨ੍ਹਾ ਕਾਰਜਭਾਰ ਸੰਭਾਲਿਆ, ਉਦੋਂ ਪੰਜਾਬ ਵਿੱਚ ਸਿਰਫ਼ 21 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਸਿੰਜਾਈ ਲਈ ਹੋ ਰਹੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਇਹ ਦੱਸਦਿਆਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਹੁਣ ਨਹਿਰੀ ਪਾਣੀ ਦਾ 63 ਫੀਸਦੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਤੇ ਵਾਤਾਵਰਨ ਦੀ ਸੰਭਾਲ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਸੂਬਾ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ।




ਮੁੱਖ ਮੰਤਰੀ ਨੇ ਕਿਹਾ ਕਿ 165 ਕਿਲੋਮੀਟਰ ਲੰਮੀ ਕਾਲੀ ਵੇਈਂ ਦੀ ਸਫ਼ਾਈ ਦੇ ਵਿਸ਼ਾਲ ਹੰਭਲੇ ਨੂੰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਉਕਰਿਆ ਗਿਆ ਹੈ। ਉਨ੍ਹਾ ਕਿਹਾ ਕਿ ਇਸ ਮਿਸਾਲੀ ਪਹਿਲਕਦਮੀ ਨਾਲ ਹਵਾ ਤੇ ਪਾਣੀ ਨੂੰ ਬਚਾਉਣ ਦੀ ਅਹਿਮੀਅਤ ਬਾਰੇ ਵਿਸ਼ਵ ਵਿੱਚ ਮਜ਼ਬੂਤ ਸੁਨੇਹਾ ਗਿਆ ਹੈ। ਉਹਨਾ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾ 16 ਜੁਲਾਈ 2000 ਨੂੰ ਗੁਰਦੁਆਰਾ ਬੇਰ ਸਾਹਿਬ ਤੋਂ ਅਰਦਾਸ ਨਾਲ ਕਾਰ ਸੇਵਾ ਦੀ ਸ਼ੁਰੂਆਤ ਕੀਤੀ ਸੀ।ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਤਵੰਤਿਆਂ ਦਾ ਸਵਾਗਤ ਕੀਤਾ।

## ਸੀ ਪੀ ਆਈ ਦੀ ਕਾਂਗਰਸ ਦੇ ਪ੍ਰਚਾਰ ਲਈ ਮੀਡੀਆ ਕਮੇਟੀਆਂ ਕਾਇਮ



**ਚੰਡਗੜ੍ਹ**—ਸੋਸ਼ਲ ਮੀਡੀਆ ਸਹਾਇਕ ਕਮੇਟੀ ਦੀ ਪੰਜਾਬ ਪੱਧਰ ਦੀ ਮੀਟਿੰਗ ਡਾ. ਸਵਰਾਜਬੀਰ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਦੇ ਕਨਵੈਨਸ਼ਨ ਭਵਨ ਵਿੱਚ ਹੋਈ। ਉਨ੍ਹਾ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਦੌਰ ਵਿੱਚ ਸੋਸ਼ਲ ਮੀਡੀਆ ਦੀ ਬਹੁਤ ਮਹੱਤਤਾ ਹੈ, ਪਰ ਇਸ ਫਰੰਟ 'ਤੇ ਕੰਮ ਪੜ੍ਹੇ-ਲਿਖੇ ਨੌਜਵਾਨ ਹੀ ਕਰ ਸਕਦੇ ਹਨ। ਉਨ੍ਹਾ ਭਾਰਤੀ ਕਮਿਊਨਿਸਟ ਪਾਰਟੀ ਦੇ ਇਤਿਹਾਸ ਨਾਲ ਜੁੜੀਆਂ ਸਰਗਰਮੀਆਂ ਅਤੇ ਹਸਤੀਆਂ ਦੀ ਡਾਕੂਮੈਂਟਰੀ ਫਿਲਮ ਵਿਖਾਈ। ਇਸ ਵਿੱਚ ਵਾਧੇ-ਘਾਟੇ ਕਰਕੇ ਇਸ ਆਧਾਰ 'ਤੇ ਸੋਸ਼ਲ ਮੀਡੀਆ ਕਮੇਟੀ ਮੈਂਬਰ ਆਪਣੇ ਇਲਾਕਿਆਂ 'ਚ ਸੀ ਪੀ ਆਈ ਦੀ ਕੌਮੀ ਕਾਂਗਰਸ, ਜੋ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਉਸ ਦਾ ਪ੍ਰਚਾਰ ਕਰਨਗੇ। ਪਰਮਜੀਤ ਢਾਬਾਂ ਅਤੇ ਮਨਿੰਦਰ ਸਿੰਘ ਭਾਟੀਆ ਨੇ ਖੇਤ ਮਜ਼ਦੂਰਾਂ ਬਾਰੇ ਡਾਕੂਮੈਂਟਰੀ ਫਿਲਮ, ਚਰਨਜੀਤ ਛਾਂਗਾ ਰਾਏ ਨੇ 'ਲਾਲ ਝੰਡੇ ਦੀ ਰਾਹ' ਅਤੇ ਲਵਪ੍ਰੀਤ ਸਿੰਘ ਮਾੜੀਮੇਘਾ ਨੇ ਨੌਜਵਾਨ, ਵਿਦਿਆਰਥੀਆਂ 'ਤੇ ਡਾਕੂਮੈਂਟਰੀ ਫਿਲਮ ਬਣਾਉਣ ਦੀ ਜ਼ਿੰਮੇਵਾਰੀ ਲਈ। ਜਲੰਧਰ ਸੋਸ਼ਲ ਮੀਡੀਏ 'ਤੇ ਕੰਮ ਕਰਨ ਦੀ ਕਮੇਟੀ ਦੇ ਕਨਵੀਨਰ ਚੰਦ ਫਤਿਹਪੁਰੀ, ਮੈਂਬਰ ਰਜਿੰਦਰ ਮੰਡ ਐਡਵੋਕੇਟ, ਰਛਪਾਲ ਕੈਲੇ, ਗਿਆਨ ਸੈਦਪੁਰੀ, ਰਾਜੇਸ਼ ਥਾਪਾ ਅਤੇ ਪਿਰਥੀਪਾਲ ਸਿੰਘ ਮਾੜੀਮੇਘਾ ਦੀ ਜ਼ਿੰਮੇਵਾਰੀ ਲੱਗੀ। ਪਟਿਆਲਾ ਸੈਂਟਰ ਨੂੰ ਚਲਾਉਣ ਦੀ ਜ਼ਿੰਮੇਵਾਰੀ ਕਨਵੀਨਰ ਲਵਪ੍ਰੀਤ ਸਿੰਘ ਮਾੜੀਮੇਘਾ, ਮੈਂਬਰ ਰਾਹੁਲ ਅਤੇ ਸੰਨੀ ਦੀ ਹੈ। ਇਸੇ ਤਰ੍ਹਾਂ ਲੁਧਿਆਣਾ ਸੈਂਟਰ ਦੀ ਜ਼ਿੰਮੇਵਾਰੀ ਕਨਵੀਨਰ ਮਨਿੰਦਰ ਸਿੰਘ ਭਾਟੀਆ ਅਤੇ ਰਮੇਸ਼ ਰਤਨ ਦੀ ਲੱਗੀ ਹੈ। ਇਹ ਆਪਣੇ ਨਾਲ ਹੋਰ ਮੈਂਬਰ ਵੀ ਕਮੇਟੀ ਵਿੱਚ ਪਾਉਣਗੇ। ਸੋਸ਼ਲ ਮੀਡੀਆ ਹੈੱਡਕੁਆਰਟਰ ਕਮੇਟੀ ਦੇ ਆਰਗੇਨਾਈਜ਼ਰ ਗੁਰਨਾਮ ਕੰਵਰ, ਕਨਵੀਨਰ ਬਲਵਿੰਦਰ ਜੰਮੂ ਤੇ ਮੈਂਬਰ ਰੈਕਟਰ ਕਥੂਰੀਆ ਅਤੇ ਸੁਖਦੇਵ ਸਿੰਘ ਸਿਰਸਾ ਹੋਣਗੇ। ਇਸ ਕਮੇਟੀ ਦੇ ਮੈਂਬਰ ਰੋਜ਼ਾਨਾ ਸੀ ਪੀ ਆਈ ਦੇ ਮੁੱਖ ਦਫਤਰ ਮਿਲਿਆ ਕਰਨਗੇ ਅਤੇ ਪਾਰਟੀ ਦੀ ਕੌਮੀ ਕਾਂਗਰਸ ਬਾਬਤ ਇਥੋਂ ਰੋਜ਼ਾਨਾ ਪ੍ਰੋਗਰਾਮ ਬ੍ਰਾਡਕਾਸਟ ਕਰਿਆ ਕਰਨਗੇ। ਇਸ ਕਮੇਟੀ ਨੂੰ ਕੰਮ ਕਰਨ ਵਾਸਤੇ ਸਟਰਕਚਰ ਪਾਰਟੀ ਲੈ ਕੇ ਦੇਵੇਗੀ। ਮੀਟਿੰਗ ਦਾ ਸੰਚਾਲਨ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕੀਤਾ।

## ਹਰਿਆਣਾ ਪੁਲਸ ਨੂੰ ਲਛਮਣ ਰੇਖਾ ਉਲੰਘਣ ਖਿਲਾਫ ਚੇਤਾਵਨੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬੁੱਧਵਾਰ ਹਰਿਆਣਾ ਐੱਸ ਆਈ ਟੀ (ਸਿੱਟ) ਵੱਲੋਂ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਦੇ ਮਾਮਲੇ ਵਿੱਚ ਅਪਣਾਈ ਗਈ ਜਾਂਚ ਲਾਈਨ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਸ ਨੇ ਆਪਣੇ ਆਪ ਨੂੰ ਗਲਤ ਦਿਸ਼ਾ ਦਿੱਤੀ ਹੈ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਦੀ ਬੈਂਚ ਨੇ ਇੱਕ ਸੀਨੀਅਰ ਪੁਲਸ ਅਧਿਕਾਰੀ ਦੀ ਅਗਵਾਈ ਵਾਲੀ ਹਰਿਆਣਾ ਸਿੱਟ ਨੂੰ ਕਿਹਾ ਕਿ ਉਹ ਸਿਰਫ ਮਹਿਮੂਦਾਬਾਦ ਵਿਰੁੱਧ ਉਸ ਦੀਆਂ ਵਿਵਾਦਪੂਰਨ ਸੋਸ਼ਲ ਮੀਡੀਆ ਪੋਸਟਾਂ 'ਤੇ ਦੋ ਐੱਫ ਆਈ ਆਰਜ਼ ਤੱਕ ਸੀਮਤ ਰਹਿਣ ਅਤੇ ਇਹ ਦੇਖਣ ਕਿ ਕੀ ਕੋਈ ਅਪਰਾਧ ਹੋਇਆ ਹੈ ਅਤੇ ਚਾਰ ਹਫਤਿਆਂ ਵਿੱਚ ਆਪਣੀ ਰਿਪੋਰਟ ਪੇਸ਼ ਕਰਨ।

ਬੈਂਚ ਨੇ ਕਿਹਾ ਕਿ ਸਿੱਟ ਕੋਲ ਮਹਿਮੂਦਾਬਾਦ ਦੇ ਸੈੱਲ ਫੋਨਾਂ ਸਮੇਤ ਇਲੈਕਟ੍ਰਾਨਿਕ ਯੰਤਰਾਂ ਨੂੰ ਜਾਂਚ ਲਈ ਜ਼ਬਤ ਕਰਨ ਦਾ ਕੋਈ ਮੌਕਾ ਨਹੀਂ ਸੀ, ਕਿਉਂਕਿ ਮਹਿਮੂਦਾਬਾਦ ਜਾਂਚ ਵਿੱਚ ਸਹਿਯੋਗ ਕਰ ਰਿਹਾ ਸੀ, ਇਸ ਲਈ ਅਦਾਲਤ ਨੇ ਕਿਹਾ ਕਿ ਉਸ ਨੂੰ ਦੁਬਾਰਾ ਤਲਬ ਕਰਨ ਦੀ ਕੋਈ ਲੋੜ ਨਹੀਂ ਸੀ। ਬੈਂਚ ਨੇ 21 ਮਈ ਨੂੰ ਲਗਾਈ ਗਈ ਪ੍ਰੋਫੈਸਰ ਦੀ ਜ਼ਮਾਨਤ ਦੀ ਸ਼ਰਤ ਵਿੱਚ ਵੀ ਢਿੱਲ ਦਿੱਤੀ ਅਤੇ ਉਸ ਨੂੰ ਪੋਸਟਾਂ, ਲੇਖ ਲਿਖਣ ਅਤੇ ਅਦਾਲਤ ਵਿੱਚ ਵਿਚਾਰਾਧੀਨ ਕੇਸ ਨੂੰ ਛੱਡ ਕੇ ਕੋਈ ਵੀ ਰਾਏ ਪ੍ਰਗਟ ਕਰਨ ਦੀ ਆਗਿਆ ਦਿੱਤੀ।



ਹਰਿਆਣਾ ਪੁਲਸ ਨੇ 18 ਮਈ ਨੂੰ ਮਹਿਮੂਦਾਬਾਦ ਨੂੰ ਉਪਰੇਸ਼ਨ ਸਿੰਧੂਰ 'ਤੇ ਉਸ ਦੀਆਂ ਪੋਸਟਾਂ 'ਤੇ ਐੱਫ ਆਈ ਆਰ ਦਰਜ ਹੋਣ ਤੋਂ ਬਾਅਦ ਗ੍ਰਿਫਤਾਰ ਕੀਤਾ ਸੀ, ਜਿਸ ਨੇ ਕਥਿਤ ਤੌਰ 'ਤੇ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਖਤਰੇ ਵਿੱਚ ਪਾਇਆ। ਇਸ ਸੰਬੰਧੀ ਹਰਿਆਣਾ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਦੀ ਸ਼ਿਕਾਇਤ ਅਤੇ ਦੂਜੀ ਇੱਕ ਪਿੰਡ ਦੇ ਸਰਪੰਚ ਦੀ ਸ਼ਿਕਾਇਤ 'ਤੇ ਸੋਨੀਪਤ ਜ਼ਿਲ੍ਹੇ ਦੀ ਰਾਏ ਪੁਲਸ ਵੱਲੋਂ ਐੱਫ ਆਈ ਆਰ ਦਰਜ ਕੀਤੀਆਂ ਗਈਆਂ ਸਨ।

## ਅੱਜ-ਨਾਮਾ

ਪੇਸ਼ੀ ਰਾਹੁਲ ਨੇ ਨਵੀਂ ਇੱਕ ਹੋਰ ਭੁਗਤੀ,
ਫਿਰ ਵੀ ਮੀਡੀਏ ਨਾਲ ਕੀਤੀ ਗੱਲ ਬੇਲੀ।
ਕਹਿੰਦਾ ਮੇਰੇ 'ਤੇ ਇਹ ਨਹੀਂ ਕੇਸ ਪਹਿਲਾ,
ਰਿਹਾ ਤਾਂ ਚੱਕਰ ਹੀ ਕੇਸਾਂ ਦਾ ਚੱਲ ਬੇਲੀ।
ਜ਼ਮਾਨਤ ਕੋਰਟ ਤੋਂ ਹਾਲੇ ਤਾਂ ਇੱਕ ਹੁੰਦੀ,
ਚੱਲਣਾ ਪੈ ਜਾਏ ਫਿਰ ਦੂਸਰੀ ਵੱਲ ਬੇਲੀ।
ਜਦੋਂ ਤੱਕ ਉਸ ਅਦਾਲਤੋਂ ਵਿਹਲ ਲੱਭਦੀ,
ਵਾਰੰਟ ਤੀਜੀ ਕੋਈ ਦਿੰਦੀ ਹੈ ਘੱਲ ਬੇਲੀ।
ਵਿਰੋਧੀ ਧਿਰ ਦੇ ਲੀਡਰ ਕਰਨ ਮੁਸ਼ਕਲ,
ਕੁਝ ਵੀ ਕਿਹਾ ਸਰਕਾਰ ਨਹੀਂ ਜਰੇ ਬੇਲੀ।
ਅਦਾਲਤੀ ਚੱਕਰ ਵੀ ਚੱਲਦਾ ਏਸ ਕਾਰਨ,
ਮੁਕੱਦਮੇ ਬਣਦੇ ਫਿਰ ਪਰੇ ਤੋਂ ਪਰੇ ਬੇਲੀ।

-ਤੀਸ ਮਾਰ ਖਾਂ

## ਸ੍ਰੀ ਹਰਿਮੰਦਰ ਸਾਹਿਬ 'ਚ ਬੰਬ ਰੱਖਣ ਦੀ ਪੰਜਵੀਂ ਧਮਕੀ

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਖੁਲਾਸਾ ਕੀਤਾ ਹੈ ਕਿ ਬੁੱਧਵਾਰ ਇੱਕ ਹੋਰ ਈਮੇਲ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੰਬ ਰੱਖੇ ਹੋਣ ਦੀ ਧਮਕੀ ਆਈ ਹੈ ਅਤੇ ਹੁਣ ਤੱਕ ਅਜਿਹੀਆਂ ਪੰਜ ਈਮੇਲ ਆ ਚੁੱਕੀਆਂ ਹਨ। ਉਨ੍ਹਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ।

ਉਨ੍ਹਾ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਹੁਣ ਤੱਕ ਇਸ ਮਾਮਲੇ ਵਿੱਚ ਡੂੰਘਾਈ ਨਾਲ ਜਾਂਚ ਨਹੀਂ ਕੀਤੀ ਗਈ ਅਤੇ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਈਮੇਲ ਕਿੱਥੋਂ ਅਤੇ ਕਿਸ ਵੱਲੋਂ ਭੇਜੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਈਮੇਲ ਵਿੱਚ ਪੰਜਾਬ ਦੇ ਮੁੱਖ ਮੰਤਰੀ ਅਤੇ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੂੰ ਵੀ ਨਾਲ ਐਡ ਕੀਤਾ ਗਿਆ ਹੈ, ਪਰ ਇਸ ਦੇ ਬਾਵਜੂਦ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਉਨ੍ਹਾ ਖਦਸ਼ਾ ਪ੍ਰਗਟਾਇਆ ਕਿ ਕੀ ਇਹ ਗੁਰੂ ਘਰ ਬਾਰੇ ਸੰਗਤ ਨੂੰ ਭੈਅਭੀਤ ਕਰਨ ਅਤੇ ਡਰਾਉਣ ਦੀ ਸਾਜ਼ਿਸ਼ ਹੈ, ਤਾਂ ਜੋ ਗੁਰੂ ਘਰ ਵਿਖੇ ਸੰਗਤ ਦੀ ਆਮਦ ਨੂੰ ਪ੍ਰਭਾਵਤ ਕੀਤਾ ਜਾ ਸਕੇ। ਇਸ ਵੇਲੇ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਸੰਗਤ ਗੁਰੂ ਘਰ ਵਿਖੇ ਨਤਮਸਤਕ ਹੋਣ ਪੁੱਜਦੀ ਹੈ।

ਉਨ੍ਹਾ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਵੀ ਈਮੇਲ ਦਾ ਸਰੋਤ ਪਤਾ ਕਰਨ ਲਈ ਯਤਨ ਕੀਤੇ ਗਏ ਹਨ, ਇਹ ਵੱਖ-ਵੱਖ ਜਾਲ੍ਹੀ ਆਈ ਪੀ ਐਡਰੈਸ ਤੋਂ ਭੇਜੀ ਜਾ ਰਹੀ ਹੈ। ਇੱਕ ਈਮੇਲ ਕੇਰਲਾ ਦੇ ਮੁੱਖ ਮੰਤਰੀ ਅਤੇ ਇੱਕ ਸਾਬਕਾ ਚੀਫ ਜਸਟਿਸ ਦੇ ਆਈ ਪੀ ਐਡਰੈਸ ਤੋਂ ਭੇਜੀ ਗਈ ਹੈ। ਉਨ੍ਹਾ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਸੁਰੱਖਿਆ ਦੇ ਮੱਦੇਨਜ਼ਰ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਚੌਕਸੀ ਵੀ ਵਰਤੀ ਜਾ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਸਮਾਨ ਦੀ ਜਾਂਚ ਕਰਨ ਵਾਲੇ ਸਕੈਨਰ ਸਥਾਪਤ ਕਰਨ ਦੀ ਯੋਜਨਾ ਬਣਾਈ ਜਾ ਰਹੀ। ਉਨ੍ਹਾ ਸਰਕਾਰ ਅਤੇ ਪ੍ਰਸ਼ਾਸਨ ਨੂੰ ਮੁੜ ਅਪੀਲ ਕੀਤੀ ਕਿ ਅਜਿਹੀਆਂ ਈਮੇਲਜ਼ ਭੇਜਣ ਵਾਲੇ ਦਾ ਜਲਦ ਪਤਾ ਲਗਾਇਆ ਜਾਵੇ।



ਉਧਰ, ਸ੍ਰੀ ਹਰਿਮੰਦਰ ਸਾਹਿਬ ਵਿੱਚ ਬੰਬ ਹੋਣ ਬਾਰੇ ਧਮਕੀ ਈਮੇਲ ਭੇਜੇ ਜਾਣ ਦੇ ਮਾਮਲੇ 'ਤੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਰਾਜ ਸਭਾ ਮੈਂਬਰ ਅਤੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸ਼ਵੇਤ ਮਲਿਕ ਇੱਥੇ ਸ਼੍ਰੋਮਣੀ ਕਮੇਟੀ ਦਫਤਰ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮਿਲਣ ਵਾਸਤੇ ਆਏ ਸਨ। ਇਸ ਮੌਕੇ ਭਾਜਪਾ ਆਗੂ ਨੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਵੱਲੋਂ ਕੀਤੇ ਗਏ ਚਿੰਤਾ ਦੇ ਪ੍ਰਗਟਾਵੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦਾ ਵੀ ਭਰੋਸਾ ਦਿੱਤਾ।

## ਪਾਰਟੀ ਕਾਂਗਰਸ ਲਈ 50 ਹਜ਼ਾਰ ਦਾ ਯੋਗਦਾਨ

**ਮੋਗਾ**-ਬੀਤੇ ਦਿਨੀਂ ਡਾਕਟਰ ਇੰਦਰਵੀਰ ਸਿੰਘ ਗਿੱਲ ਨੇ ਆਪਣੇ ਮਾਮਾ ਜੀ ਸ਼ਹੀਦ ਗੁਰਦੇਵ ਸਿੰਘ ਬੁੱਧ ਸਿੰਘ ਵਾਲਾ ਦੇ ਸਪੁੱਤਰ ਸੁਖਵਿੰਦਰ ਬਰਾੜ, ਬੇਟੀ ਭੈਣ ਜੀ ਸਿਮਰਜੀਤ ਕੌਰ ਰਿਟਾਇਰਡ ਅਧਿਆਪਕਾ ਅਤੇ ਦਮਾਦ ਮਾਸਟਰ ਭੁਪਿੰਦਰ ਸਿੰਘ ਸੇਖੋਂ ਆਗੂ ਪ ਸ ਸ ਫ ਮੋਗਾ ਨੂੰ ਅਪੀਲ ਕੀਤੀ ਸੀ ਕਿ ਇਸ ਵਾਰ ਪਾਰਟੀ ਦੀ 25ਵੀਂ ਕਾਂਗਰਸ ਪੰਜਾਬ (ਚੰਡੀਗੜ੍ਹ) ਵਿਖੇ ਹੋ ਰਹੀ ਹੈ, ਵੱਡੇ ਖਰਚੇ ਵਾਲੇ ਪ੍ਰੋਗਰਾਮ ਲਈ ਤੁਸੀਂ ਨਾਨਾ ਜੀ ਗ਼ਦਰੀ ਬਾਬਾ ਉਜਾਗਰ ਸਿੰਘ ਬੁੱਧ ਸਿੰਘ ਵਾਲਾ ਅਤੇ ਮਾਮਾ ਜੀ ਸ਼ਹੀਦ ਗੁਰਦੇਵ ਸਿੰਘ ਬੁੱਧ ਸਿੰਘ ਵਾਲਾ ਦੀ ਯਾਦ ਵਿੱਚ ਸਾਂਝੇ ਤੌਰ 'ਤੇ ਯੋਗਦਾਨ ਪਾਓ। ਜਦੋਂ ਇਸੇ ਮਕਸਦ ਨਾਲ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ ਤੇ ਜ਼ਿਲਾ ਸਕੱਤਰ ਕੁਲਦੀਪ ਸਿੰਘ ਭੋਲਾ ਉਨ੍ਹਾਂ ਦੇ ਘਰ ਪਹੁੰਚੇ ਤਾਂ ਪਾਰਟੀ ਦੇ ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਮਾਸਟਰ ਬਲਵਿੰਦਰ ਸਿੰਘ ਬੁੱਧ ਸਿੰਘ ਵਾਲਾ (ਬਾਬਾ ਜੀ ਦੇ ਭਤੀਜੇ) ਸੁਖਵਿੰਦਰ ਸਿੰਘ ਬਰਾੜ ਰਿਟਾਇਰਡ ਪੰਚਾਇਤ ਅਫ਼ਸਰ ਅਤੇ ਮਾਸਟਰ ਭੁਪਿੰਦਰ ਸਿੰਘ ਸੇਖੋਂ ਨੇ ਸਾਂਝੇ ਤੌਰ 'ਤੇ ਪੰਜਾਹ ਹਜ਼ਾਰ ਰੁਪਏ ਉਨ੍ਹਾਂ ਨੂੰ ਭੇਟ ਕੀਤੇ। ਇਸ ਮੌਕੇ ਡਾਕਟਰ ਇੰਦਰਵੀਰ ਸਿੰਘ ਗਿੱਲ ਵੀ ਹਾਜ਼ਰ ਸਨ। ਪਰਵਾਰ ਵੱਲੋਂ ਪਾਰਟੀ ਕਾਂਗਰਸ ਦੇ ਮਹਾਨ ਕਾਜ਼ ਲਈ ਭਰਵੇਂ ਹੁੰਗਾਰੇ ਲਈ ਕੁਲਦੀਪ ਸਿੰਘ ਭੋਲਾ ਨੇ ਤਹਿ ਦਿਲੋਂ ਧੰਨਵਾਦ ਕਰਦਿਆਂ ਗ਼ਦਰੀ ਬਾਬਾ ਉਜਾਗਰ ਸਿੰਘ ਬੁੱਧ ਸਿੰਘ ਵਾਲਾ ਅਤੇ ਸ਼ਹੀਦ ਕਾਮਰੇਡ ਗੁਰਦੇਵ ਸਿੰਘ ਬੁੱਧ ਸਿੰਘ ਵਾਲ਼ਾ ਨੂੰ ਸ਼ਰਧਾਂਜਲੀ ਭੇਟ ਕੀਤੀ।



ਬਾਬਾ ਉਜਾਗਰ ਸਿੰਘ



ਸ਼ਹੀਦ ਗੁਰਦੇਵ ਸਿੰਘ

17-JULY-PAGE-1.qxd 7/16/2025 9:08 PM Page 2



# ਚੋਰੀ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਜਾਰੀ

## ● ਪੁਲਸ ਦੀ ਢਿੱਲੀ ਕਾਰਵਾਈ ਖਿਲਾਫ ਧਰਨਾ ਲਾਉਣ ਦਾ ਐਲਾਨ

**ਤਲਵੰਡੀ ਸਾਬੋ (ਗੁਰਦੀਪ ਗਿੱਲ)** ਤਲਵੰਡੀ ਸਾਬੋ ਕਸਬੇ ਅੰਦਰ ਚੋਰਾਂ ਦੇ ਹੌਸਲੇ ਐਨੇ ਵਧ ਗਏ ਹਨ ਕਿ ਉਹ ਦਿਨ ਦਿਹਾੜੇ ਲੁੱਟਾਂ ਖੋਹਾਂ ਕਰਨ ਲੱਗੇ ਹਨ।ਆਏ ਦਿਨ ਵਾਪਰ ਰਹੀਆਂ ਘਟਨਾਵਾਂ ਨੇ ਲੋਕਾਂ ਵਿੱਚ ਅੰਤਵਾਦ ਵਰਗਾ ਮਾਹੌਲ ਸਿਰਜ ਦਿੱਤਾ ਹੈ ਤੇ ਲੋਕ ਇਕੱਲੇ ਕਾਰੇ ਵਿਅਕਤੀ, ਬੱਚੇ, ਬਜ਼ੁਰਗ ਘਰੋਂ ਬਾਹਰ ਜਾਣ ਤੋਂ ਡਰਨ ਲੱਗੇ ਹਨ। ਦੱਸਣਯੋਗ ਹੈ ਕਿ ਮੰਗਾ ਸਿੰਘ ਮਿਸਤਰੀ ਵਾਸੀ ਸੀਂਗੋ ਜੋ ਕਚਿਹਰੀ ਸਾਹਮਣੇ ਵਾਸ਼ਿੰਗ ਦਾ ਕੰਮ ਕਰਦਾ ਹੈ, ਦਾ ਨਵਾਂ ਡੀਲਕਸ ਮੋਟਰ ਸਾਈਕਲ ਉਸ ਦੀ ਦੁਕਾਨ ਦੇ ਅੱਗੋਂ ਦਿੱਤੇ ਦਿਨ ਚੋਰ ਚੁੱਕ ਕੇ ਲੈ ਗਏ ਹਨ, ਜਿਸਦੀ ਉਸ ਨੇ ਪੁਲਿਸ ਰਿਪੋਰਟ ਕਰਾ ਦਿੱਤੀ ਸੀ।ਇੱਕ ਹੋਰ ਵਿਅਕਤੀ ਮਜ਼ਦੂਰ ਆਗੂ ਬਾਬੂ ਰਾਮ ਦੀ ਧਰਮ ਪਤਨੀ ਜੋ ਬੌਰੀਆ ਸਿੱਖ ਧਰਮਸ਼ਾਲਾ ਕੋਲ ਕਰਿਆਨੇ ਦੀ ਦੁਕਾਨ ਕਰਦੀ ਹੈ, ਪਾਸੋਂ ਬੀਤੀ 5 ਜੁਲਾਈ ਨੂੰ ਸੋਨੇ ਦੀਆਂ ਵਾਲੀਆਂ ਤੇ ਰੀਂਗ ਵਿਚੋਂ ਦਿਨ ਦਿਹਾੜੇ ਨਕਦੀ ਰੁਪਏ ਖੋਹ ਕੇ ਚੋਰ ਖਿਸਕ ਗਏ ਹਨ, ਪ੍ਰੰਤੂ ਉਨ੍ਹਾਂ ਦਾ ਰਾਹ ਰੋਕਣ ਵਾਲਾ ਕੋਈ ਨਜ਼ਰੀ ਨਹੀਂ ਪੈ ਰਿਹਾ।



ਦੱਸਣਯੋਗ ਹੈ ਕਿ ਪੂਰੇ ਕਸਬੇ 'ਚ ਆਰ ਓ ਦਾ ਪਾਣੀ ਸਪਲਾਈ ਕਰਦੇ ਸ਼ਿਵਾ ਆਰ ਓ ਕੰਪਨੀ ਦੇ ਦਫਤਰ 'ਚੋਂ ਚੋਰ ਨਕਦੀ 25000 ਤੋਂ ਵੱਧ ਰੁਪਏ ਸਨ, ਚੋਰੀ ਕਰਕੇ ਲੈ ਗਏ ਹਨ ਤੇ ਸ਼ਹਿਰ ਵਿੱਚ ਕਬਾੜ ਦਾ ਕੰਮ ਕਰਦੇ ਜੀਤ ਕਬਾੜੀਏ ਕੋਲੋਂ ਮਹਿੰਗਾ ਟੱਚ ਫੋਨ ਦਿਨ ਦਿਹਾੜੇ ਖੋਹ ਕੇ ਲੈ ਗਏ ਹਨ।ਦਿਨ-ਦਿਹਾੜੇ ਲੁੱਟਾਂ-ਖੋਹਾਂ ਦਾ ਸਿਲਸਿਲਾ ਸ਼ਹਿਰ ਵਿੱਚ ਲਗਾਤਾਰ ਜਾਰੀ ਹੈ, ਜਿਨ੍ਹਾਂ ਦੀ ਆਮ ਲੋਕ ਪੁਲਸ ਰਿਪੋਰਟ ਕਰਾ ਰਹੇ ਹਨ, ਪ੍ਰੰਤੂ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਮਜ਼ਦੂਰ ਮੁਕਤੀ ਮੋਰਚਾ ਪੰਜਾਬ ਤੇ ਸੀਪੀਆਈ ਐਮ ਐਲ ਲਿਬਰੇਸ਼ਨ ਦੇ ਆਗੂਆਂ ਨੇ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਦੇ ਖਿਲਾਫ ਧਰਨਾ ਦੇਣ ਦੇ ਫੈਸਲਾ ਕੀਤਾ ਹੈ।ਮਜ਼ਦੂਰ ਮੁਕਤੀ ਮੋਰਚਾ ਆਇਰਲਾ ਬਠਿੰਡਾ ਜ਼ਿਲ੍ਹਾ ਦੇ ਆਗੂ ਅਮੀ ਲਾਲ ਬਹਾਦਰ ਮਹਿਮਾ, ਬਲਵਿੰਦਰ ਸਿੰਘ ਘਰਾਂਗਣਾ ਸੇਵਕ ਮਾਨ ਬਾਬੂ ਰਾਮ ਤਲਵੰਡੀ ਨੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਆਣ ਵਾਲੇ ਦਿਨਾਂ ਵਿੱਚ ਮਜ਼ਦੂਰ ਮੁਕਤੀ ਮੋਰਚਾ ਆਇਰਲਾ ਅਤੇ ਲਿਬਰੇਸ਼ਨ ਰੇਸ਼ਨ ਦੀ ਅਗਵਾਈ ਵਿਚ ਪੁਲਿਸ ਥਾਣਾ ਤਲਵੰਡੀ ਸਾਬੋ ਦਾ ਘਿਰਾਓ ਕਰਕੇ ਧਰਨਾ ਦਿੱਤਾ ਜਾਵੇਗਾ।

# ਸਰਕਾਰਾਂ ਦੀ ਆਪਸੀ ਖਹਿਬਾਜ਼ੀ ਦਾ ਸ਼ਿਕਾਰ ਪਸ਼ੂ ਮੇਲਾ ਮੰਡੀ ਬਣ ਚੁੱਕੀ ਹੈ ਖੰਡਰ

**ਨਾਭਾ (ਵਰਿੰਦਰ ਵਰਮਾ)**- ਰਿਆਸਤੀ ਸ਼ਹਿਰ ਨਾਭਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਬਹੁਪੱਖੀ ਸਹੂਲਤ ਭਰਪੂਰ ਪੌਣੇ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਪਸ਼ੂ ਮੇਲਾ ਮੰਡੀ ਤਿਆਰ ਕੀਤੀ ਗਈ ਸੀ, ਜਿਸ ਦਾ ਉਦਘਾਟਨ 4 ਸਤੰਬਰ 2012 ਵਿੱਚ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੁਆਰਾ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਦੀ ਰਹਿਨੁਮਾਈ ਹੇਠ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਦੇਖ ਰੇਖ ਵਿਚ ਕੀਤਾ ਗਿਆ ਸੀ। ਇਸ ਪਸ਼ੂ ਮੇਲਾ ਮੰਡੀ ਵਿੱਚ ਪਸ਼ੂ ਪਾਲਕਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਸਨ ਜਿਸ ਵਿੱਚ ਪਸ਼ੂ ਵਾਹਨਾਂ ਵਿੱਚੋਂ ਉਤਾਰਨ ਅਤੇ ਪਸ਼ੂਆਂ ਨੂੰ ਮੁੜ ਵਾਹਨਾਂ 'ਤੇ ਚੜ੍ਹਾਉਣ ਦੇ ਇੰਤਜ਼ਾਮ ਕੀਤੇ ਗਏ ਸਨ। ਇਸ ਪਸ਼ੂ ਮੰਡੀ ਵਿੱਚ ਵਿਸ਼ੇਸ਼ ਤੌਰ 'ਤੇ ਪਸ਼ੂਆਂ ਦਾ ਹਸਪਤਾਲ ਵੀ ਤਿਆਰ ਕੀਤਾ ਗਿਆ ਸੀ। ਇਸ ਮੰਡੀ ਵਿੱਚ ਵੱਖ-ਵੱਖ ਤਰ੍ਹਾਂ ਦੇ ਪਸ਼ੂਆਂ ਦੇ ਮਹੀਨਾਵਾਰ ਪਸ਼ੂ ਮੇਲੇ ਲਗਾਏ ਜਾਂਦੇ ਸਨ ਜਿਸ ਵਿੱਚ ਮੱਝਾਂ ਗਾਵਾਂ ਤੋਂ ਇਲਾਵਾ ਘੋੜਿਆਂ ਖੱਚਰਾਂ ਬੱਕਰੀਆਂ ਆਦਿ ਦੇ ਵਿਸ਼ੇਸ਼ ਤੌਰ 'ਤੇ ਮੇਲੇ ਲੱਗਦੇ ਸਨ ਪਰੰਤੂ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਬਦਲਣ ਉਪਰੰਤ ਅਤੇ ਸਰਕਾਰਾਂ ਦੀ ਨਲਾਇਕੀ ਅਤੇ ਅਣਦੇਖੀ ਜਾਂ ਫਿਰ ਸਰਕਾਰਾਂ ਦੀ ਆਪਸੀ ਖਹਿਬਾਜ਼ੀ ਕਾਰਨ ਨਾਭਾ ਪਸ਼ੂ ਮੇਲਾ ਮੰਡੀ ਉਪਰ ਲੱਗਿਆ ਹੋਇਆ ਕਰੋੜਾਂ ਰੁਪਈਆ ਜੋ ਕਿ ਲੋਕਾਂ ਤੋਂ ਹੀ ਟੈਕਸਾਂ ਰਾਹੀਂ ਵਸੂਲੇ ਹੋਏ ਰੁਪਏ ਮਿੱਟੀ ਹੁੰਦੇ ਹੋਏ ਦਿਖਾਈ ਦੇ ਰਹੇ ਹਨ। ਪਸ਼ੂ ਪਾਲਕਾਂ ਦਾ ਇਹ ਕਾਰੋਬਾਰ ਪਸ਼ੂ ਮੰਡੀ ਬੰਦ ਹੋਣ ਕਾਰਨ ਠੱਪ ਹੋ ਕੇ ਰਹਿ ਗਿਆ ਹੈ ਪਰੰਤੂ ਸਰਕਾਰਾਂ ਦਾ ਇਸ ਪਾਸੇ ਵੱਲ ਕੋਈ ਧਿਆਨ ਦਿਖਾਈ ਨਹੀਂ। ਮੰਡੀ ਵਿਚ ਬਣਾਏ ਗਏ ਕਮਰਿਆਂ ਵਿੱਚ ਪ੍ਰਾਈਵੇਟ ਲੋਕਾਂ ਦੀਆਂ ਬੱਕਰੀਆਂ ਆਦਿ ਬੰਨ੍ਹੀਆਂ ਹੋਈਆਂ ਅਤੇ ਸਬਜ਼ੀ ਦੀਆਂ ਬੋਰੀਆਂ ਰੱਖੀਆਂ ਹੋਈਆਂ ਦਿਖਾਈ ਦੇ ਰਹੀਆਂ ਹਨ। ਸਰਕਾਰਾਂ ਦੀ ਅਣਗਹਿਲੀ ਕਾਰਨ ਗੰਦਗੀ ਦੇ ਢੇਰ ਅਤੇ ਹੋਰ ਕੂੜ ਕਬਾੜ ਉੱਗਣ ਕਾਰਨ ਪਸ਼ੂ ਮੇਲਾ ਮੰਡੀ ਖੰਡਰ ਦਾ ਰੂਪ ਧਾਰਨ ਕਰ ਚੁੱਕਾ ਹੈ।





ਇਸ ਸਬੰਧੀ ਜਦੋਂ ਹਲਕਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਪ੍ਰਕਾਸ਼ ਸਿੰਘ ਬਾਦਲ ਲੋਕ ਪੱਖੀ ਸੋਚ ਸਦਕਾ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਪੌਣੇ ਚਾਰ ਕਰੋੜ ਦੀ ਲਾਗਤ ਨਾਲ ਇਹ ਪਸ਼ੂ ਮੇਲਾ ਮੰਡੀ ਤਿਆਰ ਕੀਤੀ ਗਈ ਸੀ ਜੋ ਕਿ ਸਰਕਾਰਾਂ ਵੱਲੋਂ ਬਦਲਾਖੋਰੀ ਦੀ ਨੀਤੀ ਦੇ ਤਹਿਤ ਇਹ ਪਸ਼ੂ ਮੰਡੀ ਬੰਦ ਕੀਤੀ ਗਈ ਹੈ। ਉਹਨਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਇਸ ਮੰਡੀ ਨੂੰ ਦੁਬਾਰਾ ਚਾਲੂ ਨਾ ਕੀਤਾ ਗਿਆ ਤਾਂ ਅਕਾਲੀ ਦਲ ਵੱਲੋਂ ਵੱਡਾ ਸੰਘਰਸ਼ ਵਿਢਿਆ ਜਾਵੇਗਾ। ਇਸ ਮਾਮਲੇ ਸਬੰਧੀ ਜਦੋਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਉੱਘੇ ਸਿੱਖ ਚਿੰਤਕ ਅਬਜਿੰਦਰ ਸਿੰਘ ਜੋਗੀ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਨਾਭਾ ਵੱਖ ਵੱਖ ਤਰ੍ਹਾਂ ਦੇ ਪਸ਼ੂਆਂ ਦੀਆਂ ਮੰਡੀਆਂ ਦਾ ਗੜ੍ਹ ਮੰਨਿਆ ਜਾਂਦਾ ਸੀ ਜਿਸ ਨੂੰ ਦੇਖਦੇ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੁਆਰਾ ਇਹ ਪਸ਼ੂ ਮੇਲਾ ਮੰਡੀ ਤਿਆਰ ਕੀਤੀ ਗਈ ਸੀ ਜਿਸ ਦੇ ਬੰਦ ਹੋਣ ਨਾਲ ਪਸ਼ੂ ਪਾਲਕਾਂ ਨੂੰ ਪਸ਼ੂਆਂ ਖਰੀਦਣ ਜਾਂ ਵੇਚਣ ਲਈ ਦੂਰ ਦੀਆਂ ਮੰਡੀਆਂ ਵਿੱਚ ਜਾਣਾ ਪੈਂਦਾ ਹੈ ਜਿਸ ਨਾਲ ਆਉਣ ਜਾਣ ਕਾਰਨ ਉਨ੍ਹਾਂ ਦਾ ਵੱਡਾ ਨੁਕਸਾਨ ਝੱਲਣਾ ਪੈਂਦਾ ਹੈ। ਮੰਡੀ ਬੰਦ ਹੋਣ ਦੇ ਮਾਮਲੇ ਸਬੰਧੀ ਜਦੋਂ ਬੱਕਰੀ ਐਸੋਸੀਏਸ਼ਨ ਦੇ ਪ੍ਰਧਾਨ ਜੱਸੀ ਰੋਹਟਾ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਇੱਕ ਪਾਸੇ ਸਰਕਾਰ ਸਰਕਾਰ ਲੋਕਾਂ ਨੂੰ ਸਹਾਇਕ ਧੰਦੇ ਅਪਣਾਉਣ ਲਈ ਜਾਗਰੂਕ ਕਰਦੀ ਹੈ ਪ੍ਰੰਤੂ ਸਾਡੇ ਵਾਰ ਵਾਰ ਮੰਗ ਕਰਨ ਦੇ ਬਾਵਜੂਦ ਮਹੀਨੇ ਵਿੱਚ ਇੱਕ ਵਾਰ ਬੱਕਰੀਆਂ ਦੀ ਮੰਡੀ ਲਗਾਉਣ ਦੀ ਆਗਿਆ ਨਹੀਂ ਦਿੱਤੀ ਗਈ। ਕਰੋੜਾਂ ਦੀ ਲਾਗਤ ਨਾਲ ਤਿਆਰ ਕੀਤੀ ਨਾਭਾ ਪਸ਼ੂ ਮੇਲਾ ਮੰਡੀ ਬੰਦ ਹੋਣ ਨਾਲ ਵੱਖ ਵੱਖ ਤਰ੍ਹਾਂ ਦੇ ਪਸ਼ੂ ਪਾਲਕਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਸਰਕਾਰ ਪਾਸੋਂ ਮੰਗ ਕਰਦੇ ਹਾਂ ਕਿ ਇਸ ਮੰਡੀ ਨੂੰ ਦੁਬਾਰਾ ਚਾਲੂ ਕਰਕੇ ਅਤੇ ਸਾਨੂੰ ਬੱਕਰੀ ਪਾਲਕਾਂ ਨੂੰ ਮਹੀਨੇ ਵਿੱਚ ਇੱਕ ਵਾਰ ਮੰਡੀ ਲਗਾਉਣ ਦੀ ਆਗਿਆ ਦਿੱਤੀ ਜਾਵੇ।

# ਕੇਂਦਰ ਵੱਲੋਂ ਪੰਜਾਬ ਦੇ ਸ਼ੈਲਰ ਮਾਲਕਾਂ ਤੇ ਕਿਸਾਨਾਂ ਨੂੰ ਵੱਡਾ ਝਟਕਾ, ਚੌਲ ਦਾ ਟੋਟਾ ਘਟਾ ਕੇ 10 ਫੀਸਦੀ ਕੀਤਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਕੇਂਦਰ ਸਰਕਾਰ ਨੇ ਪੰਜਾਬ ਦੀ ਸ਼ੈਲਰ ਇੰਡਸਟਰੀ ਤੇ ਕਿਸਾਨਾਂ ਨੂੰ ਵੱਡਾ ਝਟਕਾ



ਦਿੱਤਾ ਹੈ। ਸਰਕਾਰ ਨੇ ਚੌਲ ਦਾ ਟੋਟਾ 25 ਫੀਸਦੀ ਤੋਂ ਘਟਾ ਕੇ 10 ਫੀਸਦੀ ਕਰ ਦਿੱਤਾ ਹੈ। ਭਾਰਤ ਸਰਕਾਰ ਨੇ ਪੈਡੀ ਦੀ ਮਿੱਲਿੰਗ ਲਈ 10% ਟੁੱਟੇ ਚੌਲ ਨਾਲ ਚੌਲ ਪ੍ਰਾਪਤ ਕਰਨ ਦੀ ਸਕੀਮ ਨੂੰ ਪੰਜਾਬ, ਹਰਿਆਣਾ, ਆਂਧਰਾ ਪ੍ਰਦੇਸ, ਛੱਤੀਸਗੜ੍ਹ ਅਤੇ ਓਡੀਸ਼ਾ ਵਿੱਚ ਲਾਗੂ ਕਰਨ ਦਾ ਫੈਸਲਾ ਲਿਆ ਹੈ। ਇਸ ਸਬੰਧੀ ਨੋਟਿਸ ਨੰਬਰ 8(9)/2024-ਪੀ.ਆਈ 11 ਜੁਲਾਈ ਨੂੰ ਜਾਰੀ ਕੀਤਾ ਗਿਆ ਹੈ। ਸਰਕਾਰ ਦੇ ਇਸ ਫੈਸਲੇ ਤੇ ਆਪਣਾ ਪ੍ਰਤੀਕਰਮ ਦਿੰਦੇ ਹੋਏ ਪੰਜਾਬ ਰਾਈਸ ਮਿੱਲਰਜ਼ ਐਸੋ ਦੇ ਪ੍ਰਧਾਨ ਕਿਹਾ ਕਿ ਕਿ ਸਰਕਾਰ ਰਾਇਸ ਉਦਯੋਗ ਨੂੰ ਬਰਬਾਦ ਕਰਨਾ ਚਾਹੁੰਦੀ ਹੈ। ਇਹਨਾਂ ਆਗੂਆਂ ਨੇ ਕਿਹਾ ਕਿ ਸਰਕਾਰ ਕੋਲ ਚੌਲ ਭੰਡਾਰ ਕਰਨ ਲਈ ਕੋਈ ਥਾਂ ਨਾ ਹੋਣ ਕਾਰਣ ਕੇਂਦਰੀ ਪੂਲ ਵਿੱਚ ਚਾਵਲ ਦਾ ਦੇਰੀ ਨਾਲ ਭੁਗਤਾਨ ਹੋਣ ਕਾਰਨ ਰਾਈਸ ਮਿੱਲਰਜ਼ ਨੂੰ ਵੱਡਾ ਘਾਟਾ ਸਹਿਣ ਕਰਨਾ ਪੈ ਰਿਹਾ ਹੈ। ਸਪੇਸ ਦੀ ਘਾਟ ਕਾਰਨ ਪੈਡੀ ਦੀ ਮਿਲਿੰਗ ਦੇਰੀ ਨਾਲ ਹੁੰਦੀ ਹੈ, ਜਿਸ ਕਾਰਨ ਚਾਵਲਾਂ 'ਚ 25 ਤੋਂ 30 ਪ੍ਰਤੀਸ਼ਤ ਟੋਟਾ ਬਣਦਾ ਹੈ। ਸਰਕਾਰ ਵੱਲੋਂ ਹੁਣ 25 ਪ੍ਰਤੀਸ਼ਤ ਤੋ ਟੋਟੇ ਦੀ ਮਿਕਦਾਰ 10 ਪ੍ਰਤੀਸ਼ਤ ਕਰ ਦੇਣ ਕਾਰਨ ਰਾਈਸ ਮਿਲਰਜ਼ ਨੂੰ ਵੱਡਾ ਘਾਟਾ ਉਠਾਉਣਾ ਪਵੇਗਾ। ਇਹਨਾਂ ਆਗੂਆਂ ਵੱਲੋਂ ਸਰਕਾਰ ਤੋਂ ਰਾਈਸ ਮਿੱਲਰਜ਼ ਵਿਰੋਧੀ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ।

# ਭੀਖ ਮੰਗਣ ਵਾਲੇ ਦੋ ਬੱਚੇ ਭਲਾਈ ਕਮੇਟੀ ਅੱਗੇ ਪੇਸ਼

**ਮਾਨਸਾ (ਆਤਮਾ ਸਿੰਘ ਪਮਾਰ)**- ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਦੇ ਦਿਸਾ ਨਿਰਦੇਸ਼ਾਂ ਅਤੇ ਬਾਲ ਸੁਰੱਖਿਆ ਅਫ਼ਸਰ ਨਤੀਸ਼ਾ ਅੱਤਰੀ ਦੀ ਯੋਗ ਅਗਵਾਈ ਹੇਠ ਕਾਊਂਸਲਰ ਰਜਿੰਦਰ ਕੁਮਾਰ ਵਰਮਾ



ਵੱਲੋਂ ਭੀਖੀ ਵਿਖੇ ਬਾਲ ਭੀਖਿਆ ਸੰਬੰਧੀ ਚੈਕਿੰਗ ਕੀਤੀ ਗਈ। ਇਸ ਦੌਰਾਨ ਲੋਕਾਂ ਨੂੰ ਜਾਗਰੂਕ ਕਰਦਿਆਂ ਉਨ੍ਹਾਂ ਕਿਹਾ ਕਿ ਬਾਲ ਭੀਖਿਆ ਕਰਵਾਉਣੀ ਕਾਨੂੰਨੀ ਜੁਰਮ ਹੈ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਬਾਲ ਭੀਖਿਆ ਨਾ ਕਰਵਾਉਣ ਅਤੇ ਬੱਚਿਆਂ ਨੂੰ ਸਕੂਲ 'ਚ ਦਾਖਲ ਕਰਵਾਉਣ। ਉਨ੍ਹਾਂ ਇਸ ਦੌਰਾਨ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਸੰਬੰਧੀ ਜਾਣੂ ਕਰਵਾਇਆ। ਕਾਊਂਸਲਰ ਵਰਮਾ ਨੇ ਦੱਸਿਆ ਕਿ ਚੈਕਿੰਗ ਦੌਰਾਨ 2 ਬੱਚੇ ਬਾਲ ਭੀਖਿਆ ਕਰਦੇ ਪਾਏ ਗਏ ਜਿਨ੍ਹਾਂ ਨੂੰ ਬਾਲ ਭਲਾਈ ਕਮੇਟੀ ਮੈਂਬਰ ਨਵਨੀਤ ਕੌਰ ਅੱਗੇ ਪੇਸ਼ ਕੀਤਾ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਬੱਚਿਆਂ ਤੋਂ ਬਾਲ ਭੀਖਿਆ ਨਾ ਕਰਵਾਉਣ ਲਈ ਕਿਹਾ। ਉਨ੍ਹਾਂ ਜਿਣਸੀ ਐਕਟ ਬਾਰੇ ਜਾਣੂ ਕਰਵਾਉਂਦਿਆਂ ਕਿਹਾ ਕਿ ਮੋਬਾਇਲ 'ਤੇ ਗਲਤ ਸੁਨੇਹੇ ਭੇਜਣ ਅਤੇ ਛੇੜਛਾੜ ਕਰਨ 'ਤੇ ਸਖ਼ਤ ਸਜ਼ਾ ਦਾ ਪ੍ਰਾਵਧਾਨ ਹੈ। ਉਨ੍ਹਾਂ ਕਿਹਾ ਕਿ ਬਾਲ ਭੀਖਿਆ, ਬਾਲ ਵਿਆਹ, ਬਾਲ ਮਜ਼ਦੂਰੀ ਅਤੇ ਕਿਸੇ ਮੁਸੀਬਤ ਵਿਚ ਮਿਲੇ ਬੱਚੇ ਦੀ ਮਦਦ ਲਈ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਆਧਿਆਪਕਾਂ ਨੂੰ ਸਰੀਰਿਕ ਸਜ਼ਾ ਦੇਣ ਤੋਂ ਗੁਰੇਜ਼ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਦੱਸਿਆ ਕਿ ਬੱਚਿਆਂ ਨਾਲ ਸਬੰਧਤ ਸੇਵਾਵਾਂ ਜਾਂ ਮਦਦ ਲਈ ਬਾਲ ਭਲਾਈ ਕਮੇਟੀ, ਬੱਚਤ ਭਵਨ ਮਾਨਸਾ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰਬਰ 33 ਵਿਖੇ ਸਥਿਤ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸ਼ੈਲੀ ਮੀਡੀਆ ਇੰਚਾਰਜ, ਸ਼ੁਭਦੀਪ ਸਿੰਘ ਚਾਈਲਡ ਲਾਈਨ ਮੈਂਬਰ, ਪੁਲਸ ਵਿਭਾਗ ਤੋਂ ਪਰਮਜੀਤ ਸਿੰਘ ਅਤੇ ਪਰਮਜੀਤ ਕੌਰ ਹਾਜ਼ਰ ਸਨ।

# ਕੇਜਰੀਵਾਲ ਨੂੰ ਮਿਲ ਰਹੀਆਂ ਮੁੱਖ ਮੰਤਰੀ ਵਾਲੀਆਂ ਸਹੂਲਤਾਂ : ਸਾਹੋਕੇ

**ਬੱਧਨੀ ਕਲਾਂ (ਲਵਲੀ ਕੁਮਾਰ)** ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਸਮੇਂ ਦਿੱਲੀ ਤੋਂ ਆਮ ਆਦਮੀ ਪਾਰਟੀ ਤੋਂ ਬੁਰੀ ਤਰ੍ਹਾਂ ਹਾਰੇ ਸੁਪਰੀਮੋ ਅਰਵਿੰਦ ਕੇਜਰੀਵਾਲ ਚੰਗਾ ਮਹਿਸੂਸ ਕਰਾਉਣ ਲਈ ਮੁੱਖ ਮੰਤਰੀ ਵਾਲੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ।ਪੰਜਾਬ



ਦਾ ਹਰ ਫੈਸਲਾ ਕੇਜਰੀਵਾਲ ਲੈ ਰਹੇ ਹਨ।ਉਨ੍ਹਾਂ ਨੂੰ ਸਰਕਾਰੀ ਹੈਲੀਕਾਪਟਰ 'ਤੇ ਪੰਜਾਬ ਦੇ ਗੇੜੇ ਲਵਾ ਕੇ ਚੰਗਾ ਮਹਿਸੂਸ ਕਰਾਇਆ ਜਾ ਰਿਹਾ ਹੈ ਕਿਉਂਕਿ ਦਿੱਲੀ ਦੀ ਹਾਰ ਤੋਂ ਬਾਅਦ ਡਿਪ੍ਰੈਸ਼ਨ ਵਿੱਚ ਹਨ। ਉਨ੍ਹਾਂ ਨੂੰ ਸਦਮੇ ਵਿੱਚੋਂ ਕੱਢਣ ਲਈ ਪੰਜਾਬ ਸਬੰਧੀ ਹਰ ਫੈਸਲਾ ਤੇ ਮੀਟਿੰਗ ਕੇਜਰੀਵਾਲ ਦੀ ਦੇਖ-ਰੇਖ ਹੇਠ ਹੋ ਰਹੀ ਹੈ। ਇਹ ਵਿਚਾਰ ਹਲਕਾ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਨਿਹਾਲ ਸਿੰਘ ਵਾਲਾ ਸ਼ੈਲਰ ਇੰਪਲਾਇਜ ਐਸੋਸੀਏਸ਼ਨ ਨੇ ਸਾਂਝੇ ਕੀਤੇ। ਭੁਪਿੰਦਰ ਸਿੰਘ ਸਾਹੋਕੇ ਨਿਹਾਲ ਸਿੰਘ ਵਾਲਾ ਹਲਕਾ ਇੰਚਾਰਜ ਤੇ ਸ਼ੈਲਰ ਇੰਪਲਾਇਜ ਐਸੋਸੀਏਸ਼ਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਨੇ ਕਿਹਾ ਕਿ ਪੰਜਾਬ ਦੀ ਜਨਤਾ ਵੀ ਹੁਣ ਦਿੱਲੀ ਦੀ ਸੂਝਵਾਨ ਜਨਤਾ ਵਾਂਗ ਇਨ੍ਹਾਂ ਦੇ ਇਰਾਦੇ ਸਮਝ ਚੁੱਕੀ ਹੈ, ਅੱਜ ਇਨ੍ਹਾਂ ਦੇ ਹੀ ਕਈ ਵਿਧਾਇਕ ਠੱਗੇ ਹੋਏ ਮਹਿਸੂਸ ਕਰ ਰਹੇ ਹਨ ਤੇ ਸੱਚ ਬੋਲਣ ਦਾ ਹੌਸਲਾ ਵੀ ਕਰ ਰਹੇ ਹਨ, ਪਰ ਅਫ਼ਸੋਸ ਸੱਚ ਬੋਲਣ ਵਾਲੇ ਵਿਧਾਇਕਾਂ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂਦਾ ਹੈ।

# ਪ੍ਰੋ. ਬਡੂੰਗਰ ਨੇ ਅਮਨਜੋਤ ਕੌਰ ਨੂੰ ਤਰੱਕੀ ਦੇ ਕੇ ਡਿਪਟੀ ਸੁਪਰਡੈਂਟ ਆਫ ਪੁਲਸ ਬਣਾਏ ਜਾਣ ਲਈ ਪੱਤਰ ਲਿਖਿਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ ਕਿਰਪਾਲ ਸਿੰਘ ਬਡੂੰਗਰ ਵਲੋਂ ਖੇਡਾਂ ਵਿੱਚ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀ ਇਤਿਹਾਸਕ ਪਿੰਡ ਕਰਹਾਲੀ ਸਾਹਿਬ ਦੀ ਜੰਮਪਲ ਬੇਟੀ ਅਮਨਜੋਤ ਕੌਰ ਨੂੰ ਤਰੱਕੀ ਦੇ ਕੇ ਡਿਪਟੀ ਸੁਪਰਡੈਂਟ ਆਫ ਪੁਲਸ ਬਣਾਏ ਜਾਣ ਲਈ ਪੱਤਰ ਲਿਖਿਆ। ਸਬ ਇੰਸਪੈਕਟਰ ਅਮਨਜੋਤ ਕੌਰ ਨੇ ਰੋਇੰਗ ਕਰੂ ਖੇਡ ਵਿੱਚ ਦੋ ਸੋਨ ਤਗਮੇ ਜਿੱਤ ਕੇ ਪੰਜਾਬ ਸਰਕਾਰ, ਪੰਜਾਬ ਪੁਲਸ ਅਤੇ ਕਰਹਾਲੀ ਸਾਹਿਬ ਦਾ ਨਾਂਅ ਰੌਸ਼ਨ ਕੀਤਾ। ਉਹਨਾਂ ਕਿਹਾ ਕਿ ਇਤਿਹਾਸਕ ਪਿੰਡ ਕਰਹਾਲੀ ਸਾਹਿਬ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸਰਬ ਧਰਮ ਰੱਖਿਅਕ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਕਾਰਨ ਇਤਿਹਾਸਕ ਫਲਸਫੇ ਅੰਦਰ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਹੁਣ ਬੇਟੀ ਅਮਨਜੋਤ ਕੌਰ ਦੀਆਂ ਅਮਰੀਕਾ ਦੇ ਨਾਮਵਰ ਸ਼ਹਿਰ ਬਰਮਿੰਘਮ ਚ ਵਿਸ਼ਵ ਪੁਲਸ ਖੇਡਾਂ ਦੀਆਂ ਪ੍ਰਾਪਤੀਆਂ ਨੇ ਦੇਸ਼ ਵਿਦੇਸ਼ ਇਸ ਨਗਰ ਦਾ ਨਾਂਅ ਚਮਕਾਇਆ ਹੈ। ਪ੍ਰੋ ਬਡੂੰਗਰ ਨੇ ਕਿਹਾ ਕਿ ਇਹ ਬੇਟੀ ਅਮਨਜੋਤ ਕੌਰ ਮੇਰੀ ਰਿਸ਼ਤੇਦਾਰ ਨਹੀਂ।ਪਰ ਵਿਦੇਸ਼ ਦੀ ਧਰਤੀ 'ਤੇ ਪੁਹੰਚ ਕੇ ਪੰਜਾਬ, ਪੰਜਾਬੀਅਤ, ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਦਾ ਨਾਂਅ ਖੇਡ ਜਗਤ ਵਿੱਚ ਹੋਰ ਵਧਾਇਆ ਹੈ। ਉਹਨਾਂ ਕਿਹਾ ਕਿ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਸਮੇਂ ਸਮੇਂ ਸਿਰ ਵਿਸ਼ੇਸ਼ ਤਰੱਕੀਆਂ ਦੇ ਕੇ ਹੌਸਲਾ ਅਫਜ਼ਾਈ ਕਰਨੀ ਬਣਦੀ ਹੈ। ਉਨ੍ਹਾਂ ਕਿਹਾ ਕਿ ਇਸ ਲੜੀ ਤਹਿਤ ਅਮਨਦੀਪ ਕੌਰ ਨੂੰ ਵੀ ਵਿਸ਼ੇਸ਼ ਤਰੱਕੀ ਦੇ ਕੇ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਪ੍ਰੋ ਬਡੂੰਗਰ ਨੇ ਵਲੋਂ ਇਸ ਪੱਤਰਕਾ ਦਾ ਉਤਾਰਾ ਸ੍ਰੀ ਗੌਰਵ ਯਾਦਵ ਜੀ ਆਈ ਪੀ ਐਸ ਡਾਇਰੈਕਟਰ ਜਨਰਲ ਆਫ਼ ਪੁਲਸ ਪੰਜਾਬ ਨੂੰ ਵੀ ਸਾਰਥਕ ਅਤੇ ਉਸਾਰੂ ਰੋਲ ਅਦਾ ਕਰਕੇ ਸਭ ਨੂੰ ਧੰਨਵਾਦ ਬਣਨ ਆਖਿਆ।

# ਅਜਮੇਰ ਦੀਵਾਨਾ ਦੇ ਨਾਵਲ 'ਹਮ ਐਸੇ ਅਪਰਾਧੀ' ਦਾ ਰਿਲੀਜ਼ ਸਮਾਰੋਹ

**ਬਠਿੰਡਾ (ਬਖਤੌਰ ਢਿੱਲੋਂ)** ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਵੱਲੋਂ ਬਜ਼ੁਰਗ ਸਾਹਿਤਕਾਰ ਅਜਮੇਰ ਸਿੰਘ ਦੀਵਾਨਾ ਦੇ ਨਾਵਲ 'ਹਮ ਹੈਸੇ ਅਪਰਾਧੀ' ਦਾ ਰਿਲੀਜ਼ ਸਮਾਰੋਹ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ ਬਾਲਿਆਂਵਾਲੀ ਵਿਖੇ ਕਰਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸਰਵ ਸ੍ਰੀ ਗੁਰਦੇਵ ਖੋਖਰ, ਡਾ. ਜਸਪਾਲਜੀਤ, ਜਗਮੇਲ ਸਿੰਘ ਜਠੌਲ, ਸੁਖਦਰਸ਼ਨ ਗਰਗ, ਅਜਮੇਰ ਦੀਵਾਨਾ, ਜੀਤ ਸਿੰਘ ਚਹਿਲ ਮੌਜੂਦ ਸਨ। ਨਾਵਲ ਰਿਲੀਜ਼ ਕਰਨ ਉਪਰੰਤ ਸ੍ਰੀ ਖੋਖਰ ਨੇ ਨਾਵਲ ਬਾਰੇ ਇੱਕ ਖੋਜ ਭਰਪੂਰ ਪੇਪਰ ਪੜ੍ਹਿਆ ਤੇ ਡਾ. ਜਸਪਾਲਜੀਤ ਨੇ ਇਸ ਸਬੰਧੀ ਚਰਚਾ ਨੂੰ ਅੱਗੇ ਵਧਾਇਆ। ਵਰਨਣਯੋਗ ਹੈ ਕਿ ਦੀਵਾਨਾ ਨੇ ਕਰੀਬ ਸਾਢੇ ਅੱਠ ਦਹਾਕੇ ਦੀ ਆਪਣੀ ਉਮਰ ਵਿੱਚ ਲੰਬੀ ਘਾਲਣਾ ਬਾਅਦ ਇਹ ਵੱਡ ਅਕਾਰੀ ਨਾਵਲ ਸਾਹਿਤ ਦੀ ਝੋਲੀ ਪਾਇਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਕਹਾਣੀਆਂ ਦੀਆਂ ਕਈ ਕਿਤਾਬਾਂ ਪ੍ਰਕਾਸ਼ਤ ਹੋਈਆਂ ਹਨ। ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਡੀ ਉਮਰ ਵਿੱਚ ਅਜਿਹਾ ਵੱਡਾ ਇਤਿਹਾਸਕ ਨਾਵਲ ਲਿਖਣਾ ਬਹੁਤ ਮੁਸ਼ਕਲ ਭਰਿਆ ਕਾਰਜ ਹੈ, ਜਿਸ ਨੂੰ ਸ੍ਰੀ ਦੀਵਾਨਾ ਨੇ ਬਾਖੂਬੀ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਇਸ ਨਾਵਲ ਵਿੱਚ ਕਈ ਸਦੀਆਂ ਦੇ ਇਤਿਹਾਸ ਦਾ ਬਿਰਤਾਂਤ ਹੈ, ਅਸਲ ਵਿੱਚ ਕਈ ਨਾਵਲਾਂ ਨੂੰ ਉਨ੍ਹਾਂ ਇੱਕ ਨਾਵਲ ਦੇ ਰੂਪ ਵਿੱਚ ਪੇਸ਼ ਕਰਕੇ ਪਾਠਕਾਂ ਨੂੰ ਬਹੁਮੁੱਲੀ ਜਾਣਕਾਰੀ ਮੁਹੱਈਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਨਾਵਲ ਵਿੱਚ ਪਾਠਕ ਲਈ ਦਿਲਚਸਪੀ ਦੀ ਕੁੱਝ ਘਾਟ ਜ਼ਰੂਰ ਮਹਿਸੂਸ ਹੁੰਦੀ ਹੈ, ਪਰ ਇਤਿਹਾਸਕ ਨਾਵਲ ਵਿੱਚ ਕਲਪਨਾ ਨੂੰ ਬਹੁਤਾ ਸ਼ਾਮਲ ਕਰਕੇ ਦਿਲਚਸਪ ਬਣਾਉਣ ਨਾਲ ਉਹ ਅਸਲ ਵਿਸ਼ੇ ਤੋਂ ਪਾਸੇ ਚਲਾ ਜਾਂਦਾ ਹੈ, ਸ਼ਾਇਦ ਲੇਖਕ ਨੇ ਇਸ ਜ਼ਿੰਮੇਵਾਰੀ ਨੂੰ ਨਿਭਾਇਆ ਹੈ।



# ਆਦਰਸ਼ ਸਕੂਲ ਕਮੇਟੀ ਦਾ ਗਠਨ



**ਅਜੀਤਵਾਲ (ਨਛੱਤਰ ਸੰਧੂ)** ਪਿੰਡ ਜਵਾਹਰ ਸਿੰਘ ਵਾਲਾ ਵਿਖੇ ਆਦਰਸ਼ ਸਕੂਲ ਦੀ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਗਿਆ। ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਆਦਰਸ਼ ਸਕੂਲ ਪਿੰਡ ਜਵਾਹਰ ਸਿੰਘ ਵਾਲਾ ਦੀ ਸਕੂਲ ਮੈਨੇਜਮੈਂਟ ਕਮੇਟੀ ਦਾ ਕਠਨ ਕੀਤਾ ਗਿਆ ਤਾਂ ਜੁ ਸਕੂਲ ਦੇ ਕੰਮ ਕਾਜ ਨੂੰ ਸੁਚਾਰੂ ਤਰੀਕੇ ਨਾਲ ਚਲਾਇਆ ਜਾ ਸਕੇ ਤੇ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਆਵੇ। ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ ਜਗਵੰਤ ਸਿੰਘ ਬੈਂਸ ਨੇ ਦੱਸਿਆ ਕਿ ਸਕੂਲ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਅਤੇ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਉੱਚਾ ਚੁੱਕਣ ਲਈ ਸਰਕਾਰ ਦੁਆਰਾ ਪੂਰਾ ਸਹਿਯੋਗ ਦਿੱਤਾ ਜਾਵੇਗਾ। ਡਾਕਟਰ ਕੁਲਵੰਤ ਗਰੇਵਾਲ ਉਚੇਚੇ ਤੌਰ 'ਤੇ ਪਹੁੰਚੇ ਤੇ ਐਮਐਲਏ ਮਨਜੀਤ ਸਿੰਘ ਬਿਲਾਸਪੁਰ ਦੀ ਹਾਜ਼ਰੀ ਲਵਾਈ।

# ਸ਼ਿਵਾਲਿਕ ਕਿਡਜ਼ ਸਕੂਲ 'ਚ ਪੰਜਾਬੀ ਕੈਲੀਗ੍ਰਾਫੀ ਮੁਕਾਬਲਾ ਕਰਾਇਆ

**ਜੈਤੋ (ਸਤੀਸ਼ ਕੁਮਾਰ ਭੀਰੀ)** ਲਿਖਣ ਦੇ ਹੁਨਰ ਨੂੰ ਉਤਸ਼ਾਹਤ ਕਰਨ ਲਈ ਸ਼ਿਵਾਲਿਕ ਕਿਡਜ਼ ਸਕੂਲ ਵਿੱਚ ਯੂਕੇਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਪੰਜਾਬੀ ਭਾਸ਼ਾ ਵਿੱਚ ਕੈਲੀਗ੍ਰਾਫੀ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਵਿਦਿਆਰਥੀ ਆਪਣੇ ਲਿਖਣ ਦੇ ਹੁਨਰ ਦਾ ਪ੍ਰਦਰਸ਼ਨ ਕਰ ਰਹੇ ਹਨ।ਕਲਾਸ ਯੂਕੇਜੀ (ਪਰਲ) ਵਿੱਚ ਸ਼ਿਵਨੂਰ ਨੇ ਪਹਿਲਾ ਸਥਾਨ, ਅਰਸ਼ਦੀਪ ਨੇ ਦੂਜਾ ਸਥਾਨ, ਕਲਾਸ ਯੂਕੇਜੀ (ਰੂਬੀ) ਵਿੱਚ ਏਰਿਕਾ ਨੇ ਪਹਿਲਾ ਸਥਾਨ, ਇਵਾਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਕਲਾਸ ਪਹਿਲੀ (ਪਰਲ) ਵਿੱਚ ਕਨਕ ਨੇ ਪਹਿਲਾ ਸਥਾਨ, ਫ਼ਤਿਹਜੀਤ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਕਲਾਸ ਪਹਿਲੀ (ਰੂਬੀ) ਵਿੱਚ ਅਮਾਨਤ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਗਣਿਕਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਕਲਾਸ ਦੂਜੀ ਵਿੱਚ ਸਹਿਜਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਅਗਮਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਕਲਾਸ ਤੀਜੀ ਵਿੱਚ, ਪਰਵ ਕੁਮਾਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਹਰਸੀਰਤ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਚੌਥੀ ਜਮਾਤ (ਪਰਲ) ਵਿੱਚ ਕੈਨਟ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਸਮੀਤ ਕੌਰ ਤੇ ਮੋਹਿਕ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਅਰਸ਼ਨੂਰ ਨੂੰ ਹੌਸਲਾ ਇਨਾਮ ਦਿੱਤਾ ਗਿਆ।ਕਲਾਸ ਚੌਥੀ (ਰੂਬੀ) ਵਿੱਚ ਪ੍ਰਤੀਕ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਵਿਜੇਂਦਰ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਪੰਜਵੀਂ ਜਮਾਤ ਵਿੱਚ ਰਾਘਵ ਸਿੰਗਲਾ ਨੇ ਪਹਿਲਾ ਸਥਾਨ, ਤਨਿਸ਼ ਗਰਗ ਨੇ ਦੂਜਾ ਸਥਾਨ, ਛੇਵੀਂ ਜਮਾਤ ਵਿੱਚ ਲੀਸਾ ਨੇ ਪਹਿਲਾ ਸਥਾਨ, ਵੈਭਵ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਸੱਤਵੀਂ ਜਮਾਤ ਵਿੱਚ ਦਕਸ਼ਨੂਰ ਨੇ ਪਹਿਲਾ ਸਥਾਨ, ਪਰੀਸ਼ਿਕਾ ਨੇ ਦੂਜਾ ਸਥਾਨ ਅਤੇ ਅੱਠਵੀਂ ਜਮਾਤ ਵਿੱਚ ਇਰੇਸ਼ ਅਤੇ ਕਸ਼ਿਸ਼ ਨੇ ਪਹਿਲਾ ਸਥਾਨ, ਗੁਰਨੂਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੀ ਮੁੱਖ ਅਧਿਆਪਕਾ ਸ਼੍ਰੀਮਤੀ ਸੁਖਵਿੰਦਰ ਕੌਰ ਨੇ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



# ਕੁਲਵਿੰਦਰ ਸਿੰਘ ਨੂੰ ਸ਼ਰਧਾਂਜਲੀਆ ਭੇਟ



**ਜਗਰਾਉਂ (ਨਛੱਤਰ ਸੰਧੂ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਇਕਾਈ ਪਿੰਡ ਬੱਸੂਵਾਲ ਦੇ ਸਕੱਤਰ ਕੁਲਵਿੰਦਰ ਸਿੰਘ ਸੰਖੇਪ ਬਿਮਾਰੀ ਤੋਂ ਬਾਅਦ ਸਿਰਫ਼ 51 ਸਾਲ ਦੀ ਉਮਰ 'ਚ ਵਿਛੋੜਾ ਦੇ ਗਏ।ਉਹ ਅਪਣੇ ਪਿੱਛੇ ਦੋ ਬੇਟੇ ਤੇ ਇੱਕ ਬੇਟੀ ਅਤੇ ਜੀਵਨ ਸਾਥਣ ਨੂੰ ਛੱਡ ਗਏ।ਉਹ ਕਿਸਾਨ ਜਥੇਬੰਦੀ ਦੇ ਸਰਗਰਮ ਕਾਰਕੁੰਨ ਸਨ।ਦਿੱਲੀ ਕਿਸਾਨ ਅੰਦੋਲਨ 'ਚ ਤਰਸੇਮ ਸਿੰਘ ਬੱਸੂਵਾਲ ਇਕਾਈ ਪ੍ਰਧਾਨ ਦੀ ਅਗਵਾਈ 'ਚ ਸਭ ਤੋਂ ਪਹਿਲਾਂ ਕਿਸਾਨੀ ਮੰਗਾਂ ਦੀ ਪ੍ਰਾਪਤੀ ਲਈ ਦਿੱਲੀ ਨੂੰ ਕੂਚ ਕਰਨ ਵਾਲਿਆਂ 'ਚ ਉਹ ਸ਼ਾਮਲ ਸਨ।ਉਹ ਲੰਨਾ ਸਮਾਂ ਦਿੱਲੀ ਮੋਰਚੇ 'ਚ ਡਟੇ ਰਹੇ।ਸੰਯੁਕਤ ਕਿਸਾਨ ਮੋਰਚੇ ਤੇ ਕਿਸਾਨ ਜਥੇਬੰਦੀ ਦੇ ਹਰੇਕ ਐਕਸ਼ਨ 'ਚ ਝੰਡਾ ਚੁੱਕ ਕੇ ਸਭ ਤੋ ਮੂਹਰੇ ਸ਼ਾਮਲ ਹੁੰਦੇ ਸਨ।ਪਿੰਡ ਦੇ ਗੁਰੂਦੁਆਰਾ ਸਾਹਿਬ ਵਿਖੇ ਉਨ੍ਹਾਂ ਦੀ ਅੰਤਮ ਅਰਦਾਸ ਮੌਕੇ ਸ਼ਰਧਾਂਜਲੀ ਦੇਣ ਵਾਲਿਆਂ 'ਚ ਬਾਬਾ ਪਰਮਜੀਤ ਸਿੰਘ ਭਰੋਵਾਲ, ਜਗਤਾਰ ਸਿੰਘ ਦੇਹੜਕਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਵਿੱਛੜੇ ਸਾਥੀ ਦੇ ਕਿਸਾਨ ਲਹਿਰ 'ਚ ਪਾਏ ਯੋਗਦਾਨ ਨੂੰ ਸਲਾਹੁੰਦਿਆਂ ਬੇਵਕਤ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਪੰਜਾਬੀ ਸ਼ਾਰਟਹੈਂਡ ਤੇ ਤੇਜ਼ ਗਤੀ ਸ਼੍ਰੇਣੀ ਦੇ ਅਧਿਐਨ ਤੇ ਅਧਿਆਪਨ ਦੇ ਦਾਖਲੇ ਸ਼ੁਰੂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਪੰਜਾਬੀ ਸਟੈਨੋਗ੍ਰਾਫੀ ਦੀਆਂ ਕਲਾਸਾਂ ਸ਼ੁਰੂ ਹੋਣ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਅਮਰਿੰਦਰ ਸਿੰਘ ਨੇ ਦੱਸਿਆ ਕਿ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸ਼ਾਰਟਹੈਂਡ ਜਨਰਲ ਸ੍ਰੇਣੀ/ਤੇਜ਼ ਗਤੀ ਸ਼੍ਰੇਣੀ ਅਤੇ ਅਧਿਐਨ ਤੇ ਅਧਿਆਪਨ ਸ਼੍ਰੇਣੀਆਂ ਦੇ ਕੋਰਸ ਲਈ ਸੈਸ਼ਨ 2025-26 ਦੇ ਦਾਖਲੇ ਦੀ ਪ੍ਰਕਿਰਿਆ 15 ਜੁਲਾਈ, 2025 ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਚਾਹਵਾਨ ਵਿਦਿਆਰਥੀ ਜ਼ਿਲ੍ਹਾ ਭਾਸ਼ਾ ਅਫਸਰ, ਪਟਿਆਲਾ ਤੋਂ ਦਸਤੀ ਫਾਰਮ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਲੈ ਸਕਦੇ ਹਨ। ਫਾਰਮ ਭਰਨ ਦੀ ਅੰਤਿਮ ਮਿਤੀ 18 ਅਗਸਤ ਹੈ ਅਤੇ ਇੰਟਰਵਿਊ ਦੀ ਮਿਤੀ 25 ਅਗਸਤ ਹੈ। ਇਸ ਕੋਰਸ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਪਾਸ ਹੋਣਾ ਲਾਜ਼ਮੀ ਹੈ। ਪੰਜਾਬੀ ਸਾਰਟਹੈਂਡ ਸ਼੍ਰੇਣੀ ਲਈ ਕੋਈ ਟੈਸਟ ਪਾਸ ਕਰਨਾ ਲਾਜ਼ਮੀ ਨਹੀਂ ਹੋਵੇਗਾ ਪਰੰਤੂ ਸ਼ਾਰਟਹੈਂਡ ਤੇਜ਼ ਗਤੀ/ਅਧਿਐਨ ਤੇ ਅਧਿਆਪਨ ਸ਼੍ਰੇਣੀ ਵਿਚ ਦਾਖਲੇ ਲਈ ਉਮੀਦਵਾਰ ਨੂੰ 80 ਸ਼ਬਦ ਪ੍ਰਤੀ ਮਿੰਟ ਦੀ ਸਪੀਡ 'ਤੇ ਪੰਜਾਬੀ ਸ਼ਾਰਟਹੈਂਡ ਦਾ ਟੈਸਟ ਪਾਸ ਕਰਨਾ ਲਾਜ਼ਮੀ ਹੋਵੇਗਾ। ਤੇਜ਼ ਗਤੀ/ਅਧਿਐਨ ਤੇ ਅਧਿਆਪਨ ਸ਼੍ਰੇਣੀ ਲਈ ਪੰਜਾਬੀ ਸ਼ਾਰਟਹੈਂਡ ਟੈਸਟ ਦੀ ਮਿਤੀ 21 ਅਗਸਤ ਹੈ। ਉਮੀਦਵਾਰ ਵੱਲੋਂ ਦਸਵੀਂ ਪੱਧਰ ਦੀ ਪੰਜਾਬੀ ਲਾਜ਼ਮੀ ਵਿਸੇ ਨਾਲ ਪਾਸ ਕੀਤੀ ਹੋਵੇ ਅਤੇ ਪਟਿਆਲਾ ਜ਼ਿਲ੍ਹੇ ਦਾ ਵਾਸੀ ਹੋਵੇ। ਇਸ ਕੋਰਸ ਦਾ ਸਮਾਂ ਇਕ ਸਾਲ ਦਾ ਹੋਵੇਗਾ।

# ਵਿਦਿਆਰਥੀ ਆਤਮ ਨਿਰਭਰਤਾ ਲਈ ਝਾੜ ਸਾਹਿਬ ਕਾਲਜ ਵਿਲੱਖਣ ਸੰਸਥਾ : ਡਾ. ਰਜਿੰਦਰ ਕੌਰ

**ਸਮਰਾਲਾ (ਸੁਰਜੀਤ ਸਿੰਘ)**- ਕਾਲਜ ਪਾਸ ਆਊਟ ਉਪਰੰਤ ਜੇਕਰ ਵਿਦਿਆਰਥੀ ਵਿਚ ਆਤਮ ਨਿਰਭਰਤਾ ਦਾ ਆਤਮ ਵਿਸ਼ਵਾਸ ਨਾ ਜਾਗਿਆ ਤਾਂ ਵਿਦਿਆਰਥੀ ਦਾ ਅਗਲਾ ਜੀਵਨ ਪੰਧ ਮੁਸ਼ਕਲ ਹੋ ਜਾਂਦਾ ਹੈ। ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਸਰਪ੍ਰਸਤੀ ਹੇਠ ਚੱਲ ਰਹੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੋਮੈਨ ਝਾੜ ਸਾਹਿਬ ਦੀ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਨੇ ਇਸ ਪੱਤਰਕਾਰ ਨਾਲ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਗੱਲ ਕਰਦਿਆਂ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਅੱਜ ਜਦੋਂ ਰੋਜ਼ਗਾਰ ਦੀ ਭਾਲ ਵਿਚ ਜ਼ਿਆਦਾਤਰ ਵਿਦਿਆਰਥੀਆਂ ਦਾ ਰੁਝਾਨ ਵਿਦੇਸ਼ਾਂ ਵੱਲ ਪਲਾਇਨ ਕਰਨ ਦਾ ਹੋ ਗਿਆ ਹੈ ਅਤੇ ਉੱਚ ਸਿੱਖਿਆ ਸੰਸਥਾਵਾਂ ਲਈ ਵਿਦਿਆਰਥੀਆਂ ਦੀ ਘਾਟ ਦੇ ਚਲਦਿਆਂ ਆਪਣੇ ਵਜੂਦ ਨੂੰ ਬਚਾਉਣਾ ਮੁਸ਼ਕਲ ਹੋ ਗਿਆ ਹੈ, ਪਰ ਝਾੜ ਸਾਹਿਬ ਕਾਲਜ ਵਿੱਚ ਅਕਾਦਮਿਕ ਪੜ੍ਹਾਈ ਤੋਂ ਹਟ ਕੇ ਕਿੱਤਾਮੁਖੀ ਕੋਰਸਾਂ 'ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ, ਜਿਸ ਕਾਰਨ ਵਿਦਿਆਰਥੀ ਲਈ ਕਾਲਜ ਪਾਸ ਆਊਟ ਉਪਰੰਤ ਆਤਮ ਨਿਰਭਰਤਾ ਦਾ ਸੰਕਟ ਖੜ੍ਹਾ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਝਾੜ ਸਾਹਿਬ ਕਾਲਜ ਵਿੱਚ ਲੁਧਿਆਣਾ, ਨਵਾਂਸ਼ਹਿਰ ਅਤੇ ਫ਼ਤਹਿਗੜ੍ਹ ਜ਼ਿਲ੍ਹਿਆਂ ਦੇ ਕਰੀਬ 200 ਪਿੰਡਾਂ ਤੋਂ ਵਿਦਿਆਰਥਣਾਂ ਕਾਲਜ ਵਲੋਂ ਉਪਲਬਧ ਬੱਸਾਂ ਰਾਹੀਂ ਪੜ੍ਹਨ ਆਉਂਦੀਆਂ ਹਨ। ਉਹਨਾਂ ਕਿਹਾ ਕਿ ਨਵੇਂ ਸੈਸ਼ਨ ਲਈ ਦਾਖਲੇ ਸ਼ੁਰੂ ਹੋ ਚੁੱਕੇ ਹੈ ਅਤੇ ਦੂਰ ਦੁਰਾਡੇ ਤੋਂ ਵਿਦਿਆਰਥੀ ਆਪ ਮੁਹਾਰੇ ਦਾਖਲੇ ਹਾਸਲ ਕਰਨ ਲਈ ਪਹੁੰਚ ਰਹੇ ਹਨ। ਪ੍ਰਿੰਸੀਪਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਵਿਦਿਆਰਥੀਆਂ ਲਈ ਵਜ਼ੀਫਿਆਂ ਦੀ ਵਿਵਸਥਾ ਕੀਤੀ ਗਈ ਹੈ। ਜਿਸ ਦੇ ਤਹਿਤ 5, 8 ਅਤੇ 10 ਹਜ਼ਾਰ ਦੇ ਵਜ਼ੀਫੇ ਦਿੱਤੇ ਜਾਂਦੇ ਹਨ। ਕਾਲਜ ਪ੍ਰਬੰਧਨ ਦੀ ਗੱਲ ਕਰਦਿਆਂ ਪ੍ਰਿੰਸੀਪਲ ਨੇ ਕਿਹਾ ਕਿ ਆਧੁਨਿਕ ਸੁਵਿਧਾ ਸੰਪੰਨ ਕਲਾਸ ਰੂਮ ਵਿਦਿਆਰਥੀਆਂ ਲਈ ਉਪਲਬਧ ਕਰਾਏ ਗਏ ਹਨ। ਇਸੇ ਤਰਾਂ ਖੇਡ ਸਟੇਡੀਅਮ, ਲਾਇਬਰੇਰੀ ਅਤੇ ਸੰਪੂਰਨ ਸੁਵਿਧਾ ਸੰਪੰਨ ਸੈਮੀਨਾਰ ਹਾਲ ਵੀ ਕਾਲਜ ਦੇ ਸ਼ਿੰਗਾਰ ਹਨ। ਉਹਨਾਂ ਕਿਹਾ ਸਾਰੇ ਹੀ ਅਧਿਆਪਕ ਉੱਚ ਯੋਗਤਾ ਪ੍ਰਾਪਤ ਅਤੇ ਸਖ਼ਤ ਮਿਹਨਤੀ ਹਨ । ਕਿੱਤਾਮੁਖੀ ਕੋਰਸਾਂ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਆਤਮ ਰੱਖਿਆ, ਸੰਗੀਤ, ਕੰਪਿਊਟਰ, ਬੇਕਰੀ, ਫੈਸ਼ਨ ਡਿਜ਼ਾਇਨਿੰਗ ਅਤੇ ਸ਼ਖ਼ਸੀਅਤ ਉਸਾਰੂ ਸਰਗਰਮੀਆਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਜਿਸ ਦੇ ਸਿੱਟੇ ਵਜੋਂ ਵਿਦਿਆਰਥਣਾਂ ਨੇ ਖੇਡਾਂ, ਧਾਰਮਿਕ ਸਰਗਰਮੀਆਂ ਅਤੇ ਸੱਭਿਆਚਾਰਕ ਖੇਤਰ ਵਿਚ ਨੈਸ਼ਨਲ ਅਤੇ ਯੂਨੀਵਰਸਿਟੀ ਪੱਧਰ 'ਤੇ ਚੰਗਾ ਨਾਮਣਾ ਖੱਟਿਆ ਹੈ।



# ਮੋਗਾ 'ਚ ਹੋਇਆ ਇਲੈਕਟ੍ਰੋ ਹੋਮਿਓਪੈਥੀ ਦਾ ਇਕ ਦਿਨਾ ਸੈਮੀਨਾਰ

**ਮੋਗਾ (ਇਕਬਾਲ ਸਿੰਘ ਖਹਿਰਾ)** ਇਲੈਕਟ੍ਰੋ ਹੋਮਿਓਪੈਥਿਕ ਡਾਕਟਰ ਮੈਡੀਕਲ ਐਸੋਸੀਏਸ਼ਨ ਦਾ ਵਿਸ਼ੇਸ਼ ਸੈਮੀਨਾਰ ਚੋਖਾ ਅੰਪਾਇਰ ਮੋਗਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਡਾ. ਸੰਜੀਵ ਸ਼ਰਮਾ (ਚੰਬਾ) ਨੇ ਉਚੇਚੇ ਤੌਰ ਸ਼ਿਰਕਤ ਕੀਤੀ। ਸੈਮੀਨਾਰ ਦੌਰਾਨ ਡਾ. ਸੰਜੀਵ ਸ਼ਰਮਾ ਇਲੈਕਟਰੋ ਹੋਮਿਓਪੈਥੀ ਨਾਲ ਸਬੰਧਤ ਦਵਾਈਆਂ 'ਤੇ ਚਾਨਣਾ ਪਾਇਆ ਤੇ ਬਿਮਾਰੀ ਨੂੰ ਜਾਂਚ ਕਰਨ ਦੇ ਨਵੇਂ ਤਰੀਕਿਆਂ ਸਬੰਧੀ ਵੀ ਜਾਣਕਾਰੀ ਮੁਹੱਈਆ ਕਰਵਾਈ। ਉਨ੍ਹਾਂ ਵਲੋਂ ਇਲੈਕਟ੍ਰੋ ਹੋਮਿਓਪੈਥੀ ਦਵਾਈਆਂ ਨੂੰ ਬਣਾਉਣ ਦਾ ਸੌਖਾ ਅਤੇ ਸਰਲ ਤਰੀਕਾ ਵੀ ਹਾਜ਼ਰ ਡਾਕਟਰਾਂ ਨਾਲ ਸਾਂਝਾ ਕੀਤਾ ਅਤੇ ਉਨ੍ਹਾਂ ਨੇ ਨਬਜ਼ ਦੀ ਜਾਂਚ ਕਰਨ, ਟੈਂਪਰਾਮੈਂਟ ਦੀ ਜਾਂਚ ਕਰਨਾ ਅਤੇ ਹੋਰ ਵੀ ਬਹੁਤ ਸਾਰੇ ਤਰੀਕਿਆਂ ਨਾਲ ਬਿਮਾਰੀਆਂ ਨੂੰ ਜਾਂਚ ਕਰਨ ਦੇ ਤਰੀਕਿਆਂ ਬਾਰੇ ਦੱਸਿਆ। ਇਸ ਸਮੇਂ ਉਨ੍ਹਾਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਚੰਬਾ ਵਿਖੇ ਪੰਜ ਰੋਜ਼ਾ ਨੈਸ਼ਨਲ ਸੈਮੀਨਾਰ 14 ਸਤੰਬਰ ਤੋਂ 18 ਸਤੰਬਰ ਤੱਕ ਹੋ ਰਿਹਾ ਹੈ। ਜਿਸ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਸੈਮੀਨਾਰ ਵਿੱਚ ਵੱਖ ਵੱਖ ਵਿਸ਼ਿਆਂ ਤੇ ਲੈਕਚਰ ਅਤੇ ਦਵਾਈਆਂ ਬਣਾਉਣ ਅਤੇ ਵਰਤੋਂ ਕਰਨ ਦੀ ਵਿਧੀ ਨੂੰ ਸਮਝਾਇਆ ਜਾਵੇਗਾ। ਇਸ ਸਮੇਂ ਡਾ. ਸਨਮ ਸ਼ਰਮਾ ਨੇ ਦਵਾਈਆਂ ਦੀ ਸਹੀ ਡੋਜ਼ ਅਤੇ ਡਲਉਸ਼ਨ ਬਾਰੇ ਜਾਣਕਾਰੀ ਦਿੱਤੀ। ਇਸ ਮੀਟਿੰਗ ਦੌਰਾਨ ਡਾ. ਮਨਪ੍ਰੀਤ ਸਿੰਘ ਨੇ ਪੀਲੀਏ ਰੋਗ ਸੰਬੰਧੀ ਜਾਣਕਾਰੀ ਦਿੱਤੀ। ਚੇਅਰਮੈਨ ਡਾ.ਜਗਤਾਰ ਸਿੰਘ ਸੇਖੋਂ ਨੇ ਨਬਜ਼ ਦੀ ਜਾਂਚ ਸਬੰਧੀ ਚਾਨਣਾ ਪਾਇਆ। ਪ੍ਰਧਾਨ ਡਾ.ਜਗਮੋਹਨ ਸਿੰਘ ਨੇ ਡਾ. ਸੰਜੀਵ ਸ਼ਰਮਾ, ਡਾ. ਸਨਮ ਸ਼ਰਮਾ ਸਮੇਤ ਹੋਰ ਇਸ ਸੈਮੀਨਾਰ ਦੌਰਾਨ ਸ਼ਾਮਲ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਡਾਕਟਰ ਜਗਜੀਤ ਸਿੰਘ ਗਿੱਲ ਨੇ ਨਿਭਾਈ। ਇਸ ਸੈਮੀਨਾਰ ਵਿੱਚ ਡਾ. ਕਮਲਜੀਤ ਕੌਰ ਸੇਖੋਂ, ਡਾ. ਜਸਵਿੰਦਰ ਸਿੰਘ, ਡਾ. ਸ਼ਿੰਦਰ ਸਿੰਘ ਕਲੇਰ, ਡਾ. ਪਰਮਿੰਦਰ ਕੁਮਾਰ, ਡਾ. ਅਵਤਾਰ ਸਿੰਘ ਦੇਵਗਨ, ਡਾ. ਸਰਬਜੀਤ ਸਿੰਘ, ਡਾ. ਸੰਤੋਖ ਸਿੰਘ, ਡਾ. ਸ਼ਮਸ਼ੇਰ ਸਿੰਘ, ਡਾ. ਵਰਿੰਦਰ ਸਿੰਘ, ਡਾ. ਰੋਬਿਨ ਅਰੋੜਾ, ਡਾ. ਹਰਦੇਵ ਸਿੰਘ ਸੈਣੀ, ਡਾ. ਐਸ ਕੇ ਕਟਾਰੀਆ, ਡਾ. ਲਵਪ੍ਰੀਤ ਸਿੰਘ, ਡਾ. ਜਸਵੀਰ ਕਟਾਰੀਆ, ਡਾ. ਕੁਲਦੀਪ ਕੌਰ, ਡਾ. ਅੰਮ੍ਰਿਤਪਾਲ ਸਿੰਘ, ਡਾ. ਸਵਿਤਾ ਯਾਦਵ, ਡਾ. ਅਨਿਤਾ ਰੰਗਾ, ਡਾ. ਪ੍ਰਦੀਪ ਕੁਮਾਰ, ਡਾ. ਅਰਚਨਾ ਸ਼ਰਮਾ, ਡਾ. ਸੁਵੇਸ਼ ਸ਼ਰਮਾ, ਡਾ. ਅਰੋੜਾ, ਡਾ. ਹਰਦੇਵ ਸਿੰਘ ਸੈਣੀ, ਡਾ. ਬਲਵਿੰਦਰ ਕੌਰ ਸੈਣੀ, ਡਾ. ਕਾਰਜ ਸਿੰਘ ਸਿੱਧੂ, ਡਾ. ਮਨਦੀਪ ਸਿੰਘ, ਵੀਰਪਾਲ ਕੌਰ, ਡਾ. ਵਰਿੰਦਰਜੀਤ ਕੌਰ, ਡਾ. ਅਮਰੀਕ ਕੌਰ, ਡਾ. ਰਾਮਜੀਤ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਗੁਲਸ਼ਨ ਕੁਮਾਰ, ਡਾ. ਬੀ ਕੇ ਸ਼ਰਮਾ, ਡਾ. ਹਰਪ੍ਰੀਤ ਕੌਰ, ਡਾ. ਪੂਨਮ ਜਨੇਜਾ, ਡਾ. ਰੁਪਿੰਦਰ ਕੌਰ, ਡਾ. ਗਗਨਦੀਪ ਕੌਰ, ਡਾ. ਸਵਰਨ ਰਾਣੀ, ਡਾ. ਗਗਨਪ੍ਰੀਤ ਕੌਰ, ਡਾ. ਜਸਪਾਲ ਸਿੰਘ, ਪ੍ਰੀਤੀ, ਡਾ. ਜਸਬੀਰ ਸਿੰਘ, ਡਾ. ਸੁਖਵਿੰਦਰ ਸਿੰਘ, ਡਾ. ਰਾਜਵੀਰ ਸ਼ਰਮਾ, ਡਾ. ਨਰਿੰਦਰ ਸਿੰਘ, ਡਾ. ਨਵਦੀਪ ਸਿੰਘ, ਡਾ. ਲਖਵੀਰ ਕੌਰ, ਡਾ. ਕਿਰਨਪਾਲ, ਡਾ. ਜਗਦੀਪ ਸਿੰਘ ਘਾਲੀ, ਡਾ. ਸੰਜੀਵ ਜਨੇਜਾ ਆਦਿ ਹਾਜ਼ਰ ਸਨ।



## ...ਸਫ਼ਾ 1 ਦੇ ਬਾਕੀ

### ਪੀ ਆਰ ਟੀ ਸੀ ਮੈਨੇਜਮੈਂਟ ਖਿਲਾਫ ਭਲਕੇ ...

ਸਾਲਾਂਬੱਧੀ ਸਮੇਂ ਤੋਂ ਲਮਕ ਰਹੇ ਹਨ। ਚਾਰ ਸਾਲ ਦਾ ਸਮਾਂ ਲੰਘ ਚੁੱਕਾ ਹੈ, ਪਰ ਇਸ ਸਰਕਾਰ ਨੇ ਪ੍ਰਾਈਵੇਟ ਬੱਸ ਮਾਫੀਏ ਦੇ ਦਬਾਅ ਥੱਲੇ ਸਰਕਾਰੀ ਅਦਾਰਿਆਂ ਵਿੱਚ ਇੱਕ ਵੀ ਨਵੀਂ ਬੱਸ ਨਹੀਂ ਪੈਣ ਦਿੱਤੀ, ਕੱਚੇ ਕਾਮੇ ਪੱਕੇ ਨਹੀਂ ਕੀਤੇ ਗਏ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਗਈ, 12 ਸਾਲਾਂ ਤੋਂ ਘੱਟੋ-ਘੱਟ ਉਜਰਤਾਂ ਵਿੱਚ ਸਰਮਾਏਦਾਰਾਂ ਦੇ ਦਬਾਅ ਥੱਲੇ ਵਾਧਾ ਨਹੀਂ ਕੀਤਾ, ਮੁਫ਼ਤ ਸਫਰ ਬਦਲੇ ਪੀ ਆਰ ਟੀ ਸੀ ਦੇ ਬਣਦੇ 600 ਕਰੋੜ ਰੁਪਏ ਤੋਂ ਵੱਧ ਦੇ ਬਣਦੇ ਪੈਸੇ ਨਹੀਂ ਦਿੱਤੇ ਜਾ ਰਹੇ। ਅਦਾਰੇ ਵਿੱਚ ਸਿਆਸੀ ਨਿਯੁਕਤੀਆਂ ਦੀ ਬੇਲੋੜੀ ਭਰਮਾਰ ਦਾ ਵੱਖਰਾ ਵਿੱਤੀ ਬੋਝ ਲਗਾਤਾਰ ਵਧਾਇਆ ਜਾ ਰਿਹਾ ਹੈ।ਐਕਸ਼ਨ ਕਮੇਟੀ ਨੇ ਪੀ ਆਰ ਟੀ ਸੀ ਦੇ ਸਮੁੱਚੇ ਵਰਕਰਾਂ ਨੂੰ ਅਪੀਲ ਕੀਤੀ ਕਿ ਤਹਿ ਕੀਤੇ ਪ੍ਰੋਗਰਾਮ ਵਿੱਚ ਪੂਰੇ ਜੋਸ਼ ਅਤੇ ਤਾਕਤ ਨਾਲ 18 ਜੁਲਾਈ ਨੂੰ ਬੱਸ ਸਟੈਂਡ ਪਟਿਆਲਾ 'ਤੇ ਠੀਕ 11:00 ਵਜੇ ਹੁੰਮ-ਹੁਮਾ ਕੇ ਪੁੱਜੋ, ਤਾਂ ਕਿ ਬੱਸ ਸਟੈਂਡ 'ਤੇ ਹਜ਼ਾਰਾਂ ਲੋਕਾਂ ਦੀ ਕਚਹਿਰੀ ਵਿੱਚ ਸਰਕਾਰ ਦੇ ਜ਼ੁਲਮ ਦਾ ਭਾਂਡਾ ਭੰਨਿਆ ਜਾ ਸਕੇ।

### ਰਾਹੁਲ ਨੂੰ ਫਾਰੇਨ ਪਾਲਿਸੀ ਦਾ 'ਐੱਫ' ਵੀ...

ਮਿਲਣਗੇ ? ਇਟਲੀ ਦੇ ਪ੍ਰਧਾਨ ਮੰਤਰੀ ਨੂੰ ? ਜੈਸ਼ੰਕਰ ਵੱਲੋਂ ਸ਼ੀ ਨੂੰ ਮਿਲਣ ਅਤੇ ਉਨ੍ਹਾ ਨੂੰ ਭਾਰਤ-ਚੀਨ ਸੰਬੰਧਾਂ ਵਿੱਚ ਹਾਲੀਆ ਘਟਨਾਕ੍ਰਮ ਬਾਰੇ ਜਾਣੂ ਕਰਵਾਉਣ ਬਾਰੇ ਇੱਕ ਮੀਡੀਆ ਰਿਪੋਰਟ ਨੂੰ ਟੈਗ ਕਰਦੇ ਹੋਏ ਰਾਹੁਲ ਨੇ ਮੰਗਲਵਾਰ ਕਿਹਾ ਸੀ ਕਿ ਵਿਦੇਸ਼ ਮੰਤਰੀ ਭਾਰਤ ਦੀ ਵਿਦੇਸ਼ ਨੀਤੀ ਨੂੰ ਤਬਾਹ ਕਰਨ ਦੇ ਉਦੇਸ਼ ਨਾਲ ਪੂਰੀ ਤਰ੍ਹਾਂ ਸਰਕਸ ਚਲਾ ਰਹੇ ਹਨ। ਉਨ੍ਹਾ ਕਿਹਾ, 'ਮੈਨੂੰ ਲੱਗਦਾ ਹੈ ਕਿ ਚੀਨੀ ਵਿਦੇਸ਼ ਮੰਤਰੀ ਆਉਣਗੇ ਅਤੇ ਮੋਦੀ ਨੂੰ ਚੀਨ-ਭਾਰਤ ਸੰਬੰਧਾਂ ਵਿੱਚ ਹਾਲੀਆ ਘਟਨਾਕ੍ਰਮ ਬਾਰੇ ਜਾਣੂ ਕਰਵਾਉਣਗੇ। ਵਿਦੇਸ਼ ਮੰਤਰੀ ਹੁਣ ਭਾਰਤ ਦੀ ਵਿਦੇਸ਼ ਨੀਤੀ ਨੂੰ ਤਬਾਹ ਕਰਨ ਦੇ ਉਦੇਸ਼ ਨਾਲ ਇੱਕ ਪੂਰੀ ਤਰ੍ਹਾਂ ਸਰਕਸ ਚਲਾ ਰਹੇ ਹਨ।'

ਲਖਨਊ ਦੀ ਇੱਕ ਅਦਾਲਤ ਵੱਲੋਂ ਹਥਿਆਰਬੰਦ ਸੈਨਾਵਾਂ ਦੇ ਵਿਰੁੱਧ ਟਿੱਪਣੀਆਂ ਨੂੰ ਲੈ ਕੇ ਦਾਇਰ ਮਾਣਹਾਨੀ ਦੇ ਕੇਸ ਵਿੱਚ ਰਾਹੁਲ ਨੂੰ ਜ਼ਮਾਨਤ ਦਿੱਤੇ ਜਾਣ ਦੇ ਦੋ ਦਿਨ ਬਾਅਦ ਆਲੋਕ ਨੇ ਰਾਹੁਲ 'ਤੇ ਆਦਤਨ ਝੂਠੇ ਅਤੇ ਅਪਰਾਧੀ ਹੋਣ ਦਾ ਦੋਸ਼ ਲਗਾਇਆ। ਉਨ੍ਹਾ ਕਿਹਾ ਕਿ ਰਾਹੁਲ ਨੇ ਅਕਸਰ ਹਥਿਆਰਬੰਦ ਸੈਨਾਵਾਂ ਦੇ ਖਿਲਾਫ ਨਿਰਾਦਰ ਭਰੀਆਂ ਟਿੱਪਣੀਆਂ ਕੀਤੀਆਂ ਹਨ।

# ਆਦਿਵਾਸੀ ਕਿਸਾਨ ਲਹਿਰ 'ਤੇ ਜਬਰ ਖ਼ਿਲਾਫ਼ ਸੂਬਾਈ ਵਿਖਾਵਾ 8 ਅਗਸਤ ਨੂੰ

**ਮੋਗਾ**- ਪੰਜਾਬ ਭਰ ਦੀਆਂ ਜਨਤਕ ਜਥੇਬੰਦੀਆਂ ਦੀ ਸੂਬਾਈ ਮੀਟਿੰਗ ਵਿੱਚ ਆਦਿਵਾਸੀ ਖੇਤਰਾਂ ਦੀ ਕਿਸਾਨ ਲਹਿਰ 'ਤੇ ਕੀਤੇ ਜਾ ਰਹੇ ਅੰਨ੍ਹੇ ਜਬਰ ਖ਼ਿਲਾਫ਼ 8 ਅਗਸਤ ਨੂੰ ਦਾਣਾ ਮੰਡੀ ਮੋਗਾ ਵਿਖੇ ਆਦਿਵਾਸੀ ਖੇਤਰਾਂ 'ਚ ਲੋਕਾਂ 'ਤੇ ਜਬਰ ਬੰਦ ਕਰਨ ਤੇ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਯਕੀਨੀ ਕਰਨ ਲਈ ਰੈਲੀ ਉਪਰੰਤ ਵਿਸ਼ਾਲ ਜਨਤਕ ਪ੍ਰਦਰਸ਼ਨ ਕੀਤਾ ਜਾਵੇਗਾ।ਸ਼ਹੀਦ ਭਗਤ ਸਿੰਘ ਦੇ ਭੈਣ ਮਰਹੂਮ ਬੀਬੀ ਅਮਰ ਕੌਰ ਯਾਦਗਾਰੀ ਲਾਇਬਰੇਰੀ ਵਿੱਚ ਹੋਈ ਸੂਬਾ ਪੱਧਰੀ ਇਸ ਮੀਟਿੰਗ ਦੇ ਫੈਸਲੇ ਪ੍ਰੈਸ ਨਾਲ ਸਾਂਝੇ ਕਰਦਿਆਂ ਮੀਟਿੰਗ ਦੇ ਪ੍ਰਧਾਨਗੀ ਮੰਡਲ ਦੇ ਮੈਂਬਰਾਂ ਪ੍ਰੋ. ਜਗਮੋਹਣ ਸਿੰਘ, ਝੰਡਾ ਸਿੰਘ ਜੇਠੂਕੇ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਦੱਸਿਆ ਕਿ ਵਿਸ਼ਾਲ ਜਨਤਕ ਪ੍ਰਦਰਸ਼ਨ ਰਾਹੀਂ ਮੰਗ ਕੀਤੀ ਜਾਵੇਗੀ ਕਿ ਆਦਿਵਾਸੀ ਖੇਤਰਾਂ 'ਚ 'ਅਪਰੇਸ਼ਨ ਕਗਾਰ' ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਸ ਮੁਕਾਬਲੇ ਤੇ ਹਰ ਤਰ੍ਹਾਂ ਦੇ ਜਬਰ ਦੇ ਕਦਮ ਫੌਰੀ ਰੋਕੇ ਜਾਣ, ਇਹਨਾਂ ਇਲਾਕਿਆਂ ਚੋਂ ਸਾਰੇ ਪੁਲਸ ਕੈਂਪਾਂ ਨੂੰ ਹਟਾਇਆ ਜਾਵੇ, ਪੁਲਸ ਤੇ ਸਾਰੇ ਅਰਧ ਸੈਨਿਕ ਬਲਾਂ ਨੂੰ ਵਾਪਸ ਬੁਲਾਇਆ ਜਾਵੇ, ਜਲ ਜੰਗਲ, ਜ਼ਮੀਨਾਂ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ, ਆਦਿਵਾਸੀ ਕਿਸਾਨ ਲਹਿਰ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ, ਯੂ ਏ ਪੀ ਏ, ਅਫਸਪਾ ਤੇ ਐਨ ਐਸ ਏ ਵਰਗੇ ਕਾਲੇ ਕਾਨੂੰਨ ਰੱਦ ਕੀਤੇ, ਕੌਮੀ ਜਾਂਚ ਏਜੰਸੀ ਨੂੰ ਭੰਗ ਕੀਤਾ ਜਾਵੇ, ਲੋਕਾਂ ਦੀਆਂ ਜਥੇਬੰਦੀਆਂ ਅਤੇ ਸੰਘਰਸ਼ਾਂ 'ਤੇ ਲਾਈਆਂ ਪਾਬੰਦੀਆਂ ਖਤਮ ਕੀਤੀਆਂ ਜਾਣ, ਗ੍ਰਿਫਤਾਰ ਕੀਤੇ



ਗਏ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾਅ ਕੀਤੇ ਜਾਣ ਤੇ ਸੰਘਰਸ਼ ਕਰਨ ਦੇ ਅਧਿਕਾਰ ਦੀ ਜ਼ਾਮਨੀ ਕੀਤੀ ਜਾਵੇ।ਕਿਸਾਨ, ਮਜ਼ਦੂਰ, ਮੁਲਾਜ਼ਮ, ਨੌਜਵਾਨ, ਵਿਦਿਆਰਥੀ, ਤਰਕਸ਼ੀਲ, ਜਮਹੂਰੀ, ਸਾਹਿਤ ਅਤੇ ਕਲਾ ਜਗਤ ਦੀਆਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਦੀ ਮੀਟਿੰਗ ਵਿੱਚ ਹੋਈ ਵਿਸਥਾਰੀ ਚਰਚਾ ਦਾ ਸਾਰ ਤੱਤ ਪ੍ਰੈਸ ਨਾਲ ਸਾਂਝਾ ਕਰਦਿਆਂ ਪ੍ਰਧਾਨਗੀ ਮੰਡਲ ਨੇ ਦੱਸਿਆ ਕਿ ਆਦਿਵਾਸੀ ਖੇਤਰ ਵਿਚ ਫਾਸ਼ੀ ਕਹਿਰ ਢਾਹੁਣ ਦਾ ਇਹ ਸਿਲਸਿਲਾ ਪੰਜਾਬ ਅੰਦਰ ਵੀ ਆਪਣਾ ਰੰਗ ਵਿਖਾ ਰਿਹਾ ਹੈ।ਮੋਦੀ ਸਰਕਾਰ ਮੁਲਕ ਦੇ ਜੰਗਲੀ ਖੇਤਰਾਂ ਅੰਦਰ ਆਦਿਵਾਸੀਆਂ 'ਤੇ ਅੰਨ੍ਹਾ ਜਬਰ ਢਾਹ ਰਹੀ ਹੈ।ਉਹਨਾਂ ਦੱਸਿਆ ਕਿ ਹਰ ਤਰ੍ਹਾਂ ਦੇ ਸੰਵਿਧਾਨਕ , ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੇ ਤਕਾਜ਼ਿਆਂ ਨੂੰ ਤੱਜ ਕੇ ਆਏ ਦਿਨ ਝੂਠੇ ਪੁਲਸ ਮੁਕਾਬਲਿਆਂ 'ਚ ਆਦਿਵਾਸੀਆਂ ਤੇ ਮਾਓਵਾਦੀਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਹੱਲਾ ਸਾਮਰਾਜੀ ਦਿਸ਼ਾ ਨਿਰਦੇਸ਼ਤ ਅਖੌਤੀ ਆਰਥਿਕ ਸੁਧਾਰਾਂ ਦੀ ਰਫਤਾਰ ਤੇਜ਼ ਕਰਨ ਲਈ ਬੋਲਿਆ ਗਿਆ ਹੈ। ਪੰਜਾਬ ਅੰਦਰ ਵੀ ਇਸੇ ਕਾਰਪੋਰੇਟ ਜਗਤ ਦੀ ਸੇਵਾ ਲਈ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ ਤੇ ਲੋਕਾਂ ਦੇ ਸੰਘਰਸ਼ ਕਰਨ ਦੇ ਅਧਿਕਾਰ 'ਤੇ ਪਾਬੰਦੀਆਂ ਮੜ੍ਹੀਆਂ ਜਾ ਰਹੀਆਂ ਹਨ।ਇਸ ਲਈ ਆਦਿਵਾਸੀ ਖੇਤਰਾਂ ਦੇ ਕਿਸਾਨਾਂ ਦੇ ਹੱਕ 'ਚ ਆਵਾਜ਼ ਉਠਾਉਣੀ ਪੰਜਾਬ ਦੀ ਕਿਸਾਨ ਲਹਿਰ ਤੇ ਜਮਹੂਰੀ ਲਹਿਰ ਦੇ ਮਹਿਜ਼ ਜਮਹੂਰੀ ਸਰੋਕਾਰਾਂ ਦਾ ਹੀ ਮਸਲਾ ਨਹੀਂ, ਸਗੋਂ ਉਸ ਤੋਂ ਅੱਗੇ ਇਹ ਮੁਲਕ ਪੱਧਰ ਤੇ ਸੰਸਾਰ ਕਾਰਪੋਰੇਟ ਜਗਤ ਦੇ ਧਾਵੇ ਖ਼ਿਲਾਫ਼ ਸਾਂਝੀ ਲੜਾਈ ਉਸਾਰਨ ਦੇ ਸਰੋਕਾਰਾਂ ਦਾ ਵੀ ਮੁੱਦਾ ਹੈ। ਆਦਿਵਾਸੀ ਕਿਸਾਨਾਂ 'ਤੇ ਜਬਰ ਖ਼ਿਲਾਫ਼ ਉੱਠ ਰਹੀ ਪੰਜਾਬ ਦੀ ਅਜਿਹੀ ਲੋਕ ਆਵਾਜ਼ ਸਾਂਝੀ ਜੱਦੋ ਜਹਿਦ ਉਸਾਰਨ ਦਾ ਸੰਦੇਸ਼ ਵੀ ਦੇਵੇਗੀ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

17-July-PAGE-3.qxd 7/16/2025 10:54 PM Page 1



# ਮਨਰੇਗਾ ਵਰਕਰਾਂ ਨੇ ਡੀਸੀ ਰਾਹੀਂ ਪੰਜਾਬ ਸਰਕਾਰ ਦੇ ਨਾਂਅ ਭੇਜਿਆ ਮੰਗ ਪੱਤਰ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਮਨਰੇਗਾ ਵਰਕਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ ਜਿਸ ਦੀ ਅਗਵਾਈ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਰਟੌਲ, ਕਮਲਜੀਤ ਸਿੰਘ ਫੌਜੀ ਨਾਗੋਕੇ, ਜਸਬੀਰ ਕੌਰ ਕੈਰੋਵਾਲ, ਕਿਰਪਾਲ ਸਿੰਘ ਦਿਓ ਨੇ ਕੀਤੀ।ਇਨ੍ਹਾਂ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਮਨਰੇਗਾ ਵਰਕਰਾਂ ਦੇ ਕਾਫੀ ਸਮੇਂ ਤੋਂ ਰੁਕੇ ਬਕਾਏ ਤੁਰੰਤ ਪਾਏ ਜਾਣ ਅਤੇ ਕਾਫੀ ਵਰਕਰਾਂ ਦੇ ਪਿਛਲੇ ਬਣਦੇ ਬਕਾਏ ਛੇਤੀ ਤੋਂ ਛੇਤੀ ਜਾਰੀ ਕੀਤੇ ਜਾਣ।ਮਨਰੇਗਾ ਵਰਕਰਾਂ ਦੇ ਜੌਬ ਕਾਰਡ ਬਿਨਾਂ ਭੇਦਭਾਵ ਬਣਾਏ ਜਾਣ ਅਤੇ ਹਾਜ਼ਰੀ ਜੌਬ ਕਾਰਡਾਂ ਤੇ ਲਾਈ ਜਾਵੇ।ਮਨਰੇਗਾ ਵਰਕਰਾਂ ਨੂੰ 100 ਦਿਨ ਕੰਮ ਯਕੀਨੀ ਬਣਾਇਆ ਜਾਵੇ ਅਤੇ ਪਿੰਡਾਂ ਦੇ ਸਰਪੰਚਾ ਦੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਜਿਹੜਾ ਵੀ ਕੰਮ ਕਰਨਾ ਚਾਹੁੰਦਾ ਹੈ ਹਰੇਕ ਨੂੰ ਕੰਮ ਦਿੱਤਾ ਜਾਵੇ ਅਤੇ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਚੱਲਣ ਦਿੱਤਾ ਜਾਵੇ।ਮਨਰੇਗਾ ਵਰਕਰਾਂ ਦੇ ਸਾਰੇ ਪ੍ਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ।ਮਨਰੇਗਾ ਵਰਕਰਾਂ ਲਈ ਲੋੜੀਂਦਾ ਸਾਮਾਨ ਕਹੀ, ਬੱਠਲ ਅਤੇ ਮੁੱਢਲੀ ਸਹਾਇਤਾ ਦੀ ਦਵਾਈ ਦੀ ਕਿੱਟ ਮੁਹੱਈਆ ਕਰਾਈ ਜਾਵੇ ਅਤੇ



ਔਰਤਾਂ ਦੇ ਬੱਚਿਆਂ ਦੀ ਦੇਖ ਭਾਲ ਲਈ ਬਜ਼ੁਰਗ ਔਰਤਾਂ ਦਾ ਪ੍ਰਬੰਧ ਕੀਤਾ ਜਾਵੇ।ਮਨਰੇਗਾ ਵਰਕਰਾਂ ਦਾ ਸਿਹਤ ਬੀਮਾ ਫ੍ਰੀ ਕੀਤਾ ਜਾਵੇ।ਸਾਰੇ ਬਲਾਕਾਂ 'ਚ ਮਨਰੇਗਾ ਦਾ ਬੰਦ ਕੰਮ ਚਾਲੂ ਕਰਾਇਆ ਜਾਵੇ, ਬਲਾਕ ਅਧਿਕਾਰੀਆਂ ਮਨਰੇਗਾ, ਸੈਕਟਰੀਆਂ ਵੱਲੋਂ ਮੇਡ/ਵਰਕਰਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ।ਮਨਰੇਗਾ ਵਰਕਰਾਂ ਤੇ ਜੌਬ ਕਾਰਡ 'ਤੇ ਹੋਰ ਵਰਕਰਾਂ ਦੇ ਖਾਤਿਆਂ 'ਚ ਪੈਸੇ ਪਾਏ ਜਾ ਰਹੇ ਹਨ।ਇਸ ਦੀ ਪੜਤਾਲ ਕਰਾਈ ਜਾਵੇ।ਇਨ੍ਹਾਂ ਆਗੂਆਂ ਨੇ ਕਿਹਾ ਕਿ ਜੇਕਰ ਮਨਰੇਗਾ ਵਰਕਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ 12 ਅਗਸਤ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਅੱਗੇ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਮਹਿੰਗਾ ਸਿੰਘ, ਮੰਗਲ ਸਿੰਘ ਰਟੌਲ, ਕੁਲਦੀਪ ਸਿੰਘ ਰਟੌਲ, ਬਾਬਾ ਮੇਜਰ ਸਿੰਘ ਨਾਗੋਕੇ, ਲਾਡੀ, ਮੰਗਲ ਸਿੰਘ, ਬਲਦੇਵ ਸਿੰਘ ਬਾਠ, ਬਲਵਿੰਦਰ ਸਿੰਘ, ਵੱਸਣ ਸਿੰਘ ਮੱਝੂਪੁਰ, ਹਰਚਰਨ ਸਿੰਘ ਪੰਡੋਰੀ ਹਾਜ਼ਰ ਸਨ।

# ਕਾਂਗਰਸੀ ਆਗੂ ਜ਼ਾਤੀ ਤੌਰ 'ਤੇ ਦਲਿਤ ਵਿਧਾਇਕਾਂ ਨੂੰ ਕਰਦੇ ਨੇ ਜ਼ਲੀਲ : ਲੇਸੜੀਵਾਲ

**ਆਦਮਪੁਰ (ਪਰਮਜੀਤ ਸਿੰਘ)**

ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਐਸ ਸੀ ਵਿੰਗ ਜਲੰਧਰ ਦਿਹਾਤੀ ਹਲਕਾ ਆਦਮਪੁਰ ਧਰਮਪਾਲ ਲੇਸੜੀਵਾਲ ਨੇ ਕਿਹਾ ਕਿ ਵਿਧਾਨ ਸਭਾ ਇਕ ਸਰਬ ਉਚ ਸਥਾਨ ਹੈ ਜਿੱਥੇ ਪੰਜਾਬ ਦੇ ਲੋਕਾਂ ਲਈ ਕਾਨੂੰਨ ਬਣਦੇ ਹਨ। ਪਰ ਇਹੋ ਜਿਹੇ ਪਵਿੱਤਰ ਸਦਨ ਦੇ ਵਿੱਚ ਲੋਕਾਂ ਵੱਲੋਂ ਜਿਤਾ ਕੇ ਭੇਜੇ ਦਲਿਤ ਵਿਧਾਇਕਾਂ ਦੇ ਨਾਲ ਕਾਂਗਰਸੀ ਜਨਰਲ ਵਿਧਾਇਕਾਂ ਵੱਲੋਂ ਜਾਤੀ ਤੌਰ 'ਤੇ ਜਲੀਲ ਕਰਨਾ ਬਹੁਤ ਹੀ ਮੰਦਭਾਗਾ ਹੈ। ਵਿਧਾਇਕ ਸੁਖਪਾਲ ਖਹਿਰਾ ਵੱਲੋਂ ਵਾਰ ਵਾਰ ਦਲਿਤ ਵਿਧਾਇਕਾ ਨੂੰ ਸੀਰੀ ਅਤੇ ਬੰਧੂਆ ਮਜ਼ਦੂਰ ਦੇ ਨਾਂਅ ਨਾਲ ਸੰਬੋਧਨ ਕਰਨਾ ਅਤਿ ਨਿੰਦਣਯੋਗ ਯੋਗ ਹੈ। ਇਸੇ ਤਰ੍ਹਾਂ ਹੀ ਕਾਂਗਰਸੀ ਵਿਧਾਇਕ ਬਾਵਾ ਹੈਨਰੀ ਵੱਲੋਂ ਵਿਧਾਨ ਸਭਾ ਦੇ ਵਿੱਚ ਦਲਿਤ ਵਿਧਾਇਕ ਨੂੰ ਗਾਲੀ ਦੇਣਾ ਇਹਨਾਂ ਦੀ ਜਾਤੀਵਾਦੀ ਮਾਨਸਿਕਤਾ ਦਾ ਜਿੰਦਾ ਜਾਗਦਾ ਸਬੂਤ ਹੈ। ਉਹਨਾਂ ਕਿਹਾ ਕਿ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਦੇ ਨਾਲ ਵੀ ਵਿਧਾਨ ਸਭਾ ਵਿੱਚ ਇਹੋ ਜਿਹਾ ਸਲੂਕ ਕੀਤਾ ਜਾਂਦਾ ਹੈ।

ਵਿਧਾਨ ਸਭਾ ਵਿੱਚ ਇਸ ਵਾਪਰੀ ਘਟਨਾ ਦਾ ਦੋਨਾਂ ਵਿਧਾਇਕਾਂ ਵੱਲੋਂ ਪੰਜਾਬ ਦੇ ਸਮੂਹ ਦਲਿਤ ਸਮਾਜ ਤੋਂ ਮਾਫੀ ਮੰਗਣੀ ਚਾਹੀਦੀ ਹੈ। ਜੇਕਰ ਇਹ ਦੋਨੋਂ ਵਿਧਾਇਕ ਪੰਜਾਬ ਦੇ ਦਲਿਤ ਸਮਾਜ ਤੋਂ ਮਾਫੀ ਨਹੀਂ ਮੰਗਦੇ ਤਾਂ ਇਹ ਸਾਫ ਸਾਬਤ ਹੁੰਦਾ ਹੈ ਕਿ ਇਹ ਜਾਤੀਵਾਦੀ ਹੰਕਾਰੀ ਹਨ ਅਤੇ ਪੰਜਾਬ ਦੇ ਵਿੱਚ ਜਾਤੀਵਾਦੀ ਸਿਸਟਮ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਜਦ ਕਿ ਸਾਡੇ ਦੇਸ਼ ਦਾ ਸੰਵਿਧਾਨ ਸਾਰਿਆਂ ਨੂੰ ਬਰਾਬਰ ਦਾ ਅਧਿਕਾਰ ਦਿੰਦਾ ਹੈ।

# ਨਿਗਮ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਮਾਂਬੱਧ ਢੰਗ ਨਾਲ ਕੰਮ ਕਰਨ ਦੀਆਂ ਦਿੱਤੀਆਂ ਸਖ਼ਤ ਹਦਾਇਤਾਂ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਨਿਗਮ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ ਰਖਾਵ ਸਬੰਧੀ ਕੀਤੀ ਗਈ ਕਾਰਗੁਜ਼ਾਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਦੱਸਿਆ ਗਿਆ ਕਿ ਮੁੱਖ ਸੜਕਾਂ ਦੇ ਆਲੇ ਦੁਆਲੇ ਖਾਲੀ ਪਲਾਟਾਂ ਵਿੱਚ ਪਏ ਕੂੜਾ ਕਰਕਟ/ਮਲਬਾ ਆਦਿ ਲਈ 649 ਚਲਾਨ ਜਾਰੀ ਕੀਤੇ ਗਏ ਹਨ ਅਤੇ ਨੋਟਿਸ ਵੀ ਦੇ ਦਿੱਤੇ ਗਏ ਹਨ ਅਤੇ ਇਸ ਸਬੰਧ ਵਿੱਚ ਵਿਭਾਗ ਵੱਲੋਂ ਇਹ ਕੂੜਾ ਕਰਕਟ ਅਤੇ ਮਲਬਾ ਆਪਣੇ ਪੱਧਰ ਤੇ ਚੁੱਕਿਆ ਜਾ ਰਿਹਾ ਹੈ ਅਤੇ ਇਸ ਤੇ ਆਉਣ ਵਾਲੇ ਖਰਚੇ ਦੀ ਭਰਪਾਈ ਲਈ ਪਲਾਟ ਮਾਲਕਾਂ ਨੂੰ ਜਲਦ ਹੀ ਬਿੱਲ ਜਾਰੀ ਕੀਤੇ ਜਾਣਗੇ।ਮੀਟਿੰਗ ਵਿੱਚ ਸੜਕਾਂ 'ਤੇ ਹੋਏ ਨਜਾਇਜ਼ ਕਬਜ਼ੇ, ਸੀਵਰੇਜ ਦੀ ਡਿਸਿਲਟਿੰਗ ਅਤੇ ਪੈਚ ਵਰਕ ਨੂੰ ਲੈ ਕੇ ਵੀ ਵਿਚਾਰ ਕੀਤਾ ਗਿਆ ਅਤੇ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਇੱਕ ਹਫਤੇ ਦੇ ਅੰਦਰ ਆਪਣੀ ਕਾਰਗੁਜ਼ਾਰੀ ਦੀ ਰਿਪੋਰਟ ਦੇਣ ਦੀ ਹਦਾਇਤ ਕੀਤੀ ਗਈ।ਮੀਟਿੰਗ ਵਿੱਚ ਸੰਯੁਕਤ ਕਮਿਸ਼ਨਰ ਜੈ ਇੰਦਰ ਸਿੰਘ, ਨਿਗਰਾਨ ਇੰਜੀਨੀਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨੀਅਰ ਭਲਿੰਦਰ ਸਿੰਘ, ਮਨਜੀਤ ਸਿੰਘ, ਐੱਸ. ਪੀ. ਸਿੰਘ, ਸਵਰਾਜ ਇੰਦਰ ਸਿੰਘ, ਸਿਹਤ ਅਫਸਰ ਡਾ. ਕਿਰਨ, ਡਾ. ਯੋਗੇਸ਼ ਅਰੋੜਾ, ਡਾ. ਰਮਾ, ਅਸਟੇਟ ਅਫਸਰ ਧਰਮਿੰਦਰ ਜੀਤ ਸਿੰਘ ਤੋਂ ਇਲਾਵਾ ਪੀ. ਡਬਲਯੂ. ਡੀ. ਵਿਭਾਗ ਦੇ ਅਧਿਕਾਰੀ ਵੀ ਸ਼ਾਮਿਲ ਸਨ।ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸ਼ਹਿਰ ਦੀਆਂ ਸੜਕਾਂ ਦੇ ਰੱਖ ਰਖਾਵ ਲਈ ਚੱਲ ਰਹੇ ਕਾਰਜਾਂ ਨੂੰ ਉਹ ਆਪ ਖੁਦ ਵਾਚ ਰਹੇ ਹਨ ਜਿਸ ਲਈ ਨਿਗਮ ਅਧਿਕਾਰੀਆਂ ਦੀਆਂ ਵੱਖ-ਵੱਖ ਸੜਕਾਂ ਦੇ ਵਿਕਾਸ ਲਈ ਡਿਊਟੀਆਂ ਲੱਗੀਆਂ ਹੋਈਆਂ ਹਨ।ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਇੱਕ ਹਫਤੇ ਦਾ ਸਮਾਂ ਦਿੱਤਾ ਗਿਆ ਹੈ ਕਿ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਜਿੱਥੇ ਵੀ ਮਲਬੇ ਦੇ ਢੇਰ ਹਨ ਉਨ੍ਹਾਂ ਨੂੰ ਸਾਫ ਕੀਤਾ ਜਾਵੇ। ਇਸ ਤੋਂ ਇਲਾਵਾ ਅਸਟੇਟ ਅਫਸਰ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਟ੍ਰੈਫਿਕ ਪੁਲਸ ਦੀ ਮਦਦ ਨਾਲ ਐਂਟੀ ਐਨਕਰੋਚਮੈਂਟ ਡਰਾਈਵ ਚਲਾਈ ਜਾਵੇ ਅਤੇ ਇੱਕ ਹਫਤੇ ਦੇ ਅੰਦਰ ਮੁੱਖ ਸੜਕਾਂ ਨੂੰ ਕਬਜ਼ਾਮੁਕਤ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਜੋ ਸੜਕਾਂ ਪੀਡਬਲਯੂਡੀ ਵਿਭਾਗ ਅਧੀਨ ਆਉਂਦੀਆਂ ਹਨ ਉਨ੍ਹਾਂ ਦੇ ਵਿਕਾਸ ਲਈ ਵੀ ਉਸ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਅਤੇ ਉਨ੍ਹਾਂ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਵਿਭਾਗ ਵੱਲੋਂ ਕੰਮਾਂ ਦੀ ਮਨਜ਼ੂਰੀ ਆਉਣ ਤੇ ਇਹ ਕੰਮ ਕਰਵਾ ਦਿੱਤੇ ਜਾਣਗੇ।ਸੀਵਰੇਜ ਦੀ ਨਿਕਾਸੀ ਦੇ ਸਬੰਧ ਵਿੱਚ ਸੁਪਰ ਸੱਕਰ ਮਸ਼ੀਨ ਰਾਹੀਂ ਜੋ ਕੰਮ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਚੱਲ ਰਿਹਾ ਹੈ, ਦੇ ਸਬੰਧ ਵਿੱਚ ਸੰਯੁਕਤ ਕਮਿਸ਼ਨਰ ਦੀ ਡਿਊਟੀ ਲਗਾ ਦਿੱਤੀ ਗਈ ਹੈ ਕਿ ਉਹ ਇਹ ਕੰਮ ਆਪਣੀ ਨਿਗਰਾਨੀ ਵਿੱਚ ਜਲਦ ਤੋਂ ਜਲਦ ਮੁਕੰਮਲ ਕਰਵਾਉਣਗੇ।

# ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਕੌੜੇ, ਮਿੱਠਾਪੁਰ, ਢੋਲਚੱਕ ਤੇ ਕਿਸ਼ਨਕੋਟ 'ਚ ਨਸ਼ਿਆਂ ਵਿਰੁੱਧ ਮੁੜ ਲਾਮਬੰਦੀ



**ਸ੍ਰੀ ਹਰਗੋਬਿੰਦਪੁਰ ਸਾਹਿਬ (ਬਟਾਲਾ) (ਡਾ. ਮਲਵਿੰਦਰ ਸਿੰਘ)**–'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਤਹਿਤ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡਾਂ ਵਿੱਚ ਮੁੜ 'ਨਸ਼ਾ ਮੁਕਤੀ ਯਾਤਰਾ' ਸ਼ੁਰੂ ਕੀਤੀ ਗਈ ਅਤੇ ਜਾਗਰੂਕਤਾ ਸਭਾਵਾਂ ਕਰਕੇ ਲੋਕਾਂ ਨੂੰ ਨਸ਼ਿਆਂ ਖਿਲਾਫ਼ ਪ੍ਰੇਰਿਤ ਕੀਤਾ ਜਾ ਰਿਹਾ ਹੈ।'ਨਸ਼ਾ ਮੁਕਤੀ ਯਾਤਰਾ' ਤਹਿਤ ਕੌੜੇ, ਮਿੱਠਾਪੁਰ, ਢੋਲਚੱਕ ਅਤੇ ਕਿਸ਼ਨਕੋਟ ਵਿਖੇ ਕਰਵਾਏ ਸਮਾਗਮ ਵਿੱਚ ਅਮਰੀਕ ਸਿੰਘ ਗੋਲਡੀ ਕਿਸ਼ਨਕੋਟ, ਨਸ਼ਾ ਮੁਕਤੀ ਇੰਚਾਰਜ ਦਵਿੰਦਰ ਸਿੰਘ, ਸਰਪੰਚ ਸੁਲੱਖਣ ਸਿੰਘ, ਕੰਵਲਜੀਤ ਸਿੰਘ ਸਰਪੰਚ, ਸ੍ਰੀ ਘੁਮਾਣ, ਪਰਮਬੀਰ ਸਿੰਘ ਰਾਣਾ ਸਲਾਹਕਾਰ, ਸੁਖਦੇਵ ਸਿੰਘ ਰੋਮੀ ਪੀ. ਏ., ਸਰਪੰਚ ਨਰਿੰਦਰ ਸਿੰਘ ਸਿੰਘ ਘੁਮਾਣ, ਚੇਅਰਮੈਨ ਬੱਬੂ ਚੀਮਾ ਅਤੇ ਪਿੰਡ ਵਾਸੀ ਮੌਜੂਦ ਸਨ।ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ਿਆਂ ਜਿਹੀ ਸਮਾਜਿਕ ਬੁਰਾਈ ਦਾ ਮੁਕੰਮਲ ਖਾਤਮਾ ਕਰਨ ਦਾ ਇਹ ਸਹੀ ਵੇਲਾ ਹੈ, ਜਿਸ ਨੂੰ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਸਾਰੇ ਲੋਕਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹਾਇਆ ਜਾਵੇਗਾ।ਮਾਨ ਸਰਕਾਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਕੀਤੀ ਜਾ ਰਹੀ ਮਿਸਾਲੀ ਕਾਰਵਾਈ ਦੀ ਲੋਕਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰਾਂ ਦਾ ਸਫਾਇਆ ਕਰਨ ਦੀ ਵਚਨਬੱਧਤਾ ਦੇ ਤਹਿਤ ਕਾਲੀ ਕਮਾਈ ਨਾਲ ਬਣਾਈਆਂ ਪ੍ਰਾਪਰਟੀਆਂ ਨੂੰ ਰੋਜ਼ਾਨਾ ਦੇ ਆਧਾਰ 'ਤੇ ਬੁਲਡੋਜ਼ਰ ਨਾਲ ਢਾਹਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੇ ਸਾਰਥਕ ਯਤਨਾਂ ਨਾਲ ਆਮ ਨਾਗਰਿਕ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ ਅਤੇ ਇਸ ਗੱਲੋਂ ਪੂਰੀ ਤਰ੍ਹਾਂ ਆਸਵੰਦ ਹਨ ਕਿ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਦਾ ਜਿਹੜਾ ਟੀਚਾ ਮਿਥਿਆ ਹੈ ਉਸ ਨੂੰ ਪੂਰਾ ਕਰਕੇ ਦਿਖਾਇਆ ਜਾਵੇਗਾ।'ਨਸ਼ਾ ਮੁਕਤੀ ਯਾਤਰਾ' ਵਿੱਚ ਲੋਕਾਂ ਦੀ ਭਰਪੂਰ ਸ਼ਮੂਲੀਅਤ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਲੋਕ ਖੁਦ ਨਸ਼ਿਆਂ ਵਰਗੀ ਭੈੜੀ ਲਾਹਨਤ ਦਾ ਸਫਾਇਆ ਕਰਨ ਲਈ ਸਰਗਰਮ ਹਨ।ਇਸ ਮੌਕੇ ਪਿੰਡਾਂ ਦੇ ਨਿਵਾਸੀਆਂ ਨੇ ਨਸ਼ਾ ਨਾ ਕਰਨ ਦਾ ਪ੍ਰਣ ਵੀ ਕੀਤਾ।

# ਆਰਮੀ ਸਕੂਲ ਤਿੱਬੜੀ ਛਾਉਣੀ ਦੀ ਅਰਸ਼ਿਤਾ ਸ਼ਰਮਾ ਦੀ ਸੈਨਿਕ ਸਕੂਲ ਕਪੂਰਥਲਾ ਲਈ ਚੋਣ

**ਗੁਰਦਾਸਪੁਰ, (ਜਨਕ ਮਹਾਜਨ)**–ਗੁਰਦਾਸਪੁਰ ਸ਼ਹਿਰ ਦੀ ਨਾਗ ਦੇਵਤਾ ਕਾਲੋਨੀ ਦੀ ਵਿਦਿਆਰਥਣ ਅਰਸ਼ਿਤਾ ਸ਼ਰਮਾ ਪੁੱਤਰੀ ਰਾਕੇਸ਼ ਕੁਮਾਰ ਸ਼ਰਮਾ ਸੈਨਿਕ ਸਕੂਲ ਕਪੂਰਥਲਾ ਵਿਖੇ ਚੁਣੇ ਜਾਣ ਕਾਰਨ ਸਕੂਲ ਅਤੇ ਘਰ ਵਾਲਿਆਂ ਅੰਦਰ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ



ਸਬੰਧੀ ਜਾਣਕਾਰੀ ਦਿੰਦੇ ਹੋਏ ਲੜਕੀ ਦੇ ਪਿਤਾ ਰਕੇਸ਼ ਸ਼ਰਮਾ ਵਾਸੀ ਗੁਰਦਾਸਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਅਰਸ਼ਿਤਾ ਸ਼ਰਮਾ ਜੋ ਕਿ ਪੰਜਵੀਂ ਵਿੱਚ ਆਰਮੀ ਸਕੂਲ ਤਿੱਬੜੀ ਛਾਉਣੀ ਵਿਖੇ ਪੜ੍ਹਦੀ ਸੀ। ਉਸ ਨੇ ਛੇਵੀਂ ਜਮਾਤ ਦੇ ਦਾਖਲੇ ਸਬੰਧੀ ਸੈਨਿਕ ਸਕੂਲ ਕਪੂਰਥਲਾ ਵਿਖੇ ਟੈਸਟ ਦਿੱਤਾ ਸੀ ਜਿਸ ਵਿੱਚੋਂ ਉਸ ਨੇ ਪੰਜਾਬ ਵਿੱਚੋਂ ਤੀਜਾ ਸਥਾਨ ਹਾਸਲ ਕਰਕੇ ਆਪਣੇ ਪਰਿਵਾਰ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਪਰਿਵਾਰਕ ਮੈਂਬਰਾਂ ਨੂੰ ਇਲਾਕੇ ਦੇ ਲੋਕਾਂ ਨੇ ਵਧਾਈ ਦਿੱਤੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਬੇਟੀ ਅਰਸ਼ਿਤਾ 'ਤੇ ਮਾਣ ਹੈ ਅਤੇ ਉਹ ਆਸ ਕਰਦੇ ਹਨ ਕਿ ਉਹ ਅਗਾਂਹ ਤੋਂ ਵੀ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਇਲਾਕੇ ਦਾ ਨਾਂਅ ਰੌਸ਼ਨ ਕਰੇਗੀ। ਵਿਦਿਆਰਥਣ ਅਰਸ਼ਿਤਾ ਸ਼ਰਮਾ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਵਧੀਆ ਪੜ੍ਹਾਈ ਕਰਕੇ ਇੰਡੀਅਨ ਨੇਵੀ ਵਿਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦੀ ਹੈ।

# ਥਾਣਾ ਲੋਪੋਕੇ ਵੱਲੋਂ ਪੁਲਸ ਕਾਰਵਾਈ 'ਚ ਕੋਤਾਹੀ ਵਰਤਣ ਦਾ ਮਾਮਲਾ ਜੱਗ ਜ਼ਾਹਰ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਕਮਾਸਕਾ 'ਚ ਵਾਪਰੇ ਦੋਹਰੇ ਕਤਲ ਕੇਸ 'ਚ ਇਨਸਾਫ ਲੈਣ ਲਈ ਪੀੜਤ ਸਰਦਾਰ ਤਰਸੇਮ ਸਿੰਘ ਨੇ ਡੈਪੂਟੇਸ਼ਨ ਸਮੇਤ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸਰਦਾਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨਾਲ ਰਸਮੀ ਤੌਰ 'ਤੇ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਪੰਚਾਇਤ ਪਿੰਡ ਕਮਾਸਕਾ ਦੇ ਸਰਪੰਚ ਜਸਪਾਲ ਕੌਰ ਦੇ ਪਤੀ ਪੀੜਤ ਤਰਸੇਮ ਸਿੰਘ ਨੇ ਦੱਸਿਆ ਕਿ ਮੇਰੇ ਸਕੇ ਭਰਾ ਪ੍ਰੇਮ ਸਿੰਘ ਗਿੱਲ ਅਤੇ ਕੁਲਦੀਪ ਕੌਰ ਪਤਨੀ



ਬਲਵਿੰਦਰ ਸਿੰਘ ਦਾ ਪੰਚਾਇਤੀ ਚੋਣਾਂ ਹਿੱਸਾ ਲੈਣ ਦੀ ਵਜ੍ਹਾ ਕਰਕੇ ਉਚ ਜਾਤੀ ਦੇ ਲੋਕਾਂ ਦੁਆਰਾ ਕਤਲ ਕਰ ਦਿੱਤਾ ਗਿਆ ਸੀ।ਉਨ੍ਹਾਂ ਨੇ ਦੱਸਿਆ ਕਿ ਕਤਲ ਦੇ ਦੋਸ਼ ਹੇਠ ਉਚ ਜਾਤ ਨਾਲ ਸਬੰਧਿਤ 27 ਦੇ ਕਰੀਬ ਵਿਅਕਤੀਆਂ ਨੂੰ ਪੁਲਸ ਨੇ ਮੁਕੱਦਮੇ ਵਿੱਚ ਨਾਮਜ਼ਦ ਕੀਤਾ ਹੈ।ਉਨ੍ਹਾਂ ਨੇ ਕਮਿਸ਼ਨ ਦੇ ਧਿਆਨ 'ਚ ਲਿਆਂਦਾ ਹੈ ਕਿ ਪੁਲਸ ਥਾਣਾ ਲੋਪੋਕੇ ਨੇ ਦੋਸ਼ੀਆਂ ਦੀ ਪੁਸ਼ਤ ਪਨਾਹੀ ਕਰਦਿਆਂ ਕਤਲ ਕੇਸ 'ਚ ਨਾਮਜ਼ਦ ਵਿਅਕਤੀਆਂ ਵਿਰੁੱਧ ਐੱਸਸੀ ਐਕਟ ਤਹਿਤ ਕਾਰਵਾਈ ਨਾ ਕਰਦਿਆਂ ਫ਼ਰਜ਼ 'ਚ ਕੋਤਾਹੀ ਕੀਤੀ ਹੈ।ਸ਼ਿਕਾਇਤ ਕਰਤਾ ਧਿਰ ਤਰਸੇਮ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੋਸ਼ੀਆਂ ਦੇ ਹੱਕ 'ਚ ਭੁਗਤਦਿਆਂ ਮੇਰੀ 13 ਸਾਲ ਦੀ ਧੀ ਅਤੇ ਮੇਰੇ ਮ੍ਰਿਤਕ ਭਰਾ ਪ੍ਰੇਮ ਸਿੰਘ ਗਿੱਲ ਦਾ 17 ਸਾਲ ਦਾ ਲੜਕਾ ਸੁਖਰਾਮ ਸਿੰਘ ਫਰਜ਼ੀ ਤੌਰ 'ਤੇ ਤਿਆਰ ਕੀਤੇ ਕਰਾਸ ਮੁਕੱਦਮੇ 'ਚ ਦੋਸ਼ੀ ਵਜੋਂ ਨਾਮਜ਼ਦ ਕਰਕੇ ਤਫਤੀਸ਼ੀ ਅਫਸਰ ਨੇ ਵੱਡੀ ਸਾਜ਼ਿਸ਼ ਨੂੰ ਅੰਜਾਮ ਦਿੱਤਾ।ਪੀੜਤ ਧਿਰ ਦਾ ਪੱਖ ਸੁਣਨ ਉਪਰੰਤ ਪ੍ਰਾਪਤ ਕੀਤੀ ਸ਼ਿਕਾਇਤ ਨੂੰ ਸਵੀਕਾਰ ਕਰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਇਟਾਂਵਾਲੀ ਨੇ ਦੱਸਿਆ ਕਿ ਪੁਲਸ ਥਾਣਾ ਲੋਪੋਕੇ ਨੇ ਆਪਣੇ ਅਕਾਵਾਂ ਨੂੰ ਖੁਸ਼ ਕਰਨ ਲਈ ਦੋ ਨਬਾਲਗ ਤਿੰਨ ਨਿਰਦੋਸ਼ ਭੈਣ ਭਰਾ ਨੂੰ ਕਤਲ ਕੇਸ 'ਚ ਦੋਸ਼ੀ ਧਿਰ ਵਜੋਂ ਨਾਮਜ਼ਦ ਕੀਤੇ ਵਿਅਕਤੀਆਂ ਤਰਫੋਂ ਦੋਸ਼ੀ ਬਣਾ ਕੇ ਬੜੀ ਵੱਡੀ ਅਣਗਹਿਲੀ ਤੋਂ ਕੰਮ ਲਿਆ ਹੈ।ਕਮਿਸ਼ਨ ਦੇ ਮੈਂਬਰ ਨੇ ਕਿਹਾ ਕਿ ਪੁਲਸ ਨੇ ਐਸੀ ਐੱਸਟੀ ਤਹਿਤ ਦੋਸ਼ੀਆਂ ਵਿਰੁੱਧ ਧਾਰਾ ਨਾ ਲਗਾ ਕੇ ਆਪਣੀ ਭੂਮਿਕਾ ਨੂੰ ਸ਼ੱਕੀ ਬਣਾ ਲਿਆ ਹੈ।ਮੈਂਬਰ ਇੱਟਾਂਵਾਲੀ ਨੇ ਕਿਹਾ ਕਿ ਤਫਤੀਸ਼ੀ ਅਫਸਰ ਵਿਰੁੱਧ ਵਿਭਾਗੀ ਜਾਂਚ ਬਿਠਾਉਣ, ਐੱਸਸੀ ਐਕਟ ਅਨੁਸਾਰ ਜੁਰਮ 'ਚ ਵਾਧਾ ਕਰਨ ਅਤੇ ਦੋਵੇਂ ਮਾਸੂਮ ਬੱਚਿਆਂ ਦੇ ਮਾਮਲੇ 'ਚ ਐੱਸਐੱਸਪੀ ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਤੋਂ ਰਿਪੋਰਟ ਤਲਬ ਕੀਤੀ ਜਾ ਰਹੀ ਹੈ।ਇਸ ਮੌਕੇ ਪੀਏ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ, ਘੱਟ ਗਿਣਤੀਆਂ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ, ਚੇਅਰਮੈਨ ਪੰਜਾਬ ਮੁਹੱਬਤ ਮੇਹਰਬਾਨ ਮੀਆਂਵਿੰਡ, ਲਖਵਿੰਦਰ ਸਿੰਘ ਅਟਾਰੀ, ਪੀਆਰਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਮਹਾਂਕਾਲ ਜਥੇਦਾਰ ਬਾਬਾ ਪਰਮਜੀਤ ਸਿੰਘ ਖਾਲਸਾ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਕੀਤਾ ਜਾਗਰੂਕ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਸ੍ਰੀ ਸੁਹੇਲ ਕਾਸਿਮ ਮੀਰ ਐੱਸਐੱਸਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸ਼ਕਤੀ ਹੈਲਪਡੈਸਕ ਨੇ ਗੁਰੂ ਹਰਿ ਰਾਇ ਇੰਟੈਲੀਜੈਂਟ ਟਰੇਜ਼ਰ ਸਕੂਲ ਪੰਜ ਗਰਾਈਆਂ ਵਿਖੇ ਇੱਕ ਜਾਗਰੂਕਤਾ ਸੈਮੀਨਾਰ ਲਗਾਇਆ ਜਿਸ ਵਿੱਚ ਵਿਦਿਆਰਥੀਆਂ ਨੂੰ



ਚੰਗੇ ਛੋਹ, ਮਾੜੇ ਛੋਹ, ਯੁੱਧ ਨਸ਼ਿਆਂ ਵਿਰੁੱਧ ਅਤੇ ਹੈਲਪਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਜਸਵੰਤ ਕੌਰ ਐੱਸ. ਪੀ. (ਐੱਚ) ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਵਿਖੇ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਬਟਾਲਾ ਪੁਲਸ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਦੇ ਨਾਲ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਵੱਲੋਂ ਪੂਰੇ ਉਤਸ਼ਾਹ ਨਾਲ ਖੇਡਾਂ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਬਟਾਲਾ ਪੁਲਸ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਿਥੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਓਥੇ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿਖੇ ਮੁਫ਼ਤ ਇਲਾਜ ਵੀ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਦੂਜੇ ਲੋਕਾਂ ਨੂੰ ਵੀ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਜਾਗਰੂਕ ਕਰਨ ਤਾਂ ਜੋ ਇਸ ਸਮਾਜਿਕ ਬੁਰਾਈ ਨੂੰ ਖਤਮ ਕੀਤਾ ਜਾ ਸਕੇ।

# ਪੰਜਾਬ ਸਰਕਾਰ ਸੂਬੇ 'ਚ 13,000 ਅਤਿ-ਆਧੁਨਿਕ ਸਟੇਡੀਅਮਾਂ ਦੀ ਉਸਾਰੀ ਕਰੇਗੀ : ਰਮਨ ਬਹਿਲ

**ਗੁਰਦਾਸਪੁਰ, (ਦਿਨੇਸ਼ ਕੁਮਾਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜਲਦੀ ਹੀ ਸੂਬੇ ਭਰ ਵਿੱਚ 13,000 ਅਤਿ-ਆਧੁਨਿਕ ਸਟੇਡੀਅਮਾਂ ਦੀ ਉਸਾਰੀ ਸ਼ੁਰੂ ਕਰੇਗੀ, ਜਿਸ ਦੇ ਪਹਿਲੇ ਪੜਾਅ ਅਧੀਨ 3,083 ਅਜਿਹੇ ਸਟੇਡੀਅਮਾਂ ਦੀ ਉਸਾਰੀ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ।ਪੰਜਾਬ ਸਰਕਾਰ ਦੇ ਇਹ ਉਪਰਾਲੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨਗੇ ਅਤੇ ਨੌਜਵਾਨ ਖੇਡਾਂ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣਗੇ।ਇਹ ਪ੍ਰਗਟਾਵਾ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਾਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ ਤੇ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਹੋਣਹਾਰ ਖਿਡਾਰੀਆਂ ਨੂੰ ਇਨ੍ਹਾਂ ਨਵੀਆਂ ਸਹੂਲਤਾਂ ਵਿੱਚ ਉਭਰਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਵਾਸਤੇ ਕੋਚ ਵਜੋਂ ਨਿਯੁਕਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਗੁਆਚੀ ਸ਼ਾਨ ਬਹਾਲ ਕਰਨ ਸਬੰਧੀ ਆਪਣੇ ਯਤਨਾਂ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸੂਬੇ 'ਚ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਜਾਂ ਨੌਜਵਾਨਾਂ ਦੇ ਰੋਜ਼ਗਾਰ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਦੇ ਨਤੀਜੇ ਵਜੋਂ ਸੂਬੇ ਭਰ ਵਿੱਚ ਨਸ਼ੇ ਦਾ ਕਾਰੋਬਾਰ ਬਿਨਾਂ ਕਿਸੇ ਰੋਕ-ਟੋਕ ਦੇ ਇੰਨੀ ਵੱਡੀ ਪੱਧਰ ਤੇ ਫੈਲ ਗਿਆ ਅਤੇ ਪੰਜਾਬ ਦੇ ਕਈ ਨੌਜਵਾਨ ਨਸ਼ੇ ਦੇ ਆਦੀ ਹੋ ਗਏ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਸਦਕਾ ਸੂਬੇ ਦੇ ਹਾਲਾਤ ਹੁਣ ਦਿਨ-ਬ-ਦਿਨ ਬਦਲ ਰਹੇ ਹਨ।ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜ ਦਿੱਤਾ ਗਿਆ ਹੈ ਅਤੇ ਨਸ਼ੇ ਦੇ ਆਦੀ ਜ਼ਿਆਦਾਤਰ ਨੌਜਵਾਨ ਨਸ਼ਾ ਛੱਡਣ ਅਤੇ ਮੁੜ ਵਸੇਬੇ ਲਈ ਇਲਾਜ ਕਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢ ਕੇ ਉਨ੍ਹਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਭਾਈਵਾਲ ਬਣਾਉਣਾ ਹੈ।



# ਸਰਕਾਰ ਦੀਆਂ ਮਾਰੂ ਨੀਤੀਆਂ ਖਿਲਾਫ ਮੈਡੀਕਲ ਪ੍ਰੈਕਟੀਸ਼ਨਰਜ਼ ਵੱਲੋਂ ਅਹਿਮ ਇਕੱਤਰਤਾ

**ਝਬਾਲ, (ਹਰਜਿੰਦਰ ਸਿੰਘ ਸੋਨੀ)**

ਬਾਬਾ ਬੁੱਢਾ ਜੀ ਬੀੜ ਸਾਹਿਬ ਦੇ ਦੀਵਾਨ ਹਾਲ ਵਿਖੇ ਬੀਤੇ ਦਿਨੀਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਝਬਾਲ ਵੱਲੋਂ ਅਹਿਮ ਮੀਟਿੰਗ ਕੀਤੀ ਗਈ।ਜ਼ਿਲਾ ਪ੍ਰਧਾਨ ਡਾ. ਰਣਜੀਤ ਸਿੰਘ ਰਾਣਾ ਦੇ ਆਦੇਸ਼ਾਂ 'ਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਡਾ. ਬਲਜੀਤ ਸਿੰਘ ਛਾਪਾ ਦੇ ਨਿਰਦੇਸ਼ਾਂ ਅਤੇ ਬਲਾਕ ਝਬਾਲ ਦੇ ਪ੍ਰਧਾਨ ਡਾ. ਪ੍ਰਦੀਪ ਸਿੰਘ ਪੰਡੋਰੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਬਲਾਕ ਝਬਾਲ ਦੇ ਵੱਖ-ਵੱਖ ਡਾਕਟਰਾਂ ਨੇ ਸ਼ਮੂਲੀਅਤ ਕੀਤੀ।ਡਾ. ਦਲਬੀਰ ਸਿੰਘ ਪੰਜਵੜ ਵੱਲੋਂ ਆਪਣੇ 6 ਮੈਂਬਰਾਂ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਪਿੰਡਾਂ ਵਿੱਚ ਪ੍ਰੈਕਟਿਸ ਕਰ ਰਹੇ ਮੈਂਬਰਾਂ ਨੂੰ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਬਚਣ ਅਤੇ ਯੂਨੀਅਨ ਦਾ ਸਹਿਯੋਗ ਦੇਣ ਲਈ ਅਪੀਲ ਕੀਤੀ ਤਾਂ ਜੋ ਸਰਕਾਰ ਦਾ ਡਟ ਕੇ ਵਿਰੋਧ ਕੀਤਾ ਜਾ ਸਕੇ।6 ਮੈਂਬਰੀ ਕਮੇਟੀ ਦੀ ਮਿਹਨਤ ਸਦਕਾ ਲਗਭਗ 30 ਤੋਂ 35 ਡਾਕਟਰਾਂ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ 295 ਦਾ ਪੱਲਾ ਫੜਿਆ।ਡਾ. ਪ੍ਰਦੀਪ ਸਿੰਘ ਪੰਡੋਰੀ ਵੱਲੋਂ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਕਿਸੇ ਦਾ ਵੀ ਕਲੀਨਿਕ ਬੰਦ ਨਹੀਂ ਹੋਣ ਦੇਵਾਂਗੇ।ਇਸ ਸਮੇਂ ਕੇਅਰ ਸਕੈਲ ਡਾਇਗਨੋਸਟਿਕ ਸੈਂਟਰ ਦੇ ਮਾਲਕ ਮੈਡਮ ਅਸ਼ਨਪ੍ਰੀਤ ਕੌਰ, ਮੈਡਮ ਬਲਵਿੰਦਰ ਕੌਰ ਨੇ ਹਾਜ਼ਰੀ ਲਵਾਉਂਦਿਆਂ ਅਤੇ ਸੈਂਟਰ ਬਾਰੇ ਵਿਸਥਾਰਪੂਰਵਕ



ਜਾਣਕਾਰੀ ਦਿੱਤੀ।ਇਸ ਮੌਕੇ ਡਾ. ਸੁਰਜੀਤ ਸਿੰਘ ਢੰਡ, ਡਾ. ਮਨਜਿੰਦਰ ਸਿੰਘ ਢੰਡ, ਡਾ. ਗੁਰਮੀਤ ਸਿੰਘ ਠੱਠਾ, ਡਾ. ਗੁਰਮੀਤ ਸਿੰਘ ਮੱਜੂਪੁਰ, ਡਾ. ਗੁਰਮੀਤ ਸਿੰਘ ਠੱਠਾ, ਡਾ. ਨਿਰਵੈਲ ਸਿੰਘ, ਡਾ. ਮਨਜਿੰਦਰ ਸਿੰਘ ਕੋਟ ਜਸਪਤ, ਡਾ. ਜੱਗਾ ਸਿੰਘ ਝਬਾਲ, ਡਾ. ਬਲਵਿੰਦਰ ਸਿੰਘ, ਡਾ. ਸ਼ੇਰ ਸਿੰਘ, ਡਾ. ਦਿਲਬਾਗ ਸਿੰਘ, ਡਾ. ਮੇਜਰ ਸਿੰਘ, ਡਾ. ਹਰਿੰਦਰ ਸਿੰਘ, ਡਾ. ਜਸਵੰਤ ਸਿੰਘ, ਡਾ. ਮਨਦੀਪ ਸਿੰਘ, ਡਾ. ਪ੍ਰਭ ਸਿੰਘ, ਡਾ. ਬਲਬੀਰ ਸਿੰਘ ਆਦਿ ਹਾਜ਼ਰ ਸਨ।

# 'ਨਸ਼ਾ ਮੁਕਤੀ ਯਾਤਰਾ' ਤਹਿਤ ਪਿੰਡਾਂ 'ਚ ਲੋਕਾਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਚੁਕਾਈ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਸਰਕਾਰ ਵਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਜਾ ਰਿਹਾ ਹੈ, ਜਿਸ ਦੇ ਚੱਲਦਿਆਂ 'ਨਸ਼ਾ ਮੁਕਤੀ ਯਾਤਰਾ' ਵਿੱਚ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕੀਤਾ ਜਾ ਰਿਹਾ ਹੈ।ਸ੍ਰੀ ਹਰਗੋਬਿੰਦਪੁਰ ਹਲਕੇ ਦੇ ਪਿੰਡ ਘੱਸ, ਕਲੇਰ, ਤਾਰਾ, ਥਰੀਏਵਾਲ ਤੇ ਹਰਪੁਰਾ ਵਿਖੇ ਨਸ਼ਾ ਮੁਕਤੀ ਯਾਤਰਾ ਕੀਤੀ ਗਈ, ਜਿਸ ਵਿੱਚ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਵਲੋਂ ਲੋਕਾਂ ਨੂੰ ਸੰਬੋਧਨ ਕਰਦਿਆਂ ਨਸ਼ਿਆਂ ਵਿਰੁੱਧ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ।ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਸ਼ਾ ਤਸਕਰਾਂ ਦੀਆਂ ਨਾਜਾਇਜ਼ ਉਸਾਰੀਆਂ ਢਾਹੀਆਂ ਜਾ ਰਹੀਆਂ ਹਨ ਅਤੇ ਨਸ਼ਾ ਤਸਕਰਾਂ ਵਿਰੁੱਧ ਐੱਫ. ਆਈ. ਆਰ. ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਤਹਿਤ 136 ਦਿਨਾਂ ਵਿੱਚ ਪੰਜਾਬ ਪੁਲਿਸ ਵਲੋਂ 22,054 ਨਸ਼ਾ ਤਸਕਰ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ ਉਨ੍ਹਾਂ ਕੋਲੋਂ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋ ਨਸ਼ਿਆਂ ਨੂੰ ਖਤਮ ਕਰਨ ਲਈ ਤਹੱਈਆ ਕੀਤਾ ਗਿਆ ਹੈ ਅਤੇ ਸਰਕਾਰ ਦੇ ਸਾਰਥਕ ਯਤਨਾਂ ਨਾਲ ਆਮ ਨਾਗਰਿਕ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਲੋਕ ਇਸ ਗੱਲੋਂ ਪੂਰੀ ਤਰ੍ਹਾਂ ਆਸਵੰਦ ਹਨ ਕਿ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਦਾ ਜਿਹੜਾ ਟੀਚਾ ਮਿਥਿਆ ਹੈ ਉਸ ਨੂੰ ਪੂਰਾ ਕਰਕੇ ਦਿਖਾਇਆ ਜਾਵੇਗਾ।ਇਸ ਮੌਕੇ ਅਮਰੀਕ ਸਿੰਘ ਗੋਲਡੀ, ਸਰਪੰਚ ਮਨਦੀਪ ਸਿੰਘ ਵਾਈਸ ਪ੍ਰਧਾਨ ਨਸ਼ਾ ਮੁਕਤੀ ਮੋਰਚਾ, ਸਰਪੰਚ ਸਾਹਿਬ ਸਿੰਘ, ਸਰਪੰਚ ਅੰਮ੍ਰਿਤਪਾਲ ਸਿੰਘ, ਸਰਪੰਚ ਹਰਪ੍ਰੀਤ ਸਿੰਘ, ਸਰਪੰਚ ਮਹਿੰਦਰ ਸਿੰਘ, ਪੀ.ਓ ਰਾਜੂ ਭਿੰਡਰ, ਸੁਖਦੇਵ ਸਿੰਘ ਰੋਮੀ ਪੀ. ਏ. ਸਲਾਹਕਾਰ ਪਰਮਬੀਰ ਸਿੰਘ ਰਾਣਾ, ਸੁਖਦੇਵ ਸਿੰਘ ਸੱਖੋਵਾਲ, ਸੁਲੱਖਣ ਸਿੰਘ ਕਹਿਰਾ ਸਰਪੰਚ, ਬਲਾਕ ਪ੍ਰਧਾਨ ਰਵਿੰਦਰ ਸਿੰਘ ਜੱਜ, ਗਿਲਬਾਗ ਸਿੰਘ ਰਿਆੜ, ਜੋਨੀ ਘੁਮਾਣ, ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ ਅਤੇ ਹਨੀ ਦਿਓਲ ਆਦਿ ਹਾਜ਼ਰ ਸਨ।



# ਮਾਤਾ ਗੁਜਰੀ ਕਾਨਵੈਂਟ ਸਕੂਲ ਦੀ ਟੀਮ ਵੱਲੋਂ ਕਬੱਡੀ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਮਾਤਾ ਗੁਜਰੀ ਕਾਨਵੈਂਟ ਸਕੂਲ ਸਰਹਾਲੀ ਕਲਾਂ (ਤਰਨ ਤਾਰਨ) ਦੀ ਕਬੱਡੀ ਟੀਮ ਨੇ ਜੰਮੂ ਵਿਖੇ ਕਰਵਾਏ ਗਏ ਕਲੱਸਟਰ ਕਬੱਡੀ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਖੇਤਰ ਦਾ ਨਾਮ ਰੌਸ਼ਨ ਕੀਤਾ।ਸਕੂਲ ਦੀ ਅੰਡਰ-14 ਕੁੜੀਆਂ ਦੀ ਟੀਮ ਨੇ ਦੂਜਾ ਸਥਾਨ ਹਾਸਿਲ ਕਰਦੇ ਹੋਏ ਮਾਣ ਵਾਲੀ ਪ੍ਰਾਪਤੀ ਕੀਤੀ, ਜਦਕਿ ਅੰਡਰ-14 ਮੁੰਡਿਆਂ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੀ ਕਾਬਲੀਤ ਸਾਬਤ ਕੀਤੀ।ਇਸ ਟੂਰਨਾਮੈਂਟ ਵਿੱਚ ਤਰਨਦੀਪ ਕੌਰ ਨੇ ਟ੍ਰਾਫੀ ਜਿੱਤ ਕੇ ਸਭ ਦਾ ਦਿਲ ਜਿੱਤ ਲਿਆ।ਇਸ ਮੌਕੇ ਸਕੂਲ ਦੇ ਡਾਇਰੈਕਟਰ ਮਨਜਿੰਦਰ ਸਿੰਘ ਕੁਕਰੇਜਾ ਅਤੇ ਪ੍ਰਿੰਸੀਪਲ ਗੀਤਾ ਕੁਕਰੇਜਾ ਨੇ ਖਿਡਾਰੀਆਂ ਅਤੇ ਕੋਚ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਹੋਰ ਉੱਚੀਆਂ ਉਡਾਣਾਂ ਭਰਨ ਦੀ ਸ਼ੁਭਕਾਮਨਾ ਦਿੱਤੀ।ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਵੀ ਖਿਡਾਰੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ।

# ਡਾਕਟਰ ਦੀ ਪ੍ਰਵਾਨਗੀ ਤੋਂ ਬਿਨਾਂ ਪ੍ਰੈਗਾਬਾਲਿਨ ਦਵਾਈ ਵੇਚਣ 'ਤੇ ਪਾਬੰਦੀ

**ਪਠਾਨਕੋਟ, (ਦਵਿੰਦਰ ਸਿੰਘ)**–ਜ਼ਿਲ੍ਹਾ ਮੈਜਿਸਟਰੇਟ ਅਦਿਤਿਆ ਉਪਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀਐੱਨਐੱਸਐੱਸ) 2023 ਦੀ ਧਾਰਾ 163 ਤਹਿਤ ਹੁਕਮ ਜਾਰੀ ਕਰਕੇ ਜ਼ਿਲ੍ਹੇ ਵਿੱਚ ਤੁਰੰਤ ਪ੍ਰਭਾਵ ਨਾਲ ਕੈਪਸੂਲ/ਟੈਬਲੇਟ ਪ੍ਰੈਗਾਬਾਲਿਨ (75 ਮਿਲੀਗ੍ਰਾਮ ਤੋਂ ਵੱਧ ਫਾਰਮੂਲੇ) ਨੂੰ ਸਟੋਰ ਕਰਨ ਅਤੇ ਵਿਕਰੀ ਕਰਨ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੈਗਾਬਾਲਿਨ 75 ਮਿਲੀਗ੍ਰਾਮ ਨੂੰ ਡਾਕਟਰ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚਣਗੇ।ਪ੍ਰੈਗਾਬਾਲਿਨ (75 ਮਿਲੀਗ੍ਰਾਮ ਤੱਕ) ਦੀ ਖਰੀਦ ਅਤੇ ਵਿਕਰੀ ਦਾ ਸਹੀ ਰਿਕਾਰਡ ਰੱਖਣਗੇ।ਇਸ ਤੋਂ ਇਲਾਵਾ ਉਹ ਡਾਕਟਰ ਦੀ ਅਸਲ ਸਲਿੱਪ 'ਤੇ ਇੱਕ ਮੋਹਰ ਵੀ ਲਗਾਉਣਗੇ। ਕੈਮਿਸਟ/ਪ੍ਰਚੂਨ ਵਿਕਰੇਤਾ ਦਾ ਵਪਾਰਕ ਨਾਮ, ਦਵਾਈ ਦੇਣ ਦੀ ਮਿਤੀ, ਦਵਾਈ ਦੀਆਂ ਗੋਲੀਆਂ ਦੀ ਗਿਣਤੀ ਦਾ ਵੀ ਹਿਸਾਬ ਰੱਖਣਗੇ। ਇਹ ਹੁਕਮ 02 ਸਤੰਬਰ, 2025 ਤੱਕ ਲਾਗੂ ਰਹੇਗਾ।

# ਤ੍ਰਿਪਤਪਾਲ ਸਿੰਘ ਨੇ ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਸੋਨ ਤਮਗਾ ਜਿੱਤਿਆ



**ਤਰਨ ਤਾਰਨ (ਪ੍ਰਿਤਪਾਲ ਸਿੰਘ)**–ਤ੍ਰਿਪਤਪਾਲ ਸਿੰਘ ਨੇ ਪਾਵਰ ਲਿਫਟਿੰਗ ਗੇਮ ਵਿੱਚ ਜ਼ਿਲ੍ਹਾ ਤਰਨ ਤਾਰਨ ਦਾ ਨਾਮ ਰੌਸ਼ਨ ਕੀਤਾ।ਉਸ ਨੇ ਜੂਨ ਮਹੀਨੇ ਨੌਵੀਂ ਆਈ. ਬੀ. ਐੱਸ. ਏ. ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ 2025 (ਕਰਨਾਟਕਾ) ਉਡੁਪੀ ਵਿਖੇ ਤ੍ਰਿਪਤਪਾਲ ਸਿੰਘ ਨੇ ਗੋਲਡ ਮੈਡਲ ਜਿੱਤਿਆ ਹੈ।ਇਸ ਖਿਡਾਰੀ ਨੇ ਲਗਾਤਾਰ ਨੌਂ ਵਾਰ ਸੋਨੇ ਦਾ ਤਮਗਾ ਜਿੱਤਿਆ। ਸ੍ਰੀਮਤੀ ਸਤਵੰਤ ਕੌਰ ਜ਼ਿਲ੍ਹਾ ਖੇਡ ਅਫਸਰ, ਤਰਨ ਤਾਰਨ ਵੱਲੋਂ ਖਿਡਾਰੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਜ਼ਿਲ੍ਹਾ ਖੇਡ ਅਫਸਰ ਵੱਲੋਂ ਕਿਹਾ ਗਿਆ ਕਿ ਸਿਰਫ ਖੇਡਾਂ ਹੀ ਇੱਕ ਅਜਿਹਾ ਸਾਧਨ ਹਨ, ਜਿਨ੍ਹਾਂ ਨਾਲ ਜੁੜਦੇ ਹੀ ਸਾਡੇ ਨੌਜਵਾਨ ਨਸ਼ਿਆਂ ਵਰਗੀ ਭੈੜੀ ਲਾਹਨਤ ਤੋਂ ਦੂਰ ਰਹਿ ਕੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਅਹਿਮ ਯੋਗਦਾਨ ਪਾ ਸਕਦੇ ਹਨ।ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਵਾਸਤੇ ਵੱਧ ਤੋਂ ਵੱਧ ਉਪਰਾਲੇ ਕਰਨ।

# ਖ਼ੁਦਾਦਪੁਰ ਨੇੜਿਓਂ ਲੰਘਦੇ ਨਾਲੇ ਦੀ ਸ.ਫਾਈ ਤੇ ਡੂੰਘਾਈ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ-ਬਹਿਰਾਮਪੁਰ ਰੋਡ ਸਥਿਤ ਪਿੰਡ ਖੁਦਾਦਪੁਰ ਵਿਖੇ ਸੜਕ ਵਿਚਕਾਰੋਂ ਵਗਦੇ ਨਾਲੇ ਦੀ ਸਫਾਈ ਤੇ ਡੂੰਘਾਈ ਨਾ ਹੋਣ ਕਾਰਨ ਇਸ ਵਿੱਚ ਲੰਬੀ-



ਲੰਬੀ ਘਾਹ ਬੂਟੀ ਉੱਗੀ ਪਈ ਹੈ ਜਿਸ ਕਾਰਨ ਵਰਖਾ ਤੇ ਆਮ ਦਿਨਾਂ ਵਿਚ ਇਥੇ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਨਹੀਂ ਹੋ ਰਿਹਾ। ਇਲਾਕਾ ਵਾਸੀਆਂ ਨੂੰ ਦੱਸਿਆ ਕਿ ਇਹ ਨਾਲਾ ਪਿੰਡ ਕੋਲੀਆਂ ਵਲੋਂ ਆਉਂਦਾ ਹੈ ਤੇ ਭਾਗੋਕਾਵਾਂ ਵੱਲ ਚਲਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਨਾਲੇ ਦੀ ਰੇਲਿੰਗ ਵੀ ਕਾਫੀ ਛੋਟੀ ਹੈ ਅਤੇ ਰਾਤ ਦੇ ਹਨੇਰੇ ਵਿਚ ਸਕੂਟਰ, ਮੋਟਰਸਾਈਕਲ ਆਦਿ ਵਾਹਨਾਂ ਦਾ ਇਸ ਨਾਲੇ ਵਿੱਚ ਡਿੱਗਣ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਨੇ ਦੱਸਿਆ ਕਿ ਇਸ ਨਾਲੇ ਦੀ ਸਫਾਈ ਤੇ ਡੂੰਘਾਈ ਨਾ ਹੋਣ ਕਾਰਨ ਇਸ ਵਿੱਚ ਜੰਗਲੀ ਘਾਹ ਬੂਟੀ ਦੀ ਕਾਫੀ ਭਰਮਾਰ ਹੈ ਜਿਸ ਕਾਰਨ ਇਸ ਵਿੱਚ ਕਈ ਜ਼ਹਿਰੀਲੇ ਜਾਨਵਰ ਵੀ ਆਮ ਘੁੰਮਦੇ ਦੇਖੇ ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਬਰਸਾਤ ਦਾ ਮੌਸਮ ਚੱਲ ਰਿਹਾ ਹੈ ਅਤੇ ਜਦੋਂ ਜ਼ਿਆਦਾ ਮੀਂਹ ਪੈਂਦਾ ਹੈ ਤਾਂ ਨਾਲੇ ਦੀ ਸਫਾਈ ਨਾ ਹੋਣ ਕਾਰਨ ਪਿੱਛੋਂ ਆਉਣ ਵਾਲਾ ਪਾਣੀ ਸੜਕਾਂ ਦੇ ਉੱਪਰ ਦੀ ਹੋ ਕੇ ਗੁਜ਼ਰਦਾ ਹੈ ਜਿਸ ਕਾਰਨ ਲੋਕਾਂ ਨੂੰ ਲੰਘਣ ਸਮੇਂ ਕਾਫੀ ਮੁਸ਼ਕਿਲ ਪੇਸ਼ ਆਉਂਦੀ ਹੈ। ਉਨ੍ਹਾਂ ਦੱਸਿਆ ਕਿ ਨਾਲੇ ਦੀ ਖਸਤਾ ਹਾਲਤ ਕਾਰਨ ਕਿਸਾਨਾਂ ਦੀ ਫਸਲ ਦਾ ਵੀ ਕਾਫੀ ਨੁਕਸਾਨ ਹੁੰਦਾ ਹੈ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੰਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਨਾਲੇ ਦੀ ਸਫਾਈ ਤੇ ਡੂੰਘਾਈ ਪਹਿਲ ਦੇ ਆਧਾਰ 'ਤੇ ਕਰਵਾਈ ਜਾਵੇ ਤਾਂ ਜੋ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਹੋ ਸਕੇ।

# ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਕਰੇਗਾ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤਾ ਨਵਾਂ ਬਿੱਲ : ਰੰਧਾਵਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇਤਿਹਾਸਕ ਕਦਮ ਚੁੱਕਿਆ ਹੈ।ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਾਰੇ ਬਿੱਲ ਲਿਆਉਣ ਦਾ ਸਵਾਗਤ ਕਰਦਿਆਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸ਼ਾਸਨ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ, ਜਿਸ ਵਿੱਚ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਅਪਰਾਧੀ ਖੁੱਲ੍ਹੇ ਆਮ ਘੁੰਮਦੇ ਰਹੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।ਸ. ਰੰਧਾਵਾ ਨੇ ਕਿਹਾ ਕਿ ਇਹ ਬਿੱਲ ਬੇਅਦਬੀ ਨੂੰ ਵਿਆਪਕ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ ਵਰਗੇ ਪਵਿੱਤਰ ਗ੍ਰੰਥਾਂ ਨਾਲ ਛੇੜਛਾੜ, ਗ੍ਰੰਥਾਂ ਨੂੰ ਸਾੜਨਾ, ਪਾੜਨਾ ਜਾਂ



ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ।ਉਨ੍ਹਾਂ ਕਿਹਾ ਬਿੱਲ ਵਿੱਚ ਅਪਰਾਧੀਆਂ ਲਈ ਸਖ਼ਤ ਸਜ਼ਾਵਾਂ ਦੀ ਤਜਵੀਜ਼ ਹੈ, ਜਿਸ ਵਿੱਚ ਘੱਟੋ-ਘੱਟ 10 ਸਾਲ ਤੱਕ ਤੋਂ ਉਮਰ ਕੈਦ ਤੱਕ ਦੀ ਸਜ਼ਾ ਅਤੇ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਬਿੱਲ ਵਿੱਚ ਬੇਅਦਬੀ ਨੂੰ ਗੈਰ-ਜ਼ਮਾਨਤੀ ਅਤੇ ਸਮਝੌਤਾ-ਰਹਿਤ ਅਪਰਾਧ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਇਹ ਇਹ ਯਕੀਨੀ ਬਣਾਉਂਦਾ ਹੈ ਕਿ ਦੋਸ਼ੀ ਆਸਾਨੀ ਨਾਲ ਜ਼ਮਾਨਤ ਪ੍ਰਾਪਤ ਜਾਂ ਅਦਾਲਤ ਤੋਂ ਬਾਹਰ ਮਾਮਲੇ ਦਾ ਨਿਪਟਾਰਾ ਨਾ ਕਰ ਸਕਣ।ਵਿਧਾਇਕ ਰੰਧਾਵਾ ਨੇ ਕਿਹਾ ਕਿ ਇਹ ਬਿੱਲ ਪੰਜਾਬ ਦੇ ਸਾਰੇ ਧਾਰਮਿਕ ਭਾਈਚਾਰਿਆਂ ਲਈ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਲਈ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ।ਉਨ੍ਹਾਂ ਕਿਹਾ ਕਿ ਇਹ ਕਾਨੂੰਨ ਉਨ੍ਹਾਂ ਲੋਕਾਂ ਨੂੰ ਸਖ਼ਤ ਸਬਕ ਸਿਖਾਵੇਗਾ ਜੋ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਰਾਹੀਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਨੁਕਸਾਨ ਪਹੁੰਚਾਉਣ ਦੀ ਘਿਨਾਉਣੀ ਕੋਸ਼ਿਸ਼ ਕਰਦੇ ਹਨ।

# ਲੋਕ ਸੇਵਾ ਦਲ ਸੁਸਾਇਟੀ ਵੱਲੋਂ ਲੋੜਵੰਦ ਲੜਕੀ ਦੇ ਵਿਆਹ ਮੌਕੇ ਘਰੇਲੂ ਸਾਮਾਨ ਭੇਟ

**ਗੁਰਦਾਸਪੁਰ, (ਜਨਕ ਮਹਾਜਨ)**

ਲੋਕ ਸੇਵਾ ਦਲ ਰਜਿ. ਵੱਲੋਂ ਪਿੰਡ ਜਟੂਵਾਲ ਨਿਵਾਸੀ ਇਕ ਲੋੜਵੰਦ ਪਰਿਵਾਰ ਦੀ ਲੜਕੀ ਦੇ ਵਿਆਹ ਵੇਲੇ ਸੁਖਵਿੰਦਰ ਸਿੰਘ ਪਾਹੜਾ ਦੀ ਅਗਵਾਈ ਹੇਠ ਘਰੇਲੂ ਵਰਤੋਂ ਵਾਲਾ ਸਮਾਨ ਜਿਵੇਂ ਪੱਖਾ, ਟਰੰਕ, ਪ੍ਰੈੱਸ, 51 ਬਰਤਨ, ਬੈੱਡ ਸ਼ੀਟਾਂ, ਚਾਰ ਬਿਸਤਰੇ, ਵਾਲ ਕਲਾਕ, 13 ਸੂਟ, ਕੰਬਲ ਅਤੇ 8100 ਨਕਦ ਸ਼ਗਨ ਵਜੋਂ ਦਿੱਤੇ। ਜ਼ਿਕਰਯੋਗ ਹੈ ਕਿ ਲੜਕੀ ਦੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਤੇ ਲੜਕੀ ਦੀ ਦਾਦੀ ਵੱਲੋਂ ਜਥੇਬੰਦੀ ਨੂੰ ਅਪੀਲ ਕੀਤੀ ਗਈ ਸੀ। ਇਸ ਮੌਕੇ ਕੁਲਦੀਪ ਸਿੰਘ ਫੌਜੀ ਅਤੇ ਲੰਬੜਦਾਰ ਬਿਕਰਮਜੀਤ ਸਿੰਘ ਚੰਦਰਭਾਨ ਵਲੋਂ ਦੱਸਿਆ ਗਿਆ ਕਿ ਜਥੇਬੰਦੀ ਵੱਲੋਂ ਹੁਣ ਤੱਕ 225 ਲੋੜਵੰਦ ਪਰਿਵਾਰਾਂ ਦੀ ਲੜਕੀਆਂ ਦੇ ਵਿਆਹ ਕੀਤੇ ਜਾ ਚੁੱਕੇ ਹਨ ਅਤੇ ਅਗਾਂਹ ਤੋਂ ਵੀ ਇਹ ਸੇਵਾ ਜਾਰੀ ਰੱਖਣਗੇ। ਉਨ੍ਹਾਂ ਦੱਸਿਆ ਕਿ ਲੋੜਵੰਦਾਂ ਦੀ ਸੇਵਾ ਕਰਕੇ ਜੋ ਸਕੂਨ ਮਿਲਦਾ ਹੈ ਉਹ ਕਿਸੇ ਧਾਰਮਿਕ ਸਥਾਨ 'ਤੇ ਸੇਵਾ ਕਰਨ ਤੋਂ ਵੀ ਜ਼ਿਆਦਾ ਹੈ। ਇਸ ਮੌਕੇ ਰਮੇਸ਼ ਮੋਹਨ, ਮਹਿੰਦਰ ਸਿੰਘ ਛੀਨਾ ਬੇਟ, ਅਜੀਤ ਸਿੰਘ ਗਾਜੀਕੋਟ, ਰਾਹੁਲ ਬਬਲ, ਸੁਨੀਲ ਮਹਾਜਨ, ਨਵਪ੍ਰੀਤ ਸਿੰਘ, ਕਿਰਪਾਲ ਸਿੰਘ, ਓਂਕਾਰ ਸਿੰਘ ਹੁੰਦਲ, ਕਰਮ ਸਿੰਘ ਜਟੂਵਾਲ, ਗੁਲਸ਼ਨ,



ਮਹਿਰਾ, ਸੰਦੀਪ ਸਿੰਘ, ਜਗਜੀਤ ਸਿੰਘ, ਅਮਰਜੀਤ ਸਿੰਘ, ਜੋਗਿੰਦਰ ਸਿੰਘ, ਚੌਹਾਨ, ਤਿਲਕ ਚੌਹਾਨ, ਬਲਰਾਮ ਸਭਰਵਾਲ, ਦਰਸ਼ਨ ਲਾਲ, ਨਰਿੰਦਰ ਸਿੰਘ ਅਵਾਂਖਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਲੜਕੀ ਦੀ ਦਾਦੀ ਵਲੋਂ ਜਥੇਬੰਦੀ ਦਾ ਸਹਿਯੋਗ ਦੇਣ 'ਤੇ ਧੰਨਵਾਦ ਕੀਤਾ ਗਿਆ।

17-July-PAGE-4.qxd 7/16/2025 10:47 PM Page 1

ਨਵਾਂ ਜ਼ਮਾਨਾ

ਵੀਰਵਾਰ, 17 ਜੁਲਾਈ 2025

# ਕਾਂਵੜੀਆਂ ਦੀ ਗੁੰਡਾਗਰਦੀ

*ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਅਨੇਕਾਂ ਵੀਡੀਓ ਚੱਲ ਰਹੀਆਂ ਹਨ, ਜਿਨ੍ਹਾਂ ਵਿੱਚ ਯੂ ਪੀ ਤੇ ਉੱਤਰਾਖੰਡ ਦੀਆਂ ਸੜਕਾਂ 'ਤੇ ਕਾਂਵੜੀਆਂ ਦੀ ਗੁੰਡਾਗਰਦੀ ਦਾ ਨੰਗਾ ਨਾਚ ਦੇਖਿਆ ਜਾ ਸਕਦਾ ਹੈ। ਕਿਸੇ ਥਾਂ ਕਾਂਵੜੀਏ ਕਿਸੇ ਢਾਬੇ ਨੂੰ ਤਹਿਸ-ਨਹਿਸ ਕਰ ਰਹੇ ਹਨ, ਕਿਤੇ ਸਰਕਾਰੀ ਬੱਸ ਜਾਂ ਕੋਈ ਨਿੱਜੀ ਕਾਰ ਤੋੜੀ ਜਾ ਰਹੀ ਹੈ ਤੇ ਕਿਸੇ ਹੋਰ ਥਾਂ ਕਿਸੇ ਮੁਸਾਫ਼ਰ ਨੂੰ ਲਹੂ-ਲੁਹਾਨ ਕੀਤਾ ਜਾ ਰਿਹਾ ਹੈ। ਸੜਕ 'ਤੇ ਚੱਲ ਰਹੇ ਮੁਸਾਫ਼ਰ ਆਪਣੀ ਇੱਜ਼ਤ ਬਚਾਉਣ ਲਈ ਫ਼ਸਲਾਂ ਵਿੱਚ ਲੁਕਣ ਲਈ ਮਜਬੂਰ ਹਨ।*

*ਇਸ ਤਰ੍ਹਾਂ ਜਾਪਦਾ ਹੈ ਕਿ ਅਮਨ-ਕਾਨੂੰਨ ਦੀ ਮਸ਼ੀਨਰੀ ਪੂਰੀ ਤਰ੍ਹਾਂ ਨਿਪੁੰਸਕ ਹੋ ਚੁੱਕੀ ਹੈ। ਇਨ੍ਹਾਂ ਗੁੰਡਾ ਗਰੋਹਾਂ ਨੂੰ ਨੱਥ ਪਾਉਣ ਦੀ ਥਾਂ ਪੁਲਸ ਅਫ਼ਸਰ ਇਨ੍ਹਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕਰਦੇ ਦੇਖੇ ਜਾ ਸਕਦੇ ਹਨ। ਯਾਦ ਕਰੋ ਗੁਰੂਗਰਾਮ ਦੀਆਂ ਸੜਕਾਂ 'ਤੇ ਮੁਸਲਮਾਨ ਜਦੋਂ 15 ਮਿੰਟਾਂ ਲਈ ਨਮਾਜ਼ ਪੜ੍ਹਨ ਲੱਗੇ ਸਨ ਤਾਂ ਹਿੰਦੂਆਂ ਨੇ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ। ਇਹੋ ਹਾਲ ਈਸਾਈਆਂ ਸਮੇਤ ਹੋਰ ਧਰਮਾਂ ਵਾਲਿਆ ਦਾ ਹੈ। ਪਿਛਲੇ ਦਿਨੀਂ ਮੁੰਬਈ ਵਿੱਚ ਜੈਨ ਧਰਮ ਦੇ ਸ਼ਰਧਾਲੂਆਂ ਦੇ ਜਲੂਸ 'ਤੇ ਪੁਲਸ ਵੱਲੋਂ ਵਰ੍ਹਾਈਆਂ ਗਈਆਂ ਲਾਠੀਆਂ ਦੇ ਦ੍ਰਿਸ਼ ਸਭ ਨੇ ਦੇਖੇ ਸਨ। ਬੌਧ ਧਰਮੀਆਂ ਦਾ ਮੱਕਾ ਕਹੇ ਜਾਣ ਵਾਲੇ ਗਯਾ 'ਤੇ ਹਿੰਦੂ ਧਰਮ ਦੇ ਪਾਂਡੇ ਕਬਜ਼ਾ ਕਰਨ ਲਈ ਬੋਧੀਆਂ ਨੂੰ ਲਲਕਾਰ ਰਹੇ ਹਨ। ਇਸ ਦੇ ਉਲਟ ਅੱਜ ਹਰਦੁਆਰ ਤੋਂ ਨਿਕਲਦੀਆਂ ਸਾਰੀਆਂ ਸੜਕਾਂ ਕਾਂਵੜੀਆਂ ਦੇ ਹਵਾਲੇ ਕੀਤੀਆਂ ਹੋਈਆਂ ਹਨ।*

*ਅਸਲ ਵਿੱਚ ਹਿੰਦੂਤਵੀ ਸਰਕਾਰ ਕਾਂਵੜੀਆਂ ਰਾਹੀਂ ਸਮੁੱਚੇ ਸਮਾਜ ਨੂੰ ਇਹ ਸੁਨੇਹਾ ਦੇਣਾ ਚਾਹੁੰਦੀ ਹੈ ਕਿ ਇਹ ਦੇਸ਼ ਸਭ ਤੋਂ ਪਹਿਲਾਂ ਹਿੰਦੂਆਂ ਦਾ ਹੈ ਤੇ ਬਾਕੀ ਸਾਰੇ ਧਰਮ ਦੋ ਨੰਬਰ 'ਤੇ ਹਨ। ਇਸ ਦੇ ਨਾਲ ਹੀ ਸੰਘ ਤੇ ਭਾਜਪਾ ਦਾ ਮੁੱਖ ਉਦੇਸ਼ ਸਮੁੱਚੇ ਸਮਾਜ ਨੂੰ ਧਰਮ ਦੇ ਨਸ਼ੇ ਵਿੱਚ ਮਦਹੋਸ਼ ਕਰਕੇ ਆਪਣੀ ਸੱਤਾ ਨੂੰ ਪੱਕਾ ਕਰਨਾ ਹੈ। ਇਸ ਲਈ ਕਾਂਵੜੀਆਂ ਦੀ ਯਾਤਰਾ ਉਨ੍ਹਾਂ ਲਈ ਸੁਨਹਿਰੀ ਮੌਕਾ ਹੈ। ਅਫ਼ਸਰਸ਼ਾਹੀ ਨੂੰ ਕਾਂਵੜੀਆਂ ਦੀ ਮਹਿਮਾਨ-ਨਿਵਾਜ਼ੀ ਵਿੱਚ ਲਾ ਕੇ ਭਾਜਪਾ ਇਹ ਵੀ ਦੱਸਣਾ ਚਾਹੁੰਦੀ ਹੈ ਕਿ ਇਹ ਭਗਵਾਂਧਾਰੀ ਹਿੰਦੂ ਕਾਨੂੰਨ ਵਿਵਸਥਾ ਤੋਂ ਵੀ ਉੱਪਰ ਹਨ। ਇਸ ਲਈ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਕਾਨੂੰਨ ਦੀ ਉਲੰਘਣਾ ਲਈ ਉਨ੍ਹਾਂ ਵਿਰੁੱਧ ਕੋਈ ਵੀ ਕਾਰਵਾਈ ਨਹੀਂ ਹੋ ਸਕਦੀ।*

*ਇਨ੍ਹਾਂ ਕਾਂਵੜੀਆਂ ਰਾਹੀਂ ਇਹ ਵੀ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਮੌਜੂਦਾ ਹਾਕਮਾਂ ਲਈ ਲੋਕਤੰਤਰ ਤੇ ਉਸ ਦੀਆਂ ਸੰਸਥਾਵਾਂ ਦੀ ਕੋਈ ਮਹੱਤਤਾ ਨਹੀਂ। ਜਿਸ ਤਰ੍ਹਾਂ ਇਸ ਸਮੇਂ ਸਰਕਾਰੀ ਮਸ਼ੀਨਰੀ ਇਨ੍ਹਾਂ ਗੁੰਡਿਆਂ ਅੱਗੇ ਨਤਮਸਤਕ ਹੈ, ਉਸ ਤੋਂ ਬਾਅਦ ਇਸ ਮਸ਼ੀਨਰੀ ਦੀ ਸਾਖ ਭਲਾ ਕਿਵੇਂ ਬਚ ਸਕਦੀ ਹੈ। ਅਸਲ ਵਿੱਚ ਸੰਘ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਲੋਕਤੰਤਰ ਦੀ ਥਾਂ ਪੁਰਾਣੀ ਵਰਣ ਵਿਵਸਥਾ ਰਾਹੀਂ ਸਮਾਜ ਨੂੰ ਚਲਾਇਆ ਜਾਵੇ, ਜਿਸ ਵੱਲ ਉਹ ਕਦਮ-ਦਰ-ਕਦਮ ਵਧ ਰਿਹਾ ਹੈ।*

*ਕਾਂਵੜ ਯਾਤਰਾਵਾਂ ਵਿੱਚ ਜ਼ਿਆਦਾਤਰ ਦਲਿਤ ਤੇ ਪੱਛੜੇ ਵਰਗਾਂ ਦੇ ਨੌਜਵਾਨ ਸ਼ਾਮਲ ਹੁੰਦੇ ਹਨ। ਇਨ੍ਹਾਂ ਯਾਤਰਾਵਾਂ ਰਾਹੀਂ ਭਾਜਪਾ ਨੂੰ ਇਨ੍ਹਾਂ ਵਰਗਾਂ ਵਿੱਚ ਆਪਣੀ ਪੈਂਠ ਬਣਾਉਣ ਦਾ ਮੌਕਾ ਮਿਲਦਾ ਹੈ। ਇਸ ਦੇ ਨਾਲ ਹੀ ਇਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਵਿੱਚੋਂ ਧਰਮ ਦੀ ਚਾਸ਼ਨੀ ਵਿੱਚ ਡੁੱਬਿਆ ਕਾਡਰ ਵੀ ਮਿਲਦਾ ਹੈ। ਕਾਂਵੜੀਆਂ ਵਿੱਚ ਸ਼ਾਮਲ ਨੌਜਵਾਨਾਂ ਨੂੰ ਜਦੋਂ ਹਰ ਪਾਸਿਓਂ, ਇੱਥੋਂ ਤੱਕ ਕਿ ਸੱਤਾਧਾਰੀਆਂ ਵੱਲੋਂ ਵੀ ਸਤਿਕਾਰ ਮਿਲਦਾ ਹੈ ਤਾਂ ਉਹ ਪਿੰਡਾਂ-ਸ਼ਹਿਰਾਂ ਦੀਆਂ ਮਲੀਨ ਬਸਤੀਆਂ ਵਿੱਚ ਰਹਿੰਦਿਆਂ ਉੱਚ ਵਰਗ ਵੱਲੋਂ ਮਿਲਦੀ ਨਫ਼ਰਤ ਨੂੰ ਵੀ ਭੁੱਲ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਦਾ ਸੰਸਕਾਰੀਕਰਨ ਕੀਤਾ ਜਾ ਰਿਹਾ ਹੈ।*

*ਇੱਕ ਸੱਭਿਆ ਸਮਾਜ ਨੂੰ ਕਿਸ ਤਰ੍ਹਾਂ ਇੱਕ ਬਰਬਰਤਾ-ਭਰਪੂਰ ਸਮਾਜ ਵਿੱਚ ਬਦਲਿਆ ਜਾ ਰਿਹਾ ਹੈ, ਕਾਂਵੜੀਆਂ ਦੀਆਂ ਯਾਤਰਾਵਾਂ ਉਸੇ ਦੀ ਇੱਕ ਵੰਨਗੀ ਹਨ। ਇਸ ਦੇਸ਼ ਵਿੱਚ ਵਿਗਿਆਨ ਤੇ ਤਰਕ ਦੀ ਗੱਲ ਕਰਨਾ ਇੱਕ ਗੁਨਾਹ ਹੋ ਚੁੱਕਾ ਹੈ। ਕਾਂਵੜੀਆਂ ਦੀ ਗੁੰਡਾਗਰਦੀ ਵਿਰੁੱਧ ਅਵਾਜ਼ ਉਠਾਉਣਾ ਪਾਪ ਬਣ ਚੁੱਕਾ ਹੈ। ਇਸ ਅਪਰਾਧ ਲਈ ਤੁਹਾਨੂੰ ਸਜ਼ਾ ਹੋ ਸਕਦੀ ਹੈ, ਉਸੇ ਤਰ੍ਹਾਂ ਜਿਵੇਂ ਬਰੇਲੀ ਦੇ ਇੱਕ ਅਧਿਆਪਕ ਵਿਰੁੱਧ ਐੱਫ਼ ਆਈ ਆਰ ਦਰਜ ਕੀਤੀ ਗਈ ਹੈ। ਉਸ ਅਧਿਆਪਕ ਨੇ ਤਾਂ ਬੱਚਿਆਂ ਨੂੰ ਆਪਣੀ ਕਵਿਤਾ ਰਾਹੀਂ ਏਨਾ ਕਿਹਾ ਸੀ, 'ਤੁਮ ਕਾਂਵੜ ਲੇ ਕੇ ਮੱਤ ਜਾਨਾ, ਤੁਮ ਗਿਆਨ ਕਾ ਦੀਪ ਜਲਾਨਾ।' ਨਾਗਰਿਕ ਹੋਣ ਦੀ ਜ਼ਰੂਰੀ ਸ਼ਰਤ ਹੁੰਦੀ ਹੈ ਕਿ ਵਿਅਕਤੀ ਤਰਕਸ਼ੀਲ ਤੇ ਭਾਈਚਾਰੇ ਵਿੱਚ ਯਕੀਨ ਰੱਖਦਾ ਹੋਵੇ, ਪਰ ਭਾਜਪਾ ਨੂੰ ਇਨ੍ਹਾਂ ਸ਼ਬਦਾਂ ਨਾਲ ਘ੍ਰਿਣਾ ਹੈ ਤੇ ਉਸ ਦਾ ਟੀਚਾ ਹੈ ਕਿ ਲੋਕਾਂ ਵਿੱਚੋਂ ਪਿਆਰ ਤੇ ਭਾਈਚਾਰਾ ਖ਼ਤਮ ਕਰਕੇ ਉਨ੍ਹਾਂ ਨੂੰ ਇੱਕ ਭੀੜ ਵਿੱਚ ਤਬਦੀਲ ਕਰ ਦਿੱਤਾ ਜਾਵੇ। ਇਸ ਤਰ੍ਹਾਂ ਭਾਜਪਾ ਹਿੰਦੂਆਂ ਦਾ ਅਜਿਹਾ ਸਮਾਜ ਬਣਾਉਣਾ ਚਾਹੁੰਦੀ ਹੈ, ਜਿਸ ਦੇ ਮੁੱਖ ਲੱਛਣ ਜਾਹਿਲਪੁਣਾ ਤੇ ਨਫ਼ਰਤੀ ਸੁਭਾਅ ਹੋਣਗੇ।*

**-ਚੰਦ ਫਤਿਹਪੁਰੀ**

## ਕੋਟ ਕਬੂਲੇ ਨੂੰ ਅੱਗ !

*ਹੌਲੀ-ਹੌਲੀ ਇਸ ਦੇਸ਼ ਦੇ ਹਾਕਮਾਂ ਨੇ,*
*ਆਪਣੇ ਨਾਂ ਲਿਖਵਾ ਲਿਆ ਲੋਕਤੰਤਰ।*
*ਇੱਕ ਚੋਣ ਕਮਿਸ਼ਨ ਦੀ ਬਾਂਹ ਫੜ ਕੇ,*
*ਅੱਗੇ-ਅੱਗੇ ਭਜਾਅ ਲਿਆ ਲੋਕਤੰਤਰ।*
*ਰਾਜਨੀਤੀ ਦੇ ਰੇਸ਼ਮੀ ਕੀੜਿਆਂ ਨੇ,*
*ਪੱਤੇ ਸਮਝ ਕੇ ਖਾ ਲਿਆ ਲੋਕਤੰਤਰ।*
*ਇੱਕ ਛਤਰ ਦੇ ਥੱਲੇ ਭਲਵਾਨ ਆ ਗਏ,*
*ਸਭ ਨੇ ਰਲ ਕੇ ਢਾਅ ਲਿਆ ਲੋਕਤੰਤਰ।*
*ਪੂਰੇ ਕੋਟ ਕਬੂਲੇ ਨੂੰ ਅੱਗ ਲੱਗੀ,*
*ਮੁਨਸਿਫ ਦੇਖ ਘਬਰਾ ਗਿਆ ਲੋਕਤੰਤਰ।*
*ਦੇਖ ਲੈਣ ਨਾ ਪਰਚੀਆਂ ਆਮ ਲੋਕੀਂ,*
*ਇਸੇ ਲਈ ਹਥਿਆ ਲਿਆ ਲੋਕਤੰਤਰ!*

**-ਗੁਲਪੁਰ**

# ਜਨਤਾ ਦੇ ਸੇਵਕ ਰਾਜੇ ਮਹਾਰਾਜੇ ਕਿਉਂ ਬਣਨ ?



ਗੁਰਮੀਤ ਸਿੰਘ ਪਲਾਹੀ

ਲੋਕਤੰਤਰਿਕ ਦੇਸ਼ਾਂ ਵਿੱਚ ਪੁਰਾਣੀ ਰਾਜਾਸ਼ਾਹੀ ਪ੍ਰਥਾ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਸਾਡੇ ਮਹਾਨ ਦੇਸ਼ ਭਾਰਤ ਵਿੱਚ ਚੋਣ ਜਿੱਤਣ ਤੋਂ ਬਾਅਦ ਲੋਕ ਆਪਣੇ-ਆਪ ਨੂੰ ਮਹਾਰਾਜਾ ਸਮਝਣ ਲਗਦੇ ਹਨ। ਦੇਸ਼ ਦਾ ਆਮ ਆਦਮੀ ਸਿਆਸਤਦਾਨਾਂ ਦੇ ਨਖ਼ਰਿਆਂ ਅਤੇ ਆਪਹੁਦਰੇਪਨ ਤੋਂ ਪੂਰੀ ਤਰ੍ਹਾਂ ਤੰਗ ਆਇਆ ਹੋਇਆ ਹੈ, ਇਸ ਵੇਲੇ!

ਦੇਸ਼ ਵਿੱਚ ਵੀ ਆਈ ਪੀ ਕਲਚਰ ਕੈਂਸਰ ਰੋਗ ਵਾਂਗ ਫ਼ੈਲ ਚੁੱਕਾ ਹੈ।ਗਿਆਰਾਂ ਸਾਲ ਪਹਿਲਾਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਬਣਨ ਦੇ ਫੌਰਨ ਬਾਅਦ ਦਿੱਲੀ 'ਚ ਸੰਸਦ ਮੈਂਬਰਾਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਹਟਵਾ ਲਈਆਂ ਸਨ ਅਤੇ ਵੀ ਆਈ ਪੀ ਕਲਚਰ ਦੇ ਵਿਰੁੱਧ ਬੋਲੇ ਹਨ ਪਰ ਫਿਰ ਜਿਵੇਂ ਉਹ ਭੁੱਲ ਹੀ ਗਏ ਕਿ ਜਨਤਾ ਦੇ ਇਹਨਾ ਸੇਵਕਾਂ ਦੀਆਂ ਵਿਗੜੀਆਂ ਆਦਤਾਂ ਸੁਧਾਰਨ ਦੀ ਸਖ਼ਤ ਲੋੜ ਹੈ।

ਵਿਕਸਤ ਪੱਛਮੀ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਇੱਥੋਂ ਤੱਕ ਕਿ ਰਾਜਾ ਵੀ ਮੈਟਰੋ ਜਾਂ ਬੱਸ 'ਚ ਸਫ਼ਰ ਕਰਦਾ ਹੈ, ਪਰ ਭਾਰਤ ਵਿੱਚ ਤਾਂ ਇਹ ਚੀਜ਼ਾਂ ਸੁਪਨੇ ਸਮਾਨ ਹਨ। ਜਦ ਕੋਈ ਭਾਰਤੀ ਲੋਕ ਨੁਮਾਇੰਦਾ ਟੀ ਵੀ ਕੈਮਰੇ ਸਾਹਮਣੇ ਆਪਣੀ ਝੂਠੀ ਨਿਮਰਤਾ ਸਾਬਤ ਕਰਨਾ ਚਾਹੁੰਦਾ ਹੈ ਤਾਂ ਹੀ ਉਹ ਬੱਸ ਰੇਲ ਗੱਡੀ 'ਚ ਨਜ਼ਰ ਆਉਂਦਾ ਹੈ। ਹੁਣ ਤਾਂ ਸਥਿਤੀ ਇਹ ਹੈ ਕਿ ਇਹ ਲੋਕ-ਨੁਮਾਇੰਦੇ ਚੋਣ ਜਿੱਤਣ ਤੋਂ ਬਾਅਦ ਜਨਤਾ ਨੂੰ ਭੁੱਲ ਕੇ ਐਸ਼ੋ-ਅਰਾਮ ਦੀ ਜ਼ਿੰਦਗੀ ਬਸਰ ਕਰਨ ਲੱਗਦੇ ਹਨ, ਉਦੋਂ ਤੱਕ ਜਦੋਂ ਤੱਕ ਦੂਜੀ ਚੋਣ ਸਿਰ 'ਤੇ ਨਹੀਂ ਆ ਜਾਂਦੀ।

ਸਿਆਸੀ ਲੋਕਾਂ ਦੀ ਸੋਚ 'ਚ ਏਨਾ ਨਿਘਾਰ ਆ ਚੁੱਕਾ ਹੈ ਕਿ ਉਹ ਇਹ ਵੀ ਭੁੱਲ ਜਾਂਦੇ ਹਨ ਕਿ ਉਹਨਾਂ ਦਾ ਕੰਮ ਜਨਤਾ ਦੀ ਸੇਵਾ ਕਰਨਾ ਹੈ, ਨਾ ਕਿ ਆਪਣੇ ਸਕੇ-ਸੰਬੰਧੀਆਂ ਦੀ। ਹੈਰਾਨ ਹੋਈਦਾ ਹੈ ਉਸ ਵੇਲੇ ਕਿ ਇਹਨਾਂ ਜਨਤਾ ਸੇਵਕਾਂ ਕੋਲ ਮਹਿੰਗੀਆਂ ਗੱਡੀਆਂ ਕਿੱਥੋਂ ਆ ਜਾਂਦੀਆਂ ਹਨ? ਕਿਵੇਂ ਉਹ ਰਾਜੇ-ਮਹਾਰਾਜਿਆਂ ਵਾਂਗ ਪੰਜ ਤਾਰਾ ਹੋਟਲਾਂ ਚ ਖਾਣਾ ਖਾਣ ਜਾਂਦੇ ਹਨ? ਆਪਣੇ ਲਈ ਵਧੀਆ ਮਹੱਲ, ਸ਼ੀਸ਼ ਮਹੱਲ ਉਸਾਰ ਲੈਂਦੇ ਹਨ। ਆਉਂਦੀਆਂ ਕਈ ਪੁਸ਼ਤਾਂ ਲਈ ਧਨ ਇਕੱਠਾ ਕਰ ਲੈਂਦੇ ਹਨ। ਕਿਵੇਂ ਉਹ ਆਮ ਲੋਕਾਂ ਵਿਚਲੀ ਪਹਿਲੀ ਰਿਹਾਇਸ਼ ਛੱਡ ਕੇ ਮਹੀਨਿਆਂ, ਦਿਨਾਂ 'ਚ ਉਹਨਾਂ ਮਹਿੰਗੇ ਰਿਹਾਇਸ਼ੀ ਇਲਾਕਿਆਂ 'ਚ ਜਾ ਬਸੇਰਾ ਕਰਦੇ ਹਨ, ਜਿਥੇ 90 ਫ਼ੀਸਦੀ ਵੱਡੇ ਧਨਾਢ ਕਾਰੋਬਾਰੀ ਨਿਵਾਸ ਰੱਖਦੇ ਹਨ ਅਤੇ ਇਹੀ ਚੁਣੇ ਸੇਵਕ ਵੱਡੇ ਸਕਿਉਰਿਟੀ ਗਾਰਡਾਂ ਅਤੇ ਆਪਣੇ ਨਾਲ ਰੱਖੇ ਨੌਕਰਾਂ-ਚਾਕਰਾਂ ਦੀਆਂ ਵੱਡੀਆਂ ਟੋਲੀਆਂ ਨਾਲ ਵਿਚਰਨ ਲੱਗਦੇ ਹਨ, ਖ਼ਾਸ ਕਰਕੇ ਉਹਨਾਂ ਲੋਕਾਂ 'ਚ ਜਿਹੜੇ ਵੱਡੇ ਧਨ-ਕੁਬੇਰ ਹਨ, ਹੋਟਲਾਂ, ਵਪਾਰਕ ਅਦਾਰਿਆਂ ਦੇ ਮਾਲਕ ਹਨ।

ਚੋਣ ਉਪਰੰਤ ਬਣੇ ਵੱਡੇ ਸੇਵਕ ਸਿਆਸੀ ਹੈਂਕੜ 'ਚ ਆ ਕੇ ਲੋਕਾਂ ਨਾਲ ਬੋਲ-ਚਾਲ ਤਾਂ ਜਿਵੇਂ ਬਦਲ ਹੀ ਲੈਂਦੇ ਹਨ। ਉਹ ਆਪਣੇ ਸਿਆਸੀ ਵਿਰੋਧੀਆਂ 'ਤੇ ਤਿੱਖੇ ਬਾਣ ਚਲਾਉਣ ਤੋਂ ਵੀ ਦਰੇਗ ਨਹੀਂ ਕਰਦੇ। ਪਿਛਲੇ ਦਿਨਾਂ 'ਚ ਪੰਜਾਬ ਵਿਧਾਨ ਸਭਾ 'ਚ ਵਾਪਰੀਆਂ ਉਹਨਾਂ ਬਹਿਸਾਂ ਦਾ ਇਥੇ ਜ਼ਿਕਰ ਕਰਨਾ ਬਣਦਾ ਹੈ, ਜਿਥੇ ਸਿਆਸੀ ਸੋਚ ਨਾਲੋਂ ਨਿੱਜੀ ਕਿੜਾਂ ਕੱਢਣ ਲਈ ਹਾਕਮ ਤੇ ਵਿਰੋਧੀ ਧਿਰ ਦੇ ਵੱਡੇ ਨੇਤਾ ਇੱਕ-ਦੂਜੇ ਨਾਲ ਉਲਝਦੇ ਵੇਖੇ ਗਏ। ਉਹਨਾਂ ਤਨਜ਼ਾਂ ਕੱਸੀਆਂ, ਬਿਲਕੁਲ ਉਵੇਂ ਹੀ, ਜਿਵੇਂ ਸ਼ਰੀਕ ਆਪਸ 'ਚ ਲੜਦੇ ਹਨ, ਮੁੱਛਾਂ ਨੂੰ ਤਾਅ ਦਿੰਦੇ ਹਨ, ਦੇਖ ਲੈਣ ਦੀਆਂ ਧਮਕੀਆਂ ਦਿੰਦੇ ਹਨ। ਕਿਹੋ ਜਿਹਾ ਸਿਆਸੀ ਕਿਰਦਾਰ ਰਹਿ ਗਿਆ ਹੈ ਇਹਨਾ ਸੇਵਕਾਂ ਦਾ? ਜੋ ਲੋਕ ਮਸਲਿਆਂ ਤੋਂ ਮੂੰਹ ਮੋੜ ਕੇ ਸਿਰਫ਼ ਕੁਰਸੀ ਲਈ ਯੁੱਧ ਕਰਦੇ ਨਜ਼ਰ ਆਉਂਦੇ ਹਨ। ਭਾਰਤੀ ਸਿਆਸਤਦਾਨਾਂ ਦੀ ਸਵਾਰਥੀ ਸੋਚ ਨੇ ਭਾਰਤੀ ਲੋਕ ਮਸਲਿਆਂ ਤੋਂ ਮੂੰਹ ਮੋੜਿਆ ਹੋਇਆ ਹੈ, ਉਨ੍ਹਾਂ ਦਾ ਮੁੱਖ ਨਿਸ਼ਾਨਾ ਲੋਕ ਸੇਵਾ ਨਹੀਂ, ਸਗੋਂ ਕੁਰਸੀ ਹਥਿਆਉਣਾ ਹੈ।

ਲੋਕ ਰਾਜ ਦੇ ਨਾਂਅ 'ਤੇ ਦੇਸ਼ ਦੇ ਮੌਜੂਦਾ ਵੱਡੇ ਹਾਕਮ ਦੇ ਸੱਤਾ ਹਥਿਆਉਣ ਤੇ ਸੱਤਾ ਬਰਕਰਾਰ ਰੱਖਣ ਦੇ ਪੈਂਤੜੇ ਕਿਸੇ ਤੋਂ ਲੁਕੇ-ਛੁਪੇ ਨਹੀਂ ਹਨ। ਉਸ ਵੱਲੋਂ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਅਤੇ ਜਾਤ-ਧਰਮ ਦੀ ਰਾਜਨੀਤੀ ਕਰਦਿਆਂ ਸਿਆਸਤਦਾਨਾਂ ਦੇ ਅਸਲੀ ਅਕਸ ਉਤੇ ਲਗਾਤਾਰ ਛਿੱਟੇ ਪਾਏ ਗਏ ਹਨ। ਤਦੇ ਇਹ ਸਿਰਫ਼ ਤਾਕਤ ਦੇ ਭੁੱਖੇ ਸਿਆਸਤਦਾਨ ਲੋਕ ਮਸਲਿਆਂ ਤੋਂ ਪਿੱਛਾ ਛੁਡਾਉਂਦੇ, ਆਮ ਲੋਕਾਂ ਨੂੰ ਭਰਮਾਉਂਦੇ ਅਤੇ ਆਪਣਾ ਹਿੱਤ ਸਾਧਦੇ ਨਜ਼ਰ ਆਉਂਦੇ ਹਨ।

ਸੂਬਾ ਪੰਜਾਬ ਦੇ ਸਿਆਸਤਦਾਨਾਂ ਦੀ ਕਾਰਗੁਜ਼ਾਰੀ ਕਈ ਪੱਖਾਂ ਤੋਂ ਨਿਰਾਸ਼ ਕਰਨ ਵਾਲੀ ਹੈ। ਵਿਰੋਧੀ ਤੇ ਹਾਕਮ ਧਿਰ ਵਿਚਲੀ ਤਲਖ਼ਕਲਾਮੀ ਕਾਫ਼ੀ ਦੁਖਦਾਇਕ ਹੈ, ਉਸ ਵੇਲੇ ਜਦੋਂ ਪੰਜਾਬ ਕਈ ਹਾਲਤਾਂ 'ਚ ਪੱਛੜ ਰਿਹਾ ਹੈ। ਉਸ ਵੇਲੇ ਜਦੋਂ ਪੰਜਾਬ ਨਸ਼ਿਆਂ 'ਚ ਗਰਕਿਆ ਪਿਆ ਹੈ। ਉਸ ਵੇਲੇ ਜਦੋਂ ਪੰਜਾਬ ਖੇਤੀ ਸੰਕਟ 'ਚ ਹੈ। ਉਸ ਵੇਲੇ ਜਦੋਂ ਪੰਜਾਬ ਬੇਰੁਜ਼ਗਾਰੀ ਦਾ ਮਾਰਿਆ ਹੋਇਆ ਹੈ। ਉਸ ਵੇਲੇ ਜਦੋਂ ਪੰਜਾਬ ਦਾ ਨੌਜਵਾਨ ਪ੍ਰੇਸ਼ਾਨ ਹੈ, ਪ੍ਰਵਾਸ ਹੰਢਾਉਣ ਲਈ ਮਜਬੂਰ ਹੈ। ਉਸ ਵੇਲੇ ਜਦੋਂ ਪੰਜਾਬ ਕੋਲ ਆਪਣਾ ਕੋਈ ਤਰੱਕੀ ਵਿਜ਼ਨ ਹੀ ਨਹੀਂ। ਪੰਜਾਬ ਦੇ ਸਿਆਸਤਦਾਨ ਸਿਰ ਜੋੜ ਕੇ ਕੋਈ ਹੱਲ ਲੱਭਣ ਦੀ ਬਜਾਏ ਨਿੱਜੀ ਗੱਲਾਂ ਅਤੇ ਕਿੜ੍ਹਾਂ ਕੱਢਣ ਦੀ ਕੋਸ਼ਿਸ਼ ਚ ਲੱਗੇ ਹੋਏ ਹਨ। ਇੱਕ-ਦੂਜੇ ਵਿਰੁੱਧ ਬੋਲਦਿਆਂ ਮਰਿਆਦਾ ਭੁੱਲ ਚੁੱਕੇ ਹਨ।

ਪੰਜਾਬ ਇਸ ਸਮੇਂ ਸਿਆਸੀ ਖਿਲਾਅ 'ਚ ਹੈ। ਪੰਜਾਬ ਦੀਆਂ ਇਲਾਕਾਈ ਮੰਗਾਂ ਸਮੇਤ ਖ਼ੁਦਮੁਖਤਾਰੀ ਦੀ ਮੰਗ ਦੀ ਪੂਰਤੀ ਲਈ ਇਲਾਕਾਈ ਪਾਰਟੀ ਦੀ ਲੋੜ ਪੂਰੀ ਨਾ ਹੋਣ ਦੇ ਕਾਰਨ ਪੰਜਾਬ ਦੇ ਲੋਕ ਮਨੋ ਪ੍ਰੇਸ਼ਾਨ ਹਨ। ਉਹ ਕਿਸੇ ਵੀ ਤਰ੍ਹਾਂ ਦਿੱਲੀ ਦੇ ਹਾਕਮਾਂ ਦੀ ਟੈਂਅ ਮੰਨਣ ਦੇ ਮੂਡ ਵਿੱਚ ਨਹੀਂ, ਕਿਉਂਕਿ ਕਿਸੇ ਵੀ ਰਾਸ਼ਟਰੀ ਧਿਰ ਨੇ ਬੀਤੇ ਸਮੇਂ 'ਚ ਪੰਜਾਬੀਆਂ ਨਾਲ ਇਨਸਾਫ਼ ਨਹੀਂ ਕੀਤਾ। ਉਨ੍ਹਾਂ ਨੂੰ ਸਮੇਂ-ਸਮੇਂ ਵੱਡੇ ਜ਼ਖ਼ਮ ਦਿੱਤੇ, ਪਰ ਉਹਨਾਂ ਦੇ ਫੈਹਾ ਲਾਉਣ ਲਈ ਕਿਸੇ ਨੇ ਵੀ ਪਹਿਲਕਦਮੀ ਨਹੀਂ ਕੀਤੀ, ਸਗੋਂ ਹਰ ਹੀਲੇ ਉਹਨਾਂ ਨੂੰ ਵਰਤਣ ਦਾ ਯਤਨ ਕੀਤਾ।

ਪੰਜਾਬ ਦੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਸਮੇਤ ਇਲਾਕਾਈ ਪਾਰਟੀ ਦੇ ਸਿਆਸਤਦਾਨਾਂ ਨੇ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਨਹੀਂ ਸਮਝਿਆ, ਸਗੋਂ ਆਪਣੀਆਂ ਗੱਦੀਆਂ ਪੱਕੀਆਂ ਕਰਨ ਲਈ ਨਾਪਾਕ ਗੱਠਜੋੜ ਕੀਤੇ। ਪਿਛਲੇ ਸਮੇਂ 'ਚ ਪਾਰਟੀਆਂ ਨੇ ਪੰਜਾਬ ਨੂੰ ਕਾਬੂ ਕਰਨ ਲਈ ਆਇਆ ਰਾਮ ਗਿਆ ਰਾਮ ਵਾਲੀ ਸਿਆਸਤ ਕਰਦਿਆਂ ਇੱਕ-ਦੂਜੇ ਦੀਆਂ ਪਾਰਟੀਆਂ ਦੇ ਨੇਤਾ ਆਪਣੇ ਪਾਲੇ 'ਚ ਕੀਤੇ। ਉਦਾਹਰਨ ਕਾਂਗਰਸ ਹੈ।ਉਦਾਹਰਨ ਅਕਾਲੀ ਦਲ ਹੈ। ਭਾਜਪਾ 'ਚ ਕਾਂਗਰਸੀ ਸ਼ਾਮਲ ਹੋਏ। ਆਮ ਆਦਮੀ ਪਾਰਟੀ 'ਚ ਕਾਂਗਰਸੀ ਜਾ ਵੜੇ। ਅਕਾਲੀ ਦਲ ਦੋ ਨਹੀਂ ਕਈ ਹਿੱਸਿਆਂ 'ਚ ਵੰਡਿਆ ਗਿਆ। ਅਸੂਲ ਕਿਥੇ ਹਨ, ਉਹ ਭੁੱਲ ਗਏ।

ਅੱਜ ਸਥਿਤੀ ਇਹ ਹੈ ਕਿ ਕਾਂਗਰਸ ਦੇ ਨੇਤਾਵਾਂ ਦੇ ਆਪੋ-ਆਪਣੇ ਰਾਹ ਹਨ। ਉਹਨਾਂ ਨੂੰ ਹਿੱਤ ਪੰਜਾਬੀਆਂ ਦਾ ਨਹੀਂ, ਆਪਣਾ ਹੈ। ਅਕਾਲੀ ਦਲ ਖੇਰੂੰ-ਖੇਰੂੰ ਹੋ ਗਿਆ, ਮੁੜ ਉਭਰੇਗਾ ਕਿ ਨਹੀਂ? ਨਿੱਜੀ ਰੰਜਿਸ਼ਾਂ, ਨਿੱਜੀ ਟੱਕਰਾਂ, ਪੰਥਕ ਸੋਚ ਨੂੰ ਤਿਲਾਂਜਲੀ ਉਹਨਾਂ ਦਾ ਕਿਰਦਾਰ ਬਣ ਚੁੱਕਾ ਹੈ।

ਪੰਜਾਬ ਦੇ ਮੌਜੂਦਾ ਹਾਲਾਤ ਪ੍ਰਪੱਕ ਸਿਆਸਤਦਾਨਾਂ ਅਤੇ ਨੀਤੀਵਾਨਾਂ ਦੀ ਮੰਗ ਕਰਦੇ ਹਨ। ਪੰਜਾਬ ਦੇ ਸਿਆਸਤਦਾਨਾਂ ਨੂੰ ਕਾਬੂ ਕਰਨ ਲਈ ਬੁੱਧੀਜੀਵੀਆਂ, ਵਿਚਾਰਵਾਨਾਂ ਦਾ ਕੁੰਡਾ ਚਾਹੀਦਾ ਹੈ। ਪੰਜਾਬ ਨੂੰ ਤਰੱਕੀ ਲਈ ਇੱਕ ਵਿਜ਼ਨ ਚਾਹੀਦਾ ਹੈ, ਜਿਸ ਉਤੇ ਸਾਰੇ ਸਿਆਸਤਦਾਨ ਸਿਰ ਜੋੜ ਕੇ ਕੰਮ ਕਰਨ, ਗੱਦੀ ਹਥਿਆਉਣਾ ਉਹਨਾਂ ਦਾ ਕਿਰਦਾਰ ਨਾ ਹੋਏ।

ਅੱਜ ਦੇਸ਼ ਨੂੰ ਦਮਦਾਰ ਸਿਆਸਤਦਾਨਾਂ ਦੀ ਲੋੜ ਹੈ, ਜੋ ਸਵਾਰਥ ਰਹਿਤ ਹੋ ਕੇ ਦੇਸ਼ ਦੇ ਅਰਥਚਾਰੇ ਨੂੰ ਥਾਂ ਸਿਰ ਲਿਆਉਣ, ਕਿਉਂਕਿ ਕਾਰਪੋਰੇਟਾਂ ਨੇ ਧਨ ਦੇ ਬਲਬੂਤੇ ਅਤੇ ਗੋਦੀ ਮੀਡੀਆ ਦੀ ਸਹਾਇਤਾ ਨਾਲ ਵਿਰੋਧੀ ਸਿਆਸਤਦਾਨ ਤਾਂ ਨੁਕਰੇ ਲਾਏ ਹੀ ਹੋਏ ਹਨ, ਹਾਕਮ ਧਿਰ ਨੂੰ ਵੀ ਨਿੱਸਲ ਕੀਤਾ ਹੋਇਆ ਹੈ। ਚੇਤੰਨ ਲੋਕਾਂ ਨੂੰ ਖੂੰਜੇ ਧੱਕਿਆ ਜਾ ਰਿਹਾ ਹੈ। ਦੇਸ਼ ਦੇ ਸਿਆਸਤਦਾਨ ਆਪਣਾ ਕਿਰਦਾਰ ਭੁੱਲ ਕੇ ਸਿਆਸਤ ਦਾ ਅਸਲ ਅਰਥ ਸਮਝਣੋਂ ਅੱਖਾਂ ਮੀਟ ਕੇ ਐਸ਼ੋ-ਆਰਾਮ ਅਤੇ ਸੁਖਮਈ ਜੀਵਨ ਦੇ ਆਦੀ ਹੋ ਗਏ ਹਨ।ਗੋਦੀ ਮੀਡੀਆ ਦੀ ਸਹਾਇਤਾ ਨਾਲ ਕਾਰਪੋਰੇਟ ਲਾਭੀ ਸਰਕਾਰ ਦੇ ਅੰਗ-ਸੰਗ ਖੜੋ ਕੇ, ਹਰੇ-ਭਰੇ ਲੋਕ ਲੁਭਾਉਣੇ ਨਾਹਰੇ ਲੋਕਾਂ ਸਾਹਮਣੇ ਪੇਸ਼ ਕਰਦਿਆਂ ਵੋਟ ਬੈਂਕ ਕਾਬੂ ਕਰਨ 'ਚ ਕਾਮਯਾਬ ਹੋ ਚੁੱਕੀ ਹੈ। ਇੰਜ ਸਿਆਸਤਦਾਨ ਆਪਣੀ ਮੁਢਲੀ ਲੋਕ ਹਿਤੈਸ਼ੀ ਭੂਮਿਕਾ ਗੁਆ ਚੁੱਕਾ ਹੈ।

ਹੁਣ ਇਹਨਾਂ ਸਿਆਸਤਦਾਨਾਂ ਦਾ ਰੋਹਬ ਆਮ ਲੋਕਾਂ ਤੱਕ ਪਹੁੰਚ ਚੁੱਕਾ ਹੈ। ਉਹਨਾ ਦੇ ਰੁਤਬੇ ਦੀ ਧੌਂਸ, ਲੋਕ ਆਪਣੇ ਮਨਾਂ 'ਚ ਵਸਾ ਚੁੱਕੇ ਹਨ ਅਤੇ ਅਜੋਕੇ ਸਿਆਸਤਦਾਨ ਸਿਆਸਤ ਨੂੰ ਆਪਣਾ ਕਿੱਤਾ ਸਮਝ ਆਪਣੀ ਰਾਜ ਗੱਦੀ ਰਾਜਾਸ਼ਾਹੀ ਵਾਂਗ ਆਪਣੀ ਸੰਤਾਨ ਨੂੰ ਸੌਂਪ ਰਹੇ ਹਨ। ਦੇਸ਼ ਦੀ ਜਨਤਾ ਇਸ ਨੂੰ ਬੁਰਾ ਨਹੀਂ ਮੰਨ ਰਹੀ। ਨਹੀਂ ਮੰਨ ਰਹੀ ਬੁਰਾ ਕਿ ਉਹਨਾਂ ਦੇ ਸੰਸਦ ਮੈਂਬਰ ਅਤੇ ਵਿਧਾਇਕ ਪੁਰਾਣੇ ਰਾਜੇ-ਮਹਾਰਾਜਿਆਂ ਦੀ ਤਰ੍ਹਾਂ ਰਹਿਣ ਲੱਗੇ ਹਨ, ਭਾਵੇਂ ਕਿ ਪੁਸ਼ਾਕ ਦੇ ਤੌਰ 'ਤੇ ਉਹ ਖੱਦਰ ਦੇ ਕੁੜਤੇ ਪਹਿਨਦੇ ਹਨ।

**# ਸੰਪਰਕ : 98158-02070**

# ਲੇਖਕ ਨੂੰ ਕਲਮ ਦੀ ਤਾਕਤ ਦਾ ਪਤਾ ਹੋਣਾ ਚਾਹੀਦੈ

**ਡਾ. ਸੁਖਰਾਜ ਸਿੰਘ ਬਾਜਵਾ**

ਲੇਖਕ, ਜੋ ਸਮਾਜ ਦਾ ਨੁਮਾਇੰਦਾ ਹੁੰਦਾ ਹੈ, ਸੱਚ ਲਿਖਣਾ ਤੇ ਸਮਾਜ ਨੂੰ ਜਗਾਉਣਾ ਉਸ ਦੇ ਹਿੱਸੇ ਆਉਂਦਾ ਹੈ।ਕਹਿੰਦੇ ਹਨ ਕਿ ਕਲਮ ਕਦੀ ਵੀ ਗੁਲਾਮ ਨਹੀਂ ਹੋ ਸਕਦੀ, ਉਹ ਤਾਂ ਆਜ਼ਾਦ ਹੈ, ਜਦ ਵੀ ਲਿਖਦੀ ਹੈ, ਸੱਚ ਹੀ ਲਿਖਦੀ ਹੈ।ਜੇਕਰ ਗੱਲ ਕਰੀਏ ਸਮਾਜ ਸੁਧਾਰਕ ਅੰਦੋਲਨਾਂ ਦੀ ਤੇ ਭਾਵੇਂ ਗੱਲ ਕਰੀਏ ਦੇਸ਼ ਦੀ ਆਜ਼ਾਦੀ ਦੀ , ਇਹ ਕਲਮ ਦੀ ਤਾਕਤ ਹੀ ਸੀ, ਜੋ ਆਮ ਲੋਕਾਂ ਨੂੰ ਉਹਨਾਂ ਦੇ ਹੱਕਾਂ ਲਈ ਜਾਗਰੂਕ ਕਰਦੀ ਰਹੀ। ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਖਤਮ ਕਰਨ ਲਈਆਂ ਲੋਕਾਂ ਦੀ ਆਵਾਜ਼ ਇਹ ਕਲਮ ਹੀ ਬਣਦੀ ਰਹੀ ਹੈ।ਕਲਮ, ਜੋ ਹਮੇਸ਼ਾ ਦਰਬਾਰੇ ਖ਼ਾਸ ਦੀ ਵਿਰੋਧੀ ਤੇ ਆਮ ਜਨ-ਮਾਨਸ ਦੀ ਆਵਾਜ਼ ਸਰਕਾਰੇ-ਦਰਬਾਰੇ ਪਹੁੰਚਾਉਂਦੀ ਰਹੀ ਹੈ। ਜੇਕਰ ਗੱਲ ਦੇਸ਼ ਦੀ ਆਜ਼ਾਦੀ ਦੀ ਕਰੀਏ ਤਾਂ ਇਤਿਹਾਸ ਦੱਸਦਾ ਹੈ ਕਿ ਚਾਹੇ ਓਹ ਬੱਬਰ ਲਹਿਰ ਹੋਵੇ ਜਾਂ ਪਗੜੀ ਸੰਭਾਲ ਜੱਟਾ ਲਹਿਰ, ਹਮੇਸ਼ਾ ਅਜ਼ਾਦੀ ਘੁਲਾਟੀਆਂ ਨੇ ਆਪਣੀ ਆਵਾਜ਼ ਲੋਕਾਂ ਤੱਕ ਪਹੁੰਚਾਉਣ ਲਈ ਕਲਮ ਦਾ ਹੀ ਸਹਾਰਾ ਲਿਆ।

ਨਵਾਂਸ਼ਹਿਰ ਦੇ ਦੌਲਤਪੁਰ ਤੋਂ ਛਪਦਾ ਬੱਬਰਾਂ ਦਾ ਅਖ਼ਬਾਰ ਹੋਵੇ, ਚਾਹੇ ਭਗਤ ਸਿੰਘ ਦੇ ਲਿਖੇ ਲੇਖ ਹੋਣ, ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਹਕੂਮਤ ਦੇ ਜ਼ੁਲਮਾਂ ਦੇ ਵਿਰੁੱਧ ਵਿੱਚ ਲੋਕਾਂ ਦੇ ਮਨਾਂ ਵਿੱਚ ਅੰਗਾਰ ਲਗਾਉਣ ਦਾ ਕੰਮ ਕਰਦੇ ਰਹੇ ਹਨ। ਭਗਤ ਸਿੰਘ ਦੀ ਫਾਂਸੀ ਵੇਲੇ ਜਿਸ ਤਰ੍ਹਾਂ ਅਖ਼ਬਾਰਾਂ ਨੇ ਆਪਣਾ ਕੰਮ ਕੀਤਾ, ਉਹ ਅੱਜ ਵੀ ਸ਼ਲਾਘਾਯੋਗ ਹੈ। ਉਸ ਵੇਲੇ ਅੰਗਰੇਜ਼ੀ ਹਕੂਮਤ ਤੋ ਨਾ ਤਾਂ ਅਖ਼ਬਾਰ ਦੇ ਮਾਲਕ ਡਰਦੇ ਸਨ ਤੇ ਨਾ ਹੀ ਲੇਖਕ। ਮੁਗ਼ਲ ਕਾਲ ਵਿੱਚ ਵੀ ਬਹੁਤ ਸਾਰੇ ਲੇਖਕ ਅਜਿਹੇ ਹੋਏ ਹਨ, ਜਿਨ੍ਹਾਂ ਬਿਨਾਂ ਕਿਸੇ ਡਰ ਦੇ ਜ਼ੁਲਮ ਦੇ ਖਿਲਾਫ ਆਪਣੀ ਤੇ ਆਮ ਜਨ-ਮਾਨਸ ਦੀ ਅਵਾਜ਼ ਨੂੰ ਬੁਲੰਦ ਕੀਤਾ। ਮੁਗ਼ਲ ਕਾਲ ਵੇਲੇ ਦੇ ਸਾਹਿਤ ਨੂੰ ਜੇਕਰ ਪੜ੍ਹਿਆ ਜਾਵੇ ਤਾਂ ਇੰਜ ਲਗਦਾ ਹੈ ਕਿ ਉਦੋਂ ਵੀ ਬੇਸ਼ੱਕ ਸ਼ਾਸਕ ਕਲਮ ਦੀ ਆਵਾਜ਼ ਨੂੰ ਦਬਣਾ ਚਾਹੁੰਦਾ ਸੀ, ਪਰ ਲੇਖਕ ਬੇਬਾਕ ਹੋ ਕੇ ਲਿਖਦਾ ਰਿਹਾ। ਉਦੋ ਵੀ ਲੇਖਕ ਨੂੰ ਅੰਜਾਮ ਪਤਾ ਸੀ, ਪਰ ਉਹ ਈਣ ਮੰਨਣ ਨੂੰ ਤਿਆਰ ਨਹੀਂ ਸੀ।

ਪੰਜਾਬ ਵਿੱਚ 1980 ਤੋਂ 1994 ਤੱਕ ਦਾ ਅਜਿਹਾ ਦੌਰ ਵੀ ਆਇਆ, ਜਿਸ ਨੂੰ ਕਾਲੇ ਦੌਰ ਨਾਲ ਜਾਣਿਆ ਜਾਂਦਾ ਹੈ, ਉਦੋਂ ਵੀ ਪਾਸ਼ ਵਰਗੇ ਨਿੱਡਰ ਲੇਖਕਾਂ ਦਾ ਜਨਮ ਹੋਇਆ, ਜਿਨ੍ਹਾਂ ਦੀ ਕਲਮ ਸੱਚ ਲਿਖਣ ਤੋਂ ਕਦੀ ਵੀ ਪਿੱਛੇ ਨਹੀਂ ਹਟੀ, ਚਾਹੇ ਉਸ ਦੀ ਕੀਮਤ ਆਪਣੀ ਜਾਨ ਦੇ ਕੇ ਹੀ ਕਿਉਂ ਨਾ ਚੁਕਾਉਣੀ ਪਈ। ਉਸ ਦੌਰ ਵਿਚ ਵੀ ਬਹੁਤ ਸਾਰੇ ਪੰਜਾਬੀ ਦੇ ਅਜਿਹੇ ਲੇਖਕ ਅਤੇ ਪੱਤਰਕਾਰ ਹੋਏ ਹਨ, ਜਿਨ੍ਹਾਂ ਪੁਲਸ ਦੇ ਅਨੇਕਾਂ ਤਸੀਹੇ ਝੱਲੇ, ਪਰ ਆਪਣੀ ਲੇਖਣੀ ਨਾਲ ਸਮਝੌਤਾ ਨਹੀਂ ਕੀਤਾ।

ਬੇਂਗਲੁਰੂ ਵਿਚ ਮਾਰੀ ਗਈ ਪੱਤਰਕਾਰ ਗੌਰੀ ਲੰਕੇਸ਼ ਨੇ ਆਖਰੀ ਦਮ ਤੱਕ ਕਲਮ ਨਾਲ ਕੋਈ ਸਮਝੌਤਾ ਨਹੀਂ ਕੀਤਾ ਤੇ ਸੱਚ ਲਿਖਣ ਤੋਂ ਕਦਮ ਪਿਛਾਂਹ ਨਹੀਂ ਖਿੱਚੇ, ਬੇਸ਼ੱਕ 55 ਵਰ੍ਹਿਆਂ ਦੀ ਇਸ ਪੱਤਰਕਾਰ ਨੂੰ ਆਪਣੀ ਜਾਨ ਗਵਾਉਣੀ ਪਈ। ਕੁਲਦੀਪ ਨਈਅਰ ਵਰਗੇ ਲੇਖਕ ਹੁਕਮਰਾਨਾਂ ਦੇ ਖਿਲਾਫ ਖੁੱਲ੍ਹ ਕੇ ਲਿਖਦੇ ਰਹੇ। ਗੱਲ ਕਰੀਏ 1980 ਤੋਂ 1994 ਦੇ ਦੌਰ ਦੀ ਤਾਂ ਪੰਜਾਬ ਵਿੱਚ ਬਹੁਤ ਸਾਰੇ ਪੰਜਾਬੀ ਅਖ਼ਬਾਰ ਸਨ, ਜਿਨ੍ਹਾਂ ਨੂੰ ਉਸ ਵੇਲੇ ਦੀ ਹਕੂਮਤ ਦੀ ਨਰਾਜ਼ਗੀ ਦਾ ਸਾਹਮਣਾ ਕਰਨਾ ਪਿਆ ਅਤੇ ਭਾਰੀ ਆਰਥਕ ਨੁਕਸਾਨ ਵੀ ਸਹਿਣਾ ਪਿਆ, ਪਰ ਉਹ ਸੱਚ ਦੀ ਆਵਾਜ਼ ਬਣਨ ਤੋਂ ਪਿੱਛੇ ਨਹੀਂ ਹਟੇ।

ਇਕ ਵੇਲਾ ਅਜਿਹਾ ਰਿਹਾ, ਜਦ ਲੇਖਕ ਅਤੇ ਪੱਤਰਕਾਰ ਕੋਲ ਬਹੁਤਾ ਪੈਸਾ ਤਾਂ ਨਹੀਂ ਹੁੰਦਾ ਸੀ, ਪਰ ਉਸ ਦੀ ਕਦਰ ਆਮ ਲੋਕਾਂ ਵਿਚ ਅਤੇ ਸਰਕਾਰੇ-ਦਰਬਾਰੇ ਵੀ ਹੁੰਦੀ ਸੀ। ਇਹ ਉਹ ਸਮਾਂ ਸੀ, ਜਦ ਲੇਖਕਾਂ ਨੂੰ ਚੰਗੇ ਪਾਠਕ ਵੀ ਮਿਲਦੇ ਰਹੇ ਹਨ।ਲੋਕ ਅਖ਼ਬਾਰਾਂ ਦੇ ਨਾਲ-ਨਾਲ ਕਿਤਾਬਾਂ ਵੀ ਪੜ੍ਹਦੇ ਰਹੇ ਹਨ।ਗੁਰਸ਼ਰਨ ਸਿੰਘ ਦੇ ਨਾਟਕ ਹੋਣ ਜਾਂ ਸੰਤ ਰਾਮ ਉਦਾਸੀ , ਮੋਹਨ ਸਿੰਘ , ਬਾਬਾ ਬਲਵੰਤ ਤੇ ਲਾਲ ਸਿੰਘ ਦਿਲ, ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ, ਜਿਨ੍ਹਾਂ ਸਮਾਜਿਕ ਤੇ ਰਾਜਨੀਤਕ ਮੁੱਦਿਆਂ ਨੂੰ ਕ੍ਰਾਂਤੀਕਾਰੀ ਤਰੀਕਿਆਂ ਨਾਲ ਆਪਣੇ ਲੇਖਾਂ ਤੇ ਕਵਿਤਾਵਾਂ ਵਿਚ ਬਾਖੂਬੀ ਚੁੱਕਿਆ। ਖੁਸ਼ਵੰਤ ਸਿੰਘ ਤੇ ਬਲਵੰਤ ਗਾਰਗੀ ਨੇ ਉਦਾਰ ਮਾਨਵਤਾਵਾਦ, ਵਿਗਿਆਨਕ ਸੋਚ ਅਤੇ ਤਰਕਵਾਦ ਉਪਰ ਖੁੱਲ੍ਹ ਕੇ ਲਿਖਿਆ ਹੈ, ਨੂੰ ਪੜ੍ਹਿਆ ਜਾਂਦਾ ਰਿਹਾ ਹੈ। ਅੰਮ੍ਰਿਤਾ ਪ੍ਰੀਤਮ ਦੀ 'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ' ਲਗਭਗ ਹਰ ਜ਼ੁਬਾਨ 'ਤੇ ਹੁੰਦਾ ਸੀ। ਉਸ ਵੇਲੇ ਚੰਗਾ ਸਾਹਿਤ ਸਿਰਜਿਆ ਗਿਆ, ਜਿਸ ਨੂੰ ਨੌਜਵਾਨ ਪੀੜ੍ਹੀ ਨੇ ਖੂਬ ਪੜ੍ਹਿਆ।ਬਾਜ਼ਾਰ ਵਿਚ ਕੋਈ ਨਵਾਂ ਨਾਵਲ ਆਉਣਾ ਤਾਂ ਨੌਜਵਾਨ ਪੀੜ੍ਹੀ ਨੇ ਚਾਅ ਨਾਲ ਖਰੀਦਣ।ਸਮਾਂ ਬੀਤਦਾ ਗਿਆ ਤੇ ਪੈਸਾ ਲੇਖਣੀ 'ਤੇ ਭਾਰੂ ਪੈਣ ਲਗਾ।ਕਲਮ ਵਿਕਾਊ ਹੋਣ ਲੱਗੀ।ਜਿੱਥੇ ਪੱਤਰਕਾਰਾਂ 'ਤੇ ਵਿਕਾਊ ਹੋਣ ਦਾ ਲੇਬਲ ਲੱਗਣ ਲੱਗਾ, ਉਥੇ ਹੀ ਬੁੱਧੀਜੀਵੀ ਵਰਗ ਵੀ ਸਰਕਾਰ ਦੇ ਖਿਲਾਫ ਖੁੱਲ੍ਹ ਕੇ ਲਿਖਣ ਤੋਂ ਡਰਨ ਲੱਗਾ।ਬਹੁਤੇ ਲੇਖਕ ਜਾਂ ਤਾਂ ਹੁਕਮਰਾਨਾਂ ਦੇ ਗੁਣਗਾਨ ਕਰਨ ਲੱਗ ਗਏ ਜਾਂ ਫੇਰ ਉਨ੍ਹਾਂ ਦੀ ਕਲਮ ਤੋਂ ਸ਼ਬਦ ਉਕਰਨੇ ਬੰਦ ਹੋ ਗਏ। ਹੁਣ ਬੁੱਧੀਜੀਵੀ, ਜਿਨ੍ਹਾਂ ਉਪਰ ਸਮਾਜ ਨੂੰ ਉਪਰ ਚੁੱਕਣ ਦੀ ਜ਼ਿੰਮੇਵਾਰੀ ਸੀ, ਜਿਨ੍ਹਾਂ 'ਤੇ ਸਮਾਜ ਵਿਚ ਉੱਭਰ ਰਹੀਆਂ ਕੁਰੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦੀ ਜ਼ਿੰਮੇਦਾਰੀ ਬਣਦੀ ਸੀ, ਉਹ ਚੁੱਪ ਕਰ ਗਏ। ਬਹੁਤ ਸਾਰੇ ਲੇਖਕ ਹੁਕਮਰਾਨਾਂ ਦੇ ਖਾਸ ਬਣਨ ਦੀ ਹੋੜ ਵਿਚ ਉਹੀ ਲਿਖਦੇ, ਜੋ ਉਨ੍ਹਾਂ ਨੂੰ ਪਸੰਦ ਹੁੰਦਾ।ਬਹੁਤਾਤ ਪੱਤਰਕਾਰ ਭਾਈਚਾਰਾ ਵੀ ਲੋਕ ਮੁੱਦਿਆਂ ਦੀ ਗਲ ਕਰਨ ਦੀ ਜਗ੍ਹਾ ਹੁਕਮਰਾਨਾਂ ਦੇ ਗੁਣਗਾਨ ਕਰਨ ਵਿਚ ਹੀ ਆਪਣੀ ਭਲਾਈ ਸਮਝਣ ਲੱਗ ਗਿਆ।ਪਾਠਕ ਓਹੀ ਪੜ੍ਹਨਾ ਚਾਹੁੰਦਾ, ਜਿਸ ਵਿਚ ਉਸ ਦੇ ਹੱਕ ਦੀ ਗੱਲ ਕੀਤੀ ਹੋਵੇ।

ਕਿਤਾਬਾਂ ਤੋਂ ਵੀ ਪਾਠਕ ਵਰਗ ਦਾ ਮੋਹ ਭੰਗ ਹੋ ਰਿਹਾ ਹੈ। ਕਿਤਾਬ ਕੋਈ ਖਰੀਦ ਕੇ ਪੜ੍ਹਨਾ ਪਸੰਦ ਨਹੀਂ ਕਰਦਾ। ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਬਹੁਤੇ ਲੋਕਾਂ ਦੀ ਰਾਏ ਸੀ ਕਿ ਹੁਣ ਪਹਿਲਾਂ ਵਾਂਗ ਚੰਗਾ ਸਾਹਿਤ ਨਹੀਂ ਮਿਲ ਰਿਹਾ, ਜੋ ਦਿਲ ਨੂੰ ਛੂੰਹਦਾ ਸੀ। ਇਕ ਵਾਰ ਕਿਸੇ ਜਗ੍ਹਾ ਮੁਲਾਕਾਤ ਹੋਈ ਤਾਂ ਚਰਚਾ ਛਿੜ ਪਈ ਕਿ ਅੱਜਕੱਲ੍ਹ ਕੋਈ ਕਿਤਾਬ ਖਰੀਦ ਕੇ ਨਹੀਂ ਪੜ੍ਹਦਾ ਤਾਂ ਮੇਰੇ ਤੋਂ ਰਿਹਾ ਨਹੀਂ ਗਿਆ ਤੇ ਕਹਿ ਦਿੱਤਾ ਕਿ ਕਦੀ ਲੋਕਾਂ ਦੇ ਮੁੱਦੇ ਆਪਣੀ ਲੇਖਣੀ ਵਿਚ ਸ਼ਾਮਿਲ ਕਰੋ, ਲੋਕ ਆਪਣੇ ਆਪ ਪੜ੍ਹਨਾ ਸ਼ੁਰੂ ਕਰ ਦੇਣਗੇ। ਮੇਰੀ ਬੁੱਧੀਜੀਵੀ ਵਰਗ ਤੇ ਲੇਖਕ ਵਰਗ ਨਾਲ ਹਮੇਸ਼ਾ ਇਸ ਗੱਲ ਨੂੰ ਲੈ ਕੇ ਨਰਾਜ਼ਗੀ ਰਹੀ ਹੈ ਕਿ ਅਗਰ ਤੁਸੀਂ ਸਮਾਜਿਕ ਕੁਰੀਤੀਆਂ ਖ਼ਿਲਾਫ਼ ਜਾਂ ਹਕੂਮਤ ਦੇ ਆਮ ਲੋਕਾਂ ਖਿਲਾਫ ਜ਼ੁਲਮ ਦੀ ਆਵਾਜ਼ ਨਹੀਂ ਬਣੋਗੇ ਤਾਂ ਫੇਰ ਕੌਣ ਬਣੇਗਾ। ਜੇਕਰ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਮੁੜ ਅਖ਼ਬਾਰਾਂ ਜਾਂ ਕਿਤਾਬਾਂ ਪੜ੍ਹਨ ਲਈ ਉਤਸ਼ਾਹਿਤ ਕਰਨਾ ਹੈ ਤਾਂ ਲੇਖਕ ਵਰਗ ਨੂੰ ਉਨ੍ਹਾਂ ਦੀ ਆਵਾਜ਼ ਬਣਨਾ ਪਵੇਗਾ। ਸਮਾਜ ਦੇ ਉਲਝ ਰਹੇ ਤਾਣੇ-ਬਾਣੇ ਨੂੰ ਸੁਲਝਾਉਣ ਲਈ ਨਿੱਡਰ ਜੋ ਕੇ ਲਿਖਣਾ ਪਵੇਗਾ। ਨੌਜਵਾਨਾਂ ਦੇ ਮੁੱਦਿਆਂ ਦੀ ਆਵਾਜ਼ ਬਣਨ ਲਈ ਤੇ ਹਕੂਮਤ ਨੂੰ ਆਮ ਲੋਕਾਂ ਲਈ ਕੰਮ ਕਰਨ ਲਈ ਮਜਬੂਰ ਕਰਨ ਲਈ ਬੇਖੌਫ ਹੋ ਕੇ ਲਿਖਣਾ ਪਵੇਗਾ। ਲੇਖਕ ਵਰਗ ਨੂੰ ਆਪਣੀ ਕਲਮ ਦੀ ਤਾਕਤ ਪਹਿਚਾਨਣੀ ਹੀ ਪਵੇਗੀ।

**# ਸੰਪਰਕ : 78886-84597**

# ਹਰ ਬਿਲਡਿੰਗ 'ਤੇ ਬੁਲਡੋਜ਼ਰ ਚਲਾਉਣਾ ਜਾਇਜ਼ ਨਹੀਂ



ਵਿਸ਼ਵਾ ਮਿੱਤਰ

ਬੁਲਡੋਜ਼ਰ ਇੱਕ ਸ਼ਕਤੀਸ਼ਾਲੀ ਮਸ਼ੀਨ ਹੈ, ਜੋ ਕਿ ਕਿਸੇ ਵੀ ਬਿਲਡਿੰਗ ਨੂੰ ਘੜੀਆਂ, ਪਲਾਂ ਵਿਚ ਢਹਿ-ਢੇਰੀ ਕਰ ਸਕਦੀ ਹੈ। ਇਸ ਨੂੰ ਨਾਜਾਇਜ਼ ਉਸਾਰੀਆਂ, ਸਰਕਾਰੀ ਜ਼ਮੀਨ ਉੱਤੇ ਗੈਰ-ਕਾਨੂੰਨੀ ਕੀਤੀਆਂ ਉਸਾਰੀਆਂ ਡੇਗਣ ਅਤੇ ਮਲਬਾ ਟਿਕਾਣੇ ਲਗਾਉਣ ਲਈ ਵਰਤਿਆ ਜਾ ਰਿਹਾ ਹੈ, ਜਦਕਿ ਉਹ ਪੁਰਾਣੀਆਂ ਉਸਾਰੀਆਂ ਜਿਹਨਾਂ ਦਾ ਕਿਸੇ ਵਕਤ ਵੀ ਡਿੱਗਣ ਕਾਰਨ ਜਾਨ ਅਤੇ ਮਾਲ ਨੂੰ ਖਤਰਾ ਹੋਵੇ, ਉਹਨਾਂ ਨੂੰ ਢਾਹੁਣ ਅਤੇ ਮਲਬਾ ਹਟਾਉਣ ਲਈ ਬੁਲਡੋਜ਼ਰ ਵਰਤਿਆ ਜਾਣਾ ਚਾਹੀਦਾ ਹੈ। ਬੁਲਡੋਜ਼ਰ ਉੱਥੇ ਵੀ ਚਲਾਇਆ ਜਾ ਸਕਦਾ ਹੈ, ਜਿੱਥੇ ਕਿਸੇ ਮਕਾਨ ਜਾਂ ਦੁਕਾਨ ਦਾ ਵਾਧਰਾ ਜਾਂ ਥੜ੍ਹਾ ਟਰੈਫਿਕ ਵਿਚ ਵਿਘਨ ਪਾਉਂਦਾ ਹੋਵੇ।

ਬੁਲਡੋਜ਼ਰ ਸਰਕਾਰ ਦੀ ਸ਼ਕਤੀ ਦਾ ਪ੍ਰਤੀਕ ਤਾਂ ਹੋ ਸਕਦਾ ਹੈ, ਪਰ ਇਹ ਨਿਰੋਲ ਕਿਸੇ ਇੱਕ ਧਾਰਮਿਕ ਮੰਤਵ ਲਈ ਨਹੀਂ ਹੋਣਾ ਚਾਹੀਦਾ। ਜਿਸ ਤਰੀਕੇ ਨਾਲ ਪਿਛਲ਼ੇ ਤਿੰਨ-ਚਾਰ ਸਾਲਾਂ ਤੋਂ ਉਸਾਰੀਆਂ ਢਾਹੀਆਂ ਜਾ ਰਹੀਆਂ ਹਨ, ਉਸ ਤਰੀਕੇ ਨਾਲ ਬੁਲਡੋਜ਼ਰ ਸਰਕਾਰੀ ਸ਼ਕਤੀ ਦਾ ਪ੍ਰਤੀਕ ਹੋਣ ਦੀ ਬਜਾਏ ਹਿੰਦੂ ਸ਼ਕਤੀ ਦਾ ਪ੍ਰਤੀਕ ਬਣ ਗਿਆ ਹੈ। ਬੁਲਡੋਜ਼ਰ ਸਰਕਾਰੀ ਤਾਕਤ ਨਾਲ ਹਿੰਦੂ ਬਹੁ-ਗਿਣਤੀ ਵੱਲੋਂ ਘੱਟ ਗਿਣਤੀ ਮੁਸਲਮਾਨਾਂ ਨੂੰ ਡਰਾਉਣ ਅਤੇ ਦਬਾਉਣ ਦਾ ਹਥਿਆਰ ਬਣ ਗਿਆ ਹੈ। ਸਰਕਾਰ ਨੇ ਆਪਣੀ ਹੋਂਦ ਕਾਇਮ ਰੱਖਣ ਲਈ ਜਾਂ ਆਪਣੀ ਉਮਰ ਲੰਬੀ ਕਰਨ ਲਈ ਇੱਕ ਹੀ ਫਾਰਮੂਲਾ ਅਪਣਾਇਆ ਹੋਇਆ ਹੈ ਕਿ ਪਹਿਲਾਂ ਮੁਸਲਮਾਨਾਂ ਅਤੇ ਈਸਾਈਆਂ ਨੂੰ ਬਦਨਾਮ ਕਰਨ ਲਈ ਇਹਨਾਂ ਨੂੰ ਵਿਦੇਸ਼ੀ ਕਿਹਾ ਜਾਵੇ, ਹਰ ਪ੍ਰਕਾਰ ਦੇ ਦੰਗੇ ਫਸਾਦਾਂ ਦਾ ਕਾਰਣ ਦੱਸਿਆ ਜਾਵੇ, ਗਊ ਮਾਤਾ ਦਾ ਹਤਿਆਰਾ ਦੱਸਿਆ ਜਾਵੇ ਅਤੇ ਬਾਅਦ ਵਿੱਚ ਕਿਸੇ ਨਾ ਕਿਸੇ ਬਹਾਨੇ ਉਹਨਾਂ ਨੂੰ ਤੰਗ ਕੀਤਾ ਜਾਵੇ , ਉਹਨਾਂ ਦੀਆਂ ਜਾਇਦਾਦਾਂ ਨੂੰ ਤਬਾਹ ਕੀਤਾ ਜਾਵੇ। ਕਿਸੇ ਵੀ ਥਾਂ ਤੇ ਕੋਈ ਦੰਗਾ ਹੋ ਜਾਵੇ, ਭਾਵੇਂ ਉਸ ਵਿੱਚ ਕਿਸੇ ਮੁਸਲਮਾਨ ਦਾ ਹੱਥ ਨਾ ਵੀ ਹੋਵੇ ਪਰ ਉਸ ਨੂੰ ਦੋਸ਼ੀ ਮੰਨ ਕੇ ਉਸ ਦਾ ਮਕਾਨ, ਦੁਕਾਨ ਜਾਂ ਦਫਤਰ ਢਾਅ ਦਿੱਤਾ ਜਾਂਦਾ ਹੈ। ਕਿਸੇ ਥਾਂ 'ਤੇ ਕੋਈ ਗਊ ਵੰਸ਼ ਦਾ ਕਤਲ ਭਾਵੇਂ ਕਿਸੇ ਸ਼ਰਾਰਤੀ ਹਿੰਦੂ ਨੇ ਹੀ ਕੀਤਾ ਹੋਵੇ, ਪਰ ਇਸ ਕਤਲ ਦਾ ਜ਼ਿੰਮੇਵਾਰ ਕਿਸੇ ਮੁਸਲਮਾਨ ਨੂੰ ਮੰਨ ਕੇ ਉਸ ਦਾ ਘਰ ਢਾਹ ਦਿੱਤਾ ਜਾਂਦਾ ਹੈ ਅਤੇ ਨਾਲ ਹੀ ਸਰਕਾਰ ਵੱਲੋਂ ਭਾਰਤ ਮਾਤਾ ਕੀ ਜੈ, ਹਿੰਦੂ ਰਾਸ਼ਟਰ ਕੀ ਜੈ ਦੇ ਨਾਹਰੇ ਲਗਾਉਣ ਵਾਲੇ ਸੱਦ ਲਏ ਜਾਂਦੇ ਹਨ।

ਹਿੰਦੂ ਬਹੁਗਿਣਤੀ ਭਾਰਤ ਵਿਚ ਅਤੇ ਖਾਸ ਕਰ ਭਾਜਪਾ ਸ਼ਾਸਿਤ ਪ੍ਰਦੇਸ਼ਾਂ ਵਿਚ ਮੁਸਲਮਾਨਾਂ ਦੀਆਂ ਉਸਾਰੀਆਂ 'ਤੇ ਕਿਸੇ ਨਾਲ ਕਿਸੇ ਬਹਾਨੇ ਬੁਲਡੋਜ਼ਰ ਚਲਾ ਦਿੱਤਾ ਜਾਂਦਾ ਹੈ ਅਤੇ ਹਿੰਦੂ ਰਾਸ਼ਟਰਵਾਦੀ ਇਸ 'ਤੇ ਜਸ਼ਨ ਮਨਾਉਂਦੇ ਹਨ, ਗੋਦੀ ਮੀਡੀਆ ਆਪਣੀ ਟੀ ਆਰ ਪੀ ਵਧਾਉਣ ਲਈ ਇਸ ਜਸ਼ਨ ਨੂੰ ਕਈ ਵਾਰ ਦਰਸਾਉਂਦਾ ਹੈ। ਮੁਸਲਮਾਨ ਭਾਰਤ ਵਿਚ ਡਰ ਅਤੇ ਦਹਿਸ਼ਤ ਦੇ ਵਾਤਾਵਰਣ ਵਿਚ ਰਹਿ ਰਹੇ ਹਨ।

ਸੁਪਰੀਮ ਕੋਰਟ ਨੇ ਕਿਹਾ-ਅਧਿਕਾਰੀ ਸਿਰਫ਼ ਇਸ ਲਈ ਘਰਾਂ ਨੂੰ ਨਹੀਂ ਢਾਹ ਸਕਦੇ, ਕਿਉਂਕਿ ਕਿਸੇ ਵਿਅਕਤੀ 'ਤੇ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ ਅਤੇ ਅਜਿਹੀ ਕਿਸੇ ਵੀ ਕਾਰਵਾਈ ਲਈ ਸਾਡੇ ਵੱਲੋਂ ਸਖ਼ਤ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਕਾਰਜਕਾਰੀ [ਸਰਕਾਰ] ਜੱਜ ਬਣ ਕੇ ਜਾਇਦਾਦਾਂ ਨੂੰ ਢਾਹ ਨਹੀਂ ਸਕਦੀ। ਬੁਲਡੋਜ਼ਰ ਨਾਲ ਇਮਾਰਤ ਨੂੰ ਢਾਹੇ ਜਾਣ ਦਾ ਭਿਆਨਕ ਦ੍ਰਿਸ਼ ਉਸ ਕਾਨੂੰਨਹੀਣਤਾ ਦੀ ਯਾਦ ਦਿਵਾਉਂਦਾ ਹੈ, ਜਿੱਥੇ 'ਜਿਸ ਦੀ ਲਾਠੀ ਉਸ ਦੀ ਭੈਂਸ' ਹੁੰਦਾ ਸੀ।

ਸੁਪਰੀਮ ਕੋਰਟ ਨੇ ਅਧਿਕਾਰੀਆਂ ਨੂੰ ਪ੍ਰਭਾਵਤ ਵਿਅਕਤੀ ਨੂੰ ਸਰਕਾਰੀ ਹੁਕਮ ਨੂੰ ਚੁਣੌਤੀ ਦੇਣ ਜਾਂ ਜਾਇਦਾਦ ਖਾਲੀ ਕਰਨ ਲਈ ਕਾਫ਼ੀ ਸਮਾਂ ਦੇਣ ਦਾ ਵੀ ਨਿਰਦੇਸ਼ ਦਿੱਤਾ ਹੈ, ਪਰ ਸਰਕਾਰ ਅਤੇ ਖਾਸਕਰ ਉੱਤਰ ਪ੍ਰਦੇਸ਼ ਸਰਕਾਰ ਸੱਤਾ ਦੇ ਨਸ਼ੇ ਵਿਚ ਮਦਹੋਸ਼ ਹੋਣ ਕਾਰਨ ਸੁਪਰੀਮ ਕੋਰਟ ਦਾ ਕਹਿਣਾ ਮੰਨਣ ਨੂੰ ਰਾਜ਼ੀ ਨਹੀਂ। ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਆਪ ਹੀ ਜੱਜ ਹੈ, ਆਪ ਹੀ ਕਾਰਜਕਾਰੀ ਅਫ਼ਸਰ ਹੈ ਅਤੇ ਜਿਹੜਾ ਉਸ ਨੇ ਸੋਚ ਲਿਆ ਉਹੀ ਕਨੂੰਨ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਾਬਕਾ ਵਿਦਿਆਰਥਣ ਆਫਰੀਨ ਫਾਤਿਮਾ , ਉਹ ਆਪ ਅਤੇ ਉਸ ਦੇ ਪਿਤਾ ਜਾਵੇਦ ਮੁਹੰਮਦ ਨਰਿੰਦਰ ਮੋਦੀ ਸਰਕਾਰ ਦੇ ਇਸ ਲਈ ਖੁੱਲ੍ਹੇ ਆਲੋਚਕ ਸਨ, ਕਿਉਂਕਿ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਨੂਪਰ ਸ਼ਰਮਾ ਵੱਲੋਂ ਪੈਗੰਬਰ ਮੁਹੰਮਦ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ ਅਤੇ ਇਸ ਤੋਂ ਬਾਅਦ ਉਹਨਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ ਸੀ। ਕੇਵਲ ਭਾਜਪਾ ਸਰਕਾਰ ਦਾ ਆਲੋਚਕ ਹੋਣ ਕਾਰਣ ਉਹਨਾਂ ਦਾ ਮਕਾਨ ਢਾਹ ਦਿੱਤਾ ਗਿਆ। ਉਸ ਪਰਵਾਰ ਨੇ ਉੱਤਰ ਪ੍ਰਦੇਸ਼ ਵਿੱਚ ਦੋ ਦਹਾਕਿਆਂ ਤੋਂ ਚੱਲੇ ਆ ਰਹੇ ਆਪਣੇ ਪਰਵਾਰਕ ਘਰ ਨੂੰ ਅਲ ਜਜ਼ੀਰਾ ਲਾਈਵ ਟੀ ਵੀ 'ਤੇ ਤਿੰਨ ਬੁਲਡੋਜ਼ਰਾਂ ਦੁਆਰਾ ਢਾਹਿਆ ਜਾਂਦਾ ਦੇਖਿਆ।

ਮਕਾਨ ਢਹਿ-ਢੇਰੀ ਕਰਨ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਨੇ ਕਿਹਾ-ਹਰ ਸ਼ੁੱਕਰ ਤੋਂ ਬਾਅਦ ਸ਼ਨੀ ਆਉਂਦਾ ਹੈ। ਪਾਠਕਾਂ ਨੂੰ ਇਸ ਦਾ ਡੂੰਘਾ ਅਰਥ ਵੀ ਦਸ ਦੇਵਾਂ ਕਿ ਸ਼ੁੱਕਰਵਾਰ ਮੁਸਲਮਾਨਾਂ ਲਈ ਪਵਿੱਤਰ ਦਿਨ ਹੈ ਅਤੇ ਹਿੰਦੂ ਮਿਥਹਾਸ ਅਨੁਸਾਰ ਸ਼ਨੀ ਸਾੜਸਤੀ, ਦੁੱਖ ਅਤੇ ਨੁਕਸਾਨ ਹੋਣ ਦਾ ਪਰਤੀਕ ਹੈ। ਭਾਜਪਾ ਦੇ ਇੱਕ ਹੋਰ ਵਿਧਾਇਕ ਨੇ ਇੱਕ ਟਵੀਟ ਵਿਚ ਮਕਾਨ ਢਾਹੇ ਜਾਣ ਦੀ ਵੀਡਿਉ ਦੇ ਹੇਠ ਲਿਖਿਆ-ਦੰਗਾਕਾਰੀਆਂ ਲਈ ਤੋਹਫ਼ਾ।ਐਮਨੈਸਟੀ ਇੰਟਰਨੈਸ਼ਨਲ ਦੇ ਅਨੁਸਾਰ ਉੱਤਰ ਪ੍ਰਦੇਸ਼, ਅਸਾਮ, ਗੁਜਰਾਤ, ਮੱਧ ਪ੍ਰਦੇਸ਼ ਅਤੇ ਦਿੱਲੀ ਸਮੇਤ ਪੰਜ ਰਾਜਾਂ ਵਿੱਚ ਅਪ੍ਰੈਲ ਅਤੇ ਜੂਨ 2022 ਦੇ ਵਿਚਕਾਰ ਸਜ਼ਾ ਵਜੋਂ ਬੁਲਡੋਜ਼ਰ ਨਾਲ ਇਮਾਰਤਾਂ ਢਾਹੁਣ ਵਿੱਚ ਵਾਧਾ ਹੋਇਆ। 15 ਦਿਨਾਂ ਦੇ ਅੰਤਰਾਲ ਵਿੱਚ ਕੁੱਲ 128 ਢਾਹੁਣ ਦੇ ਕੰਮ ਕੀਤੇ ਗਏ, ਜਿਸ ਨਾਲ 617 ਲੋਕ ਪ੍ਰਭਾਵਤ ਹੋਏ, ਜਿਸ ਵਿੱਚ ਮੁਸਲਮਾਨਾਂ ਨੂੰ ਜੂਨ 2022 ਵਿੱਚ ਵੱਧ ਤੋਂ ਵੱਧ ਨਿਸ਼ਾਨਾ ਬਣਾਇਆ ਗਿਆ।ਐਮਨੈਸਟੀ ਇੰਟਰੈਸ਼ਨਲ ਨੇ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦਾ ਸੁਆਗਤ ਕੀਤਾ ਹੈ, ਜਿਸ ਅਨੁਸਾਰ ਸਾਰੀਆਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਬੁਲਡੋਜ਼ਿੰਗ ਤੁਰੰਤ ਬੰਦ ਕਰਨ, ਜਿਹਨਾਂ ਦੀਆਂ ਜਾਇਦਾਦਾਂ ਢਾਹੀਆਂ ਗਈਆਂ ਹਨ ਉਹਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ, ਪਰ ਇਹ ਜ਼ੁਲਮ ਅਤੇ ਆਤੰਕ ਅਜੇ ਤੱਕ ਖਤਮ ਨਹੀਂ ਹੋਇਆ ਅਤੇ ਨਾ ਹੀ ਭਾਜਪਾ ਦੇ ਸੱਤਾ 'ਤੇ ਕਾਬਜ਼ ਰਹਿਣ ਤੱਕ ਖਤਮ ਹੋਣ ਦੀ ਉਮੀਦ ਹੈ। ਸਰਕਾਰ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਕਿ ਕਿਸੇ ਦੀ ਬਿਲਡਿੰਗ ਢਾਹੁਣ ਦੀ ਸਜ਼ਾ ਭਾਰਤ ਦੇ ਸੰਵਿਧਾਨ ਅਧੀਨ ਗਾਰੰਟੀਸ਼ੁਦਾ ਪਨਾਹ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਕਰਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਕੇਵਲ ਮੁਸਲਮਾਨਾਂ ਦੀਆਂ ਉਸਾਰੀਆਂ ਹੀ ਨਾਜਾਇਜ਼ ਹਨ, ਕੀ ਕੇਵਲ ਮੁਸਲਮਾਨ ਹੀ ਦੰਗਾਕਾਰੀ ਹਨ, ਕੀ ਹਿੰਦੂ ਸੈਨਾ, ਸ਼ਿਵ ਸੈਨਾ, ਵਿਸ਼ਵ ਹਿੰਦੂ ਪਰਿਸ਼ਦ ,ਬਜਰੰਗ ਦਲ ਅਤੇ ਭਾਜਪਾ ਕਾਰਕੁਨਾਂ ਦੀ ਕੋਈ ਨਜ਼ਾਇਜ਼ ਉਸਾਰੀ ਨਹੀਂ ਹੈ। ਕੀ ਸੰਘ ਪਰਵਾਰ ਦੇ ਮੈਂਬਰ ਦੰਗਾਕਾਰੀ ਨਹੀਂ ਹਨ, ਕੀ ਉਹ ਦੰਗਾਕਾਰੀ ਨਹੀਂ ਹਨ, ਜਿਹੜੇ ਮੁਸਲਮਾਨਾਂ ਦੇ ਹਰ ਤਿਉਹਾਰ 'ਤੇ ਮਸਜਿਦਾਂ ਉੱਤੇ ਭਗਵੇ ਝੰਡੇ ਲਹਿਰਾਉਂਦੇ ਹਨ, ਮਸਜਿਦਾਂ ਤੇ ਪੱਥਰ ਸੁੱਟਦੇ ਹਨ, ਮਸਜਿਦਾਂ ਦੇ ਸਾਹਮਣੇ ਡੀ. ਜੇ ਲਗਾਉਂਦੇ ਹਨ ਅਤੇ ਜੈ ਸ੍ਰੀ ਰਾਮ ਦੇ ਨਾਹਰੇ ਲਗਾਉਂਦੇ ਹਨ ਅਤੇ ਮੁਸਲਮਾਨਾਂ ਨੂੰ ਦੰਗਾ ਸ਼ੁਰੂ ਕਰਨ ਲਈ ਉਕਸਾਉਂਦੇ ਹਨ। ਇਹੋ ਹੁੜਦੰਗ ਈਸਾਈਆਂ ਦੇ ਤਿਉਹਾਰ ਤੇ ਚਰਚਾਂ ਨਾਲ ਹੁੰਦਾ ਹੈ। ਕੀ ਇਹਨਾਂ ਹੁੜਦੰਗੀਆਂ ਵਿੱਚੋਂ ਕਿਸੇ ਦਾ ਮਕਾਨ, ਦੁਕਾਨ ਜਾਂ ਦਫਤਰ ਢਾਹਿਆ ਗਿਆ ਹੈ ? ਅਗਲਾ ਸੁਆਲ ਇਹ ਹੈ ਕੀ ਹਰ ਬਿਲਡਿੰਗ ਢਾਹੁਣੀ ਜ਼ਰੂਰੀ ਹੈ? ਕੋਈ ਵੀ ਬਿਲਡਿੰਗ ਬਿਨਾਂ ਕਿਸੇ ਖਰਚ ਦੇ ਨਹੀਂ ਬਣੀ ਹੁੰਦੀ, ਇਸ 'ਤੇ ਧਨ ਅਤੇ ਸਮਾਂ ਲਗਦਾ ਹੈ। ਪਹਿਲੀ ਗੱਲ ਇਹ ਕਿ ਜਿਸ ਕਿਸੇ ਵਿਅਕਤੀ ਦਾ ਕਸੂਰ ਹੋਵੇ, ਉਸ ਨੂੰ ਕੋਰਟ ਵੱਲੋਂ ਨਿਰਧਾਰਿਤ ਸਜ਼ਾ ਦਿੱਤੀ ਜਾਵੇ।ਉਸ ਦੇ ਪਰਵਾਰ ਦਾ ਕੋਈ ਕਸੂਰ ਨਹੀਂ, ਪਰਵਾਰ ਨੂੰ ਘਰੋਂ ਬੇਘਰ ਕਰਨਾ ਕਿਹੜਾ ਨਿਆਂ ਹੈ ? ਫੇਰ ਵੀ ਜੇਕਰ ਵਿਅਕਤੀ ਨੂੰ ਪਰਵਾਰ ਸਮੇਤ ਘਰੋਂ ਕਢਣਾ ਹੈ ਤਾਂ ਉਸ ਦਾ ਘਰ ਕਿਸੇ ਲੋੜਵੰਦ ਨੂੰ ਦਿੱਤਾ ਜਾ ਸਕਦਾ ਹੈ, ਹਜ਼ਾਰਾਂ ਲੋਕ ਰਾਤ ਨੂੰ ਫੁੱਟ ਪਾਥ 'ਤੇ ਸੌਂਦੇ ਹਨ। ਬਣਿਆ ਹੋਇਆ ਮਕਾਨ, ਦੁਕਾਨ ਜਾਂ ਦਫਤਰ ਢਾਹੁਣਾ ਬਿਲਕੁੱਲ ਜਾਇਜ਼ ਨਹੀਂ।

**# ਸੰਪਰਕ : 94176-32228**

17 July Page 5.qxd 7/16/2025 10:44 PM Page 1



## ਚੌਥਾ ਦਰਜਾ ਮੁਲਾਜ਼ਮਾਂ ਦੀਆਂ ਦੂਰ-ਦੁਰਾਡੇ ਬਦਲੀਆਂ ਵਿਰੁੱਧ ਰੈਲੀ ਦਾ ਐਲਾਨ

**ਪਟਿਆਲਾ** (ਨ ਜ਼ ਸ) ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੀ ਹੰਗਾਮੀ ਮੀਟਿੰਗ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਨਹਿਰੀ ਵਿਭਾਗ ਦੇ ਮੁੱਖ ਇੰਜੀਨੀਅਰ ਵੱਲੋਂ ਜਾਰੀ ਹੁਕਮਾਂ 'ਤੇ ਖੇਤਰੀ ਦਫਤਰ




ਵਿਚਲੇ ਚੌਥਾ ਦਰਜਾ ਬੇਲਦਾਰਾਂ ਦੀਆਂ ਥੋਕ ਗਿਣਤੀ ਵਿੱਚ ਬਦਲੀਆਂ ਦੂਰ ਦੁਰਾਡੇ ਸਰਕਲ ਮੰਡਲਾਂ ਵਿੱਚ ਕੀਤੀਆਂ ਜਾਣ ਦਾ ਨੋਟਿਸ ਲਿਆ ਗਿਆ ਹੈ। ਇਨ੍ਹਾਂ ਬਦਲੀਆਂ 'ਚੋਂ ਅੰਤਰਰਾਸ਼ਟਰੀ ਨਹਿਰਾਂ ਭਾਖੜਾ ਮੇਨ ਲਾਈਨ ਸਰਕਲ ਵਿੱਚੋਂ ਤਬਦੀਲ 72 ਬੇਲਦਾਰਾਂ ਨੂੰ ਇੱਥੋਂ ਬਦਲ ਕੇ ਮਾਨਸਾ, ਬਠਿੰਡਾ, ਬਰਨਾਲਾ, ਰੋਪੜ, ਲੁਧਿਆਣਾ ਵਿਖੇ ਤੈਨਾਤ ਕਰਨ ਦੇ ਆਦੇਸ਼ ਹਨ। ਮੁਲਾਜ਼ਮ ਆਗੂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਬਲਜਿੰਦਰ ਸਿੰਘ, ਜਗਮੋਹਨ ਨੋਲੱਖਾ, ਗੁਰਦਰਸ਼ਨ ਸਿੰਘ, ਸੂਰਜਪਾਲ ਯਾਦਵ, ਬਲਬੀਰ ਸਿੰਘ, ਰਾਮ ਲਾਲ ਰਾਮਾਂ, ਸ੍ਰੀ ਹਰੀ ਬਿੱਟੂ, ਸ਼ਿਵ ਚਰਨ, ਹਰੀ ਰਾਮ ਨਿੱਕਾ, ਬਲਜੀਤ ਸਿੰਘ ਬੱਲੀ, ਵੇਦ ਪ੍ਰਕਾਸ਼, ਇੰਦਰਪਾਲ ਵਾਲੀਆ, ਹਰੀ ਬਹਾਦਰ ਬਿੱਟੂ, ਮੋਦਨਾਥ, ਦਯਾ ਸ਼ੰਕਰ, ਸਤਿਨਰਾਇਣ ਗੋਨੀ, ਪ੍ਰਕਾਸ਼ ਲੁਬਾਣਾ ਆਦਿ ਆਗੂਆਂ ਨੇ ਐਲਾਨ ਕੀਤਾ ਕਿ ਜਲ ਸਰੋਤ ਵਿਭਾਗ ਦੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕਰਨ ਤੇ ਕੀਤੀਆਂ ਬਦਲੀਆਂ ਦੇ ਰੋਸ ਵਜੋਂ 7 ਅਗਸਤ ਨੂੰ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਦੇ ਵਿਧਾਨ ਸਭਾ ਹਲਕਾ ਲਹਿਰਾਗਾਗਾ ਵਿਖੇ ਰੈਲੀ ਕੀਤੀ ਜਾਵੇਗੀ ਤੇ ਹਲਕੇ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ। ਦਰਸ਼ਨ ਲੁਬਾਣਾ ਤੇ ਰਣਜੀਤ ਰਾਣਵਾ ਨੇ ਕਿਹਾ ਕਿ ਕਲਾਸ ਫੋਰਥ ਸੇਵਾ ਨਿਯਮ 1963 ਵਿੱਚ ਸਪਸ਼ਟ ਹੈ ਕਿ ਚੌਥਾ ਦਰਜਾ ਕ੍ਰਮਚਾਰੀਆਂ ਦੀ ਬਦਲੀ ਉਸ ਦੇ ਨਿਯੁਕਤੀ ਅਧਿਕਾਰੀ ਦੇ ਅਧਿਕਾਰ ਖੇਤਰ ਵਿੱਚ ਉਸ ਦੇ ਦਸਤਖਤਾਂ ਨਾਲ ਹੀ ਕੀਤੀ ਜਾ ਸਕਦੀ ਹੈ, ਪ੍ਰੰਤੂ ਆਪ ਸਰਕਾਰ ਨੇ ਸਾਰੇ ਰੂਲ ਛਿੱਕੇ ਟੰਗ ਕੇ ਬਦਲੀਆਂ ਕੀਤੀਆਂ ਗਈਆਂ ਹਨ, ਇਨ੍ਹਾਂ ਆਗੂਆਂ ਨੇ ਮੁੱਖ ਮੰਤਰੀ ਦੇ ਇਨ੍ਹਾਂ ਬਿਆਨਾਂ ਦਾ ਸਖਤ ਨੋਟਿਸ ਲਿਆ ਹੈ ਕਿ ਨਹਿਰੀ ਥਲ ਖਾਲੀ ਕਰ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਜਲ ਸਰੋਤ ਵਿਭਾਗ ਦੇ ਕਈ ਦਫਤਰਾਂ ਨੂੰ ਬੰਦ ਕਰਕੇ ਇਨ੍ਹਾਂ ਵਿਚਲੇ ਮੁਲਾਜ਼ਮਾਂ ਨੂੰ ਹੋਰ ਵਿਭਾਗਾਂ ਵਿੱਚ ਤਬਦੀਲ ਕੀਤਾ ਜਾਵੇਗਾ, ਇਹ ਬਿਆਨ ਮੰਦਭਾਗਾ ਹੈ।ਬਦਲੀਆਂ ਕਰਨ ਸਮੇਂ ਸੇਵਾ ਨਵਿਰਤੀ ਦੇ ਨੇੜੇ ਬੈਠੇ ਤੇ ਅੰਗਹੀਣ ਕ੍ਰਮਚਾਰੀ ਨੂੰ ਵੀ ਨਹੀਂ ਬਖਸ਼ਿਆ ਗਿਆ। ਆਗੂਆਂ ਨੇ ਕਿਹਾ ਕਿ ਸਿੰਚਾਈ ਵਿਭਾਗ ਵਿੱਚ 1992 ਤੋਂ ਬਾਅਦ ਚੌਥਾ ਦਰਜਾ ਮੁਲਾਜ਼ਮਾਂ ਦੀ ਭਰਤੀ ਨਹੀਂ ਹੋਈ ਤੇ ਰਿਟਾਇਰਮੈਂਟ ਉਪਰੰਤ ਨਹਿਰਾਂ ਲਗਾਤਾਰ ਚੌਥਾ ਦਰਜਾ ਮੁਲਾਜ਼ਮਾਂ ਤੋਂ ਖਾਲੀ ਹੋ ਰਹੀਆਂ ਹਨ, ਜੋ ਪੰਜਾਬ ਦੇ ਪਾਣੀਆਂ ਦਾ ਸਰਮਾਇਆ ਹੈ, ਪ੍ਰੰਤੂ 'ਆਪ' ਸਰਕਾਰ ਦੇ ਮੁੱਖ ਮੰਤਰੀ ਬਦਲੀਆਂ ਕਰਕੇ ਬੇਤੁਕੀ ਬਿਆਨਬਾਜ਼ੀ ਕਰ ਰਹੇ ਹਨ ਅਤੇ ਨਹਿਰਾਂ ਨੂੰ ਹੁਣ ਰੱਬ ਆਸਰੇ ਛੱਡ ਰਹੇ ਹਨ।

## ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਅਦਬ ਸਤਿਕਾਰ ਲਈ ਬਣਾਇਆ ਕਾਨੂੰਨ ਸ਼ਲਾਘਾਯੋਗ : ਸਿੱਧੂ ਲੌਂਗੋਵਾਲ

**ਲੌਂਗੋਵਾਲ** (ਪ੍ਰਦੀਪ ਸਿੰਘ ਸੱਪਲ)- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਨੂੰ ਬਰਕਰਾਰ ਰੱਖਣ ਲਈ ਬਣਾਏ ਕਾਨੂੰਨ 'ਚ ਸੋਧ ਕਰਕੇ ਸਖ਼ਤ ਕਾਨੂੰਨ ਬਣਾਉਣ ਲਈ ਜੋ ਮਤਾ ਪੰਜਾਬ ਸਰਕਾਰ ਵੱਲੋਂ ਲਿਆਂਦਾ ਗਿਆ ਹੈ, ਇਹ ਸ਼ਲਾਘਾਯੋਗ ਕਦਮ ਤੇ ਇਤਿਹਾਸਿਕ ਫ਼ੈਸਲਾ ਸਾਬਤ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੰਮ੍ਰਿਤਪਾਲ ਸਿੰਘ ਸਿੱਧੂ



ਲੌਂਗੋਵਾਲ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕੀਤਾ। ਬੇਅਦਬੀ ਖ਼ਿਲਾਫ਼ ਸਖ਼ਤ ਕਾਨੂੰਨ ਲਿਆਉਣ ਲਈ ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਦਾ ਵਿਸ਼ੇਸ਼ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੀ ਬਹੁਤ ਲੋੜ ਸੀ ਤੇ ਕਈ ਦਹਾਕਿਆਂ ਤੋਂ ਮੰਗ ਵੀ ਸੀ, ਇਸ ਕਾਨੂੰਨ ਦੇ ਨਾ ਹੋਣ ਕਰਕੇ ਦੇਸ਼ ਵਿਰੋਧੀ ਤਾਕਤਾਂ ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਨੂੰ ਲਾਂਬੂ ਲਾਉਣ 'ਚ ਹਮੇਸ਼ਾ ਕਾਮਯਾਬ ਹੋਈਆਂ। ਸਿੱਧੂ ਨੇ ਕਿਹਾ ਕਿ ਮਾਨ ਸਰਕਾਰ ਦੇ ਕਾਰਜਕਾਲ ਦਾ ਜਿੱਥੇ ਇਹ ਵੱਡਾ ਇਤਿਹਾਸਿਕ ਫ਼ੈਸਲਾ ਹੋਵੇਗਾ, ਉਥੇ ਇਹ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸੇਵਾ ਸੰਭਾਲ, ਪ੍ਰਚਾਰ, ਪ੍ਰਸਾਰ, ਭਵਿੱਖੀ ਹੋਂਦ, ਅਮਨ-ਸ਼ਾਂਤੀ, ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਸਾਂਝੀਵਾਲਤਾ ਦੇ ਮੁਜੱਸਮੇ ਭਾਈਚਾਰਕ ਸਾਂਝ ਨੂੰ ਸੂਤਰਧਾਰ ਰੱਖਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਮੂਹ ਧਾਰਮਿਕ ਗ੍ਰੰਥਾਂ ਸਾਹਿਬਾਨ 'ਤੇ ਹੋ ਰਹੇ ਹਮਲਿਆਂ ਨੂੰ ਰੋਕਣ ਅਤੇ ਅਮਨ-ਸ਼ਾਂਤੀ ਨੂੰ ਲਾਂਬੂ ਲਾਉਣ ਵਾਲੀਆਂ ਤਾਕਤਾਂ ਸ਼ਰਾਰਤੀ ਅਨਸਰਾਂ ਖ਼ਿਲਾਫ਼ ਵੱਡਾ ਮੀਲ ਪੱਥਰ ਸਾਬਤ ਹੋਵੇਗਾ।

## ਡਰਾਈਵਿੰਗ ਲਾਇਸੰਸ ਤੇ ਆਰ ਸੀ ਨਾਲ ਸੰਬੰਧਤ 30 ਸੇਵਾਵਾਂ ਮਿਲਣਗੀਆਂ ਸੇਵਾ ਕੇਂਦਰਾਂ 'ਤੇ

**ਫ਼ਤਹਿਗੜ੍ਹ ਸਾਹਿਬ** (ਪ੍ਰਮੋਦ ਭਾਰਦਵਾਜ) ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਵੱਡੀ ਸਹੂਲਤ ਦਿੰਦੇ ਹੋਏ ਮਾਲ ਵਿਭਾਗ ਨਾਲ ਸਬੰਧਤ 5 ਸੇਵਾਵਾਂ ਤੇ ਡਰਾਈਵਿੰਗ ਲਾਇਸੰਸ ਅਤੇ ਆਰ ਸੀ ਨਾਲ ਸੰਬੰਧਿਤ ਟਰਾਂਸਪੋਰਟ ਵਿਭਾਗ ਦੀਆਂ 30 ਸੇਵਾਵਾਂ ਹੁਣ ਸੇਵਾ ਕੇਂਦਰਾਂ 'ਤੇ ਉਪਲਬਧ ਕਰਾ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਵੱਡੀ ਰਾਹਤ ਦਿੰਦਿਆਂ ਹੁਣ ਡੀਡ ਰਜਿਸਟ੍ਰੇਸ਼ਨ, ਡੀਡ ਦਾ ਖਰੜਾ ਤਿਆਰ ਕਰਨਾ, ਪੂਰਵ-ਪੜਤਾਲ ਲਈ ਡੀਡ ਜਮ੍ਹਾਂ ਕਰਨੀ, ਸਟੈਂਪ ਡਿਊਟੀ ਦਾ ਭੁਗਤਾਨ, ਇੰਤਕਾਲ ਲਈ ਬੇਨਤੀ (ਵਿਰਾਸਤ ਜਾਂ ਰਜਿਸਟਰਡ ਡੀਡ ਦੇ ਆਧਾਰ 'ਤੇ ਰਪਟਾਂ ਦੇ ਦਾਖਲੇ ਲਈ ਬੇਨਤੀ (ਅਦਾਲਤੀ ਆਦੇਸ਼ਾਂ, ਬੈਂਕ ਕਰਜ਼ੇ ਦੇ ਗਿਰਵੀਨਾਮੇ ਜਾਂ ਬੈਂਕ ਕਰਜ਼ਿਆਂ/ਗਿਰਵੀਨਾਮੇ ਦੀ ਮੁਆਫ਼ੀ ਨਾਲ ਸਬੰਧਤ), ਫਰਦ ਬਦਰ ਲਈ ਬੇਨਤੀ (ਰਿਕਾਰਡ ਵਿੱਚ ਸੁਧਾਰ), ਡਿਜੀਟਲ ਤੌਰ 'ਤੇ ਦਸਤਖਤ ਕੀਤੀ ਫਰਦ ਲਈ ਬੇਨਤੀ ਤੇ ਡਰਾਈਵਿੰਗ ਲਾਇਸੰਸ ਨਾਲ ਸੰਬੰਧਿਤ 16 ਅਤੇ ਆਰ ਸੀ ਨਾਲ ਸਬੰਧਤ 14 ਸੇਵਾ ਹੁਣ ਸੇਵਾ ਕੇਂਦਰ ਤੋਂ ਮਿਲਣਗੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੋ ਨਾਗਰਿਕ ਸੇਵਾ ਕੇਂਦਰ ਨਹੀਂ ਆ ਸਕਦੇ ਤਾਂ ਉਹ ਫੋਨ ਨੰਬਰ 1076 ਡਾਇਲ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਡੋਰ ਸਟੈਪ ਡਿਲੀਵਰੀ ਰਾਹੀਂ ਘਰ ਬੈਠੇ ਵੀ ਪ੍ਰਾਪਤ ਕਰ ਸਕਦੇ ਹਨ। ਡਰਾਈਵਿੰਗ ਲਾਇਸੰਸ ਨਾਲ ਸਬੰਧਤ ਸੇਵਾਵਾਂ ਵਿੱਚ ਲਰਨਰ ਲਾਇਸਸ ਨਾਲ ਸਬੰਧਤ ਸੇਵਾਵਾਂ, ਜਿਵੇਂ ਨਵੀਂ ਅਰਜ਼ੀ, ਪਤੇ ਦੀ ਤਬਦੀਲੀ, ਨਾਂਅ ਦੀ ਤਬਦੀਲੀ, ਡੁਪਲੀਕੇਟ ਲਰਨਲ ਲਾਇਸੰਸ ਤੋਂ ਇਲਾਵਾ ਡਰਾਇੰਵਿੰਗ ਲਾਇਸੰਸ ਨਾਲ ਸਬੰਧਤ ਸੇਵਾਵਾਂ ਜਿਵੇਂ ਕਿ ਡੁਪਲੀਕੇਟ ਲਾਇਸੰਸ, ਨਵੀਨੀਕਰਨ (ਜਿਥੇ ਟੈਸਟ ਟਰੈਕ ਜਾਣ ਦੀ ਜ਼ਰੂਰਤ ਨਹੀਂ), ਰਿਪਲੇਸਮੈਂਟ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਜਨਮ ਮਿਤੀ ਦੀ ਦਰੁਸਤੀ, ਡਰਾਈਵਿੰਗ ਲਾਇਸੰਸ ਐਕਸਟ੍ਰੈਕਟ ਪ੍ਰੀਵੀਜੀਨਿੰਗ, ਲਾਇਸਸ ਸਰੈਂਡਰ, ਪਬਲਿਕ ਸਰਵਿਸ ਵਹੀਕਲ ਦਾ ਬੈਜ, ਕੰਡਕਟਰ ਲਾਇਸੰਸ ਦਾ ਨਵੀਨੀਕਰਨ, ਲਰਨਰ ਲਾਇਸੰਸ ਦੀ ਮਿਆਦ ਵਿਚ ਵਾਧਾ, ਇੰਟਰ ਨੈਸ਼ਨਲ ਡਰਾਇੰਵਿਗ ਪਰਮਿਟ ਸ਼ਾਮਲ ਹਨ।

## ਨਸ਼ੀਲੀਆਂ ਵਸਤਾਂ ਦੇ ਕਾਰੋਬਾਰ ਵਾਲੇ ਹਮਾਮ 'ਚ ਕਾਂਗਰਸ, ਬੀਜੇਪੀ-ਬਾਦਲ ਦਲ, ਆਮ ਆਦਮੀ ਪਾਰਟੀ ਸਭ ਨੰਗੇ ਹਨ : ਮਾਨ

**ਫ਼ਤਹਿਗੜ੍ਹ ਸਾਹਿਬ** (ਪ੍ਰਮੋਦ ਭਾਰਦਵਾਜ) ਮੌਜੂਦਾ ਸਿਆਸਤਦਾਨਾਂ ਦੇ ਇਖਲਾਕ ਵਿੱਚ ਕੁਝ ਸਮੇਂ ਤੋਂ ਵੱਡੀਆਂ ਗਿਰਾਵਟਾਂ ਆ ਚੁੱਕੀਆਂ ਹਨ, ਇਹੀ ਵਜ੍ਹਾ ਹੈ ਕਿ ਜੋ ਪੰਜਾਬ ਤੇ ਹੋਰ ਸੂਬਿਆਂ ਵਿੱਚ ਨਸ਼ੀਲੀਆਂ ਵਸਤਾਂ ਦੀ ਖਰੀਦੋ ਫਰੋਖਤ, ਸਮਗਲਿੰਗ ਹੋ ਰਹੀ ਹੈ, ਇਨ੍ਹਾਂ ਕਾਰੋਬਾਰੀਆਂ ਦੀ ਸਰਪ੍ਰਸਤੀ ਅਕਸਰ ਹੀ ਉਹ ਸਿਆਸਤਦਾਨ ਨਿਰੰਤਰ ਕਰਦੇ ਆ ਰਹੇ ਹਨ, ਜੋ ਗੈਰ ਸਮਾਜਿਕ ਤੇ ਗੈਰ ਕਾਨੂੰਨੀ ਢੰਗਾਂ ਰਾਹੀ ਆਪਣੀਆਂ ਜਾਇਦਾਦਾਂ, ਖਜ਼ਾਨੇ ਭਰਨ ਵਿਚ ਮਸਰੂਫ ਹਨ।ਇਸ ਸੰਬੰਧੀ ਅਸੀਂ ਬੀਤੇ ਸਮੇਂ 'ਚ ਪੰਜਾਬ ਦੇ ਰਹਿ ਚੁੱਕੇ ਮੁੱਖ ਮੰਤਰੀਆਂ, ਡੀਜੀਪੀ, ਮੁੱਖ ਸਕੱਤਰ, ਗ੍ਰਹਿ ਸਕੱਤਰ ਆਦਿ ਉੱਚ ਅਧਿਕਾਰੀਆਂ ਨੂੰ ਇਸ ਕਾਰੋਬਾਰ ਨੂੰ ਬੰਦ ਕਰਨ ਤੇ ਇਸ ਵਿਚ ਸਾਮਿਲ ਸਭਨਾਂ ਨੂੰ ਕਾਨੂੰਨ ਅਨੁਸਾਰ ਸਿੰਝਣ ਲਈ ਲਿਖਦੇ ਰਹੇ ਹਾਂ, ਪਰ ਸਾਡੇ ਇਨ੍ਹਾਂ ਪੱਤਰਾਂ ਉਤੇ ਨਾ ਕਿਸੇ ਮੁੱਖ ਮੰਤਰੀ, ਨਾ ਰਹਿ ਚੁੱਕੇ ਤੇ ਮੌਜੂਦਾ ਡੀਜੀਪੀ, ਮੁੱਖ ਸਕੱਤਰ ਅਤੇ ਗ੍ਰਹਿ ਸਕੱਤਰਾਂ ਨੇ ਕੋਈ ਅਮਲ ਨਹੀਂ ਕੀਤਾ। ਇਥੋਂ ਤੱਕ ਸਾਡੇ ਇਨ੍ਹਾਂ ਗੰਭੀਰ ਪੱਤਰਾਂ ਦੀ ਪਹੁੰਚਣ ਸੰਬੰਧੀ ਸਾਨੂੰ ਜਾਣਕਾਰੀ ਦੇਣ ਹਿੱਤ ਸਾਨੂੰ ਜੁਆਬ ਵੀ ਨਹੀ ਭੇਜੇ ਗਏ, ਜਿਸ ਤੋਂ ਪ੍ਰਤੱਖ ਹੈ ਕਿ ਇਹ ਅਫਸਰਸ਼ਾਹ ਅਤੇ ਉਪਰੋਕਤ ਪਾਰਟੀਆਂ ਨਾਲ ਸੰਬੰਧਤ ਬਹੁਤੇ ਸਿਆਸਤਦਾਨ ਇਸ ਵਿਚ ਮਸਰੂਫ ਹਨ।ਇਹੀ ਵਜਹ ਹੈ ਕਿ ਅੱਜ ਵੀ ਨਾ ਕਾਂਗਰਸ, ਨਾ ਬੀਜੇਪੀ, ਨਾ ਬਾਦਲ ਦਲੀਏ ਆਦਿ ਸਿਆਸੀ ਜਮਾਤਾਂ ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਵਿਸ਼ੇਸ਼ ਸੈਸ਼ਨ ਵਿੱਚ ਜਨਤਕ ਤੌਰ 'ਤੇ ਨਸ਼ੀਲੀਆਂ ਵਸਤਾਂ ਦੇ ਕਾਰੋਬਾਰ ਦਾ ਵਿਰੋਧ ਕਰਦੇ ਹੋਏ ਨਜ਼ਰ ਆ ਰਹੇ ਹਨ, ਪਰ ਇਨ੍ਹਾਂ ਨੇ ਬੀਤੇ ਸਮੇਂ ਵਿਚ ਆਪਣੀਆਂ ਸਰਕਾਰਾਂ ਸਮੇਂ ਕੁਝ ਵੀ ਗੰਭੀਰਤਾ ਨਾਲ ਇਸ ਲਈ ਕਦਮ ਨਹੀ ਉਠਾਇਆ ਕਿਉਂਕਿ ਆਪ ਵੀ ਇਸ ਵਿਚ ਸਾਮਿਲ ਹਨ । ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਨਸ਼ੀਲੀਆਂ ਵਸਤਾਂ ਦੇ ਪੰਜਾਬ ਵਿਚ ਸਰਕਾਰ ਵੱਲੋਂ ਰੌਲਾ ਪਾਉਣ ਦੇ ਬਾਵਜੂਦ ਇਸ ਵਿਸ਼ੇ ਉਤੇ ਕੋਈ ਕੰਟਰੋਲ ਨਾ ਹੋਣ ਦੀ ਗੱਲ ਨੂੰ ਦੁਖਦਾਇਕ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।

## ਝੋਨੇ ਦੀ ਸਿੱਧੀ ਬਿਜਾਈ ਦੇ ਪ੍ਰਬੰਧਨ ਤਰੀਕਿਆਂ 'ਤੇ ਕਿਸਾਨ-ਸਾਇੰਸਦਾਨ ਮਿਲਣੀ

**ਗਿੱਦੜਬਾਹਾ** (ਜਸਵੰਤ ਗਿੱਲ ਛੱਤਿਆਣਾ)- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਪਿੰਡ ਚੱਕ ਗਿਲਜ਼ੇਵਾਲਾ ਵਿਖੇ ਝੋਨੇ ਦੀ ਸਿੱਧੀ ਬਿਜਾਈ ਦੇ ਪ੍ਰਬੰਧਨ ਤਰੀਕਿਆਂ 'ਤੇ ਇੱਕ ਕਿਸਾਨ-



ਸਾਇੰਸਦਾਨ ਮਿਲਣੀ ਕਰਵਾਈ ਗਈ। ਇਸ ਮੌਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਪਨਾਉਣ ਦੀ ਪ੍ਰੇਰਨਾ ਦਿੰਦਿਆਂ ਪਾਣੀ ਅਤੇ ਹੋਰ ਕੀਮਤੀ ਸਰੋਤਾਂ ਦੀ ਬੱਚਤ ਕਰਨ ਲਈ ਉਤਸ਼ਾਹਤ ਕੀਤਾ।ਡਾ. ਭੁੱਲਰ ਨੇ ਕਿਸਾਨਾਂ ਨਾਲ ਯੂਨੀਵਰਸਿਟੀ ਵਿਖੇ ਚੱਲ ਰਹੇ ਕਿਸਾਨ-ਪੱਖੀ ਖੋਜ ਕਾਰਜਾਂ ਬਾਰੇ ਗੱਲਬਾਤ ਕਰਦਿਆਂ ਕਿਸਾਨੀ ਆਮਦਨ ਵਧਾਉਣ ਅਤੇ ਲਾਗਤਾਂ ਘਟਾਉਣ ਸੰਬੰਧੀ ਨੁਕਤੇ ਸਾਂਝੇ ਕੀਤੇ। ਸਮਾਗਮ ਦੇ ਅੰਤ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਮੁਕਤਸਰ ਦੇ ਅਸਿਸਟੈਂਟ ਡਾਇਰੈਕਟਰ ਡਾ. ਕਰਮਜੀਤ ਸ਼ਰਮਾ ਨੇ ਕਿਸਾਨ-ਸਾਇੰਸਦਾਨ ਮਿਲਣੀ ਵਿੱਚ ਪੁੱਜੇ ਸਮੂਹ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਖੇਤੀ ਸਹਾਇਕ ਕਿੱਤੇ ਅਪਨਾਉਣ ਅਤੇ ਖੇਤੀ ਸਾਹਿਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਇਸ ਤੋਂ ਇਲਾਵਾ ਡਾ. ਭੁੱਲਰ ਨੇ ਜ਼ਿਲ੍ਹੇ ਦੇ ਚਾਰੋਂ ਬਲਾਕਾਂ ਵਿੱਚ ਝੋਨੇ, ਨਰਮੇ ਅਤੇ ਕਪਾਹ ਵਾਲੇ ਖੇਤਾਂ ਦਾ ਦੌਰਾ ਵੀ ਕੀਤਾ । ਇਸ ਦੌਰੇ ਦੌਰਾਨ ਕੇ.ਵੀ.ਕੇ. ਮੁਕਤਸਰ ਦੇ ਵਿਗਿਆਨੀ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ ਅਤੇ ਡਾ. ਮੱਖਣ ਸਿੰਘ ਭੁੱਲਰ ਨੇ ਜ਼ਿਲ੍ਹੇ ਦੇ ਮੌਜੂਦਾ ਫ਼ਸਲੀ ਹਾਲਾਤ 'ਤੇ ਸੰਤੁਸ਼ਟੀ ਪ੍ਰਗਟਾਈ।

## ਵਿਸ਼ਵ ਆਬਾਦੀ ਪੰਦਰਵਾੜਾ ਤਹਿਤ ਪਰਵਾਰ ਨਿਯੋਜਨ ਬਾਰੇ ਕੀਤਾ ਜਾਗਰੂਕ



**ਸ਼ੇਰਪੁਰ** (ਰਵੀ ਟਿੱਬਾ) ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਦੇ ਹੁਕਮਾਂ ਅਤੇ ਸਿਵਲ ਸਰਜਨ ਮਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫਸਰ ਪੀ.ਐੱਚ.ਸੀ ਫ਼ਤਿਹਗੜ੍ਹ ਪੰਜਗਰਾਈਆਂ ਡਾ. ਗੁਰਪ੍ਰਕਾਸ਼ ਸਿੰਘ ਭਿੰਡਰ ਦੀ ਯੋਗ ਅਗਵਾਈ ਹੇਠ ਪਿੰਡ ਸੰਦੌੜ ਵਿਖੇ ਵਿਸ਼ਵ ਆਬਾਦੀ ਪੰਦਰਵਾੜਾ ਤਹਿਤ ਵਿਸ਼ੇਸ਼ ਜਾਗਰੂਕਤਾ ਸਮਾਗਮ ਕਰਾਇਆ ਗਿਆ। ਬਲਾਕ ਐਜੂਕੇਟਰ ਜਗਸੀਰ ਸਿੰਘ ਟਿੱਬਾ ਤੇ ਹੈਲਥ ਇੰਸਪੈਕਟਰ ਗੁਲਜ਼ਾਰ ਖਾਨ ਨੇ ਕਿਹਾ ਕਿ ਵਿਸ਼ਵ ਆਬਾਦੀ ਪੰਦਰਵਾੜਾ ਦਾ ਮਕਸਦ ਲੋਕਾਂ ਵਿੱਚ ਆਬਾਦੀ ਵਾਧੇ ਨਾਲ ਹੋ ਰਹੀਆਂ ਸਮਾਜਿਕ, ਆਰਥਿਕ ਤੇ ਵਾਤਾਵਰਣਕ ਚੁਣੌਤੀਆਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਪਰਵਾਰ ਨਿਯੋਜਨ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੈ।ਤੇਜ਼ੀ ਨਾਲ ਵੱਧ ਰਹੀ ਆਬਾਦੀ ਨਾ ਸਿਰਫ ਸਰਕਾਰੀ ਵਸੀਲੇ 'ਤੇ ਦਬਾਅ ਪਾ ਰਹੀ ਹੈ, ਸਗੋਂ ਵਾਤਾਵਰਣ ਤੇ ਕੁਦਰਤੀ ਸਰੋਤਾਂ ਲਈ ਵੀ ਖਤਰਾ ਬਣ ਰਹੀ ਹੈ।ਉਨ੍ਹਾਂ ਲੋਕਾਂ ਨੂੰ ਜ਼ਿੰਮੇਵਾਰ ਪਰਿਵਾਰ ਨਿਯੋਜਨ ਦੀ ਦਿਸ਼ਾ ਵੱਲ ਵਧਣ ਦੀ ਅਪੀਲ ਕੀਤੀ।ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਵਧਦੀ ਆਬਾਦੀ ਸਿੱਖਿਆ, ਰੋਜ਼ਗਾਰ, ਸਿਹਤ ਅਤੇ ਰਿਹਾਇਸ਼ ਵਰਗੀਆਂ ਸਹੂਲਤਾਂ 'ਤੇ ਨਕਾਰਾਤਮਕ ਅਸਰ ਪਾ ਰਹੀ ਹੈ।ਇਸ ਮੌਕੇ ਉਨ੍ਹਾਂ ਪਰਵਾਰ ਨਿਯੋਜਨ ਦੇ ਸਾਧਨਾਂ, ਮਾਧਿਅਮਾਂ ਤੇ ਉਪਲਬਧ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ।

## ਭਾਰੀ ਮੀਂਹ ਨੇ ਕਿਸਾਨਾਂ ਸਮੇਤ ਆਮ ਲੋਕਾਂ ਦੀ ਚਿੰਤਾ ਵਧਾਈ

**ਸਿਰਸਾ** (ਸੁਰਿੰਦਰ ਪਾਲ ਸਿੰਘ)- ਪੂਰੇ ਸਿਰਸਾ ਜ਼ਿਲ੍ਹੇ ਵਿੱਚ ਮੌਸਮ ਬਦਲਣ ਕਾਰਨ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਪਿਆ। ਸਿਰਸਾ ਵਿੱਚ ਭਾਰੀ ਬਾਰਿਸ਼ ਕਾਰਨ ਚਿੱਕੜ ਹੋਣ ਕਾਰਨ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਰਾਸ਼ਟਰੀ ਰਾਜਮਾਰਗ 'ਤੇ 15 ਮਿਲੀਮੀਟਰ ਤੋਂ ਵੱਧ ਮੀਂਹ ਪਿਆ। ਸਵੇਰੇ ਬੱਦਲਵਾਈ ਵਾਲਾ ਮੌਸਮ ਦੇਖਣ ਨੂੰ ਮਿਲਿਆ ਅਤੇ ਦੁਪਹਿਰ ਤੋਂ ਬਾਅਦ ਕਈ ਥਾਵਾਂ 'ਤੇ ਮੌਸਮ ਅਚਾਨਕ ਬਦਲ ਗਿਆ ਤੇ ਭਾਰੀ ਵਰਖਾ ਹੋਈ। ਜਿਸੇ ਤਰ੍ਹਾਂ ਕਾਲਾਂਵਾਲੀ ਖੇਤਰ ਵਿੱਚ ਭਾਰੀ ਮੀਂਹ ਤੋਂ ਬਾਅਦ ਕਿਸਾਨਾਂ ਦੀਆਂ ਫ਼ਸਲਾਂ ਨੀਵੇਂ ਇਲਾਕਿਆਂ 'ਚ ਪਾਣੀ ਵਿਚ ਡੁੱਬ ਗਈਆਂ। ਮੰਡੀ ਕਾਲਾਂਵਾਲੀ ਦੀ ਅਨਾਜ ਮੰਡੀ ਵਿਚ ਬਹੁਤ ਸਾਰਾ ਪਾਣੀ ਭਰਨ ਕਾਰਨ ਪਾਣੀ ਘਰਾਂ ਅਤੇ ਦੁਕਾਨਾਂ ਵਿਚ ਦਾਖਲ ਹੋ ਗਿਆ।ਮੌਸਮ ਵਿਭਾਗ ਅਨੁਸਾਰ ਜ਼ਿਲ੍ਹੇ ਵਿੱਚ ਇੱਕ ਹਫ਼ਤੇ ਤੱਕ ਰੁਕ-ਰੁਕ ਕੇ ਮੀਂਹ ਪੈਣ ਅਤੇ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।



## ਕਾਂਵੜੀਆਂ ਦਾ ਜਥਾ ਹਰਿਦੁਆਰ ਲਈ ਰਵਾਨਾ



**ਸੁਨਾਮ** (ਅਸ਼ੋਕ ਬਾਂਸਲ, ਹਾਕਮ ਭੱਟੀ) ਸ੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਰ ਤੋਂ ਕਾਂਵੜੀਆਂ ਦਾ ਜੱਥਾ 19 ਜੁਲਾਈ ਨੂੰ ਰਾਤ 8:00 ਵਜੇ ਹਰਿਦੁਆਰ ਲਈ ਰਵਾਨਾ ਹੋਵੇਗਾ।ਇਹ ਜਾਣਕਾਰੀ ਸ੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਰ ਦੇ ਮੈਂਬਰ ਗੌਰਵ ਜਨਾਲੀਆ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਵਾਰ ਸਾਉਣ ਮਹੀਨੇ ਦੀ ਸ਼ਿਵਰਾਤਰੀ ਬੁੱਧਵਾਰ 23 ਜੁਲਾਈ ਦੀ ਹੈ।ਕਾਂਵੜੀਏ ਹਰਿਦੁਆਰ ਤੋਂ ਕਾਂਵੜ ਰਾਹੀਂ ਲਿਆਂਦੇ ਪਵਿੱਤਰ ਗੰਗਾ ਜਲ ਨਾਲ ਸ਼ਿਵਰਾਤਰੀ ਵਾਲੇ ਦਿਨ ਸ੍ਰੀ ਬਾਲਾ ਜੀ ਮੰਦਰ ਵਿੱਚ ਸ੍ਰੀ ਨਰਮਦੇਸ਼ਵਰ ਮਹਾਦੇਵ ਸ਼ਿਵਲਿੰਗ ਦਾ ਜਲਾਭਿਸ਼ੇਕ ਕਰਨਗੇ।ਉਨ੍ਹਾਂ ਦੱਸਿਆ ਕਿ ਸੰਤ ਸ਼ਿਰੋਮਣੀ ਇੱਛਾਪੂਰਤੀ ਸ੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਰਜਿਸਟਰਡ ਵੱਲੋਂ ਕਾਂਵੜ ਯਾਤਰਾ ਦੌਰਾਨ ਹਰਿਦੁਆਰ ਤੇ ਰਸਤੇ ਵਿੱਚ ਮੋਬਾਈਲ ਹਸਪਤਾਲ ਵੈਨ ਰਾਹੀਂ ਚਾਰ ਰੋਜ਼ਾ ਮੈਡੀਕਲ ਚੈੱਕਅਪ ਕੈਂਪ ਲਾਇਆ ਜਾਵੇਗਾ।ਇਸ ਕੈਂਪ ਵਿੱਚ ਟਰੱਸਟ ਵੱਲੋਂ ਕਾਂਵੜੀਆਂ ਅਤੇ ਲੋੜਵੰਦ ਵਿਅਕਤੀਆਂ ਦੀ ਮੁਫਤ ਜਾਂਚ ਕੀਤੀ ਜਾਵੇਗੀ ਤੇ ਦਵਾਈਆਂ ਤੇ ਓਡੋਮਾਸ ਮੁਫਤ ਦਿੱਤੀਆ ਜਾਣ ਗਿਆ। ਗੌਰਵ ਜਨਾਲੀਆ ਨੇ ਕਿਹਾ ਕਿ ਕੋਈ ਵੀ ਸ਼ਰਧਾਲੂ ਜੋ ਯਾਤਰਾ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ ਜਾਂ ਯਾਤਰਾ ਸਬੰਧੀ ਕੋਈ ਜਾਣਕਾਰੀ ਲੈਣੀ ਚਾਹੁੰਦਾ ਹੈ, ਉਹ 9888-847165 ਨੰਬਰ 'ਤੇ ਸੰਪਰਕ ਕਰ ਸਕਦਾ ਹੈ ਤਾਂ ਜੋ ਸਹੀ ਪ੍ਰਬੰਧ ਕੀਤਾ ਜਾ ਸਕੇ।

## ਹਰਮਨ ਇਲੈਕਟ੍ਰਾਨਿਕਸ ਵੱਲੋਂ ਇਲੈਕਟ੍ਰਾਨਿਕ ਆਈਟਮਾਂ 'ਤੇ ਦਿੱਤੀ ਜਾ ਰਹੀ ਭਾਰੀ ਛੋਟ

**ਪਟਿਆਲਾ, ਸਨੌਰ** (ਰਾਜਿੰਦਰ ਥਿੰਦ): ਮੁਕਾਬਲੇ ਦੇ ਇਸ ਦੌਰ ਵਿਚ ਜਿਥੇ ਮਲਟੀਨੈਸ਼ਨਲ ਕੰਪਨੀਆਂ ਆਪਣੇ ਪ੍ਰੋਡਕਟਾਂ ਵੱਲ ਗਾਹਕਾਂ ਨੂੰ ਖਿੱਚਣ ਲਈ ਤਰ੍ਹਾਂ-ਤਰ੍ਹਾਂ ਦੀਆਂ ਛੋਟਾਂ, ਸਕੀਮਾਂ ਤੇ ਯੋਜਨਾਵਾਂ ਦੇ ਰਹੀਆਂ ਹਨ, ਉਥੇ ਹੀ ਹਰਮਨ ਇਲੈਕਟ੍ਰਾਨਿਕਸ ਦੇਵੀਗੜ੍ਹ ਵਲੋਂ ਆਪਣੇ ਗਾਹਕਾਂ ਨੂੰ ਖੁਸ਼ ਕਰਨ ਲਈ ਇਲੈਕਟ੍ਰਾਨਿਕ ਵਸਤਾਂ ਏ. ਸੀ., ਫਰਿਜ, ਐਲ. ਸੀ. ਡੀ., ਮਾਈਕਰੋਵੇਵ, ਵਾਸ਼ਿੰਗ ਮਸ਼ੀਨਾਂ, ਕੂਲਰ, ਸੀਲਿੰਗ ਅਤੇ ਟੇਬਲ ਫੈਨ, ਇਨਵਰਟਰ ਆਦਿ ਇਲੈਕਟ੍ਰਾਨਿਕਸ




ਵਸਤਾਂ ਸ਼ਾਮਲ ਹਨ ਤੋਂ ਇਲਾਵਾ ਵਧੀਆ ਕਿਸਮ ਦੇ ਫਰਨੀਚਰ, ਅਲਮਾਰੀਆਂ ਦੀ ਸੇਲ 'ਤੇ ਭਾਰੀ ਛੋਟ ਦਿੱਤੀ ਜਾ ਰਹੀ ਹੈ । ਹਰਮਨ ਇਲੈਕਟ੍ਰਾਨਿਕਸ ਦੇ ਮੈਨੇਜਿੰਗ ਡਾਇਰੈਕਟਰ ਰਣਜੀਤ ਸਿੰਘ ਥਿੰਦ ਅਤੇ ਹਰਮਨ ਸਿੰਘ ਥਿੰਦ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਨ੍ਹਾਂ ਦੇ ਸ਼ੋਅਰੂਮ 'ਤੇ ਵੱਖ ਵੱਖ ਪ੍ਰਸਿੱਧ ਕੰਪਨੀਆਂ ਅਟੈਚੀ, ਅਕਾਈ, ਵੋਲਟਾਸ, ਲਲੋਡ, ਡੈਕਿਨ, ਓਨੀਡਾ, ਐਲ. ਜੀ., ਸੈਮਸੰਗ, ਹੁੰਡਈ, ਹਾਇਰ, ਸਿਗਮਾ ਦੇ ਉਤਪਾਦਾਂ ਲਈ ਗਾਹਕਾਂ ਦੀ ਸਹੂਲਤ ਵਾਸਤੇ ਬਜਾਜ ਫਾਇਨਾਂਸ ਵਲੋਂ ਲੋਨ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਹਰ ਲੋੜਵੰਦ ਤੇ ਘੱਟ ਆਮਦਨ ਵਾਲੇ ਗਾਹਕ ਨੂੰ ਨਵੀਂ ਤਕਨੀਕ ਦੇ ਉਪਕਰਨ ਮੁਹੱਈਆ ਕਰਵਾਉਣਾ ਹੈ।

## ਖੰਨਾ ਅੰਦਰ 21 ਮੈਂਬਰੀ ਬੁੱਤ ਲਗਾਓ ਸੰਘਰਸ਼ ਕਮੇਟੀ ਬਣਾਈ : ਕਾਲੀ ਪਾਇਲ



**ਦੋਰਾਹਾ** (ਹਰਮਿੰਦਰ ਸੇਠ)- ਐਸ ਸੀ/ਐਸ ਟੀ/ਓ ਬੀ ਸੀ ਸਮਾਜ ਲਈ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਜਿਨਾਂ ਰਾਜਨੀਤਿਕ ਪਾਰਟੀਆਂ ਨੂੰ ਅਸੀਂ ਆਪਣੀਆਂ ਮਾਂ ਪਾਰਟੀਆਂ ਮੰਨਦੇ ਹਾਂ ਅਤੇ ਉਹਨਾਂ ਨਾਲ ਦਲਿਤ ਸਮਾਜ ਡਟ ਕੇ ਖੜ੍ਹਦਾ ਹੈ ਅਤੇ 75 ਸਾਲਾਂ ਤੋਂ ਉਹਨਾਂ ਦੀਆਂ ਸਰਕਾਰਾਂ ਬਣਾ ਰਿਹਾ ਹੈ, ਉਹ ਰਾਜਨੀਤਿਕ ਪਾਰਟੀਆਂ ਅੰਬੇਡਕਰ ਸਾਹਿਬ ਅਤੇ ਸੰਵਿਧਾਨ ਦੇ ਨਾਂ 'ਤੇ ਰੈਲੀਆਂ ਕਰਕੇ 2027 ਵਿੱਚ ਦਲਿਤ ਸਮਾਜ ਦੀਆਂ ਵੋਟਾਂ ਲੁੱਟਣਾ ਚਾਹੁੰਦੇ ਹਨ ਅਤੇ ਮੌਜੂਦਾ ਸਰਕਾਰ ਦਫਤਰਾਂ ਵਿੱਚ ਅੰਬੇਡਕਰ ਸਾਹਿਬ ਦੀਆਂ ਫੋਟੋਆਂ ਤਾਂ ਲਗਾਉਣ ਦਾ ਨਾਟਕ ਤਾਂ ਕਰਕੇ ਵੋਟਾਂ ਲੁੱਟਣੀਆਂ ਚਾਹੁੰਦੀ ਹੈ ਪਰੰਤੂ ਜਦ ਉਸ ਦੀ ਵਿਚਾਰਧਾਰਾ ਦੀ ਗੱਲ ਆਉਂਦੀ ਹੈ ਤਾਂ ਉਹ ਮੂੰਹ ਬੰਦ ਕਰ ਲੈਂਦੀਆਂ ਹਨ, ਫਿਰ ਇਹ ਰਾਜਨੀਤਿਕ ਪਾਰਟੀਆਂ ਐਸ ਸੀ/ਐਸ ਟੀ/ਓ ਬੀ ਸੀ ਭਾਵ ਦਲਿਤ ਸਮਾਜ ਦਾ ਭਲਾ ਕਿੱਥੋਂ ਸੋਚਣਗੀਆਂ ਜਿਹੜੀਆਂ ਉਸ ਦੇ ਰਹਿਬਰ ਦੇ ਬੁੱਤ ਤੋਂ ਹੀ ਨਫਰਤ ਕਰਦੀਆਂ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਖੰਨਾ ਵਿੱਚ ਗੁਰਦੀਪ ਸਿੰਘ ਕਾਲੀ, ਪ੍ਰਧਾਨ ਦਿਲਬਾਗ ਸਿੰਘ ਲੱਖਾ ਅਤੇ ਸੰਜੂ ਜੱਸੜ ਦੀ ਅਗਵਾਈ ਵਿੱਚ ਖੰਨਾ ਦੇ ਅਮਲੋਹ ਚੌਂਕ 'ਤੇ ਬੁੱਤ ਲਗਾਓ ਸੰਘਰਸ਼ ਕਮੇਟੀ ਬਣਾਉਣ ਤੋਂ ਬਾਅਦ ਕਹੇ। ਇਸ ਮੌਕੇ ਪ੍ਰਧਾਨ ਦਿਲਬਾਗ ਸਿੰਘ ਲੱਖਾ, ਸੰਜੂ ਜੱਸਲ, ਅਸ਼ੋਕ ਕੁਮਾਰ, ਅਨਿਲ ਕੁਮਾਰ, ਅਵਤਾਰ ਸਿੰਘ ਤਾਰ ਹਾਜ਼ਰ ਸਨ।

## ਜਵਾਹਰ ਨਵੋਦਿਆ ਵਿਦਿਆਲਿਆ ਕਾਉਣੀ 'ਚ ਛੇਵੀਂ ਜਮਾਤ ਦੇ ਦਾਖਲੇ ਲਈ ਰਜਿਸਟ੍ਰੇਸ਼ਨ ਸ਼ੁਰੂ

**ਫਰੀਦਕੋਟ** (ਐਲਿਗਜੈਂਡਰ ਡਿਸੂਜਾ)- ਜਵਾਹਰ ਨਵੋਦਿਆ ਵਿਦਿਆਲਿਆ ਪਿੰਡ ਕਾਉਣੀ ਜ਼ਿਲ੍ਹਾ ਫਰੀਦਕੋਟ ਵਿੱਚ ਵਿੱਦਿਅਕ ਵਰ੍ਹੇ 2026-27 ਲਈ ਛੇਵੀਂ ਜਮਾਤ ਵਿੱਚ ਦਾਖਲੇ ਲਈ ਦਾਖਲਾ ਪ੍ਰੀਖਿਆ 2026 ਦੇ ਆਨਲਾਈਨ ਫਾਰਮ ਨਵੋਦਿਆ ਵਿਦਿਆਲਿਆ ਦੀ ਵੈਬਸਾਈਟ 'ਤੇ ਭਰੇ ਜਾ ਰਹੇ ਹਨ। ਦਾਖਲੇ ਲਈ ਫਾਰਮ ਭਰਨ ਦੀ ਆਖਰੀ ਤਰੀਕ 29 ਜੁਲਾਈ ਹੈ ਅਤੇ ਪ੍ਰੀਖਿਆ 13 ਦਸੰਬਰ ਨੂੰ ਲਈ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਫਰੀਦਕੋਟ ਕਮ ਚੇਅਰਮੈਨ ਵਿਦਿਆਲਿਆ ਮੈਨੇਜਮੈਂਟ ਕਮੇਟੀ ਮੈਡਮ ਪੂਨਮਦੀਪ ਕੌਰ ਨੇ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ



ਸਿਲੈਕਸ਼ਨ ਟੈਸਟ 2026 ਫਾਰਮ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਉਮਰ 1 ਮਈ 2014 ਤੇ 31 ਜੁਲਾਈ 2016 ਦੇ ਵਿਚਕਾਰ ਹੋਣੀ ਚਾਹੀਦੀ ਹੈ। ਪ੍ਰੀਖਿਆਰਥੀ ਨੇ ਤੀਜੀ ਚੌਥੀ ਤੇ ਪੰਜਵੀਂ ਜਮਾਤ ਫਰੀਦਕੋਟ ਜ਼ਿਲ੍ਹੇ ਦੇ ਕਿਸੇ ਵੀ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾਂ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਸੈਸ਼ਨ ਲਗਾ ਕੇ ਪਾਸ ਕੀਤੀ ਹੋਵੇ ਤੇ ਵਿਦਿਆਰਥੀ ਫਰੀਦਕੋਟ ਜ਼ਿਲ੍ਹੇ ਦਾ ਵਸਨੀਕ ਹੋਣਾ ਜ਼ਰੂਰੀ ਹੈ। ਵਿਦਿਆਰਥੀ ਪੰਜਵੀਂ ਜਮਾਤ ਵਿਦਿਅਕ ਸੈਸ਼ਨ 2025-26 ਦੇ ਦੌਰਾਨ ਪਾਸ ਹੋਵੇ। ਉਨ੍ਹਾਂ ਦੱਸਿਆ ਕਿ ਛੇਵੀਂ ਜਮਾਤ ਦੇ ਦਾਖਲੇ ਲਈ ਇੱਛੁਕ ਅਤੇ ਯੋਗ ਉਮੀਦਵਾਰ ਵੈਬਸਾਈਟ 'ਤੇ ਆਨਲਾਈਨ ਫਾਰਮ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਨਲਾਈਨ ਫਾਰਮ ਭਰਨ ਲਈ ਫਰੀਦਕੋਟ ਜਿਲ੍ਹੇ ਦਾ ਆਧਾਰ ਕਾਰਡ ਜਾਂ ਰਿਹਾਇਸ਼ੀ ਸਰਟੀਫਿਕੇਟ ਹੋਣਾ ਲਾਜ਼ਮੀ ਹੈ।ਡਿਪਟੀ ਕਮਿਸ਼ਨਰ ਨੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਉਨ੍ਹਾਂ ਨੂੰ ਇਸ ਪ੍ਰੀਖਿਆ ਲਈ ਅਪਲਾਈ ਜ਼ਰੂਰ ਕਰਵਾਉਣ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵੱਲੋਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਕਰਵਾਏ ਜਾਣਗੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ : ਵਾਈਸ ਚਾਂਸਲਰ

**ਸ੍ਰੀ ਫ਼ਤਿਹਗੜ੍ਹ ਸਾਹਿਬ** (ਪ੍ਰਮੋਦ ਭਾਰਦਵਾਜ)- ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਤ ਉਲੀਕੇ ਜਾਣ ਵਾਲੇ ਸਮਾਗਮਾਂ ਦੀ ਤਿਆਰੀ ਹਿਤ ਇੱਕ ਵਿਸ਼ੇਸ਼ ਇਕੱਤਰਤਾ ਰੱਖੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ



ਨੂੰ ਸਮਰਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂਅ 'ਤੇ ਚੇਅਰ ਸਥਾਪਤ ਕੀਤੇ ਜਾਣ ਦਾ ਐਲਾਨ ਕੀਤਾ ਗਿਆ, ਜਿਸ ਦਾ ਸਵਾਗਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਸਬੰਧੀ ਅੰਤਰਰਾਸ਼ਟਰੀ ਪੱਧਰ 'ਤੇ ਸੈਮੀਨਾਰ ਕਰਵਾਇਆ ਜਾਵੇਗਾ ਜਿਸ ਵਿੱਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਮਕਾਲੀ ਪਰਿਪੇਖ ਵਿੱਚ ਸਮਝਣ ਦਾ ਯਤਨ ਕੀਤਾ ਜਾਵੇਗਾ। ਹੁਣ ਜਦੋਂ ਕਿ ਆਨਲਾਈਨ ਜਾਣਕਾਰੀ ਸਾਡੇ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕਿਆ ਹੈ ਤਾਂ ਆਨਲਾਈਨ ਜਾਣਕਾਰੀ ਦਰੁਸਤ ਅਤੇ ਸਟੀਕ ਹੋਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਉਹਨਾਂ ਆਖਿਆ ਕਿ ਗੁਰੂ ਸਾਹਿਬ ਦੇ ਜੀਵਨ ਅਤੇ ਸੰਦੇਸ਼ ਵਿਚਲੀ ਸਰਬ ਸਾਂਝੀਵਾਲਤਾ, ਸੁਤੰਤਰਤਾ ਅਤੇ ਬਰਾਬਰੀ ਦਾ ਸੁਨੇਹਾ ਠੀਕ ਇਤਿਹਾਸਕ ਤੱਥਾਂ ਦੀ ਲੋਅ ਵਿੱਚ ਪੇਸ਼ ਕੀਤੇ ਜਾਣ ਦੀ ਲੋੜ ਹੈ। ਉਪਲਬਧ ਆਨਲਾਈਨ ਜਾਣਕਾਰੀ ਵਿੱਚ ਲੋੜੀਂਦੀਆਂ ਸੋਧਾਂ ਕਰਨ ਲਈ ਯੂਨੀਵਰਸਿਟੀ ਵੱਲੋਂ ਇੱਕ ਵਿਸ਼ੇਸ਼ ਪੈਨਲ ਬਣਾਇਆ ਜਾਵੇਗਾ। ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ, ਯਾਤਰਾਵਾਂ ਅਤੇ ਬਾਣੀ ਸਬੰਧੀ ਯੂਨੀਵਰਸਿਟੀ ਵੱਲੋਂ ਇੱਕ ਪੰਜ ਰੋਜ਼ਾ ਵਰਕਸ਼ਾਪ ਉਲੀਕੀ ਗਈ ਹੈ ਜਿਸ ਵਿੱਚ ਵੱਖ-ਵੱਖ ਮਾਹਰ ਵਿਦਵਾਨਾਂ ਦੇ ਭਾਸ਼ਣ ਤੋਂ ਇਲਾਵਾ ਹੁਣ ਤੱਕ ਹੋ ਚੁੱਕੇ ਅਧਿਐਨ ਅਤੇ ਪ੍ਰਕਾਸ਼ਨ ਕਾਰਜ ਦੇ ਮੁਲਾਂਕਣ ਕੀਤਾ ਜਾਵੇਗਾ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵੱਲੋਂ ਇੱਕ ਕੌਮਾਂਤਰੀ ਪੱਧਰ ਦਾ ਵਿਸ਼ੇਸ਼ ਸੈਮੀਨਾਰ ਨੌਵੇਂ ਪਾਤਸ਼ਾਹ ਨੂੰ ਸਮਰਪਤ ਕੀਤਾ ਜਾਵੇਗਾ ਅਤੇ ਨੌਵੇਂ ਪਾਤਸ਼ਾਹ ਦੇ ਜੀਵਨ ਬਾਣੀ ਅਤੇ ਸੰਦੇਸ਼ ਨੂੰ ਪ੍ਰਗਟ ਕਰਨ ਦੀ ਇਕ ਖੋਜ ਪੁਸਤਕ ਪ੍ਰਕਾਸ਼ਿਤ ਕੀਤੀ ਜਾਵੇਗੀ। ਇਸ ਮੌਕੇ ਡਾ ਹਰਦੇਵ ਸਿੰਘ ਡੀਨ ਫੈਕਲਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਨੇ ਦੱਸਿਆ ਕਿ ਨੌਵੇਂ ਪਾਤਿਸ਼ਾਹ ਦੀਆਂ ਯਾਤਰਾਵਾਂ ਅਤੇ ਸਿੱਖਿਆ ਸਬੰਧੀ ਇੱਕ ਐਪ ਤਿਆਰ ਕਰਵਾਈ ਜਾਵੇਗੀ।

## ਕਾਂਗਰਸੀ ਆਗੂ ਤੇ ਵਰਕਰ ਸੰਵਿਧਾਨ ਬਚਾਓ ਰੈਲੀ 'ਚ ਸ਼ਮੂਲੀਅਤ ਕਰਨਗੇ : ਭੋਲਾ ਮਸਤੇਵਾਲਾ

**ਕੋਟ ਈਸੇ ਖਾਂ** (ਅਰੋੜਾ) ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸਮੁੱਚੀ ਹਾਈ ਕਮਾਂਡ ਵੱਲੋਂ ਸੰਵਿਧਾਨ ਬਚਾਓ ਰੈਲੀਆਂ ਦੀ ਲੜੀ ਤਹਿਤ 19 ਜੁਲਾਈ ਨੂੰ ਮੋਗਾ ਵਿਖੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਦੀ ਅਗਵਾਈ ਹੇਠ ਸੰਵਿਧਾਨ ਬਚਾਓ



ਰੈਲੀ ਹੋ ਰਹੀ ਹੈ, ਜਿਸ ਦੇ ਸਬੰਧ ਵਿੱਚ ਹਲਕੇ ਵਿੱਚ ਮੀਟਿੰਗਾਂ ਕਰਕੇ ਲੋਕਾਂ ਨੂੰ ਇਸ ਰੈਲੀ ਵਿੱਚ ਜਾਣ ਲਈ ਲਾਮਬੰਦ ਕੀਤਾ ਜਾ ਰਿਹਾ ਹੈ ਤੇ ਇਸ ਰੈਲੀ ਸਬੰਧੀ ਸਮੂਹ ਆਗੂਆਂ ਤੇ ਵਰਕਰਾਂ ਵੱਲੋਂ ਤਿਆਰੀ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਕੋਟ ਈਸੇ ਖਾਂ ਤੇ ਬਲਾਕ ਪ੍ਰਧਾਨ ਕਾਂਗਰਸ ਸ਼ਿਵਾਜ ਸਿੰਘ ਭੋਲਾ ਮਸਤੇਵਾਲਾ ਨੇ ਸਾਂਝੇ ਕੀਤੇ। ਭੋਲਾ ਮਸਤੇਵਾਲਾ ਨੇ ਕਿਹਾ ਕਿ ਇਸ ਰੈਲੀ ਵਿੱਚ ਹਲਕੇ ਤੋਂ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਵਰਕਰ ਸ਼ਾਮਲ ਹੋਣਗੇ ਅਤੇ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਦੇ ਖਿਲਾਫ ਡਟ ਕੇ ਸਾਥ ਦੇਣਗੇ।

## ਪੱਤਰਕਾਰ ਅਜੀਤ ਅੰਜੁਮ ਵਿਰੁੱਧ ਕੇਸ ਦਰਜ ਕਰਨ ਦੀ ਨਿੰਦਿਆ

**ਲਹਿਰਾ ਮੁਹੱਬਤ** (ਭੀਮ ਸੈਨ ਹਦਵਾਰੀਆ) ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਮੁਹਿੰਮ ਬਾਰੇ ਸਚਾਈ ਸਾਹਮਣੇ ਲਿਆਉਣ ਬਦਲੇ ਬਿਹਾਰ ਪੁਲੀਸ ਵੱਲੋਂ ਚੋਣ ਕਮਿਸ਼ਨ ਦੇ ਇਸ਼ਾਰੇ 'ਤੇ ਬੀ.ਐੱਲ.ਓ ਦੀ ਝੂਠੀ ਸ਼ਿਕਾਇਤ ਉੱਪਰ ਖ਼ੋਜੀ ਪੱਤਰਕਾਰ ਅਜੀਤ ਅੰਜੁਮ ਵਿਰੁੱਧ ਕੇਸ ਦਰਜ ਕਰਨ ਦੇ ਮਾਮਲੇ ਦੀ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਜ਼ੋਰਦਾਰ ਨਿੰਦਾ ਕੀਤੀ ਗਈ ਹੈ। ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ, ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ, ਸਕੱਤਰ ਜਨਰਲ ਭੂਸ਼ਨ ਸੂਦ ਅਤੇ ਜਥੇਬੰਦਕ ਸਕੱਤਰ ਸੰਤੋਖ ਗਿੱਲ ਨੇ ਕਿਹਾ ਕਿ ਬਿਹਾਰ ਚੋਣਾਂ ਦੌਰਾਨ ਵੱਡੀ ਗਿਣਤੀ ਗ਼ਰੀਬ, ਦਲਿਤ, ਪਛੜੀਆਂ ਸ਼੍ਰੇਣੀਆਂ ਅਤੇ ਘੱਟ-ਗਿਣਤੀ ਭਾਈਚਾਰੇ ਨੂੰ ਵੋਟ ਦੇ ਹੱਕ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਦੀ ਪੋਲ ਖੋਲ੍ਹਣ ਵਾਲੇ ਦੇਸ਼ ਦੇ ਮੰਨੇ-ਪ੍ਰਮੰਨੇ ਪੱਤਰਕਾਰ ਅਜੀਤ ਅੰਜੁਮ ਖ਼ਿਲਾਫ਼ ਜ਼ਿਲ੍ਹਾ ਬੇਗੂਸਰਾਏ ਦੇ ਬਲੀਆ ਥਾਣੇ ਵਿੱਚ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਹੈ। ਆਗੂਆਂ ਨੇ ਬਿਹਾਰ ਸਰਕਾਰ ਤੇ ਚੋਣ ਕਮਿਸ਼ਨ ਦੇ ਇਸ ਕਦਮ ਨੂੰ ਮੀਡੀਆ ਦੀ ਅਜ਼ਾਦੀ ਉਪਰ ਗੰਭੀਰ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੰਜੁਮ ਖ਼ਿਲਾਫ਼ ਸਰਕਾਰੀ ਕੰਮ ਵਿੱਚ ਵਿਘਨ ਪਾਉਣ ਤੇ ਫ਼ਿਰਕੂ ਨਫ਼ਰਤ ਪੈਦਾ ਕਰਨ ਸਮੇਤ ਹੋਰ ਦੋਸ਼ ਝੂਠੇ ਅਤੇ ਬੇਬੁਨਿਆਦ ਹਨ, ਉਨ੍ਹਾਂ ਅਜੀਤ ਅੰਜੁਮ ਖ਼ਿਲਾਫ਼ ਦਰਜ ਅਪਰਾਧਿਕ ਕੇਸ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਕਿ ਚੋਣ ਕਮਿਸ਼ਨ, ਕੇਂਦਰ ਅਤੇ ਸੂਬਾ ਸਰਕਾਰ ਅਜੀਤ ਅੰਜੁਮ ਵੱਲੋਂ ਉਠਾਏ ਬੁਨਿਆਦੀ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਵੋਟਬੰਦੀ ਦੇ ਨਾਲ ਹੀ ਸੱਚ ਦੀ ਅਵਾਜ਼ ਬੰਦ ਕਰਨ ਦਾ ਯਤਨ ਕਰ ਰਹੀ ਹੈ। ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਜ਼ਿਲ੍ਹਾ ਬਠਿੰਡਾ ਪ੍ਰਧਾਨ ਪਰਵਿੰਦਰ ਸਿੰਘ ਜੌੜਾ ਤੇ ਜਨਰਲ ਸਕੱਤਰ ਸੁਖਨੈਬ ਸਿੰਘ ਸਿੱਧੂ ਨੇ ਨਿੰਦਾ ਕਰਦਿਆਂ ਕਿਹਾ ਕਿ ਅਜਿਹੀ ਕਾਰਵਾਈ ਮੀਡੀਆ ਦੀ ਆਵਾਜ਼ ਬੰਦ ਕਰਨ ਦਾ ਯਤਨ ਹੈ।

## ਸਿਹਤ ਬੀਮਾ ਯੋਜਨਾ ਦਾ ਹਰ ਪੰਜਾਬੀ ਲੈ ਸਕੇਗਾ ਲਾਹਾ

**ਕੋਟ ਈਸੇ ਖਾਂ** (ਅਰੋੜਾ) ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਆਮ ਲੋਕਾਂ ਬਾਂਹ ਫੜਦਿਆਂ ਸੂਬੇ ਦੇ ਲੋਕਾਂ ਲਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਐਲਾਨ ਕੀਤਾ ਹੈ।ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਨਾਲ ਪੰਜਾਬ ਸਿਹਤ ਕ੍ਰਾਂਤੀ ਦੇ ਨਵੇਂ ਯੁਗ 'ਚ ਪ੍ਰਵੇਸ਼ ਕਰੇਗਾ।



ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਰਾਜਪੂਤ ਨੇ ਕੀਤਾ। ਉਨ੍ਹਾਂ ਕਿਹਾ ਐਨੀ ਵੱਡੀ ਰਕਮ ਤੇ ਬਿਨਾਂ ਸ਼ਰਤ ਲੋਕਾਂ ਨੂੰ ਇਹ ਸਹੂਲਤ ਦੇਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ, ਜਿੱਥੇ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਇਲਾਜ ਮਿਲੇਗਾ। ਉਨ੍ਹਾਂ ਕਿਹਾ ਸਰਕਾਰ ਦਾ ਇਹ ਫੈਸਲਾ ਬਹੁਤ ਸ਼ਲਾਗਾ ਯੋਗ ਕਦਮ ਹੈ। ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਲਗਭਗ 3 ਕਰੋੜ ਲੋਕਾਂ ਨੂੰ ਕਵਰ ਕਰੇਗੀ, ਜਿਸ ਦਾ ਲਾਭ ਹਰ ਵਰਗ ਨੂੰ ਮਿਲੇਗਾ।ਉਨ੍ਹਾਂ ਇਸ ਫੈਸਲੇ ਉਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਵਧਾਈ ਦਿੱਤੀ ਤੇ ਕਿਹਾ ਮੁੱਖ ਮੰਤਰੀ ਮਾਨ ਲੋਕਾਂ ਲਈ ਮਸੀਹਾ ਬਣ ਕੇ ਆਏ ਹਨ, ਜਿਨ੍ਹਾਂ ਦੀ ਜਾਨ ਹੁਣ ਪੈਸੇ ਦੀ ਘਾਟ ਹੋਣ 'ਤੇ ਵੀ ਬਚ ਸਕਦੀ ਹੈ।

## ਸ਼ੇਖਰ ਤਲਵੰਡੀ ਦਾ ਪਲੇਠਾ ਗੀਤ ਸੰਗ੍ਰਹਿ 'ਫੁੱਲਾਂ ਵਰਗੇ ਖ਼ਤ' 20 ਨੂੰ ਹੋਵੇਗਾ ਲੋਕ ਅਰਪਣ

**ਤਲਵੰਡੀ ਸਾਬੋ** (ਜਗਦੀਪ ਗਿੱਲ)- ਗੁਰੂ ਕੀ ਕਾਸ਼ੀ ਤਲਵੰਡੀ ਸਾਬੋ ਦੀ ਧਰਤੀ ਦੇ ਜੰਮਪਲ ਅਧਿਆਪਕ ਆਗੂ ਅਤੇ ਲੇਖਕ ਸ਼ੇਖਰ ਤਲਵੰਡੀ ਵੱਲੋਂ ਪਾਠਕਾਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਦੇ ਉਪਰਾਲੇ ਵਜੋਂ ਉਨ੍ਹਾਂ ਦਾ ਪਲੇਠਾ ਗੀਤ ਸੰਗ੍ਰਹਿ 'ਫੁੱਲਾਂ ਵਰਗੇ ਖ਼ਤ' 20 ਜੁਲਾਈ ਨੂੰ ਸੈਮੀਨਾਰ ਹਾਲ, ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਲੋਕ ਅਰਪਣ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਸ਼ੇਖਰ ਤਲਵੰਡੀ ਨੇ ਦੱਸਿਆ ਕਿ ਸ੍ਰੀ ਦਮਦਮਾ ਸਾਹਿਬ ਸਾਹਿਤ ਸਭਾ (ਰਜਿ) ਤਲਵੰਡੀ ਸਾਬੋ ਦੀ ਰਹਿਨੁਮਾਈ ਹੇਠ ਕਰਵਾਏ ਜਾ ਰਹੇ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਸਿੱਧੂ ਦਮਦਮੀ ਕਰਨਗੇ। ਪ੍ਰੋ. (ਡਾ.) ਬੂਟਾ ਸਿੰਘ ਸਿੱਧੂ ਸਾਬਕਾ ਵਾਈਸ ਚਾਂਸਲਰ ਐਮ ਆਰ ਐਸ ਪੀ ਟੀ ਯੂ ਬਠਿੰਡਾ ਬਤੌਰ ਮੁੱਖ ਮਹਿਮਾਨ ਅਤੇ ਪ੍ਰੋ. (ਡਾ.) ਕਮਲਜੀਤ ਸਿੰਘ ਡਾਇਰੈਕਟਰ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਣਗੇ। ਉਕਤ ਪੁਸਤਕ ਸੰਬੰਧੀ ਪਰਚਾ, ਪ੍ਰੋ. (ਡਾ.) ਸੰਦੀਪ ਰਾਣਾ ਮੁਖੀ ਗੁਰੂ ਕਾਸ਼ੀ ਕੈਂਪਸ ਭਾਸ਼ਾਵਾਂ ਵਿਭਾਗ, ਪੜ੍ਹਨਗੇ। ਪੰਜਾਬੀ ਗਾਇਕ ਟਾਈਗਰ ਮਹਿਮਾਨ ਕਲਾਕਾਰ ਵਜੋਂ ਸ਼ਾਮਲ ਹੋਣਗੇ ।ਸਮਾਗਮ ਦੌਰਾਨ ਪ੍ਰਸਿੱਧ ਗੀਤਕਾਰ ਭਿੰਦਰ ਡੱਬਵਾਲੀ, ਮਨਪ੍ਰੀਤ ਟਿਵਾਣਾ ਅਤੇ ਪ੍ਰੋ (ਡਾ.) ਸੁਸ਼ੀਲ ਕੁਮਾਰ ਬੁਲਾਰਿਆਂ ਵਜੋਂ ਸ਼ਾਮਲ ਹੋਣਗੇ। ਇਸ ਮੌਕੇ ਉਕਤ ਕਿਤਾਬ ਦੇ ਲੇਖਕ ਸ਼ੇਖਰ ਤਲਵੰਡੀ ਵੱਲੋਂ ਸਮੂਹ ਸਾਹਿਤਕ ਸਭਾਵਾਂ ਦੇ ਮੈਂਬਰਾਂ ਅਤੇ ਪਾਠਕਾਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ।



## ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ 25 ਤੋਂ ਵੱਧ ਕੰਪਨੀਆਂ/ਉਦਯੋਗਾਂ ਨਾਲ ਐੱਮ ਓ ਯੂ 'ਤੇ ਦਸਤਖਤ

**ਬੁਢਲਾਡਾ** (ਅਸ਼ੋਕ ਲਾਕੜਾ)- ਬੀਤੇ ਕੱਲ੍ਹ ਉੱਤਰੀ ਭਾਰਤ ਦੀ ਸਿਰਮੌਰ ਅਤੇ ਆਟੋਨੌਮਸ ਸੰਸਥਾ ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ, ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਰਾਜ ਪੱਧਰੀ ਇੰਡਸਟਰੀ-ਅਕੈਡਮੀਆ ਮੀਟ ਅਤੇ ਪਲੇਸਮੈਂਟ ਡਰਾਈਵ 2025 ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਜੀ ਆਇਆਂ ਨੂੰ ਆਖਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਹਮੇਸ਼ਾ ਹੀ ਉਦੇਸ਼ ਰਿਹਾ ਹੈ ਕਿ ਕਮੇਟੀ ਅਧੀਨ ਚੱਲ ਰਹੇ ਅਦਾਰਿਆਂ ਵਿਚ ਪੜ੍ਹੇ ਅਤੇ ਇਲਾਕੇ ਦੇ ਹੋਰਨਾਂ ਕਾਲਜਾਂ/ਯੂਨੀਵਰਸਿਟੀਆਂ ਵਿਚ ਪੜ੍ਹੇ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾ ਸਕਣ। ਇਸ ਉਦੇਸ਼ ਤਹਿਤ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਅੱਜ ਇੰਡਸਟਰੀ ਮੀਟ ਵਿਚ 25 ਤੋਂ ਵੱਧ ਕੰਪਨੀਆਂ ਨਾਲ ਐੱਮ.ਓ.ਯੂ. ਦਸਤਖਤ ਕੀਤੇ ਹਨ, ਜਿਸ ਨਾਲ ਆਉਂਦਿਆਂ ਵਰ੍ਹਿਆਂ ਵਿਚ ਹਜ਼ਾਰਾਂ ਵਿਦਿਆਰਥੀਆਂ ਨੂੰ ਰੁਜ਼ਗਾਰ ਮਿਲਣਾ ਹੈ। ਇਸੇ ਸੈਸ਼ਨ ਵਿਚ ਸ਼ਾਰਟ ਟਰਮ ਅਤੇ ਐਡ ਆਨ ਕੋਰਸ ਸ਼ੁਰੂ ਕੀਤੇ ਜਾਣਗੇ ਤਾਂ ਜੋ ਇਲਾਕੇ ਵਿਚ ਵਿਦਿਆਰਥੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾ ਸਕੇ। ਗਗਨਦੀਪ ਸਿੰਘ, ਐੱਸ. ਡੀ. ਐੱਮ. ਬੁਢਲਾਡਾ ਨੇ ਕਿਹਾ ਕਿ ਇਲਾਕੇ ਵਿੱਚ ਅਜਿਹੀ ਇੰਡਸਟਰੀ ਅਕੈਡਮੀਆ ਮੀਟ ਦਾ ਆਯੋਜਨ ਕਰਨਾ ਸ਼ਲਾਘਾਯੋਗ ਕਦਮ ਹੈ। ਪ੍ਰਿੰਸੀਪਲ ਅਤੇ ਕੋਆਰਡੀਨੇਟਰ ਨੂੰ ਇੰਡਸਟਰੀ ਅਕੈਡਮੀਆ ਮੀਟ ਦੀ ਵਧਾਈ ਦਿੰਦਿਆਂ ਕਿਹਾ ਅਜਿਹੇ ਉਪਰਾਲੇ ਹੋਣੇ ਚਾਹੀਦੇ ਹਨ। ਮੁੱਖ ਭਾਸ਼ਣ ਦਿੰਦਿਆਂ ਤਰੁਣ ਕੁਮਾਰ ਬੈਨਰਜੀ, ਇੰਟਰਨੈਸ਼ਨਲ ਮੋਟੀਵੇਸ਼ਨ ਸਪੀਕਰ ਕਾਰਪੋਰੇਟ ਟਰੇਨਰ ਐਂਡ ਬਿਜ਼ਨਸ ਕਨਸਲਟੈਂਟ ਚੰਡੀਗੜ੍ਹ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਕਿੱਲ ਅਧਾਰਤ ਸਿੱਖਿਆ 'ਤੇ ਜ਼ੋਰ ਦੇਣ ਦੀ ਲੋੜ ਹੈ ਤਾਂ ਜੋ ਭਵਿੱਖ ਵਿਚ ਉਹ ਸਵੈ-ਰੁਜ਼ਗਾਰ ਸ਼ੁਰੂ ਕਰ ਸਕਣ। ਨਵਨੀਤ ਕੱਕੜ ਨੇ ਕਿਹਾ ਕਿ ਮਾਨਸਾ ਜ਼ਿਲ੍ਹੇ ਵਿਚ ਅਜਿਹੇ ਵੱਡੇ ਪੱਧਰ ਦੀ ਇਹ ਪਹਿਲੀ ਇੰਡਸਟਰੀ-




ਅਕੈਡਮੀਆ ਮੀਟ ਹੈ। ਇਸ ਮੌਕੇ ਕ੍ਰਿਸ਼ਨ ਸ਼ਰਮਾ, ਚੀਫ ਮੈਨੇਜਰ ਵਰਧਮਾਨ ਸਪੈਸ਼ਲ ਸਟੀਲ, ਮਹਿੰਦਰ ਮਿੱਤਲ, ਡਾਇਰੈਕਟਰ ਸਿਨੌਨ ਬਾਇਓ ਲੈਬਜ਼, ਰਾਜੇਸ਼ ਮਿੱਤਲ ਡਾਇਰੈਕਟਰ ਅਲਕੋ ਲੈਬਜ਼ ਅਤੇ ਨਵੀਨ ਸੁਤੇਰੀ, ਜਨਰਲ ਸੈਕਟਰੀ ਯੂ.ਪੀ.ਏ.ਐੱਨ.ਆਰ, ਡਾਇਰੈਕਟਰ ਰੈਕ ਕੌਰਪ ਹੈਲਥ ਕੇਅਰ ਪ੍ਰਾਈਵੇਟ ਲਿਮਟਿਡ ਨੇ ਸਾਂਝੇ ਰੂਪ ਵਿਚ ਕਿਹਾ ਕਿ ਅਸੀਂ ਅਗਲੇ ਵਰ੍ਹੇ 300 ਸੌ ਕੰਪਨੀਆਂ ਇਸ ਇੰਡਸਟਰੀ-ਅਕੈਡਮੀਆ ਮੀਟ ਵਿਚ ਭਾਗ ਲਵਾਂਗੇ। ਇਸ ਮੌਕੇ ਕਾਲਜ ਵਿਚੋਂ ਪਾਸ ਆਊਟ ਵਿਦਿਆਰਥੀ ਦਿਨੇਸ਼, ਚੰਚਲ, ਮਨਜਿੰਦਰ ਸਿੰਘ, ਸੁਖਵੀਰ ਕੌਰ ਅਤੇ ਸੋਨੀਆ ਨੇ ਆਪਣੇ ਸਟਾਟੱਪ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ।ਕੋਆਰਡੀਨੇਟਰ ਡਾ. ਨੀਤਿਕਾ ਗੋਇਲ ਨੇ ਦੱਸਿਆ ਕਿ ਇਸ ਇੰਡਸਟਰੀ-ਅਕੈਡਮੀਆ ਮੀਟ ਵਿਚ ਇਲਾਕੇ ਦੇ 1500 ਤੋਂ ਵੱਧ ਵਿਦਿਆਰਥੀਆਂ, ਉਦਯੋਗਪਤੀਆਂ ਅਤੇ ਮੈਨੇਜਿੰਗ ਡਾਇਰੈਕਟਰਾਂ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਪ੍ਰੋਟਾਕ ਬਿਜ, ਏਰੀਅਲ ਟੈਲੀਕਾਮ ਸਲਿਊਸ਼ਨ, ਪੈਰਾਡਾਇਮ ਆਈ. ਟੀ, ਰੈਂਡਸਟੇਡ, ਐੱਚ.ਡੀ. ਐੱਫ਼. ਸੀ. ਬੈਂਕ, ਸਵਤੰਤਰ ਮਾਈਕਰੋ ਫਿਨਾਂਸ, ਵਰਧਮਾਨ ਸਟੀਲ, ਰੈਕ ਕੌਰਪ ਹੈਲਥ ਕੇਅਰ ਪ੍ਰਾਈਵੇਟ ਲਿਮਟਿਡ, ਕਾਫੋਲੀ ਹੈਲਥ ਕੇਅਰ, ਅਰਲਕ ਬਾਇਓਟੈਕ ਪ੍ਰਾਈਵੇਟ ਲਿਮਟਿਡ, ਅਲਕੋ ਲੈਬਜ਼, ਯੂਵੈਨਟਿਸ ਫਰਮਾਸਿਊਟੀਕਲ, ਟਾਈਮਜ਼ ਬਾਇਓ ਲੈਬਜ਼ ਪ੍ਰਾਈਵੇਟ ਲਿਮਟਿਡ, ਫੌਰਗੋ ਫਾਰਮਾਸਿਊਟੀਕਲ, ਸਿਤਨਾਜ ਬਾਇਓਕੇਅਰ ਪ੍ਰਾਈਵੇਟ ਲਿਮਟਿਡ, ਮਾਈਕਰੋ ਲੈਬਜ਼ ਪ੍ਰਾਈਵੇਟ ਲਿਮਟਿਡ, ਸਪਾਈਨ ਹੈਲਥ-ਕੇਅਰ, ਸੌਫਟਵਿਜ਼ ਟੈਕ ਬਠਿੰਡਾ, ਸੋਲੀਟੇਅਰ ਇਨਫੋਸਿਸ ਅਤੇ ਟੀਮਲੀਜ਼ ਕੰਪਨੀਆਂ ਦੇ ਮੈਨੇਜਿੰਗ ਡਾਇਰੈਕਟਰ ਅਤੇ ਪ੍ਰਤੀਨਿਧ ਸ਼ਾਮਲ ਹੋਏ ਸਨ। ਇਸ ਮੌਕੇ ਰਮਿੰਦਰ ਸਿੰਘ ਜ਼ਿਲ੍ਹਾ ਰੁਜ਼ਗਾਰ ਅਫ਼ਸਰ, ਪ੍ਰਿੰਸੀਪਲ ਹਰਿੰਦਰ ਸਿੰਘ ਭੁੱਲਰ, ਪ੍ਰਿੰਸੀਪਲ ਗੁਰਮੀਤ ਸਿੰਘ, ਪ੍ਰਿੰਸੀਪਲ ਅਮਰਿੰਦਰ ਸਿੰਘ, ਪਲੇਸਮੈਂਟ ਅਫ਼ਸਰ ਗੌਰਵ, ਲੈਕਚਰਾਰ ਬਿਮਲ ਕੁਮਾਰ, ਸੁਨੀਲ ਕੁਮਾਰ, ਡਾ. ਵਨੀਤ ਕੁਮਾਰ, ਗਗਨਦੀਪ ਵਰਮਾ ਅਤੇ ਸੁਨੀਲ ਕੁਮਾਰ ਸ਼ਾਮਲ ਹੋਏ।

## ਸੰਗਰਾਂਦ ਦਾ ਦਿਹਾੜਾ ਮਨਾਇਆ



**ਗਿੱਦੜਬਾਹਾ** (ਜਸਵੰਤ ਗਿੱਲ ਛੱਤਿਆਣਾ) ਪਿੰਡ ਛੱਤਿਆਣਾ ਵਿਖੇ ਹਰ ਮਹੀਨੇ ਦੀ ਤਰ੍ਹਾਂ ਸਾਉਂਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਮਨਾਇਆ ਗਿਆ।ਇਸ ਮੌਕੇ ਨਗਰ ਨਿਵਾਸੀ ਬੜੀ ਸ਼ਰਧਾ ਭਾਵਨਾ ਨਾਲ ਮੱਥਾ ਟੇਕਣ ਲਈ ਪਹੁੰਚੇ।ਇਸ ਸਮੇਂ ਧਰਮ ਪ੍ਰਚਾਰ ਕਮੇਟੀ ਦੇ ਕਥਾਵਾਚਕ ਭਾਈ ਜਗਜੀਤ ਸਿੰਘ ਨੇ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਡੇਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪੂਰਨ ਸਿੰਘ ਨੇ ਪਾਠਾਂ ਦੇ ਭੋਗ ਪਾਏ। ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ਼ ਵਰਤਾਈ ਗਈ।ਇਸ ਮੌਕੇ ਲੋਕਲ ਕਮੇਟੀ ਦੇ ਪ੍ਰਧਾਨ ਸ਼ਾਹਬਾਜ਼ ਸਿੰਘ ਬਰਾੜ, ਬਿੰਦਰ ਸਿੰਘ ਮੀਤ ਪ੍ਰਧਾਨ, ਜੱਗਾ ਸਿੰਘ ਖ਼ਜ਼ਾਨਚੀ, ਨੈਬ ਸਿੰਘ ਸੈਕਟਰੀ ਸ਼ਿੰਦਰ ਸਿੰਘ ਸੰਧੂ ਤੇ ਸਮੂਹ ਲੋਕਲ ਕਮੇਟੀ ਮੈਂਬਰ ਹਾਜ਼ਰ ਸਨ।

# 27 ਗ੍ਰਾਮ ਹੈਰੋਇਨ ਤੇ ਹੈਰੋਇਨ ਦਾ ਸੇਵਨ ਕਰਨ ਵਾਲਿਆਂ ਸਮੇਤ 8 ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ 27 ਗ੍ਰਾਮ ਹੈਰੋਇਨ ਤੇ ਹੈਰੋਇਨ ਦਾ ਸੇਵਨ ਕਰਨ ਵਾਲੇ ਸਮੇਤ 8 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਐਂਨਡੀਪੀਐਂਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਦੇ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਦੌਰਾਨੇ ਗਸ਼ਤ ਸੀ ਤਾਂ ਇਸ ਦੋਸ਼ੀ ਵਿੱਕੀ ਪੁੱਤਰ ਗਰਜਾ ਉਰਫ ਪੂਰਨ ਵਾਸੀ ਵਾਰਡ ਨੰਬਰ 3 ਬਸਤੀ ਆਵਾ ਫ਼ਿਰੋਜ਼ਪੁਰ ਸ਼ਹਿਰ ਨੂੰ ਸ਼ੱਕ ਦੀ ਬਿਨਾਅ ’ਤੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 4 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਕੈਂਟ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਵਿਨੋਦ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਚੁੰਗੀ ਨੰਬਰ 7 ਕੋਲ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸਾਗਰ ਪੁੱਤਰ ਮਾਨਾ ਵਾਸੀ ਖਟੀਕ ਮੰਡੀ ਫਿਰੋਜ਼ਪੁਰ ਕੈਂਟ ਤੇ ਸੁਨੀਲ ਉਰਫ ਲਵਲੀ ਪੁੱਤਰ ਕਸ਼ਮੀਰ ਸਿੰਘ ਵਾਸੀ ਮਕਾਨ ਨੰਬਰ 42 ਖਟੀਕ ਮੰਡੀ ਫਿਰੋਜ਼ਪੁਰ ਕੈਂਟ ਜੋ ਨਸ਼ਾ ਪੀਣ ਦੇ ਆਦੀ ਹਨ, ਜੋ ਹੁਣ ਵੀ ਚੁੰਗੀ ਨੰਬਰ 7 ਤੋਂ ਬਿਜਲੀ ਘਰ ਨੂੰ ਜਾਂਦੀ ਰੋਡ ਦੇ ਆਰਮੀ ਏਰੀਆ ਦੇ ਉਜਾੜ ਜਗ੍ਹਾ ’ਤੇ ਬਣੀਆਂ ਝਾੜੀਆਂ ਵਿਚ ਪੰਨੀ ਅਤੇ ਲਾਈਟਰ ਰੱਖ ਕੇ ਹੈਰੋਇਨ ਪੀ ਰਹੇ ਹਨ। ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਹੈਰੋਇਨ ਪੀਂਦੇ ਕਾਬੂ ਕੀਤੇ ਜਾ ਸਕਦੇ ਹਨ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ’ਤੇ ਛਾਪੇਮਾਰੀ ਕਰਕੇ ਉਨ੍ਹਾਂ ਕੋਲੋਂ ਇਕ 1 ਲਾਈਟਰ ਤੇ 1 ਪੰਨੀ ਬਰਾਮਦ ਕੀਤੀ। ਥਾਣਾ ਸਦਰ ਫ਼ਿਰੋਜ਼ਪੁਰ ਪੁਲਿਸ ਦੇ ਐੱਸਆਈ ਤਰਸੇਮ ਸ਼ਰਮਾ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਦੌਰਾਨ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸਤਨਾਮ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਪਿੰਡ ਵਾਹਗੇ ਵਾਲਾ ਫਿਰੋਜ਼ਪੁਰ ਨੂੰ ਕਰੀਆਂ ਪਹਿਲਵਾਨ ਫਾਟਕ ਦੇ ਅਗਲੇ ਪਾਸੇ ਤੋਂ ਕਾਬੂ ਕਰਕੇ ਉਸ ਕੋਲੋਂ 11 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਆਰਿਫ ਕੇ ਪੁਲਿਸ ਦੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਕਰਦੇ ਹੋਏ ਸ਼ਮਸ਼ਾਨਘਾਟ ਪਿੰਡ ਮੁਸੇ ਪੁੱਜੀ ਤਾਂ ਸ਼ਮਸ਼ਾਨਘਾਟ ਵਿੱਚ ਇਕ ਮੋਨਾ ਆਦਮੀ ਗੁਰਜੰਟ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਮਹਾਲਮ ਬੈਠਾ ਦਿਖਾਈ ਦਿੱਤਾ, ਜੋ ਕੋਈ ਨਸ਼ੀਲੀ ਵਸਤੂ ਸੁੰਘ ਰਿਹਾ ਸੀ, ਜੋ ਪੁਲਿਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਘਬਰਾ ਕੇ ਖਿਸਕਣ ਲੱਗਾ, ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਉਕਤ ਵਿਅਕਤੀ ਦੀ ਤਲਾਸ਼ੀ ਲੈਣ ’ਤੇ ਉਸ ਕੋਲੋਂ 1 ਲਾਈਟਰ, 10 ਰੁਪਏ ਦਾ ਨੋਟ ਅਤੇ 1 ਪੰਨੀ ਬਰਾਮਦ ਹੋਈ। ਥਾਣਾ ਤਲਵੰਡੀ ਭਾਈ ਪੁਲਿਸ ਦੇ ਸਹਾਇਕ ਥਾਣੇਦਾਰ ਸੁਦੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਸਿ ਪਾਰਟੀ ਗਸ਼ਤ ਕਰਦੀ ਹੋਈ ਮਾਛੀਬੁਗਰਾ ਪੁਲ ਦੇ ਨਜ਼ਦੀਕ ਪੁੱਜੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸਰਬਜੀਤ ਸਿੰਘ ਉਰਫ ਸਰਬਾ ਵਾਸੀ ਹਰਦਾਸਾ ਜੋ ਕਿ ਹੈਰੋਇਨ ਪੀਣ ਦਾ ਆਦੀ ਹੈ ਤੇ ਹੁਣ ਵੀ ਪਿੰਡ ਦੇ ਬਾਹਰ ਬਣੀ ਦਾਨਾ ਮੰਡੀ ਸੁਲਹਾਨੀ ਵਿਚ ਬਣੇ ਕਮਰੇ ਵਿਚ ਬੈਠਾ ਹੈਰੋਇਨ ਦਾ ਸੇਵਨ ਕਰ ਰਿਹਾ ਹੈ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ ’ਤੇ ਛਾਪੇਮਾਰੀ ਕਰਕੇ ਦੋਸ਼ੀ ਸਰਬਜੀਤ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ ਇਕ ਅੱਧਜਲੀ ਸਿਲਵਰ ਪੰਨੀ, ਇਕ 10 ਰੁਪਏ ਦਾ ਨੋਟ, ਇਕ ਲਾਈਟਰ ਅਤੇ ਇਕ ਬੋਤਲ ਪਲਾਸਟਿਕ ਢੱਕਣ ਬਰਾਮਦ ਹੋਇਆ। ਥਾਣਾ ਮੱਲਾਂਵਾਲਾ ਪੁਲਿਸ ਦੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਿਸ ਪਾਰਟੀ ਦੌਰਾਨੇ ਗਸ਼ਤ ਸੀ ਤਾਂ ਇਸ ਦੌਰਾਨ ਦੋਸ਼ੀਅਨ ਅਸ਼ੋਕ ਪੁੱਤਰ ਮਨੋਹਰ ਲਾਲ ਵਾਸੀ ਵਾਰਡ ਨੰਬਰ 5 ਮੱਲਾਂਵਾਲਾ ਅਤੇ ਧਰਮਾ ਪੁੱਤਰ ਗੁਲਾਬ ਵਾਸੀ ਵਾਰਡ ਨੰਬਰ 5 ਮੱਲਾਂਵਾਲਾ ਨੂੰ ਸ਼ੱਕ ਦੀ ਬਿਨਾਅ ’ਤੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 12 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ ਮਾਮਲੇ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਮੌਤ ਦੇ ਮੂੰਹ ’ਚੋਂ ਨਿਕਲ ਸਕੂਲ ਵੱਲ ਜਾਣਾ ਪੈਂਦਾ ਨੰਨ੍ਹੇ-ਮੁੰਨੇ ਬੱਚਿਆਂ ਨੂੰ

## ● ਮਸਲਾ ਹੱਲ ਨਾ ਹੋਣ ’ਤੇ ਗੰਦਾ ਪਾਣੀ ਵਿਧਾਇਕ, ਈ ਓ ਅਤੇ ਐਸ ਡੀ ਐਮ ਦਫਤਰ ’ਚ ਡੋਲ੍ਹਿਆ ਜਾਵੇਗਾ : ਢਾਬਾਂ, ਸਟਾਲਿਨ



**ਜਲਾਲਾਬਾਦ (ਜੀਤ ਕੁਮਾਰ)** ਸਰਕਾਰੀ ਪ੍ਰਾਇਮਰੀ ਕੋਠੀ ਸਕੂਲ ਦੇ ਗੇਟ ਦੇ ਸਾਹਮਣੇ ਕਾਫੀ ਸਮੇਂ ਤੋਂ ਇਕੱਠੇ ਹੁੰਦੇ ਸੀਵਰੇਜ਼ ਦੇ ਦੂਸ਼ਿਤ ਪਾਣੀ ਤੇ ਸੀਵਰੇਜ ਦੇ ਹੋਲਾਂ ਦੇ ਖੁੱਲ੍ਹੇ ਮੂੰਹ ਕਾਰਨ ਇੱਥੇ ਪੜ੍ਹਦੇ ਬੱਚੇ, ਪੜ੍ਹਾਉਂਦੇ ਅਧਿਆਪਕ ਤੇ ਬੱਚਿਆਂ ਨੂੰ ਛੱਡਣ ਆਉਂਦੇ ਮਾਪਿਆਂ ਨੂੰ ਮੌਤ ਰੂਪੀ ਸੀਵਰੇਜ਼ ਦੇ ਖੁੱਲ੍ਹੇ ਮੂੰਹ ’ਚੋਂ ਨਿਕਲ ਕੇ ਇਸ ਸਕੂਲ ਵਿੱਚ ਦਾਖਲ ਹੋਣਾ ਪੈਂਦਾ ਹੈ। ਸਕੂਲ ਦੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਦੇ ਬੱਚਿਆਂ ਦੀ ਜਾਨ ਨੂੰ ਖਤਰਾ ਬਣਿਆ ਹੋਇਆ ਹੈ। ਮੌਜੂਦ ਅਧਿਆਪਕਾਂ, ਨੰਨੇ-ਮੁੰਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਦੱਸਿਆ ਕਿ ਸਮੱਸਿਆ ਕਈ ਸਾਲਾਂ ਤੋਂ ਚੱਲ ਰਹੀ ਹੈ, ਜਿਸ ਸਬੰਧੀ ਉਹ ਲਿਖਤੀ ਦਰਖਾਸਤਾਂ ਸਿੱਖਿਆ ਵਿਭਾਗ, ਡਿਪਟੀ ਕਮਿਸ਼ਨਰ ਤੇ ਐਸਡੀਐਮ ਨੂੰ ਕਈ ਵਾਰ ਦੇ ਚੁੱਕੇ ਹਨ, ਪ੍ਰੰਤੂ ਇਥੋਂ ਦਾ ਸਿਵਲ ਪ੍ਰਸ਼ਾਸਨ, ਨਗਰ ਕੌਂਸਲ ਤੇ ਲਗਾਤਾਰ ਰਾਜ ਕਰ ਰਹੀਆਂ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਉਨ੍ਹਾਂ ਦੇ ਬੱਚੇ ਸੁਰੱਖਿਅਤ ਨਹੀਂ ਹਨ। ਸਕੂਲ ਦੇ ਸਹਿਮੇ ਹੋਏ ਬੱਚਿਆਂ ਨੇ ਦੱਸਿਆ ਕਿ ਉਹ ਕਈ ਵਾਰ ਸੀਵਰੇਜ ਵਿੱਚ ਡਿੱਗੇ ਹਨ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਸਾਥੀਆਂ ਨੇ ਸੀਵਰੇਜ ਤੋਂ ਬਾਹਰ ਕੱਢਿਆ ਹੈ। ਇੱਕ ਬੱਚੀ ਦੇ ਪਿਤਾ ਵੀਰ ਸਿੰਘ ਨੇ ਕਿਹਾ ਕਿ ਜੇਕਰ ਉਹਨਾਂ ਦੇ ਬੱਚੇ ਨੂੰ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਸਮੁੱਚੀ ਜ਼ਿੰਮੇਵਾਰੀ ਇਥੋਂ ਦੇ ਸਿਵਲ ਪ੍ਰਸ਼ਾਸਨ ਤੇ ਨਗਰ ਕੌਂਸਲ ਦੀ ਹੋਵੇਗੀ। ਦੂਜੇ ਪਾਸੇ ਇਸ ਮੁੱਦੇ ਦਾ ਸਖ਼ਤ ਨੋਟਿਸ ਲੈਂਦਿਆਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇੱਕ ਹਫਤੇ ਦੇ ਵਿੱਚ ਵਿੱਚ ਸਕੂਲ ਸਾਹਮਣੇ ਜੁੜੇ ਦੂਸ਼ਿਤ ਪਾਣੀ ਨੂੰ ਕੱਢ ਕੇ ਸੀਵਰੇਜ ਦੇ ਮੂੰਹ ਨੂੰ ਬੰਦ ਨਾ ਕੀਤਾ ਗਿਆ ਤਾਂ ਉਹ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਸਰਬ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ ਤੇ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਅਸ਼ੋਕ ਢਾਬਾਂ ਨੇ ਕਿਹਾ ਕਿ ਜੇਕਰ ਇੱਕ ਹਫਤੇ ਵਿੱਚ ਇਸ ਸਮੱਸਿਆ ਦਾ ਮੁਕੰਮਲ ਹੱਲ ਨਾ ਕੀਤਾ ਗਿਆ ਤਾਂ ਬੱਚਿਆਂ ਲਈ ਮੌਤ ਦਾ ਖੌਅ ਬਣਿਆ ਇਹ ਇਕੱਠਾ ਹੋਇਆ ਦੂਸ਼ਿਤ ਪਾਣੀ ਇਕੱਠਾ ਕਰਕੇ ਟਰਾਲੀਆਂ ’ਚ ਨਾ ਕੇ ਵਿਧਾਇਕ ਦੀ ਕੋਠੀ, ਐਸਡੀਐਮ ਦੇ ਦਫਤਰ ਤੇ ਨਗਰ ਕੌਂਸਲ ਦੇ ਦਫਤਰ ਵਿੱਚ ਲਿਜਾ ਕੇ ਡੋਲਿਆ ਜਾਵੇਗਾ। ਪਤਾ ਲੱਗਾ ਹੈ ਕਿ ਇਸ ਸਮੱਸਿਆ ਨੂੰ ਲੈ ਕੇ ਜਲਾਲਾਬਾਦ ਨਗਰ ਕੌਂਸਲ ਦੇ ਪ੍ਰਧਾਨ ਵਿਕਾਸਦੀਪ ਚੌਧਰੀ ਤੇ ਈ.ਓ. ਗੁਰਦਾਸ ਸਿੰਘ ਬੀਤੇ ਦਿਨ ਇਸ ਸਥਾਨ ਦਾ ਦੌਰਾ ਕਰਕੇ ਸੜਕ ’ਤੇ ਨਿਕਲ ਰਹੇ ਸੀਵਰੇਜ ਦੇ ਗੰਦੇ ਪਾਣੀ ਦਾ ਜਾਇਜ਼ਾ ਲਿਆ ਅਤੇ ਇਸ ਦੌਰਾਨ ਉਨ੍ਹਾਂ ਵੱਲੋਂ ਇਸ ਸਮੱਸਿਆ ਦਾ ਗੰਭੀਰ ਨੋਟਿਸ ਲੈਂਦੇ ਹੋਏ ਜਲਦੀ ਹੱਲ ਕਰਾਉਣ ਦਾ ਲੋਕਾਂ ਨੂੰ ਭਰੋਸਾ ਦਿੱਤਾ ਗਿਆ ਸੀ, ਪਰ ਤ੍ਰਾਸਦੀ ਹੈ ਕਿ ਇਸ ਮੁਸ਼ਕਲ ਦਾ ਹਾਲੇ ਤੱਕ ਹੱਲ ਨਹੀਂ ਹੋ ਸੱਕਿਆ ਹੈ, ਜਿਸਦੇ ਚੱਲਦੇ ਇਸ ਸੀਵਰੇਜ ਸਮੱਸਿਆ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿਉਂਕਿ ਇਸ ਸੜਕ ਤੋਂ ਲੰਘਣਾ ਔਖਾ ਹੋ ਚੁੱਕਾ ਹੈ।

# ਫੂਡ ਸੇਫਟੀ ਅਫਸਰ ਵੱਲੋਂ ਦੁੱਧ, ਪਨੀਰ ਤੇ ਮਠਿਆਈਆਂ ਦੇ ਲਏ ਗਏ ਸੈਂਪਲ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਮਾਨਯੋਗ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਦਿਲਰਾਜ ਸਿੰਘ ਆਈਏਐੱਸ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿਹਤ ਅਫਸਰ ਡਾ. ਸੁਖਬੀਰ ਕੌਰ ਦੇ ਹੁਕਮਾਂ ਅਨੁਸਾਰ ਆਮ ਜਨਤਾ ਨੂੰ ਸਾਫ ਸੁਥਰੇ ਖੁਰਾਕ ਪਦਾਰਥ ਮੁਹਈਆ ਕਰਾਉਣ ਲਈ ਚਲਾਈ ਗਈ ਮੁਹਿੰਮ ਤਹਿਤ 15 ਜੁਲਾਈ ਨੂੰ ਫੂਡ ਸੇਫਟੀ ਅਫਸਰ ਫ਼ਿਰੋਜ਼ਪੁਰ ਸੰਦੀਪ ਸਿੰਘ ਸੰਧੂ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਥਾਂਵਾਂ ਦਾ ਦੌਰਾ ਕੀਤਾ ਗਿਆ ਤੇ ਚੈਕਿੰਗ ਦੌਰਾਨ ਪੰਜ ਸੈਂਪਲ ਜਾਂਚ ਲਈ ਲਏ ਗਏ, ਜਿਸ ਵਿੱਚ ਦੁੱਧ, ਪਨੀਰ ਤੇ ਮਠਿਆਈਆਂ ਦੇ ਸੈਂਪਲ ਸ਼ਾਮਲ ਹਨ। ਚੈਕਿੰਗ ਦੌਰਾਨ ਜਦੋਂ ਨੈਸਲੇ ਦੁੱਧ ਕੇਂਦਰ ਪਿੰਡ ਸੇਖਵਾਂ ਦੀ ਚੈਕਿੰਗ ਕੀਤੀ ਗਈ ਤਾਂ ਪਾਇਆ ਗਿਆ ਕਿ ਸੈਂਟਰ ਵਿਖੇ ਸਾਫ-ਸਫਾਈ ਦਾ ਪ੍ਰਬੰਧ ਬਹੁਤ ਮਾੜਾ ਸੀ ਤੇ ਇਕੱਤਰ ਕੀਤੇ ਗਏ ਤਕਰੀਬਨ 600 ਲੀਟਰ ਦੁੱਧ ਵਿੱਚ ਬਹੁਤਾਤ ਵਿਚ ਮਰੀਆਂ ਹੋਈਆਂ ਮੱਖੀਆਂ ਪਾਈਆਂ ਗਈਆਂ, ਜਿਸ ਦਾ ਸੈਂਪਲ ਜਾਂਚ ਲਈ ਲੈਣ ਤੋਂ ਬਾਅਦ ਇਸ ਸਬੰਧੀ ਨੈਸਲੇ ਅਦਾਰੇ ਦੇ ਫੀਲਡ ਅਫਸਰਾਂ ਨੂੰ ਇਸ ਦੀ ਜਾਣਕਾਰੀ ਉਸੇ ਮੌਕੇ ਦਿੱਤੀ ਗਈ ਤੇ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਤੁਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇ।



ਅਧਿਕਾਰੀਆਂ ਵੱਲੋਂ ਸਮੂਹ ਦੁਕਾਨਦਾਰਾਂ ਨੂੰ ਤਾੜਨਾ ਕੀਤੀ ਗਈ ਕਿ ਖਾਣ-ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟਖੋਰੀ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਜੇਕਰ ਕੋਈ ਫੂਡ ਬਿਜਨਸ ਅਪ੍ਰੇਟਰ ਗੰਦਗੀ ਵਾਲੀ ਜਗ੍ਹਾ ਖੁਰਾਕ ਪਦਾਰਥ ਬਣਾਵੇਗਾ ਜਾਂ ਪ੍ਰੋਸੈਸ ਕਰੇਗਾ ਤਾਂ ਉਸ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਦੇ ਵਿਸ਼ੇਸ਼ ਸਹਿਯੋਗ ਸਦਕਾ ਵਿਸ਼ਾਲ ਖ਼ੂਨਦਾਨ ਕੈਂਪ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਆਮ ਆਦਮੀ ਪਾਰਟੀ ਪਟਿਆਲਾ ਦੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਦੇ ਵਿਸੇਸ਼ ਸਹਿਯੋਗ ਸਦਕਾ ਢਿੱਲੋਂ ਫਨ ਵਰਲਡ ਜੋੜੀਆਂ ਸੜਕਾਂ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਦਾ ਰਸਮੀ ਉਦਘਾਟਨ ਉੱਘੇ ਸਮਾਜਸੇਵੀ ਅਤੇ ਪਟਿਆਲਾ ਲੋਕ ਸਭਾ ਦੇ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਖੁਦ ਖੂਨਦਾਨ ਕਰਕੇ ਕੀਤਾ।ਇਹ ਖੂਨਦਾਨ ਕੈਂਪ ਚਾਚਾ ਗੁਰਸ਼ਰਨ ਸਿੰਘ ਢਿੱਲੋਂ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਖ਼ੂਨਦਾਨ ਕੈਂਪ ਵਿੱਚ ਮਨਦੀਪ ਸਿੰਘ ਜੋਲਾ ਜ਼ਿਲ੍ਹਾ ਸੈਕਟਰੀ ਆਪ ਨੇ 42ਵੀਂ ਵਾਰ, ਲਖਵਿੰਦਰ ਸਿੰਘ ਢਿੱਲੋਂ, ਤੇਜਿੰਦਰ ਸਿੰਘ ਮੰਡੌਰ, ਕੁਲਵਿੰਦਰ ਸਿੰਘ ਮੰਡੌਰ, ਰਮਨਜੀਤ ਸਿੰਘ ਪਟਿਆਲਾ, ਸੁਰਜੀਤ ਕੁਮਾਰ ਅਤੇ ਮਨਿੰਦਰ ਸਿੰਘ ਨਾਭਾ, ਮਨਦੀਪ ਖਾਨ ਬੋਸਰ ਸਮੇਤ ਰਾਜਿੰਦਰਾ ਹਸਪਤਾਲ ਬਲੱਡ ਬੈਂਕ ਅਤੇ ਕਪਿੱਸਥਲ ਚੈਰੀਟੇਬਲ ਬਲੱਡ ਬੈਂਕ ਵੱਲੋਂ 108 ਯੂਨਿਟ ਖੂਨ ਇਕੱਤਰ ਕੀਤਾ ਗਿਆ।ਪਟਿਆਲਾ ਲੋਕ ਸਭਾ ਦੇ ਇੰਚਾਰਜ ਢਿੱਲੋਂ ਨੇ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ, ਅਸੀਂ ਇੱਕ ਖੂਨ ਦੇ ਯੂਨਿਟ ਨਾਲ ਚਾਰ ਅਨਮੋਲ ਜ਼ਿੰਦਗੀਆਂ ਬਚਾ ਸਕਦੇ ਹਾਂ। ਇਸ ਸਮੇਂ ਬਲੱਡ ਬੈਂਕਾਂ ਵਿੱਚ ਖੂਨ ਦੀ ਭਾਰੀ ਕਮੀ ਚੱਲ ਰਹੀ ਹੈ, ਕਿਉਂਕਿ ਗਰਮੀ ਦੇ ਕਾਰਨ ਖੂਨਦਾਨ ਕੈਂਪ ਘੱਟ ਲੱਗ ਰਹੇ ਹਨ। ਉਨ੍ਹਾਂ ਕਿਹਾ ਕਿ ਢਿੱਲੋਂ ਪਰਵਾਰ ਸਮਾਜ ਸੇਵਾ ਨੂੰ ਹਮੇਸ਼ਾ ਸਮਰਪਤ ਰਹੇਗਾ। ਕਲੱਬ ਵੱਲੋਂ ਹੜ੍ਹਾਂ ਦੇ ਬਾਵਜੂਦ ਖੂਨਦਾਨ ਕੈਂਪ ਲਗਾ ਕੇ ਐਮਰਜੈਂਸੀ ਮਰੀਜ਼ਾਂ ਦੀ ਮਦਦ ਕਰਨਾ ਸ਼ਲਾਘਾਯੋਗ ਉਪਰਾਲੇ ਹਨ। ਚਾਚਾ ਗੁਰਸ਼ਰਨ ਸਿੰਘ ਢਿੱਲੋਂ ਵੱਲੋਂ ਸਮੂਹ ਖੂਨਦਾਨੀਆਂ ਨੂੰ ਬੂਟੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਲਜਿੰਦਰ ਸਿੰਘ ਢਿੱਲੋਂ, ਚਾਚਾ ਗੁਰਸ਼ਰਨ ਸਿੰਘ ਢਿੱਲੋਂ, ਹਰਪਾਲ ਜੁਨੇਜਾ ਮਾਲਵਾ ਜ਼ੋਨ ਮੀਡੀਆ ਇੰਚਾਰਜ ਆਮ ਆਦਮੀ ਪਾਰਟੀ ਪਟਿਆਲਾ, ਰਵਿੰਦਰਪਾਲ ਸਿੰਘ ਪ੍ਰਿੰਸ ਲਾਂਬਾ, ਜਸਵਿੰਦਰ ਸਿੰਘ ਰੀਮਪਾ ,ਰਾਜਿੰਦਰ ਸਿੰਘ ਕੋਹਲੀ ਮੀਡੀਆ ਸਲਾਹਕਾਰ, ਮੈਨੇਜਰ ਕੇਵਲ ਕ੍ਰਿਸ਼ਨ, ਮਨਜੀਤ ਸਿੰਘ ਢਿੱਲੋਂ, ਸੰਜੀਵ ਕੁਮਾਰ ਸਨੌਰ, ਬਲਜਿੰਦਰਪਾਲ ਸਿੰਘ ਭਾਟੀਆ, ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਤੇਜਿੰਦਰ ਸਿੰਘ ਮੰਡੌਰ, ਲਖਵਿੰਦਰ ਸਿੰਘ, ਰਾਹੁਲ ਬਿੰਜਲ, ਪਰਮਵੀਰ ਖੇੜੀ ਬਰਨਾ, ਜਗਰਾਜ ਸਿੰਘ, ਦਰਸ਼ਨ ਸਿੰਘ, ਮਨਦੀਪ ਖਾਨ, ਜਸਵਿੰਦਰ ਸਿੰਘ, ਸੁੰਦਰਜੀਤ ਕੌਰ, ਸੁਮਨਜੀਤ ਕੌਰ, ਨਿਰਮਲ ਕੌਰ, ਅਮਰਜੀਤ ਸਿੰਘ ਭਾਂਖਰ, ਹੈਦਰ ਅਲੀ ਅਤੇ ਰਣਜੀਤ ਸਿੰਘ ਹਾਜ਼ਰ ਸਨ।



# ਸ਼ਹਿਰ ਵਾਸੀਆਂ ਨੇ ਏ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਭਾਜਪਾ ਦੇ ਬੁਲਾਰੇ ਮਿੰਕਲ ਬਜਾਜ ਦੀ ਅਗਵਾਈ ਹੇਠ ਸ਼ਹਿਰ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਮਿੰਨੀ ਸਕੱਤਰੇਤ ਪਹੁੰਚ ਕੇ ਏਡੀਸੀ ਗੁਰਪ੍ਰੀਤ ਸਿੰਘ ਥਿੰਦ ਨੂੰ ਮੰਗ ਪੱਤਰ ਸੌਂਪਿਆ ਗਿਆ। ਟੋਲ ਪਲਾਜ਼ੇ ਨੂੰ ਗੈਰ ਕਾਨੂੰਨੀ ਦੱਸਦਿਆਂ ਪ੍ਰਸ਼ਾਸਨ ਤੋਂ ਇਸ ਦੇ ਲੀਗਲ ਹੋਣ ਦੇ ਸਬੂਤ ਮੰਗੇ ਗਏ।ਨਾਲ ਹੀ ਚਿਤਾਵਨੀ ਦਿੱਤੀ ਗਈ ਕਿ ਜੇਕਰ ਇਹ ਟੋਲ ਪਲਾਜ਼ਾ ਨਿਯਮਾਂ ’ਤੇ ਖਰਾ ਉਤਰਦਾ ਹੈ ਤਾਂ ਠੀਕ, ਨਹੀਂ ਤਾਂ ਇਸ ਨੂੰ ਤੁਰੰਤ ਬੰਦ ਕੀਤਾ ਜਾਵੇ। ਮਿੰਕਲ ਬਜਾਜ ਨੇ ਕਿਹਾ ਕਿ ਕਈ ਸਾਲਾਂ ਮਗਰੋਂ ਇਹ ਟੋਲ ਪਲਾਜਾ ਮੁੜ ਤੋਂ ਸ਼ੁਰੂ ਕਰ ਦਿੱਤਾ ਗਿਆ ਹੈ, ਜਦਕਿ ਇਹ ਟੋਲ ਪਲਾਜ਼ਾ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਸ਼ਰਤਾਂ ਪੂਰੀਆਂ ਨਹੀਂ ਕਰਦਾ।ਪਿੰਡ ਵੜਿੰਗ, ਸਰਾਏਨਾਗਾ, ਖਾਰਾ ਦੇ ਬਸ ਸਟੈਂਡ ਕੋਲ ਥੋੜ੍ਹੀ ਜਿਹੀ ਬਰਸਾਤ ਨਾਲ ਸੜਕਾਂ ’ਤੇ ਬਹੁਤ ਪਾਣੀ ਹੋ ਜਾਂਦਾ ਹੈ ਅਤੇ ਨਾ ਹੀ ਕੋਈ ਨਿਕਾਸੀ ਦਾ ਪ੍ਰਬੰਧ ਹੈ, ਜਿਸ ਕਾਰਨ ਰਾਹਗੀਰਾਂ ਨੂੰ ਟੋਲ ਦੇਣ ਦੇ ਉਪਰੰਤ ਵੀ ਕੋਈ ਟੋਲ ਰੋਡ ਸਹੂਲਤ ਨਹੀਂ ਦਿੱਤੀ ਜਾ ਰਹੀ ਅਤੇ ਨਾ ਹੀ ਪੁਲ ਦੀ ਉਸਾਰੀ ਕੀਤੀ ਜਾ ਰਹੀ ਹੈ।ਟੋਲ ਪਰਚੀ ਕੱਟਣ ਵੇਲੇ ਵੀ ਰਾਹਗੀਰਾਂ ਨਾਲ ਜ਼ਿਆਦਾ ਬਦਸਲੂਕੀ ਕੀਤੀ ਜਾਂਦੀ ਹੈ।ਇਸ ਲਈ ਇਹ ਟੋਲ ਪਲਾਜ਼ਾ ਬੰਦ ਕਰਾਇਆ ਜਾਵੇ।

# ਅਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਬਾਰੇ ਸਮੀਖਿਆ ਮੀਟਿੰਗ



**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਹਾਇਕ ਕਮਿਸ਼ਨਰ ਮਨਰੀਤ ਰਾਣਾ ਵੱਲੋਂ ਬੱਚਤ ਭਵਨ ਵਿਖੇ ਆਜ਼ਾਦੀ ਦਿਹਾੜੇ ਮੌਕੇ ਹੋਣ ਵਾਲੇ ਸਮਾਰੋਹ ਦੀਆਂ ਤਿਆਰੀਆਂ ਬਾਰੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਸਹਾਇਕ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦੀ ਦਿਵਸ ਮੌਕੇ ਖੇਡ ਸਟੇਡੀਅਮ ਸਰਹਿੰਦ ਵਿਖੇ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ ਤੇ ਇਸ ਕੌਮੀ ਦਿਹਾੜੇ ਨੂੰ ਮਨਾਉਣ ਲਈ ਸਮੂਹ ਅਧਿਕਾਰੀ ਪੂਰੀ ਤਨਦੇਹੀ ਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਪ੍ਰਬੰਧਾਂ ਨੂੰ ਸਮੇਂ ਸਿਰ ਨੇਪਰੇ ਚੜ੍ਹਾਉਣ ਲਈ ਵਚਨਬੱਧ ਰਹਿਣ। ਸਹਾਇਕ ਕਮਿਸ਼ਨਰ ਮਨਰੀਤ ਰਾਣਾ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਪੰਜਾਬ ਪੁਲਿਸ, ਹੋਮਗਾਰਡਜ਼, ਐਨ.ਸੀ.ਸੀ. ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ, ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਅਧਾਰਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਅਤੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕਾਰਗੁਜ਼ਾਰੀ ਵਿਖਾਉਣ ਵਾਲਿਆਂ ਦਾ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਉਹਨਾਂ ਦੀਆਂ ਜਿੰਮੇਵਾਰੀਆਂ ਬਾਰੇ ਸੁਚੇਤ ਕਰਦੇ ਹੋਏ ਸਮੇਂ ਸਿਰ ਮੁੱਢਲੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ।

# ਹੋਲੀ ਹਾਰਟ ਸਕੂਲ ਨੂੰ ਮਿਲਿਆ ਸ਼ਿਕਸ਼ਾ ਸਨਮਾਨ




**ਮਹਿਲ ਕਲਾਂ (ਬਲਵਿੰਦਰ ਵਜੀਦਕੇ)** ਜ਼ੀ ਹੋਲੀ ਹਾਰਟ ਪਬਲਿਕ ਸਕੂਲ ਨੇ ਇੱਕ ਵਾਰ ਫਿਰ ਸਿੱਖਿਆ ਜਗਤ ਵਿੱਚ ਆਪਣੀ ਕਾਬਲੀਅਤ ਅਤੇ ਵਿਸ਼ੇਸ਼ਤਾ ਸਾਬਤ ਕਰਦਿਆਂ ਅਮਿਟੀ ਯੂਨੀਵਰਸਿਟੀ, ਮੋਹਾਲੀ ਵੱਲੋਂ ਆਯੋਜਤ ਸਮਾਰੋਹ ਦੌਰਾਨ ‘ਸ਼ਿਕਸ਼ਾ ਸਨਮਾਨ’ ਹਾਸਲ ਕਰਕੇ ਆਪਣਾ ਮਾਣ ਵਧਾਇਆ।ਇਹ ਇਨਾਮ ਉਨ੍ਹਾਂ ਸੰਸਥਾਵਾਂ ਨੂੰ ਦਿੱਤਾ ਜਾਂਦਾ ਹੈ, ਜੋ ਨਵੀਨਤਮ ਸਿੱਖਣ ਨੀਤੀਆਂ, ਵਿਦਿਆਰਥੀ-ਕੇਂਦਰਿਤ ਦ੍ਰਿਸ਼ਟੀਕੋਣ ਤੇ ਉੱਚ ਮਿਆਰੀ ਪ੍ਰਬੰਧਨ ਰਾਹੀਂ ਸਿੱਖਿਆ ਦੇ ਖੇਤਰ ਵਿੱਚ ਕਲਾਤਮਕ ਯੋਗਦਾਨ ਪਾਉਂਦੀਆਂ ਹਨ। ਇਹ ਇਨਾਮ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਸੁਸ਼ੀਲ ਗੋਇਲ ਨੇ ਪ੍ਰਾਪਤ ਕੀਤਾ।ਪ੍ਰਿੰਸੀਪਲ ਸ਼੍ਰੀਮਤੀ ਗੀਤਿਕਾ ਸ਼ਰਮਾ ਦੇ ਪ੍ਰਬਲ ਤੇ ਵਿਜ਼ਨਰੀ ਨੇਤ੍ਰਿਤਵ ਹੇਠ, ਸਕੂਲ ਨੇ ਹਰ ਖੇਤਰ ਵਿੱਚ ਨਵੇਂ ਮਾਪਦੰਡ ਸਥਾਪਤ ਕੀਤੇ ਹਨ। ਉਹਨਾਂ ਨੇ ਕਿਹਾ ਕਿ ਇਹ ਇਨਾਮ ਸਿਰਫ ਇੱਕ ਸਨਮਾਨ ਨਹੀਂ, ਸਗੋਂ ਪੂਰੇ ਹੋਲੀ ਹਾਰਟ ਪਰਵਾਰ ਦੀ ਸਾਂਝੀ ਸਫਲਤਾ ਹੈ, ਜੋ ਟੀਮਵਰਕ, ਵਿਸ਼ਵਾਸ ਤੇ ਸੰਘਰਸ਼ ਨਾਲ ਸੰਭਵ ਹੋਈ।ਸਕੂਲ ਵਿੱਚ ਬਹੁਤ ਸਾਰੀਆਂ ਸਹੂਲਤਾਂ ਮੌਜੂਦ ਹਨ, ਜਿਵੇਂ ਕਿ ਪੂਰੀ ਤਰ੍ਹਾਂ ਏ.ਸੀ. ਕਲਾਸਰੂਮ, ਸਮਾਰਟ ਕਲਾਸਜ਼ ਰਾਹੀਂ ਟੈਕਨਾਲੋਜੀ ਨਾਲ ਭਰਪੂਰ ਸਿੱਖਣ, ਲੈਂਗੁਏਜ ਲੈਬ, ਜਿੱਥੇ ਬੱਚਿਆਂ ਦੀ ਸੰਚਾਰ ਯੋਗਤਾ ਤੇ ਧਿਆਨ, ਉਲੰਪਿਕ ਮਿਆਰੀ ਸਵੀਮਿੰਗ ਪੂਲ, ਜਿਸ ਰਾਹੀਂ ਸਿਹਤ ਤੇ ਸੁਰੱਖਿਆ ਨੂੰ ਉਤਸ਼ਾਹ, ਸਪੋਰਟਸ ਕੰਪਲੈਕਸ ਖੇਡਾਂ ਅਤੇ ਐਥਲੈਟਿਕਸ ਲਈ ਵਿਅਪਕ ਮੈਦਾਨ, ਵਿਦਿਆਰਥੀਆਂ ਦੀ ਸਹੂਲਤ ਲਈ ਲਿਫਟ ਦੀ ਸੁਵਿਧਾ ਨੌਜਵਾਨ ਬੱਚਿਆਂ ਲਈ ਰੰਗੀਨ ਤੇ ਸੁਰੱਖਿਅਤ ਖੇਡ ਏਰੀਆ, ਵਿਸ਼ਾਲ ਆਡੀਟੋਰੀਅਮ, ਜਿੱਥੇ ਨਾਟਕ, ਮੁਕਾਬਲੇ ਤੇ ਸਮਾਗਮ ਕਰਵਾਏ ਜਾਂਦੇ ਹਨ, ਸ਼ਾਨਦਾਰ ਪਾਰਕਿੰਗ ਸ਼ੈਡ, ਵਾਹਨਾਂ ਨੂੰ ਧੁੱਪ ਤੇ ਮੀਂਹ ਤੋਂ ਬਚਾਉਂਦਾ ਹੈ।

# 18 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਪੁਲਸ ਅੜਿੱਕੇ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਥਾਣਾ ਮੱਲਾਂਵਾਲਾ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 18 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਪਾਲਾ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਰੇਲਵੇ ਫਾਟਕ ਜ਼ੀਰਾ ਰੋਡ ਮੱਲਾਂਵਾਲਾ ਪਾਸ ਮੌਜੂਦ ਸੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੱਖਣ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਵਾਰਡ ਨੰਬਰ 11 ਘੁਮਿਆਰੀ ਵਾਲਾ ਜੋ ਨਾਜਾਇਜ਼ ਸ਼ਰਾਬ ਕਸੀਦ ਕਰਕੇ ਵੇਚਣ ਦਾ ਆਦੀ ਹੈ, ਇਸ ਵਕਤ ਦਾਨਾ ਮੰਡੀ ਮੱਲਾਂਵਾਲਾ ਵਿਚ ਨਾਜਾਇਜ਼ ਸ਼ਰਾਬ ਰੱਖ ਕੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਮੱਖਣ ਸਿੰਘ ਨਜਾਇਜ਼ ਸ਼ਰਾਬ ਸਮੇਤ ਕਾਬੂ ਆ ਸਕਦਾ ਹੈ। ਪੁਲਿਸ ਨੇ ਦੱਸਿਆ ਕਿ ਉਕਤ ਜਗ੍ਹਾ ’ਤੇ ਛਾਪੇਮਾਰੀ ਕਰਕੇ ਦੋਸ਼ੀ ਕੋਲੋਂ 18 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀ. ਮੰਡਲ ਵਿਯੁਤ ਇੰਜੀਨੀਅਰ/ਸਾਮਾਨਯ ਉੱਤਰ ਰੇਲਵੇ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251-ਵਿਯੁਤ T-07R-2025-26 | ਫਿਰੋਜ਼ਪੁਰ ਮੰਡਲ ਵਿਚ ਵੱਖ-ਵੱਖ ਜਗ੍ਹਾਂ (ਸਟੇਸ਼ਨ, ਸੇਵਾ ਭਵਨ ਆਵਾਸੀਯ ਭਵਨ ਅਤੇ ਐਲਸੀ ਗੇਟ) ਉਤੇ ਸੋਰ ਊਰਜਾ ਸੰਯੰਤਰ ਦਾ ਪ੍ਰਾਵਧਾਨ। | Rs. 11,05,35,584.10/- | Rs. 7,02,700.00/- | 06 ਮਹੀਨੇ | 04.08.2025 15:00 ਵਜੇ ਦੇ ਬਾਦ | www.ireps.gov.in |

ਨੰ: 251-ਬਿਜਲਈ/ਟੈਂਡਰ ਸੂਚਨਾ ਨੰ: 10-ਬਿਜਲਈ/2025-26 ਮਿਤੀ :- 14.07.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2134/25



## ਦ.ਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਗੁਰਦਾਸਪੁਰ

## ਟੈਂਡਰ ਨੋਟਿਸ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਗੁਰਦਾਸਪੁਰ ਸਾਲ 2025-26 ਦੇ ਜ਼ਿਲ੍ਹਾ ਅਤੇ ਪੰਜਾਬ ਰਾਜ ਜ਼ਿਲ੍ਹਾ ਟੂਰਨਾਮੈਂਟ ਲਈ ਟਰਾਫੀਆਂ, ਮਿਮੈਂਟੋ, ਖੇਡਾਂ ਦਾ ਸਾਮਾਨ, ਵਧੀਆ ਟ੍ਰੈਕ ਸੂਟ (ਨਿੱਕਰ ਅਤੇ ਟੀ ਸ਼ਰਟ), ਸਟੇਸ਼ਨਰੀ ਦਾ ਸਾਮਾਨ, ਮੈਡਲ ਦੀ ਖਰੀਦ ਕਰਨੀ, ਟੈਂਟ ਦਾ ਸਾਮਾਨ ਕਿਰਾਏ ਤੇ ਲੈਣ ਅਤੇ ਸਰਟੀਫਿਕੇਟ ਦੀ ਛਪਾਈ ਕਰਵਾਉਣੀ ਹੈ। ਇਸ ਦਫ਼ਤਰ ਵਿੱਚੋਂ ਦਫ਼ਤਰੀ ਸਮੇਂ ਦੌਰਾਨ ਸਾਮਾਨ ਦੀ ਲਿਸਟ, ਕਵਾਲਟੀ ਦਾ ਪ੍ਰੋਫਾਰਮਾ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਕੋਲੋਂ 200 ਰੁਪਏ ਦਾ ਲੈ ਕੇ ਮਿਤੀ 23.07.25 ਤੱਕ ਸੀਲਡ ਲਿਫਾਫੇ ਵਿੱਚ ਭਰ ਕੇ ਦਸਤੀ ਜਾਂ ਡਾਕ ਰਾਹੀਂ ਇਸ ਦਫ਼ਤਰ ਵਿਖੇ ਦੁਪਹਿਰ 12.00 ਵਜੇ ਤੱਕ ਪਹੁੰਚ ਜਾਣੇ ਚਾਹੀਦੇ ਹਨ ਅਤੇ ਇਹ ਟੈਂਡਰ ਉਸੇ ਦਿਨ ਕਮੇਟੀ ਦੇ ਸਾਹਮਣੇ 2.00 ਵਜੇ ਖੋਲ੍ਹੇ ਜਾਣਗੇ। ਜਿਸ ਦਾ ਰੇਟ ਘੱਟ ਹੋਵੇਗਾ, ਉਸ ਫਰਮ ਨੂੰ ਸਪਲਾਈ ਆਰਡਰ ਦਿੱਤਾ ਜਾਵੇਗਾ। ਇਹ ਰੇਟ 31.03.26 ਤੱਕ ਮੰਨੇ ਜਾਣਗੇ। ਟੈਂਡਰ ਸੰਬੰਧੀ ਸਾਰੇ ਹੱਕ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਗੁਰਦਾਸਪੁਰ ਕੋਲ ਰਾਖਵੇਂ ਹੋਣਗੇ, ਉਹ ਕਿਸੇ ਵੇਲੇ ਵੀ ਬਿਨਾਂ ਕਾਰਨ ਦੱਸੇ ਕੈਂਸਲ ਕਰ ਸਕਦੇ ਹਨ।

ਨੋਟ : ਬਿਨਾਂ ਜੀ.ਐਸ.ਟੀ. ਨੰਬਰ ਵਾਲੀ ਫਰਮ ਦੇ ਟੈਂਡਰ ਸਵੀਕਾਰ ਨਹੀਂ ਕੀਤੇ ਜਾਣਗੇ।

ਸਹੀ/-
ਜ਼ਿਲ੍ਹਾ ਸਿੱਖਿਆ ਅ.ਫਸਰ (ਸੈ.ਸਿ)
ਗੁਰਦਾਸਪੁਰ

ਨੰ. 714 ਮਿਤੀ : 15.07.2025


# ਔਰਤ ਹੈਰੋਇਨ ਦਾ ਸੇਵਨ ਦੇ ਦੋਸ਼ ’ਚ ਕਾਬੂ, ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਇਕ ਔਰਤ ਨੂੰ ਹੈਰੋਇਨ ਦਾ ਸੇਵਨ ਕਰਨ ਦੇ ਦੋਸ਼ ਵਿੱਚ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਏਰੀਏ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੁਰਿੰਦਰ ਕੌਰ ਉਰਫ ਸਿਮਰਨ ਪੱਤਨੀ ਮਨਜੀਤ ਸਿੰਘ ਵਾਸੀ ਕਮਰੇਵਾਲਾ, ਜੋ ਨਸ਼ਾ ਕਰਨ ਦੀ ਆਦੀ ਹੈ ਤੇ ਅੱਜ ਵੀ ਢਾਣੀ ਭੰਡਾਰੀ ਵਾਲੀ ਤੋਂ ਪਿੱਛੇ ਦਰੋਗਾ ਨੂੰ ਜਾਂਦੀ ਲਿੰਕ ਸੜਕ ਦੇ ਚੁਰੱਸਤਾ ਤੋਂ ਥੋੜ੍ਹਾ ਅੱਗੇ ਬੈਠੀ ਸਿਲਵਰ ਪੰਨੀ ਤੇ ਨਸ਼ਾ ਕਰ ਰਹੀ ਹੈ, ਜੇਕਰ ਉਸ ’ਤੇ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਉਹ ਰੰਗੇ ਹੱਥੀਂ ਕਾਬੂ ਆ ਸਕਦੀ ਹੈ, ਜਿਸ ’ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਸੁਰਿੰਦਰ ਕੌਰ ਉਰਫ ਸਿਮਰਨ ਨੂੰ ਇਕ ਲਾਇਟਰ, ਸਿਵਰ ਪੰਨੀ ਦੇ ਉਪਰ ਹੈਰੋਇਨ ਲੱਗੀ ਅਤੇ 10 ਰੁਪਏ ਵਾਲਾ ਨੋਟ ਸੜਿਆ ਹੋਇਆ, ਸਣੇ ਕਾਬੂ ਕੀਤਾ ਗਿਆ ਹੈ। ਪੁਲਸ ਵੱਲੋਂ ਥਾਣਾ ਅਮੀਰ ਖਾਸ ਵਿਖੇ ਧਾਰਾ 27/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤਾ ਗਿਆ ਹੈ।

# ਅਜ਼ਾਦੀ ਦਿਹਾੜਾ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** 15 ਅਗਸਤ ਨੂੰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਹਾੜੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਉਪ ਮੰਡਲ ਮੈਜਿਸਟ੍ਰੇਟ ਸ੍ਰੀਮਤੀ ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ।ਇਸ ਦੌਰਾਨ ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪੋ-ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ।ਉਪ ਮੰਡਲ ਮੈਜਿਸਟ੍ਰੇਟ ਨੇ ਦੱਸਿਆ ਕਿ 15 ਅਗਸਤ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਜ਼ਾਦੀ ਦਿਹਾੜਾ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਆਜ਼ਾਦੀ ਦਿਹਾੜੇ ਵਿੱਚ ਆਉਣ ਵਾਲੇ ਲੋਕਾਂ ਲਈ ਟ੍ਰੈਫਿਕ ਰੂਟ ਬਣਾਇਆ ਜਾਵੇ ਤੇ ਪਾਰਕਿੰਗ ਲਈ ਪਹਿਲਾਂ ਹੀ ਥਾਵਾਂ ਨਿਸ਼ਚਤ ਕੀਤੀਆਂ ਜਾਣ ਤਾਂ ਜੁ ਕਿਸੇ ਤਰ੍ਹਾਂ ਦੀ ਟ੍ਰੈਫਿਕ ਦੀ ਸਮੱਸਿਆ ਨਾ ਆਵੇ।ਉਨ੍ਹਾਂ ਬਿਜਲੀ ਬੋਰਡ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਜ਼ਾਦੀ ਦਿਹਾੜੇ ਮੌਕੇ ਨਿਰਵਿਘਨ ਬਿਜਲੀ ਦੀ ਸਪਲਾਈ ਮੁਹੱਈਆ ਕਰਾਉਣਾ ਯਕੀਨੀ ਬਣਾਇਆ ਜਾਵੇ ਅਤੇ ਜੇਕਰ ਬਿਜਲੀ ਦੀਆਂ ਤਾਰਾਂ ਢਿੱਲੀਆਂ ਹਨ ਤਾਂ ਉਨ੍ਹਾਂ ਕਸਿਆ ਜਾਵੇ। ਉਨ੍ਹਾਂ ਨਗਰ ਕੌਂਸਲ ਵਿਭਾਗ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੀ ਸਮੁੱਚੀ ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ।ਇਸ ਤੋਂ ਇਲਾਵਾ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਜਿਵੇਂ ਕਿ ਸਿੱਖਿਆ, ਸਿਹਤ, ਜ਼ਿਲ੍ਹਾ ਮੰਡੀ ਬੋਰਡ, ਖੇਡ ਵਿਭਾਗ, ਜਲ ਸਪਲਾਈ ਅਤੇ ਖ਼ੁਰਾਕ ਸਪਲਾਈ ਆਦਿ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦੇ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ।




**ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ**

**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**



ਬਿਨੈਕਾਰ ਦਾ ਨਾਮ : ਸੁਦਰਸ਼ਨ ਕੌਰ ਪਿਤਾ/ਪਤੀ ਦਾ ਨਾਮ : ਜਸਵੀਰ ਸਿੰਘ
ਪਤਾ: Mohalla Quilla Nurmahal Distt Jalandhar/ Tehsil -Sub-Tehsil-Nurmahal/ District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਮਨਦੀਪ ਸਿੰਘ ਪੱਕਾ ਪਤਾ: Mohalla Quilla Nurmahal Distt Jalandhar, Sub-Tehsil-Nurmahal, Jalandhar, Punjab ਵਿਦੇਸ਼ੀ ਪਤਾ : Block 6 Lot 11 Woodwinds Village Molino 6, Bacoor, Cavite, Philippines/ ਬਲਾਕ 6 ਲਾਟ 11, ਵੁੱਡਵਿੰਡਸ ਵਿਲੇਜ ਮੋਲੀਨੋ 6, ਬਾਕੂਰ, ਕੇਵਿਟ, ਫਿਲੀਪੀਨਜ਼
ਉਮਰ/ਜਨਮ ਮਿਤੀ : 29-(17/09/1995)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 15.07.2025 ਨੂੰ ਜਾਰੀ ਹੋਇਆ।
ਨੰਬਰ 61/ਐਸਡ/ਰੀਡਰ ਮਿਤੀ 15.07.2025 ਜ਼ਿਲਾ ਮੈਰਿਜ ਅਫ਼ਸਰ, ਜਲੰਧਰ, ਪੰਜਾਬ, ਭਾਰਤ



**ਉਤਰ ਰੇਲਵੇ**

**ਨਿਵਿਦਾ ਸੂਚਨਾ**

ਉਪ ਮੁਖ ਇੰਜੀਨੀਅਰ/ਨਿਰਮਾਣ/ਡਬਲਿੰਗ ਉਤਰ ਰੇਲਵੇ, ਜੰਮੂ ਤਵੀ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਹੇਠਾਂ ਲਿਖਤ ਕੰਮ ਦੇ ਲਈ ਇਕ ਪੈਕੇਟ ਸਿਸਟਮ ਦੇ ਤਹਿਤ ਖੁਲ੍ਹੇ ਈ-ਨਿਵਿਦਾ ਦੀ ਮੰਗ ਕਰਦੇ ਹਨ:-

| | | |
|---|---|---|
| 1 | ਕੰਮ ਅਤੇ ਸਥਾਨ ਦਾ ਨਾਮ | ਪਠਾਨਕੋਟ ਕੈਂਟ ਵਿਚ ਸ਼ੰਟਿੰਗ ਨੇਕ ਦੇ ਪ੍ਰਾਵਧਾਨ ਦੇ ਸਬੰਧ ਵਿਚ ਰਿਲੇ ਰੂਮ ਅਤੇ ਰਿਲੇ ਹਟ ਦੀ ਉਸਾਰੀ, ਤਾਂ ਕਿ ਮੁਖ ਲਾਈਨ ਨੂੰ ਪ੍ਰਭਾਵਿਤ ਕੀਤੇ ਬਿਨਾ ਸ਼ੰਟਿੰਗ ਮੂਵਮੈਂਟ ਨੂੰ ਅਸਾਨ ਬਣਾਇਆ ਜਾ ਸਕੇ। |
| 2 | ਕੰਮ ਸਮਾਪਤੀ ਦਾ ਸਮਾਂ | 6 (ਛੇ) ਮਹੀਨੇ। |
| 3 | ਲਗਭਗ ਕੰਮ ਦੀ ਲਾਗਤ | ਰੁ. 1.54 ਕਰੋੜ |
| 4 | ਅਗਾਊਂ ਧਨ ਜਮ੍ਹਾ ਕਰਨ ਦੇ ਲਈ ਘਟ ਤੋਂ ਘਟ ਧਨ | ਰੁ. 227000.00/- |
| 5 | ਈ ਨਿਵਿਦਾ ਜਮ੍ਹਾ ਕਰਨ ਅਤੇ ਨਿਵਿਦਾ ਨਿਵਿਦਾਵਾਂ ਖੋਹਲਣ ਦੇ ਲਈ ਮਿਤੀ ਅਤੇ ਸਮਾਂ | ਆਈ.ਆਰ.ਈ.ਪੀ.ਐਸ ਵੈਬਸਾਈਟ ਯਾਨੀ www.ireps.gov.in ’ਤੇ 07.08.2025 ਦੀ ਮਿਤੀ ਨੂੰ 11.30 ਵਜੇ ਤਕ ਨਿਵਿਦਾਵਾਂ ਅਪਲੋਡ ਕੀਤੀ ਜਾ ਸਕਦੀ ਹੈ। ਬੋਲੀ ਦਾਤਾ ਈ-ਨਿਵਿਦਾ ਵਿਚ ਭਾਗ ਲੈ ਸਕਦੇ ਹਨ, ਜਿਸ ਵਿਚ ਤਕਨੀਕੀ ਸਹਵਾਨਜਿਕ ਬੋਲੀਆਂ 07.08.2025 ਨੂੰ 11:30 ਵਜੇ ਖੋਹਲੇ ਜਾਣਗੇ। |
| 6 | ਵਿਸਤ੍ਰਿਤ ਨਿਵਿਦਾ ਸੂਚਨਾ ਅਤੇ ਨਿਵਿਦਾ ਦਸਤਾਵੇਜ਼। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬਸਾਈਟ www.nr.indianrailways.gov.in ’ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in’ਤੇ ਉਪਲਬਧ ਹੈ। ਉਪਰ ਨਿਵਿਦਾ ਦਸਤਾਵੇਜ 24.07.2025 ਤੋਂ 07.08.2025 ਤਕ ਆਈਆਰਈਪੀਐਸ ਵੈਬਸਾਈਟ ਯਾਨੀ www.ireps.gov.in ’ਤੇ ਪ੍ਰਸਤਾਵ ਜਮ੍ਹਾ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਨਿਵਿਦਾਵਾਂ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਨਿਵਿਦਾ ਦਸਤਾਵੇਜ ਵਿਚ ਦਿਤੀਆਂ ਗਈਆਂ ਹਨ। ਉਪਰੋਕਤ ਦਫਤਰ ਦੇ ਨੋਟਿਸ ਬੋਰਡ ਤੇ ਵਿਸਤ੍ਰਿਤ ਨਿਵਿਦਾ ਸੂਚਨਾ ਵੀ ਦੇਖੀ ਜਾ ਸਕਦੀ ਹੈ। |

ਨਿਵਿਦਾ ਸੂਚਨਾ ਕ੍ਰਮਾਂਕ 1-WDYCECDJAT-2025-26 ਤਾਰੀਕ 15.07.2025 2145/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਪ੍ਰਿੰਸੀਪਲ ਸੁਭਾਸ਼ ਧੀਰ ਦੀ ਯਾਦ ’ਚ ਐੱਮ ਡੀ ਏ ਐੱਸ ਸਕੂਲ ’ਚ ਪੌਦੇ ਲਗਾਏ

**ਮੋਗਾ (ਇਕਬਾਲ ਸਿੰਘ ਖਹਿਰਾ)**- ਐਮ ਡੀ ਏ ਐਸ ਸੀਨੀਅਰ ਸੈਕੰਡਰੀ ਸਕੂਲ ਨੇ ਵਾਤਾਵਰਣ ਬਚਾਓ ਮੁਹਿੰਮ ਵਿੱਚ ਯੋਗਦਾਨ ਪਾਉਂਦਿਆਂ ਸਕੂਲ ਵਿਖੇ ਪ੍ਰਿੰਸੀਪਲ ਅਤੇ ਟ੍ਰੇਡ ਯੂਨੀਅਨ ਆਗੂ ਸਵਰਗੀ ਸੁਭਾਸ਼ ਧੀਰ ਦੀ ਯਾਦ ਵਿੱਚ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਅਤੇ ਖੱਤਰੀ ਸਭਾ ਮੋਗਾ ਦੇ ਪ੍ਰਧਾਨ ਡਾਕਟਰ ਐਮ ਐਲ ਜੈਦਕਾ ਦੀ ਅਗਵਾਈ ਹੇਠ ਕਈ ਪੌਦੇ ਲਗਾ ਕੇ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਵਾਤਾਵਰਣ ਬਚਾਉਣ ਹਰ ਇਕ ਵਿਅਕਤੀ ਨੂੰ ਇਕ ਪੌਦਾ ਲਗਾ ਕੇ ਪੂਰੀ ਜਿਜ਼ਮੇਵਾਰੀ ਨਾਲ ਉਸ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਤਾਂ ਜੋ ਵਾਤਾਵਰਣ ਵਿੱਚ ਆਏ ਬਦਲਾਅ ਵਿੱਚ ਸੁਧਾਰ ਹੋ ਸਕੇ।ਐਮ ਡੀ ਏ ਐਸ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਦਵਿੰਦਰ ਗੋਇਲ ਵਲੋਂ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁੱਖ ਇਹ ਜਾਣਦੇ ਹੋਏ ਕਿ ਸ਼ੁੱਧ ਵਾਤਾਵਰਣ ਮਨੁੱਖੀ ਜੀਵਨ ਦਾ ਆਧਾਰ ਹੈ ਫਿਰ ਵੀ ਦਰੱਖਤਾਂ ਦੀ ਅੰਧਾਧੁੰਦ ਕਟਾਈ ਕਰ ਕੇ ਧਰਤੀ ਨੂੰ ਰੜਾ ਮੈਦਾਨ ਬਣਾ ਰਹੇ ਹਨ, ਹਵਾ ਜ਼ਹਿਰੀਲੀ ਹੋ ਰਹੀ ਹੈ, ਧਰਤੀ ਹੇਠਲਾ ਪਾਣੀ ਖ਼ਤਮ ਹੋਣ ਦੇ ਕਗਾਰ ’ਤੇ ਹੈ ਅਤੇ ਧਰਤੀ ਦਾ ਤਾਪਮਾਨ ਦਿਨ ਪ੍ਰਤੀ ਦਿਨ ਵਧ ਰਿਹਾ ਹੈ। ਧੀਰ ਨੇ ਕਿਹਾ ਕਿ ਵਿਗੜਦਾ ਵਾਤਾਵਰਣ ਮਨੁੱਖੀ ਜੀਵਨ ਲਈ ਖਤਰੇ ਦੀ ਘੰਟੀ ਹੈ, ਵਾਤਾਵਰਣ ਦੀ ਸੰਭਾਲ ਮਨੁੱਖ ਦਾ ਮੁਢਲਾ ਫਰਜ਼ ਹੈ। ਇਸ ਮੌਕੇ ਖੱਤਰੀ ਸਭਾ ਮੋਗਾ ਦੇ ਪ੍ਰਧਾਨ ਡਾਕਟਰ ਐਮ ਐਲ ਜੈਦਕਾ ਨੇ ਕਿਹਾ ਕਿ ਸਵਰਗੀ ਪ੍ਰਿੰਸੀਪਲ ਸੁਭਾਸ਼ ਧੀਰ ਵੱਲੋਂ ਸਿੱਖਿਆ ਖੇਤਰ ਵਿੱਚ ਦਿੱਤੀਆਂ ਗਈਆਂ ਸੇਵਾਵਾਂ ਰਹਿੰਦੀ ਦੁਨੀਆ ਤੱਕ ਯਾਦ ਰਹਿਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ, ਖੱਤਰੀ ਸਭਾ ਦੇ ਪ੍ਰਧਾਨ ਡਾਕਟਰ ਐਮ ਐਲ ਜੈਦਕਾ, ਸੁਸ਼ੀਲ ਸਿਆਲ ਸੰਜੀਵ ਕੌੜਾ ਜੀ ਐਸ ਟੀ, ਬਲਜਿੰਦਰ ਸਿੰਘ ਸਹਿਗਲ, ਅਸ਼ੋਕ ਕਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਦਿਨੇਸ਼ ਗਰਗ ਐਡਵੋਕੇਟ, ਅਮਰਜੀਤ ਸਿੰਘ ਜੱਸਲ, ਕਾਂਗਰਸੀ ਆਗੂ ਰਕੇਸ਼ ਵਰਮਾ, ਪ੍ਰਿਤਪਾਲ ਸਿੰਘ ਲੱਕੀ, ਅਕਾਸ਼ ਐਡਵੋਕੇਟ ਸੁਨੰਦਨ ਐਡਵੋਕੇਟ, ਬੂਟਾ ਸਿੰਘ ਅਤੇ ਸੁਨੀਲ ਕੁਮਾਰ ਵਿਸ਼ੇਸ਼ ਤੌਰ ਤੇ ਹਾਜਰ ਸਨ।



# ਅਕਾਲੀ ਆਗੂ ਹਰਗੋਬਿੰਦ ਸਿੰਘ ਗੰਗੋਹਰ ਨੂੰ ਸਦਮਾ, ਪਿਤਾ ਦਾ ਦਿਹਾਂਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਗੋਬਿੰਦ ਸਿੰਘ ਗੰਗੋਹਰ ਦੇ ਪਰਿਵਾਰ ਨੂੰ ਉਸ ਵੇਲੇ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਜਥੇਦਾਰ ਬਿੱਕਰ ਸਿੰਘ ਗੰਗੋਹਰ ਅਕਾਲ ਚਲਾਣਾ ਕਰ ਗਏ ਹਨ। ਇਸ ਦੁਖਦਾਈ ਮੌਕੇ ਵੱਖ-ਵੱਖ ਆਗੂਆਂ, ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਨੇ ਗੰਗੋਹਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।ਪਰਵਾਰਕ ਸੂਤਰਾਂ ਅਨੁਸਾਰ ਬਾਪੂ ਬਿੱਕਰ ਸਿੰਘ ਦਾ ਅੰਗੀਠਾ ਸੰਭਾਲਣ, ਫੁੱਲ ਚੁਗਣ ਦੀ ਰਸਮ 17 ਜੁਲਾਈ ਨੂੰ ਸਵੇਰੇ 9 ਵਜੇ ਪਿੰਡ ਗੰਗੋਹਰ (ਬਰਨਾਲਾ) ਵਿਖੇ ਹੋਵੇਗੀ।




**ਉਤਰ ਰੇਲਵੇ**

**ਖੁਲ੍ਹੀ ਨਿਵਿਦਾ ਸੂਚਨਾ**

ਵ. ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 08.08.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 08.08.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਲ. ਨੰ. | ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ# (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬ ਸਾਈਟ |
|---|---|---|---|---|---|---|---|---|---|
| 1. | 706-ਟੀ.ਆਰ.ਡੀ.-ਫਿਰੋਜ਼ਪੁਰ-2025-26 | ਫਿਰੋਜ਼ਪੁਰ ਮੰਡਲ ਦੇ ਬਿਜਲੀਕ੍ਰਿਤ ਸੈਕਸ਼ਨ ਵਿਚ ਓਐਚਈ ਪਰਿਸੰਪਤੀਆਂ ਦੀ ਵਿਸ਼ਵਸਨੀਅਤਾ ਵਿਚ ਸੁਧਾਰ ਦੇ ਲਈ ਵਿਵਿਧ ਕੰਮ। | ਰੁ. 2,73,19,816.16 | ਜੀਰੋ | 08.08.2025 15:00 ਵਜੇ ਤਕ | ਰੁ. 2,86,600/- | 12 ਮਹੀਨੇ | 08.08.2025 15:00 ਵਜੇ ਦੇ ਬਾਅਦ | www.ireps.gov.in |
| 2. | 707-ਟੀ.ਆਰ.ਡੀ.-ਫਿਰੋਜ਼ਪੁਰ-2025-26 | ਫਿਰੋਜ਼ਪੁਰ ਡਵੀਜਨ ਤੇ ਬਿਜਲੀਕ੍ਰਿਤ ਸੈਕਸ਼ਨ ਦੀ ਵਿਸ਼ਵਸਨੀਅਤਾ ਵਿਚ ਸੁਧਾਰ ਦੇ ਲਈ TSS/SP/SSP ਤੇ ਤਾਂਬੇ ਦੇ ਫੀਡਰਾਂ ਅਤੇ 160 ਵਰਗ ਮਿਮੀ ਜੰਪਰਸ ਦਾ ਪ੍ਰਾਵਧਾਨ। | ਰੁ. 2,69,98,663.77 | ਜੀਰੋ | 08.08.2025 15:00 ਵਜੇ ਤਕ | ਰੁ. 2,85,000/- | 12 ਮਹੀਨੇ | 08.08.2025 15:00 ਵਜੇ ਦੇ ਬਾਅਦ | www.ireps.gov.in |

ਕੰਮ ਦੀ ਸਮਾਨ ਨੇਚਰ (ਦੋਵੇਂ ਕੰਮਾਂ ਦੇ ਲਈ ਲਾਗੂ): “50 ਹਟਜ਼, ਸਿੰਗਲ ਫੇਜ 25 ਕੇਵੀ ਏਸੀ ਓਐਚਈ ਦਾ ਡਿਜਾਈਨ, ਸਪਲਾਈ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ” (ਸੰਦਰਭ: Pr. CEE/NR ਦੇ ਪੱਤਰ ਨੰਬਰ 181-ਇਲੈਕਟ/ਟੀਆਰਡੀ/189/ ਭਾਗ II, ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.1).

#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

ਨੰ.:706 ਅਤੇ 707-ਟੀ.ਆਰ.ਡੀ.-ਫਿਰੋਜ਼ਪੁਰ-2025-26 ਮਿਤੀ: 15.07.2025 2154/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸ਼ਰਧਾਪੂਰਵਕ ਮਨਾਇਆ ਸੰਗਰਾਂਦ ਦਾ ਦਿਹਾੜਾ

ਅੱਡਾ ਸਰਾਂ (ਜਸਵੀਰ ਕਾਜਲ)—ਪਿੰਡ ਕੰਧਾਲਾ ਜੱਟਾਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਦਾ ਸਮਾਗਮ ਸ਼ਰਧਾ ਪੂਰਵਕ ਕਰਵਾਇਆ ਗਿਆ। ਇਸ ਮੌਕੇ ਨਗਰ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਸਾਵਣ ਮਹੀਨੇ ਦੀ ਸੰਖੇਪ ਵਿਆਖਿਆ ਕਰਦੇ ਹੋਏ ਸੰਗਤਾਂ ਨੂੰ ਗੁਰੂ ਲੜ ਲੱਗਣ ਲਈ ਪ੍ਰੇਰਿਆ। ਇਸੇ ਤਰ੍ਹਾਂ ਕੀਰਤਨ ਕਰਨ ਵਾਲੇ ਬੱਚਿਆਂ ਨੇ ਸੰਗਤਾਂ ਦੇ ਸਮਾਗਮ ਵਿੱਚ ਹਾਜ਼ਰੀ ਭਰੀ ਤੇ ਰਸਭਿੰਨੇ ਕੀਰਤਨ ਨਾਲ ਆਈਆਂ ਹੋਈਆਂ ਸੰਗਤਾਂ ਨੂੰ ਜੋੜੀ ਰੱਖਿਆ। ਸੰਗਤਾਂ ਲਈ ਲੰਗਰ ਵੀ ਲਗਾਏ ਗਏ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ-ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਵੱਲੋਂ ਰਣਜੀਤ ਕੌਰ ਪਤਨੀ ਕਰਨੈਲ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਗਾਜੀਆਣਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 285, 290 ਖਤੌਨੀ 475-476 -482 ਵਾਕਿਆ ਰਕਬਾ ਗਾਜੀਆਣਾ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 30-7-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1) ਹਰਪ੍ਰੀਤ ਸਿੰਘ ਪੁੱਤਰ ਗੁਰਨੇਕ ਸਿੰਘ ਪੁੱਤਰ ਮੁਖਤਿਆਰ ਸਿੰਘ (2) ਕਮਲਜੀਤ ਕੌਰ ਵਿਧਵਾ ਗੁਰਨੇਕ ਸਿੰਘ ਪੁੱਤਰ ਕਰਤਾਰ ਸਿੰਘ (3) ਜਸਵਿੰਦਰ ਕੌਰ ਪੁੱਤਰੀ ... (4) ਪਰਮਿੰਦਰ ਸਿੰਘ ਪੁੱਤਰ ... (5) ... (6) ... (7) ... (8) ... (9) ... (10) ... (11) ... (12) ... (13) ... (14) ... (15) ... (16) ... (17) ... (18) ... (19) ... (20) ... (21) ... ਸਾਰੇ ਵਾਸੀਆਨ ਪਿੰਡ ਗਾਜੀਆਣਾ ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ ( ਮੋਗਾ )

## ਪਬਲਿਕ ਨੋਟਿਸ

ਆਮ ਜਨਤਾ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ ਕਿ ਸ੍ਰੀਮਤੀ ਸੁਮਿਤਰਾ ਪਤਨੀ ਹਰੀ ਰਾਮ ਵਾਸੀ ਮਕਾਨ ਨੰ: 32/37 ਸਵਾਮੀ ਮੁਹੱਲਾ ... ਦੇ ਹੱਕ ਵਿੱਚ ... ਇਸ ਸਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ... ਦਫਤਰ ਵਿੱਚ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਬਾਅਦ ਵਿੱਚ ਕੋਈ ਵੀ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਨੰ: 107 ਮਿਤੀ : 10.07.2025 ਸਹੀ/-ਕੁਲਵੰਤ ਨਗਰ ਨਿਗਮ ਪਟਨਕੋਟ

### In the court of Sumer Singh Gurjar, IAS, Financial Commissioner (Appeal) Punjab Civil Secretariat-2, Sector-9, Chandigarh

**PUBLIC NOTICE**

ROR No.82 of 2025

The above mentioned case as per the given title is pending before this Court which relate to Partition.

Title:

Amrik Singh ......Petitioner

Versus

Iqbal Singh and others ......Respondents

Public Notice is issued to the following

1. Avtar Singh, 2. Raghubir Singh S/o Darshan Singh S/o Ram Singh, 3. Pritam Singh S/o Babu Singh (since deceased) through his LRs- (a) Sukhdev Singh Sandhu s/o Pritam Singh, (b) Kuldeep Singh Sandhu s/o Pritam Singh, (c) Kashmir Singh Sandhu s/o Pritam Singh (d) Jaswant Singh Sandhu s/o Pritam Singh (e) Manjit Kaur d/o Pritam Singh, (f) Mindo kaur d/o Pritam Singh. All above respondents R/o village Atti, Tehsil Phillaur, District Jalandhar.

Whereas Amrik Singh S/o Sh. Ram Singh son of Ram Chand residence of village Atti, Tehsil Phillaur, District Jalandhar has filed Revision under Section 16 of the Punjab Land Revenue Act, 1887 for modifying the order dated 31.05.2022 of the DRO-cum-Assistant Collector, Fast Track Court for NRI, Jalandhar and the Sanad Taksim dated 01.08.2022 of DRO-cum- Assistant Collector, Fast Track Court for NRI, Jalandhar in terms of compromise dated 17.02.2024 executed between the parties. In this revision petition the above mentioned person are impleaded as contested respondents.

And whereas it has been proved to the satisfaction of the court that the contesting respondents above named cannot be served in the ordinary way of service. The case is fixed for hearing on 13-8-25 at 11.00 and if they want to defend their case they need to appear personally or through their representative on 13-08-25 at 11.00. Take the Notice that in default of their appearance on the day as mentioned, the above said case will be heard and decided in their absence.

Given under my hand and seal Court on 07-07-25

(Sumer Singh Gurjar) Financial Commissioner (Appeals) Punjab at Chandigarh

### In the court of Sumer Singh Gurjar, IAS, Financial Commissioner (Appeal) Punjab Civil Secretariat-2, Sector-9, Chandigarh

**PUBLIC NOTICE**

ROR No.81 of 2025

The above mentioned case as per the given title is pending before this Court which relate to Partition.

Title :-

Jagroop Singh and others ......Petitioners

Versus

Iqbal Singh and others ...... Respondents

Public Notice is issued to the following

1. Ratan Singh Son of Surjan Singh Son of Ralla, 2. Mehar Singh Son of Arjan Singh, 3. Joga Singh Son of Ajit Singh son of Nirmal Singh since deceased through his LRs: (a) Gurdawar Singh s/o Joga Singh, 4. Santokh Singh Son of Nirmal Singh Son of Harnam Singh, 5. Avtar Singh s/o Swaran Singh since deceased through his LRs: (a)Baljinder Singh s/o Avtar Singh,(b) Gurdeep Singh s/o Avtar Singh,(c) Charanjit Singh s/o Avtar Singh (d) Baljinder Kaur Wd/o Avtar Singh,(e) Mohinder Kaur D/o Avtar Singh. 6. Mohinder Singh son of Sawarn Singh, 7. Ajit Singh son of Sawarn Singh since deceased through his LRs: (a) Manveer Singh s/o Ajit Singh, (b) Jasveer Kaur wd/o Ajit Singh, 8. Sarwan Singh son of Munshi since deceased through his LR: (a) Amandeep Singh s/o Jasveer Singh s/o Sarwan Singh, 9. Gurbachan Singh son of Munshi Singh since deceased through his LRs: (a) Harvinder Singh s/o Pal Singh s/o Gurbachan Singh, (b) Hardev Singh s/o Pal Singh s/o Gurbachan Singh, (c) Mohinder Singh s/o Gurbachan Singh, 10. Avtar Singh son of Ajit Singh since deceased through his LR: (a) Hardeep Singh Avtar Singh, 11. Sukhwant Singh son of Mohinder Singh son of Gurbachan Singh, 12. Hardev Singh. 13. Harwinder Singh sons of Pal Singh son of Gurbachan Singh, 14. Ranjit Singh son of Bhajan Singh son of Sawarn Singh, 15. Amanpreet Singh, 16. Prabhjit Singh sons of Nirmal Singh son of Charan Singh, 17. Sharanjit Kaur Widow of Nirmal Singh son of Charan Singh, 18. Paramjit Kaur W/o Nirmal Singh s/o Charan Singh, 19. Parkash Kaur W/o Charan Singh since deceased through his LRs: (a) Baradar Singh S/o Parkash Kaur, (b) Sodhi Singh S/o Parkash Kaur, (c) Nirmal Singh s/o Parkash Kaur, (d) Buta Singh s/o Parkash Kaur, 20. Parkash Widow of Piara, 21. Baldev Singh S/o Ujagar Singh S/o Bujha Singh, 22. Harsimran Singh S/o Kashmir Singh S/o Ujagar Singh, 23. Gurdev Singh S/o Kishan Singh S/o Dhani, 24. Avtar Singh, 25. Raghbir Singh S/o Darshan Singh S/o Ram Singh, 26. Sarwan Singh S/o Ganga Singh S/o Natha Singh 27. Kulwinder Singh, 28. Satnam Singh, 29. Jaswinder Singh, 30. Sukhwinder Singh, 31. Harjinder Singh sons Gurmit Singh S/o Udham Singh, 32. Bhupinder Kaur D/o Gurmit Singh S/o Udham Singh, 33. Rabhi S/o Arjan Singh s/o Pindi since deceased through his LRs: (a) Gurlal Singh s/o Sadhu Singh s/o Rabi Singh, (b) Satnam Singh s/o Sadhu Singh s/o Rabi Singh, (b) Mangal Singh s/o Rabi Singh, 34. Sadhu Singh Son of Rabhi since deceased through his LRs: (a) Gurlal Singh s/o Sadhu Singh, (b) Satnam Singh s/o Sadhu Singh, 35. Mangal Singh Sons of Rabbi S/o Arjan Singh, 36. Sarwan Singh S/o Gian Singh s/o Inder Singh, 37. Bahadar Singh, 38. Sodhi Singh, 39. Buta Singh, all sons of Charan Singh son of Malla Singh, 40. Sawarn Singh son of Dhanpat since deceased through his LRs (a) Gurdeep Singh s/o Avtar Singh s/o Sawarn Singh (b) Charanjit Singh s/o Avtar Singh s/o Sawarn Singh, (c) Baljinder Singh s/o Avtar Singh s/o Sawarn Singh (d) Mohinder Kaur wd/o Avtar Singh s/o Sawan Singh, (e) Baljinder Kaur D/o Avtar Singh s/o Sawarn Singh. (f) Mohinder Singh s/o Sawarn Singh, 41. Avtar Singh son of Swarna s/o Dhanpat since deceased through his LRs: (a) Gurdeep Singh s/o Avtar Singh, (b) Charanjit Singh s/o Avtar Singh, (c) Baljinder Singh s/o Avtar Singh, (d) Mohinder Kaur wd/o Avtar Singh (e) Baljinder Kaur D/o Avtar Singh s/o Sawarn Singh, 42. Jasvir Kaur Widow of Amrik Singh son of Swarna, 43. Manjinder Kaur Daughter of Amrik Singh son of Swarna, 44. Gurpreet Kaur D/o Amrik Singh son of Swarna 45. Manvir Singh S/o Swarna, 46. Gurdev Singh Son of Amrik Singh S/o Shri Ram since deceased through his LRs: (a) Kulwinder Singh s/o Gurdev Singh, 47. Bhajan Singh, 48. Gian Singh Sons of Amrik Singh S/o Shri Ram since deceased through his LRs: (a) Bahadhar Singh s/o Gian Singh, (b) Gurdawar Singh s/o Gian Singh, 49. Amrik Singh Son of Shri Ram Son of Ram Chand, 50. Paramjit Singh, 51. Ajit Singh, 52. Manjit Singh Sons of Balbir Singh Son of Lachhman Singh, 53. Gurdev Kaur widow Balbir Singh, 54. Bhajan Singh s/o Bakhshish Singh S/o Hajara Singh, 55. Sant Ram S/o Puran Chand S/o Devi Datta since deceased through his LRs: (a) Amrik Singh s/o Ram Singh, (b) Chuhar Singh s/o Ram Singh (c) Gurdev Singh s/o Lakshaman Singh, (d) Lehmbar Singh Son of Lakshaman Singh, (e) Bhajan Singh s/o Lakshaman Singh,(f) Gian Singh s/o Lakshaman Singh, (g) Balbir Singh s/o Lakshaman Singh, 56. Kulwinder Kaur d/o Lehmbar Singh Son of Lachhaman Singh, 57. Karam Chand S/o Arjan S/o Moti, 58. Darshan Singh S/o Ram Singh since deceased through his LRs: (a) Avtar Singh S/o Darshan Singh, (b) Ragbir Singh s/o Darshan Singh, 59. Narinder Singh S/o Mohan Singh S/o Chanan Singh, 60. Jaswant Singh, 61. Sucha Singh both sons of Gurmej Singh S/o Natha Singh, 62. Nazar Singh S/o Ram Chand S/o Puran Chand since deceased through his LRs: (a) Amrik Singh s/o Ram Singh, (b) Darshan, 63. Raghbir Singh S/o Bhajan Singh S/o Lachhaman Singh, 64. Lehmbar Singh S/o Darshan Singh S/o Ram Singh since deceased through his LRs: (a) Kulwinder Kaur d/o Lehmbar Singh, 65. Shital Singh Son of Sansara Singh S/o Bujha Singh since deceased through his LRs: (a) Pardeep Singh Kang s/o Shital Singh R/o H. NO. 189, Aman Vihar Colony, Jassia Road, Ludhiana, 66. Sarup Singh, 67. Sohan Singh Sons of Sansara Singh S/o Bujha Singh, 68. Gurdev Singh S/o Kishan Singh S/o Dhanna, 69. Kirpal Singh Sons of Rattan Singh S/o Gurdit Singh since deceased through his LRs: (a) Jaswinder kaur wd/o Kirpal Singh, 70. Resham Singh, 71. Mohinder Singh Sons of Rattan Singh S/o Gurdit Singh, 72. Avtar Singh S/o Swaran Singh S/o Gurdita, 73. Davinder Singh S/o Gurdial Singh S/o Swaran Singh, 74. Saudagar Singh S/o Dilbagh Singh S/o Sawarn Singh, 75. Surjit Singh S/o Parkash Singh S/o Basant Ram, 76. Sukhdarshan Singh, 77. Rajvinder Kaur daughters of Piara Singh S/o Parkash Singh, 78. Balbir Singh, 79. Surinder Singh, 80. Gurmail Singh, 81. Jasbir Singh S/o Charan Singh S/o Nand Singh, 82. Jagir Kaur W/o Charan Singh S/o Sewan Singh, 83. Gurdev Singh S/o Lachhman Singh S/o Ram Chand since deceased through his LRs: (a) Kulwinder Singh s/o Gurdev Singh, 84. Gian Singh, all S/o Lachhman Singh S/o Ram Chand since deceased through his Lrs:(a)Bahadhar Singh s/o Gian Singh, 85. Malkiat Singh, 86. Kashmir Singh sons of Bhajan Singh S/o Lachhaman Singh. All above respondents residences of Village Atti, Tehsil Phillaur, District Jalandhar.

Whereas Jagroop Singh S/o Amrik Singh son of Shri Ram residence of village Atti, Tehsil Phillaur, District Jalandhar and others have filed Revision under Section 16 of the Punjab Land Revenue Act, 1887 for modifying the order dated 31.05.2022 of the DRO-Cum-Assistant Collector, Fast Track Court for NRI, Jalandhar and the Sanad Taksim dated 01.08.2022 of DRO-cum-Assistant Collector, Fast Track Court for NRI, Jalandhar in terms of compromise dated 17.02.2024 executed between the parties. In this revision petition the above mentioned person are impleaded as contested respondents.

And whereas it has been proved to the satisfaction of the court that the contesting respondents above named cannot be served in the ordinary way of service. The case is fixed for hearing on 13-08-25 at 11.00 and if they want to defend their case they need to appear personally or through their representative on 13-08-25 at 11.00 Take the Notice that in default of their appearance on the day as mentioned, the above said case will be heard and decided in their absence.

Given under my hand and seal Court on 07-07-2025

(Sumer Singh Gurjar), Financial Commissioner (Appeals) Punjab at Chandigarh

## COURT NOTICE

(U/O 5 Rule 20 Cpc)

In The Court of

**Ms. Daljeet Kaur**

Additional Civil Judge (Senior Division), Dhuri

CNR No. PBSGB0-000380-2025

Next Date:- 30-09-2025

Paramjit Kaur

Vs.

General Public

Publication Issued To:

General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 30-09-2025 at 10:00 a.m.

For details logon to https://highcourtchd.gov.in/?mod=district_notice&district=Sangrur

Additional Civil Judge (Senior Division) Dhuri

Dated, this day of 15-07-2025

## COURT NOTICE

(U/O 5 Rule 20 Cpc)

In The Court of

Sh. Tanveer Singh Madhav

Civil Judge (Junior Division), Kharar

CNR No. PBSAA0-001267-2024

Next Date: 02-08-2025

Chandni @ Chandni Sharma

Vs.

Manoj Kumar Grover

Publication Issued To:

1. Manoj Kumar Grover Son of Late Sh. Laxman Dass Grover. 2. Mrs. Anjali Grover Wife of Manoj Kumar Grover, both R/o M-150 Second Floor Blozzoms 2, Sector 51, Gurugram, Haryana

3. Galaxy Developers Partnership Firm Having office at House N. 1747, Phase 3B2, Mohali, Through its Partner/ Legal Representative/ Associates Beneficiaries/ Successors/ Assigness

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 02-08-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division) Kharar

Dated this day of 10-07-2025

## COURT NOTICE

(U/o 5 Rule 20 CPC)

IN The Court Of

Ms. Manmohanpreet Kaur

Civil Judge (Junior Division)

Jalandhar

CNR No. PBJL02-003828-2024

Next Date: 11-08-2025

CS/2112/2024

Punjab National Bank

Vs.

Nitin Sehgal

Suit for grant of decree for recovery of Rs.328721/

alongwith interest as prayed for.

Publication Issued To:

Def. No. 1 Nitin Sehgal S/o Ravinder Kumar R/o H.No.96 Guru Nagar PPR Mall, Jalandhar

Def. No. 2 Pardeep Shwan S/o Bhushan Dhawan R/O 67 Ram Vihar Green Model Town, Jalandhar

In above titled case, the defendant(s)/respondeat(s) could not be served. It is ordered that defendant(s)/respondent(s) should appear in person or through counsel on 11-08-2025 at 10:00 am

For details logon to https://highcourtchd.gov.in/?mod=district_notice&district=Jalandhar

Civil Judge (Junior Division)

Jalandhar

Dated, this day of 14-07-2025

## COURT NOTICE

(U/o 5 Rule 20 CPC)

in The Court of

Sh. Sandeep Kumar Singla

Matrimonial Cases Special Courts, Patiala

CNR No. PBPT01-005936-2023

Next Date: 19-08-2025

**Seema Rani Vs. Kulwinder Singh**

Publication Issued To:

Kulwinder Singh Son of Late Mohinder Singh,R/o Street No. 2, Guru Gobind Singh Nagar, Shimlapuri Ludhiana.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 19-08-2025 at 10:00 a.m.

For details logon to https://highcourtchd.gov.in/?mod=district_notice&district=patiala

Matrimonial Cases Special Courts Patiala

Dated, this day of 15-07-2025

## COURT NOTICE

In The Court Of

Ms. Ekta Uppal

Additional Principal Judge Family Court Sangrur

MNT125/154/2024

CNR No. :- PBSG01-009921-2024

Next Date:-29-08-2025

Ajay Pal Singh

Vs.

Gagandeep Kaur

Notice To: Gagandeep Kaur W/O Ajay Pal Singh D/o Rajinder Singh alias Raju R/o New Dashmesh Nagar, Malak Road, Street No. 2, Jagroan, Near Gurudwara Sahib, Jagroan, Distt. Ludhiana.

In above titled case, the accused could not be served. It is ordered that accused should appear in person or through counsel on 29-08-2025 at 10.00 a.m.

For details logon to https://highcourtchd.gov.in/?mod=district_notice&district=Sangrur

Additional Principal Judge Family Court Sangrur

Dated, this day of 11-07-2025

### In the court of Sumer Singh Gurjar, IAS, Financial Commissioner (Appeal) Punjab Civil Secretariat-2, Sector-9, Chandigarh

**PUBLIC NOTICE**

ROR No.83 of 2025

The above mentioned case as per the given title is pending before this Court which relate to Partition.

Title :-

Jagroop Singh and others ....... Petitioners

Versus

Iqbal Singh and others ....... Respondents

Public Notice is issued to the following:

1. Bhajan Singh S/o Lachham Singh S/o Ram Chand, since deceased through his LRs: (a) Kashmir Singh son of late Bhajan Singh,(b) Malkiat Singh son of late Bhajan Singh, 2. Paramjit Singh, 3. Manjit Singh sons of Balbir Singh Son of Lachhman Singh, 4. Gurdev Kaur widow Balbir Singh, 5. Gurdev Singh S/o Lachhaman Singh, since deceased through his LRs: (a) Kulwinder Singh s/o Gurdev Singh, 6. Gian Singh both Sons of Lachhaman Singh S/o Ram Chand since deceased through his LRs: (a) Bahadhar Singh s/o Gian Singh, (b) Gurdawar Singh s/o Gian Singh.

All above respondents residents of village Atti, Tehsil Phillaur, District Jalandhar.

Whereas Jagroop Singh S/o Sh. Amrik Singh son of Shri Ram residence of village Atti, Tehsil Phillaur, District Jalandhar and others have filed Revision under Section 16 of the Punjab Land Revenue Act, 1887 for modifying the order dated 31.05.2022 of the DRO-Cum-Assistant Collector, Fast Track Court for NRI, Jalandhar and the Sanad Taksim dated 01.08.2022 of DRO-cum-Assistant Collector, Fast Track Court for NRI, Jalandhar in terms of compromise dated 17.02.2024 executed between the parties. In this revision petition the above mentioned person are impleaded as contested respondents.

And whereas it has been proved to the satisfaction of the court that the contesting respondents above named cannot be served in the ordinary way of service. The case is fixed for hearing on 13-08-25 at 11.00 and if they want to defend their case they need to appear personally or through their representative on 13-08-25 at 11.00. Take the notice that in default of their appearance on the day as mentioned, the above said case will be heard and decided in their absence.

Given under my hand and seal Court on 07-07-2532

(Sumer Singh Gurjar) Financial Commissioner (Appeals) Punjab at Chandigarh

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ ਕਮ ਚੱਕਬੰਦੀ ਅਫਸਰ, ਕਪੂਰਥਲਾ।

ਕੇਸ ਨੰਬਰ :132/DRO ਤਾਰੀਖ ਰਜੂਆ 15/01/2021 ਪਿੰਡ ਤਲਵੰਡੀ ਪਾਈ ਤਹਿਸੀਲ ਕਪੂਰਥਲਾ-1

1. ਬਲਬੀਰ ਸਿੰਘ ਪੁੱਤਰ ਲਾਲ ਸਿੰਘ ਵਾਸੀ ਪਿੰਡ ਤਲਵੰਡੀ ਪਾਈ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ। (ਧਿਰ ਅੱਵਲ)

ਬਨਾਮ

1. ਪਾਲ ਸਿੰਘ ਪੁੱਤਰ ਊਧਮ ਸਿੰਘ 2. ਰਣਜੀਤ ਕੌਰ ਵਿਧਵਾ ਤਰਨਜੀਤ ਸਿੰਘ 3. ਅਵਤਾਰ ਸਿੰਘ 4. ਸੁਖਵਿੰਦਰ ਸਿੰਘ ਬੇਟੇ ਅਜੀਤ ਸਿੰਘ 5. ਹਰਦੇਵ ਸਿੰਘ 6. ਨਿਰਭੈ ਸਿੰਘ ਬੇਟੇ ਸੋਹਣ ਸਿੰਘ, ਸਾਰੇ ਵਾਸੀਆਨ ਕੜਾਲ ਕਲਾਂ 7. ਪ੍ਰੀਤਮ ਸਿੰਘ 8. ਕੁਲਵੰਤ ਸਿੰਘ ਬੇਟੇ ਦੀਵਾਨ ਸਿੰਘ 9. ਚਰਨਜੀਤ ਸਿੰਘ ਪੁੱਤਰ ਲਖਬੀਰ ਸਿੰਘ 10. ਸਵਰਨ ਸਿੰਘ ਪੁੱਤਰ ਵਰਿਆਮ ਸਿੰਘ 11. ਕੁਲਦੀਪ ਸਿੰਘ ਪੁੱਤਰ ਗੁਰਮੁਖ ਸਿੰਘ 12. ਮਨਜੀਤ ਸਿੰਘ ਪੁੱਤਰ ਕੁਲਦੀਪ ਸਿੰਘ 13. ਬਾਲ ਕੌਰ ਮਾਤਾ ਕੁਲਦੀਪ ਸਿੰਘ 14. ਰਾਮ ਪਿਆਰੀ ਵਿਧਵਾ ਵਾ ਦਰਸ਼ਨ 15. ਦਰਸ਼ਨ ਕੁਮਾਰੀ ਪੁੱਤਰੀ ਬਲਾਕ ਸਿੰਘ , ਸਾਰੇ ਵਾਸੀਆਨ ਪਿੰਡ ਤਲਵੰਡੀ ਪਾਈ ਜ਼ਿਲ੍ਹਾ ਕਪੂਰਥਲਾ 16.ਹਰਬੰਸ ਕੌਰ ਵਿਧਵਾ ਸੁਰਿੰਦਰ ਸਿੰਘ 17. ਬਹਾਦਰ ਸਿੰਘ 18. ਸੁਰਿੰਦਰ ਸਿੰਘ 19. ਜਸਵੰਤ ਸਿੰਘ ਬੇਟੇ ਅਜੀਤ 20. ਸੁਖਵਿੰਦਰ ਸਿੰਘ ਪੁੱਤਰ ਦਲੀਪ ਸਿੰਘ 21. ਬਲਬੀਰ ਸਿੰਘ 22. ਬਲਵਿੰਦਰ ਸਿੰਘ ਬੇਟੇ ਨੰਦ ਸਿੰਘ 23. ਸੂਬਾ ਸਿੰਘ ਪੁੱਤਰ ਨਰੈਣ ਸਿੰਘ 24. ਸੁਰਜੀਤ ਸਿੰਘ ਪੁੱਤਰ ਮਲਕੀਤ ਸਿੰਘ 25. ਗੁਰਪ੍ਰੀਤ ਪੁੱਤਰ ਜਸਵਿੰਦਰ ਸਾਰੇ ਵਾਸੀਆਨ ਪਿੰਡ ਤਲਵੰਡੀ ਪਾਈ ਜ਼ਿਲ੍ਹਾ ਕਪੂਰਥਲਾ 26. ਸਵਰਨ ਸਿੰਘ 27. ਮੇਹਰ ਸਿੰਘ 28. ਬਲਬੀਰ ਸਿੰਘ 29. ਸਰਬਣ ਸਿੰਘ 30. ਮਲਕੀਤ ਸਿੰਘ 31. ਮੁਖਤਿਆਰ ਸਿੰਘ ਪੁੱਤਰ ਮੁਨਸ਼ਾ ਸਿੰਘ 32. ਜਸਪਾਲ ਸਿੰਘ ਪੁੱਤਰ ਫੂੰਮਣ ਸਿੰਘ, ਸਾਰੇ ਵਾਸੀਆਨ ਪਿੰਡ ਕੜਾਲ ਨੌ ਆਬਾਦ 33. ਗੁਰਮੀਤ ਸਿੰਘ 34. ਬਲਦੇਵ ਸਿੰਘ 35. ਨਿਰੰਜਨ ਸਿੰਘ ਪੁੱਤਰ ਬੂਟਾ 36. ਪ੍ਰਕਾਸ਼ ਕੌਰ ਵਿਧਵਾ ਸਵਰਨ ਸਿੰਘ 37. ਅਵਤਾਰ ਸਿੰਘ ਪੁੱਤਰ ਸਵਰਨ ਸਿੰਘ 38. ਲਛਮਣ ਸਿੰਘ ਪੁੱਤਰ ਫਤਹਿ ਸਿੰਘ 39. ਕੁਲਵੰਤ ਸਿੰਘ 40. ਜਸਵਿੰਦਰ ਸਿੰਘ ਸਾਰੇ ਵਾਸੀਆਨ ਕੋਠੇ ਇਸ਼ਰਵਾਲ ਜ਼ਿਲ੍ਹਾ ਕਪੂਰਥਲਾ।

ਉਪਰੋਕਤ ਅਨੁਵਾਨ ਮੁਕੱਦਮੇ ਤਕਸੀਮ ਵਿੱਚ ਫਰੀਕ ਦੋਇਮ ਦੇ ਕੁਝ ਫਰੀਕ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ ਹਨ।ਇਸ ਕਰਕੇ ਫਰੀਕ ਦੋਇਮ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ। ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮਾਂ ਦੀ ਸਾਧਾਰਣ ਤਰੀਕੇ ਨਾਲ ਤਾਮੀਲ ਹੋਣੀ ਮੁਸ਼ਕਲ ਹੈ।ਉਕਤ ਅਨੁਵਾਨ ਕੇਸ ਵਿੱਚ ਅਗਲੀ ਤਾਰੀਖ ਪੇਸ਼ੀ ਮਿਤੀ 24/07/2025 ਨਿਸ਼ਚਿਤ ਕਰਕੇ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਰਧਾਰਿਤ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ।ਉਕਤ ਨਿਰਧਾਰਿਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 14/07/2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਜ਼ਿਲ੍ਹਾ ਮਾਲ ਅਫ਼ਸਰ ਕਮ ਚੱਕਬੰਦੀ ਅਫਸਰ, ਕਪੂਰਥਲਾ।

ਨੰਬਰ : 03/ਰੀਡਰ ਚੱਕਬੰਦੀ ਮਿਤੀ : 14/7/2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ

ਤਕਸੀਮ ਕੇਸ ਵੱਲੋਂ ਕਰਨੈਲ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਜਵਾਲਾ ਸਿੰਘ ਵਾਸੀ ਗਾਜੀਆਣਾ ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰਬਰ 270, 281 ਤੋਂ 284, 337 ਤੋਂ 339 ਖਤੌਨੀ 424 ਤੋਂ 430,462 ਤੋਂ 474, 566 ਤੋਂ 573 ਵਾਕਿਆ ਰਕਬਾ ਪਿੰਡ ਗਾਜੀਆਣਾ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 30-7-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1 ਜੋਗਿੰਦਰ ਸਿੰਘ ਪੁੱਤਰ ਬਹਾਦਰ ਸਿੰਘ ਪੁੱਤਰ ਮਾਘੀ ਸਿੰਘ (2) ਗੁਰਜੰਟ ਸਿੰਘ ਪੁੱਤਰ ਮਾਘੀ ਸਿੰਘ ਪੁੱਤਰ ਮਾਨਾ ਸਿੰਘ (3) ਹਰਬੰਸ ਸਿੰਘ (4) ਹਰਦੇਵ ਸਿੰਘ (5) ਰਣਜੀਤ ਸਿੰਘ (6) ਜਗਜੀਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਇੰਦਰ ਸਿੰਘ (7) ਨਾਜਰ ਸਿੰਘ (8) ਗੁਰਦੇਵ ਸਿੰਘ ਪੁੱਤਰ ਚੰਦ ਸਿੰਘ ਪੁੱਤਰ ਹਰਨਾਮ ਸਿੰਘ (9) ਜਸਮੇਲ ਕੌਰ ਵਿਧਵਾ (10) ਜਸਪਾਲ ਸਿੰਘ (11) ਮਨਜੀਤ ਕੌਰ (12) ਕਰਮਜੀਤ ਕੌਰ (13) ਗੁਰਮੀਤ ਕੌਰ ਪੁੱਤਰੀ ਗੁਰਮੇਲ ਸਿੰਘ ਪੁੱਤਰ ਚੰਦ ਸਿੰਘ (14) ਅਮਰ ਸਿੰਘ ਪੁੱਤਰ ਫੂੰਮਣ ਸਿੰਘ ਪੁੱਤਰ ਹਰਨਾਮ ਸਿੰਘ (15) ਗੁਰਚਰਨ ਸਿੰਘ ਪੁੱਤਰ ਚੰਦਾ ਸਿੰਘ ਪੁੱਤਰ ਹਰਨਾਮ ਸਿੰਘ (16) ਰਜਿੰਦਰ ਕੌਰ ਪੁੱਤਰੀ ਫੂਮਣ ਸਿੰਘ ਪੁੱਤਰ ਹਰਨਾਮ ਸਿੰਘ (17) ਬਲਵਿੰਦਰ ਸਿੰਘ (18) ਇਕਬਾਲ ਸਿੰਘ (19) ਗੁਬਿੰਦਰ ਸਿੰਘ (20) ਮਹਿੰਦਰ ਸਿੰਘ (21) ਪਰਮਪਾਲ ਸਿੰਘ ਪੁੱਤਰ ਜਰਨੈਲ ਸਿੰਘ ਪੁੱਤਰ ਸੁੱਚਾ ਸਿੰਘ (22) ਹਰਪ੍ਰੀਤ ਸਿੰਘ ਪੁੱਤਰ ਨਾਇਬ ਸਿੰਘ ਪੁੱਤਰ ਮੁਖਤਿਆਰ ਸਿੰਘ (23) ਬੇਅੰਤ ਸਿੰਘ ਪੁੱਤਰ ਗੁਰਜੰਟ ਸਿੰਘ ਪੁੱਤਰ ਮਾਘੀ ਸਿੰਘ (24) ਸਤਵੰਤ ਸਿੰਘ (25) ਬਲਵੰਤ ਸਿੰਘ ਪੁੱਤਰਾਨ ਗੁਰਜੰਟ ਸਿੰਘ ਪੁੱਤਰ ਮਾਘੀ ਸਿੰਘ (26) ਕਰਮਜੀਤ ਸਿੰਘ (27) ਪਰਦੀਪ ਸਿੰਘ (28) ਮਨਜੀਤ ਸਿੰਘ ਪੁੱਤਰ ਭਗਵੰਤ ਸਿੰਘ ਪੁੱਤਰ ਜੰਗੀਰ ਸਿੰਘ (29) ਭਗਵੰਤ ਸਿੰਘ ਪੁੱਤਰ ਜੰਗੀਰ ਸਿੰਘ ਪੁੱਤਰ ਦਿੱਤ ਸਿੰਘ (30) ਲਖਵੀਰ ਸਿੰਘ (31) ਨਿਰਭੈ ਸਿੰਘ ਪੁੱਤਰਾਨ ਗੁਰਦੇਵ ਸਿੰਘ ਪੁੱਤਰ ਚੰਦਾ ਸਿੰਘ (32) ਬਲਵਿੰਦਰ ਸਿੰਘ ਪੁੱਤਰ ਬਹਾਦਰ ਸਿੰਘ ਪੁੱਤਰ ਮਾਘੀ ਸਿੰਘ (33) ਬਲਜੀਤ ਕੌਰ ਪੁੱਤਰੀ ਭਗਵੰਤ ਸਿੰਘ ਪੁੱਤਰ ਜੰਗੀਰ ਸਿੰਘ (34) ਕਰਮਜੀਤ ਕੌਰ ਵਿਧਵਾ (35) ਸਰਬਜੀਤ ਸਿੰਘ ਪੁੱਤਰ (36) ਖੁਸ਼ਵੰਤ ਸਿੰਘ ਪੁੱਤਰ (37) ਅਮਰਜੀਤ ਕੌਰ (38) ਕਿਰਨਜੀਤ ਕੌਰ (39) ਜਸਵਿੰਦਰ ਕੌਰ (40) ਪਰਮਿੰਦਰ ਕੌਰ ਪੁੱਤਰੀਆਨ ਕਰਤਾਰ ਸਿੰਘ ਪੁੱਤਰ ਸਾਵਨ ਸਿੰਘ (41) ਸ਼ਿਵਰਾਜ ਸਿੰਘ ਪੁੱਤਰ ਕਰਤਾਰ ਸਿੰਘ (43) ਬਲਜੀਤ ਕੌਰ ਪਤਨੀ ਗੁਰਸ਼ਰਨਜੀਤ ਸਿੰਘ ਪੁੱਤਰ ਅਵਤਾਰ ਸਿੰਘ (44) ਸੁਖਰਾਜ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਸਾਵਨ ਸਿੰਘ (45) ਮਨਜੀਤ ਕੌਰ ਵਿਧਵਾ (46) ਇੰਦਰਜੀਤ ਸਿੰਘ ਪੁੱਤਰ ਹਰਤੇਜ ਸਿੰਘ ਪੁੱਤਰ ਤਾਰਾ ਸਿੰਘ (47) ਹਰਮਨਦੀਪ ਸਿੰਘ ਪੁੱਤਰ (48) ਮਨਿੰਦਰ ਕੌਰ (49) ਨਰਦੀਪ ਕੌਰ ਪੁੱਤਰੀ ਬਾਜ ਸਿੰਘ ਪੁੱਤਰ ਕਰਤਾਰ ਸਿੰਘ (50) ਬੇਅੰਤ ਕੌਰ (51) ਸੁਖਵੀਰ ਕੌਰ ਪੁੱਤਰੀ ਬਾਜ ਸਿੰਘ ਪੁੱਤਰ ਕਰਤਾਰ ਸਿੰਘ (52) ਜਸਵਿੰਦਰ ਕੌਰ ਵਿਧਵਾ (53) ਪਰਮਿੰਦਰ ਸਿੰਘ ਪੁੱਤਰ (54) ਕਿਰਨਜੀਤ ਕੌਰ (55) ਰੁਪਿੰਦਰ ਕੌਰ ਪੁੱਤਰੀ ਬਲਰਾਜ ਸਿੰਘ ਪੁੱਤਰ ਕਰਤਾਰ ਸਿੰਘ (56) ਦਿਲਰਾਜ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਕਰਤਾਰ ਸਿੰਘ (57) ਉਜਾਗਰ ਸਿੰਘ ਪੁੱਤਰ ਨੱਥਾ ਸਿੰਘ ਮੁਤਬੰਨਾ ਪੁੱਤਰ ਰੂਪਾ ਸਿੰਘ (58) ਅਜੀਤ ਕੌਰ ਵਿਧਵਾ ਗੁਰਬਖਸ਼ ਸਿੰਘ ਪੁੱਤਰ ਪੂਰਨ ਸਿੰਘ (59) ਕਮਲਜੀਤ ਸਿੰਘ ਪੁੱਤਰ ਗੁਰਦਰਸ਼ਨ ਸਿੰਘ ਪੁੱਤਰ ਗੁਰਬਖਸ਼ ਸਿੰਘ (60) ਮਨਸਹਿਜ ਸਿੰਘ ਪੁੱਤਰ (61) ਜਤਨਜੀਤ ਕੌਰ ਪੁੱਤਰੀ ਇੰਦਰਜੀਤ ਸਿੰਘ ਪੁੱਤਰ ਗੁਰਦਰਸ਼ਨ ਸਿੰਘ (62) ਬਲਵੰਤ ਕੌਰ ਵਿਧਵਾ (63) ਹਰਜੀਤ ਸਿੰਘ ਪੁੱਤਰ ਹਰਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ (64) ਅਮਰਜੀਤ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਗੁਰਬਖਸ਼ ਸਿੰਘ (65) ਚਮਕੌਰ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਕਾਹਨ ਸਿੰਘ (66) ਹਰਪ੍ਰੀਤ ਸਿੰਘ ਪੁੱਤਰ ਨਾਇਬ ਸਿੰਘ ਪੁੱਤਰ ਮੁਖਤਿਆਰ ਸਿੰਘ (67) ਜਸਵੰਤ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਭੋਲਾ ਸਿੰਘ (68) ਦਲਬਾਰਾ ਸਿੰਘ (69) ਜਗਜੀਤ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਕਾਹਨ ਸਿੰਘ (70) ਹਰਚੈਨ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਭੋਲਾ ਸਿੰਘ (71) ਪਰਮਜੀਤ ਕੌਰ ਪਤਨੀ (72) ਰਮਨਦੀਪ ਸਿੰਘ ਪੁੱਤਰ ਹਰਚੈਨ ਸਿੰਘ ਪੁੱਤਰ ਗਿਆਨ ਸਿੰਘ (73) ਮੰਦਰ ਸਿੰਘ ਪੁੱਤਰ ਕਾਹਨ ਸਿੰਘ ਪੁੱਤਰ ਝੱਖੜ ਸਿੰਘ (74) ਜੀਤ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਕਾਹਨ ਸਿੰਘ (75) ਸਰਬਜੀਤ ਕੌਰ ਪਤਨੀ ਗੁਰਜਿੰਦਰਪਾਲ ਸਿੰਘ ਪੁੱਤਰ ਅਮਰਜੀਤ ਸਿੰਘ (76) ਹਰਜਿੰਦਰ ਕੌਰ ਪਤਨੀ ਦਰਸ਼ਨ ਸਿੰਘ ਪੁੱਤਰ ਪ੍ਰੇਮ ਸਿੰਘ (77) ਸੁਰਿੰਦਰਪਾਲ ਕੌਰ ਪਤਨੀ ਬਲਦੇਵ ਸਿੰਘ ਪੁੱਤਰ ਪ੍ਰੇਮ ਸਿੰਘ (78) ਹਰਪਾਲ ਕੌਰ ਪਤਨੀ ਜਗਦੇਵ ਸਿੰਘ ਪੁੱਤਰ ਪ੍ਰੇਮ ਸਿੰਘ (79) ਜਸਵੀਰ ਸਿੰਘ ਪੁੱਤਰ ਨਛੱਤਰ ਸਿੰਘ ਪੁੱਤਰ ਜਵਾਲਾ ਸਿੰਘ (80) ਜਰਨੈਲ ਸਿੰਘ ਪੁੱਤਰ (81) ਸਵਰਨ ਕੌਰ (82) ਚਰਨ ਕੌਰ ਪੁੱਤਰੀਆਂ ਗਿਆਨ ਸਿੰਘ ਪੁੱਤਰ ਭੋਲਾ ਸਿੰਘ (83) ਪਰਮਜੀਤ ਕੌਰ ਪਤਨੀ(84) ਰਮਨਦੀਪ ਸਿੰਘ ਪੁੱਤਰ ਹਰਚੈਨ ਸਿੰਘ ਪੁੱਤਰ ਗਿਆਨ ਸਿੰਘ (85) ਮੰਦਰ ਸਿੰਘ ਪੁੱਤਰ ਕਾਹਨ ਸਿੰਘ ਪੁੱਤਰ ਝੱਖੜ ਸਿੰਘ (86) ਜੀਤ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਕਾਹਨ ਸਿੰਘ (87) ਸਰਬਜੀਤ ਕੌਰ ਪਤਨੀ ਗੁਰਜਿੰਦਰਪਾਲ ਸਿੰਘ ਪੁੱਤਰ ਅਮਰਜੀਤ ਸਿੰਘ (88) ਹਰਜਿੰਦਰ ਕੌਰ ਪਤਨੀ ਦਰਸ਼ਨ ਸਿੰਘ ਪੁੱਤਰ ਪ੍ਰੇਮ ਸਿੰਘ (89) ਸੁਰਿੰਦਰਪਾਲ ਕੌਰ ਪਤਨੀ ਬਲਦੇਵ ਸਿੰਘ ਪੁੱਤਰ ਪ੍ਰੇਮ ਸਿੰਘ (90) ਹਰਪਾਲ ਕੌਰ ਪਤਨੀ ਗੁਰਦੇਵ ਸਿੰਘ ਪੁੱਤਰ ਪ੍ਰੇਮ ਸਿੰਘ (91) ਜਸਵੀਰ ਸਿੰਘ ਪੁੱਤਰ ਨਛੱਤਰ ਸਿੰਘ ਪੁੱਤਰ ਜਵਾਲਾ ਸਿੰਘ (92) ਰਣਜੀਤ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਕਾਹਨ ਸਿੰਘ (93) ਗੁਰਮੇਲ ਸਿੰਘ ਪੁੱਤਰ ਮੰਦਰ ਸਿੰਘ ਪੁੱਤਰ ਕਾਹਨ ਸਿੰਘ (94) ਦਰਬਾਰਾ ਸਿੰਘ (95) ਸੁਰਜੀਤ ਸਿੰਘ ਪੁੱਤਰ ਸੋਹਨ ਸਿੰਘ ਪੁੱਤਰ ਕਾਹਨ ਸਿੰਘ (96) ਸੇਵਕ ਸਿੰਘ (97) ਗੁਰਮੀਤ ਸਿੰਘ ਪੁੱਤਰ ਮੰਦਰ ਸਿੰਘ ਪੁੱਤਰ ਕਾਹਨ ਸਿੰਘ (98) ਨਰਾਇਣ ਸਿੰਘ ਪੁੱਤਰ ਗੁਰਮੀਤ ਸਿੰਘ ਪੁੱਤਰ ਮੰਦਰ ਸਿੰਘ (99) ਰਣਵੀਰ ਸਿੰਘ ਪੁੱਤਰ ਬਚਿੱਤਰ ਸਿੰਘ ਪੁੱਤਰ ਗੁਰਮੀਤ ਸਿੰਘ (101) ਜਗਪਾਲ ਸਿੰਘ ਪੁੱਤਰ (102) ਬਸੰਤ ਕੌਰ ਮਾਤਾ (103) ਚਰਨਜੀਤ ਕੌਰ ਵਿਧਵਾ (104) ਜਗਪਾਲ ਸਿੰਘ (105) ਜਗਰੂਪ ਸਿੰਘ (106) ਸੁਖਪਾਲ ਸਿੰਘ ਪੁੱਤਰਾਨ ਜਸਮੇਲ ਸਿੰਘ ਪੁੱਤਰ ਮੰਦਰ ਸਿੰਘ (107) ਜਗਦੇਵ ਸਿੰਘ (108) ਦਰਸ਼ਨ ਸਿੰਘ ਪੁੱਤਰਾਨ ਪ੍ਰੇਮ ਸਿੰਘ ਪੁੱਤਰ ਬਿਸ਼ਨ ਸਿੰਘ (109) ਸੁਰਿੰਦਰਪਾਲ ਕੌਰ ਵਿਧਵਾ (110) ਸੁਖਮੰਦਰ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਪ੍ਰੇਮ ਸਿੰਘ (111) ਰਣਜੀਤ ਸਿੰਘ (112) ਜਰਨੈਲ ਸਿੰਘ ਪੁੱਤਰ ਜਸਵੀਰ ਸਿੰਘ ਪੁੱਤਰ ਨਛੱਤਰ ਸਿੰਘ (113) ਗੁਰਜਿੰਦਰਪਾਲ ਸਿੰਘ ਪੁੱਤਰ ਅਮਰਜੀਤ ਸਿੰਘ ਪੁੱਤਰ ਪ੍ਰੇਮ ਸਿੰਘ (114) ਨੈਸ਼ਨਲ ਹਾਈ ਡਰੋ ਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ ਲਿਮਿਟਡ ਮਿਸਲ ਸਿਸਟਮ ਮੋਗਾ।

ਸਹੀ /-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ (ਮੋਗਾ)

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਵਿਜੈ ਕਪੂਰ, ਨਾਇਬ ਤਹਿਸੀਲਦਾਰ ਕਰਤਾਰਪੁਰ ਨੋਟਿਸ ਬਨਾਮ ਆਮ ਪਬਲਿਕ

ਵਿਸ਼ਾ: ਰਿਕਾਰਡ ਮਾਲ ਵਿੱਚ ਨਾਮ ਦੀ ਦਰੁਸਤ ਲਈ ਬੇਨਤੀ।

ਸ੍ਰੀਮਤੀ ਕੁਲਵਿੰਦਰ ਕੌਰ ਪਤਨੀ ਗੁਲਜ਼ਿੰਦਰ ਸਿੰਘ ਵਾਸੀ ਪਿੰਡ ਢੱਲ ਸਬ ਤਹਿਸੀਲ ਕਰਤਾਰਪੁਰ ਜ਼ਿਲ੍ਹਾ ਜਲੰਧਰ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ ਕਿ ਪਿੰਡ ਫਰਵਾਲਾ ਤਹਿਸੀਲ ਜਲੰਧਰ-2 (ਕਰਤਾਰਪੁਰ) ਵਿੱਚ ਉਸ ਦੇ ਪਤੀ ਦਾ ਨਾਂਅ ਸੁਰਿੰਦਰ ਸਿੰਘ ਦਰਜ ਹੈ, ਜਦਕਿ ਬਾਕੀ ਕਾਗਜ਼ਾਤ ਵਿੱਚ ਉਸ ਦੇ ਪਤੀ ਦਾ ਨਾਂਅ ਗੁਲਜ਼ਿੰਦਰ ਸਿੰਘ ਦਰਜ ਹੈ। ਪ੍ਰਾਰਥੀ ਵੱਲੋਂ ਉਕਤ ਦੋਵੇਂ ਨਾਂਅ ਗੁਲਜ਼ਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਇੱਕੋ ਵਿਅਕਤੀ ਦੇ ਹੋਣ ਬਾਰੇ ਹਲਫੀਆ ਬਿਆਨ, ਅਖ਼ਬਾਰ ਦੀ ਕਟਿੰਗ ਵਾ ਪਾਸਪੋਰਟ ਦੀ ਕਾਪੀ ਲਗਾਈ ਹੈ।

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਵੀ ਉਕਤ ਵਿਅਕਤੀ ਦਾ ਨਾਂਅ ਸੁਰਿੰਦਰ ਸਿੰਘ ਉਰਫ਼ ਗੁਲਜ਼ਿੰਦਰ ਸਿੰਘ ਦਾ ਨਾਮ ਦਰੁਸਤ ਕਰਨ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ 15 ਦਿਨਾਂ ਅੰਦਰ ਨਿਮਨ ਹਸਤਾਖਰ ਨੂੰ ਅਸਾਲਤਨ/ ਵਕਾਲਤਨ/ ਮੁਖਤਿਆਰ ਜਾਂ ਖੁਦ ਪੇਸ਼ ਹੋ ਕੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਵੀ ਇਤਰਾਜ਼ ਸੁਣਿਆ ਨਹੀਂ ਜਾਵੇਗਾ ਅਤੇ ਮਾਲ ਰਿਕਾਰਡ ਵਿੱਚ ਸਰਕਾਰ ਦੇ ਪੱਤਰ ਨੰਬਰ 25/78/2012-ਭ.ਮ-2/12445-71 ਚੰਡੀਗੜ੍ਹ ਮਿਤੀ 26.07.2013 'ਚ ਦਰਜ ਹਦਾਇਤਾਂ ਅਨੁਸਾਰ ਬਿਨੇਕਾਰ ਦਾ ਉਕਤ ਨਾਂਅ ਮਾਲ ਰਿਕਾਰਡ ਵਿੱਚ ਦਰੁਸਤ ਕਰਨ ਸੰਬੰਧੀ ਹੁਕਮ ਜਾਰੀ ਕਰ ਦਿੱਤੇ ਜਾਣਗੇ।

ਨਾਇਬ ਤਹਿਸੀਲਦਾਰ ਕਰਤਾਰਪੁਰ

ਮਿਤੀ: 15.7.25 ਸਥਾਨ : ਕਰਤਾਰਪੁਰ

## COURT NOTICE

(U/o 5 Rule 20 CPC)

In The Court of

Sh. Vineet Kumar Narang

Additional Principal Judge Family Court-II, Nakodar

Next Date:- 04-08-2025

GW/61/2025

Baldwin Bobby Randhawa

Vs.

Satnam Singh Randhawa

Petition Under Guardian And Wards Act

Publication Issued To:

General Public

:- General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 04-08-2025 at 10:00 a.m.

For details logon to https://highcourtchd.gov.in/?mod=district_notice&district=NAKODAR

Additional Principal Judge Family Court-II, Nakodar

Dated, this day of 14-07-2025

## COURT NOTICE

(U/o 5 Rule 20 CPC)

In The Court Of

**Aman Sharma**

Additional Principal Judge Family Court, Amritsar

CNR No. PBAS01-017786-2024

Next Date:- 19-07-2025

Gurpreet Singh

Vs.

Gurinder Kaur

Publication Issued To:

Gurinder Kaur

Spouse :- Gurpreet Singh Daughter of Balwinder Singh Gali No. 4, Guru Nanak Pura, P.S. Kot Khalsa, Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 19-07-2025 at 10:00 a.m.

For details logon to https://highcourtchd.gov.in/?trs=district_notice&district=Amritsar

Additional Principal Judge Family Court Amritsar

Dated, this day of 26-06-2025

## ਨਾਂਅ ਦੀ ਬਦਲੀ

ਮੈਂ ਮਹਿੰਦਰ ਪੁੱਤਰ ਸ੍ਰੀ ਰਾਮ ਲੋਕ ਵਾਸੀ ਪਿੰਡ ਬੂੰਗੜੀ ਤਹਿਸੀਲ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਵਸਨੀਕ ਹਾਂ ਮੈਂ ਇਹ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਮਹਿੰਦਰ ਤੋਂ ਬਦਲ ਕੇ ਮਹਿੰਦਰ ਪਾਲ ਰੱਖ ਲਿਆ ਹੈ। ਸਾਰੇ ਸੰਬੰਧਿਤ ਨੋਟ ਕਰਨ।

ਮੈਂ ਵਿਸ਼ਾਲ ਪੁੱਤਰ ਸ੍ਰੀ ਮਹਿੰਦਰ ਪਾਲ ਵਾਸੀ ਬੂੰਗੜੀ ਤਹਿਸੀਲ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਵਸਨੀਕ ਹਾਂ ਮੈਂ ਇਹ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਵਿਸ਼ਾਲ ਤੋਂ ਬਦਲ ਕੇ ਵਿਸ਼ਾਲ ਚੌਹਾਨ ਰੱਖ ਲਿਆ ਹੈ। ਸਾਰੇ ਸੰਬੰਧਿਤ ਨੋਟ ਕਰਨ।

ਮੈਂ, ਮਨੀ ਪੁੱਤਰੀ ਪਰਮਜੀਤ ਸਿੰਘ ਵਾਸੀ ਪਿੰਡ ਖੇੜਾ (ਹਾਰਟਾ), ਡਾਕ: ਹਾਰਟਾ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਆਪਣਾ ਨਾਮ ਮਨੀ ਤੋਂ ਬਦਲ ਕੇ ਮਨੀ ਕੌਰ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਵੀਰਾਂ ਕੌਰ ਪਤਨੀ ਜੋਗਿੰਦਰ ਪਾਲ ਵਾਸੀ ਪਿੰਡ ਫੂਲਾਹੀ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਨੇ ਆਪਣਾ ਨਾਂਅ ਵੀਰਾਂ ਕੌਰ ਤੋਂ ਬਦਲ ਕੇ ਸੋਨੀਆ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## PUBLIC NOTICE

I, Vijay Kumar S/o Bhagat Ram r/o H.No.6, Baba Budha Ji Enclave Extension, Near Sai Mandir, VPO. Dakoha, Distt.Jalandhar declare that my son Sukhwinder Kumar & his wife Rajni are out of my control. I disinherit them from my movable and immovable properties. I and my family shall not be held responsible for any of their acts deeds and things. All please note.

I, Sukhjit Singh S/o Palwinder Singh R/o Vill. Chhina Bet, P.O. Purana Shalla, Tehsil/Distt. Gurdaspur, Punjab, India, declare that my given name as Sukhjit and my Surname as Singh.

# ਕਲਾਸੀਫਾਈਡ ਇਸ਼ਤਿਹਾਰ

## Change of Name

I Lashkar Ram, S/O of Chuhra Ram, R.O Nawan Pind Naicha P.O Goraya, Tehsil, Phillaur, Distt. Jalandhar (Punjab). That Lashkar Ram and Lashkari Ram Are My Names. That I am known by both Names. Concerned Please Note.

I Vrinder S/o Avtar Singh Village Surwind Tehsil Patti District Tarn Taran Have Changed my name Vrinder Singh to Surname as Singh and my Givenname is Vrinder. Please note it.

I, Parmjit Kumari W/o Kamal Parkash R/o House No.20 Guru Angand Dev Colony Rama Mandi,Dhilwan, P.O Dakoha, Jalandhar-II, Jalandhar Punjab 144023 have changed my name from Parmjit Kumari to Paramjit Kumari. All Please Note.

I Balvir Kumar S/o Dev Raj Residence V+PO Mandhali Tehsil Banga District SBS Nagar. I have changed my name BALBIR KUMAR to BALVIR KUMAR. all' concerned note.

I, Satwinder Kaur W/o Santosh Lal R/o Village Pathial PO Lachowal Distt. Hoshiarpur Punjab have changed my name from Satwinder Kaur to Preet Kaur. Concerned note.

I poonam w/o des raj r/o vill chukhiara Distt. Jalandhar, Punjab I Have change my name from poonam to poonam kumari.

I Sarbjit Kumari w/o Santosh Kumar Mall,R/o Vill. Dhina,PO Jal cantt, Jalandhar have changed my name from Sarbjit Kumari to Sarabjeet Kumari.

I Santosh Kumar S/o Gurmit Ram,R/o Vill. Dhina,PO Jal cantt, Jalandhar have changed my name from Santosh Kumar to Santosh Kumar Mall.

I Mohinder Paswan S/o Mahavir Paswan,R/o H.no 25,Basti Bawa Khel,New Gautam Nagar, Jalandhar have changed my name from Mohinder Paswan to Mahinder Paswan.

I, Sarbjeet Kaur W/O Ranjodh Singh R/O Asmailpur,Tehsil Shahkot, District Jalandhar Pin Code 144702, Punjab, India popular with the name spelling Sarbjeet Kaur, Sarabjeet Kaur and Sarabjit Kaur have changed my name spelling to Sarabjit Kaur. Note Please.

I Hardeep Singh S/O Ranvir Singh R/O Vill. Mahal Khurd, Po.garcha , Teh. Nawanshahr, Distt.s.b.s Nagar-144518, Punjab I Have Changed My Name From Hardeep Singh To Singh Hardeep.

I Sarabjit W/O Hukam Chand Resident Of H.no. 110 Shareef Pura, Buta Mandi, Jalandhar - 144003, Punjab, India Have Changed My Name From Sarabjit To Sarabjeet Kaur. All Please Note.

I, Santosh W/o Sh. Pakhar Singh R/O VPO. Mojowal, Teh. Balachaur, Distt. S.B.S Nagar - 144521, Punjab have changed my name from Santosh to Toshi. All concerned please note.

I, Rajesh Kumar Jain S/o Jatinder Kumar Jain R/O Hno. 402, Adarsh Nagar, Jalandhar, Punjab -144001 Have Changed Name from Rajesh Kumar Jain To Rajesh Jain. All note.

I, Charanjit Kaur W/O Bikramjit Singh R/O M.N.93, Deep Enclave, Block Gumtala, Royal Nursary, Gumtala Sub Urban, Nangli, Amritsar, Punjab have changed my name from Charanjit Kaur to Charnjit Kaur. Concerned note.

I, Gurdip Singh S/o Sohan Singh R/o Village Kaile Kalan, PO. Ghuman Kalan, Distt. Gurdaspur, Punjab have changed my name from Gurdip Singh to Gurdeep Singh. Concerned Note.

I, Manjit Kaur Virk W/O Sarabjit Singh Virk, R/o Saneta, SAS Nagar, Mohali, Punjab- 140306. have changed my name and shall hereafter be Known as Manjit Kaur.

I, Vattandeep S/O Harnek Singh, R/o Dhaipai, Ludhiana, Punjab-142029, have changed my name and shall hereafter be Known as Vattandeep Singh Grewal.

I, Aanchal Sharma W/O Gagandeep Kumar, R/o 1555, Sector-39, Chandigarh Road, Jamalpur Awana, Ludhiana, Punjab- 141010. have changed my name and shall hereafter be Known as Anchal Sharma.

I, Gagandeep Sharma S/O Sudarshan Kumar, R/o 1555, sector 39, Jamalpur Awana, Chandigarh Road, Ludhiana, Punjab- 141010, have changed my name and shall hereafter be Known as Gagandeep Kumar.

I, Paramjit Kaur W/o Rakesh Kumar R/o Jaitewali, Jandu Singha, Distt. Jalandhar, Punjab-144025 have changed my name from Paramjit Kaur to Paramjit. All concerned please note.

I, Gurmeet Singh Son of Harnam Singh R/o Village Bhoolpur, Miani, Tehsil Tanda, District Hoshiarpur, Punjab, India, hereby declare that I have legally adopted Jashanpreet Singh, Dob 17/10/2008, who is the biological child of Sukhwinder Singh and Kulwinder Kaur and now I am his legal father and guardian for all future purposes, accordingly my name to be entered as father's name in Jashanpreet Singh's educational Certificates.

I, Vikramjit S/o Nathu Ram R/o H.No. 51-B, Sai Colony, Lassuri Mohalla, Basti Danishmandan, Jalandhar-144002, Punjab, India have changed my name from Vikramjit to Vikramjit Shoor. All concerned please note.

I, Anju Bala Alias Kavita Madaan W/o Sunil Madaan R/o H.No. 35-C, Bank Colony, Shiv Nagar, Jalandhar-144003, Punjab have changed my name from Anju Bala Alias Kavita Madaan to Kavita Madaan. All concerned please note.

I, Surinder Singh Gill S/o Darshan Singh R/o Fatehgarh Shukarchak PO F.S District Amritsar have changed my name from Surinder Singh Gill to Surinder Singh.

I, Mohal Lal S/o Giyan Chand R/o 1348, Patti Bhara, Verka, Gali Hakima Wali Amritsar-II Amritsar have changed my name from Mohal Lal to Mohan Lal.

I, Jit Kaur W/o Manjit Singh R/o H.No.138, Sarain Road, Khalsa Plywood, Jandiala Guru, Amritsar have changed my name from Jit Kaur to Jeet Kaur.

## Change of Name

I, Kanwaljit D/o Kirpal Singh W/o Balwinder Singh R/o 67, C-Block, Abadi, Pyramid City, Near Golden Gate, Sultanwind Daburji Link Road, Amritsar have changed my name from Kanwaljit to Kawaljit Kaur.

I, Ranjit Kaur W/o Dalwinder Singh R/o VPO Jaspal Tehsil Baba Bakala District Amritsar have changed my name from Ranjit Kaur to Ranjeet Kaur.

I, Pooja Arora alias Pooja Kapoor W/o Manish Kapoor R/o H.No.246, FGC Road Nangli Near Muskan Avenue, Smile Enclave PO Nangli District Amritsar have declare that above botha names are mine one and same person.

I, Sawinder Singh S/o Harbans Singh R/o Village Sham Nagar District Amritsar have changed my name from Sawinder Singh to Swinder Singh.

I, Navdeep Bath W/o Harvinder Singh R/o H.No.45-C, Court Road, Civil Line, Amritsar have changed my Given name Navdeep Bath to Sur name Batth and Given name Navdeep.

I, Malook Singh Bath S/o Multan Singh R/o H.No.45-C, Court Road, Civil Line, Amritsar have changed my name from Malook Singh Bath to Malook Singh Batth.

I, Sukhjit Kaur W/o Iqbal Singh Walia R/o H.No.33-C, Street No.9, Guru Amar Dass Avenue, Amritsar have changed my name from Sukhjit Kaur to Sukhjit Kaur Walia.

I, Sukhmander Singh S/o Gurdev Singh R/o Jalalabad East, Tehsil Dharamkot (Moga), have changed my name to Sukhmander Singh Samra.

I, Shivani Sahdev W/o Sumit Sahdev R/o H.No. 106-A, Dilbag Nagar, Basti Guzan, Jalandhar, Punjab-144002, have changed my name from Shivani to Shivani Sahdev.

I, Narinder Kaur W/o Gurpinder Singh R/o H.No. 20, Gali No. 1, Harbans Nagar, Jalandhar Declare that My Mother name is Dalip Kaur. All concerned please.

I, Ram Karan Singh s/o Malkiat Singh r/o VPO. Khudda, Tehsil Dasuya, Distt. Hoshiarpur have changed my minor son name from Lakashvir Singh to Singh Lakashvir. All Please Note.

I, Ravi Kant s/o Ramesh Chander r/o H.No. 11 A, Friends Avenue, Mithapur Road, Jalandhar have changed my name from Ravi Kant to Ravi Kant Ohri. All Please Note.

I, Sukhvinder Singh s/o Milkha Singh r/o Tanda Ram Sahai, Hoshiarpur, Punjab- 144214 have changed my name as Sukhwinder Singh. All Please Note.

I, Jyoti d/o Raj Kumar r/o V.P.O. Janauri, Distt. Hoshiarpur, Punjab-144209 have changed my name as Jyoti Balm. All Please Note.

I, Pardip Kumar s/o Mehar Chand r/o Vill. Pohari, Po. Naurangpur, Distt. Hoshiarpur, Punjab-144223 have changed the name of my minor daughter Abani, aged 8 years and she shall hereafter be known as Avni Kumari. All Please Note.

I, Kamlesh W/o Harbans Lal R/o H.No. 1782, Bhargo Nagar, Jalandhar, Punjab have changed my name from Kamlesh to Kamlesh Rani. All Please Note.

I, Bibmila d/o Amar Chand w/o Charan Dass r/o Village Chuharwali, Po. Adampur Doaba, Jalandhar, Punjab-144102 have changed my name from Bibmila to Bimla Rani. All Please Note.

I, Shamsher Singh Manhas S/o Rumal Singh R/o H.No. 223, Thakur Singh Colony, Bashirpura, Jalandhar, Punjab have changed my name from Shamsher Singh Manhas to Shamsher Singh. All Please Note.

I, Kamaljit Kaur W/o Karnail Singh R/o Vill. Sanghoke, P.O. Ramdas, Tehsil Ajnala, Distt. Amritsar, State Punjab, India, Pincode-143603, I have changed my name from Kamaljit Kaur to Kamaljeet Kaur.

## ਬੇਦਖਲੀ ਨੋਟਿਸ

ਮੈਂ ਬੱਚਨ ਕੌਰ ਪਤਨੀ ਵਿਧਵਾ ਰਣਜੀਤ ਸਿੰਘ ਵਾਸੀ ਪਿੰਡ ਤਲਵੰਡੀ ਹਿੰਦੂਆਂ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਬਿਆਨ ਹਲਫੀਆ ਕਰਦੀ ਹਾਂ ਕਿ ਮੇਰੀ ਨੂੰਹ ਅਮਨਦੀਪ ਕੌਰ ਵਿਧਵਾ ਪਤਨੀ ਸਿਮਰਨਜੀਤ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ ਅਤੇ ਮੈਨੂੰ ਤੰਗ ਪ੍ਰੇਸ਼ਾਨ ਕਰਦੀ ਹੈ । ਮੈਂ ਆਪਣੀ ਨੂੰਹ ਅਮਨਦੀਪ ਕੌਰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ,ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਸਬੰਧਤ ਨੋਟ ਕਰਨ ।

ਮੈਂ ਸੁਖਰਾਜ ਸਿੰਘ ਪੁੱਤਰ ਟਹਿਲ ਸਿੰਘ ਵਾਸੀ ਪਿੰਡ ਲਿਟ,ਡਾਕਖਾਨਾ ਰਾਮਗੜ, ਤਹਿਸੀਲ ਭੁਲੱਥ,ਜਿਲਾ ਕਪੂਰਥਲਾ ਹਲਫੀਆ ਬਿਆਨ ਕਰਦਾ ਕਿ ਮੈਂ ਆਪਣੀ ਪਤਨੀ ਇੰਦਰਜੀਤ ਕੌਰ ਅਤੇ ਤਿੰਨ ਬੱਚੇ ਆਂਚਲਪ੍ਰੀਤ ਕੌਰ ਬੇਟੀ,ਅਰਸ਼ਪ੍ਰੀਤ ਕੌਰ ਬੇਟੀ ਅਤੇ ਸੰਤਪ੍ਰੀਤ ਸਿੰਘ ਬੇਟੇ ਨੂੰ ਮੇਰੇ ਕਹਿਣੇ ਵਿਚ ਨਾ ਹੋਣ ਕਰਕੇ ਭਾਰਤ ਵਰਸ਼ ਵਿਚ ਆਪਣੀ ਚੱਲ ਅਤੇ ਅੱਚਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ।ਮੇਰੀ ਉਕਤ ਪਤਨੀ ਅਤੇ ਬੱਚਿਆਂ ਨਾਲ ਮੇਰਾ ਕੋਈ ਲੈਣ-ਦੇਣ ਨਹੀਂ ਰਿਹਾ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ।

ਮੈਂ, ਭਾਗਾ ਦੇਵੀ ਪਤਨੀ ਅਨੂਪ ਸਿੰਘ ਵਾਸੀ ਮਕਾਨ ਨੰਬਰ 11/2, ਮੁੱਹਲਾ ਕੋਟ ਰਾਮ ਦਾਸ, ਡਾਕ: ਚੁਗਿੱਟੀ, ਜ਼ਿਲ੍ਹਾ ਜਲੰਧਰ-144009, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਦਵਿੰਦਰ ਸਿੰਘ ਵਾ ਉਸਦੀ ਪਤਨੀ ਅਨੁਰਾਧਾ (ਮੇਰੀ ਨੂੰਹ) ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ ਮਨਜੀਤ ਕੌਰ ਪਤਨੀ ਲੇਟ ਸੁਰਜੀਤ ਸਿੰਘ ਵਾਸੀ ਪਿੰਡ ਰਹੱਲੀ ਡਾਕਖਾਨਾ ਬੱਡੋਂ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਸ਼ਾਦੀਸ਼ੁਦਾ ਲੜਕਾ ਗੁਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਨੀਤੂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ, ਕਿਸੇ ਨਾਲ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਦੇ ਖੁਦ ਜੁੰਮੇਵਾਰ ਹੋਣਗੇ। ਮੇਰੀ ਕੋਈ ਵੀ ਜੁੰਮੇਵਾਰੀ ਨਹੀ ਹੋਵੇਗੀ।

ਅਸੀਂ, ਪ੍ਰੀਤਮ ਦਾਸ ਪੁੱਤਰ ਚੰਦਨ ਰਾਮ ਅਤੇ ਵਿੱਦਿਆ ਪਤਨੀ ਪ੍ਰੀਤਮ ਦਾਸ ਵਾਸੀਆਨ ਪਿੰਡ ਬਾਜਰਾ, ਡਾਕਖਾਨਾ ਸਮੀਪੁਰ, ਰੰਧਾਵਾ ਮਸੰਦਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪਰਵਿੰਦਰ ਰਾਮ ਅਤੇ ਉਸਦੀ ਪਤਨੀ ਜਸਵਿੰਦਰ ਕੌਰ ਉਰਫ ਸੀਮਾ ਅਤੇ ਇਨ੍ਹਾਂ ਦਾ ਬੱਚਾ ਵੀਵਾਨ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਨਰੇਸ਼ ਕੁਮਾਰ ਪੁੱਤਰ ਜਗਦੀਸ਼ ਪ੍ਰਕਾਸ਼ ਪੁੱਤਰ ਰਾਮ ਗੋਪਾਲ ਵਾਸੀ ਮਕਾਨ ਨੰ. 1323, ਗਲੀ ਨੰ. 05, ਜਵਾਹਰ ਨਗਰ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੌਰਵ ਬਲਰਾਏ ਅਤੇ ਮੇਰੀ ਨੂੰਹ ਮਲਿਕਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਬਲਦੇਵ ਸਿੰਘ ਪੁੱਤਰ ਵਰਿੰਦਰ ਸਿੰਘ ਅਤੇ ਸਰਬਜੀਤ ਕੌਰ ਪਤਨੀ ਬਲਦੇਵ ਸਿੰਘ ਵਾਸੀਆਨ 263, ਗਲੀ ਨੰ. 8, ਈਸਟ ਮੋਹਿੰਦਰ ਨਗਰ, ਸੁਲਤਾਨਵਿੰਡ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਜੋਬਨਜੀਤ ਸਿੰਘ ਅਤੇ ਉਸ ਦੀ ਪਤਨੀ ਪੂਜਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਭਾਰਤ ਭੂਸ਼ਣ ਪੁੱਤਰ ਸੋਹਨ ਲਾਲ ਵਾਸੀ ਪਿੰਡ ਕਾਲਾ ਬਾਹਾ, ਪਿੰਡ ਤੇ ਡਾਕਖਾਨਾ ਮਕਸੂਦਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੌਰਵ ਬਲਰਾਏ ਅਤੇ ਮੇਰੀ ਨੂੰਹ ਮਲਿਕਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜਸਪਾਲ ਸਿੰਘ ਪੁੱਤਰ ਬਚਨ ਦਾਸ ਵਾਸੀ ਵਾਰਡ ਨੰ. 39, ਖੁਰਲਾ ਕਿੰਗਰਾ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਪਰਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਰਵਿੰਦਰ ਸਿੰਘ ਗਿੱਲ ਪੁੱਤਰ ਗੁਰਮੇਜ ਸਿੰਘ ਗਿੱਲ ਅਤੇ ਪਰਮਜੀਤ ਕੌਰ ਪਤਨੀ ਰਵਿੰਦਰ ਸਿੰਘ ਗਿੱਲ ਵਾਸੀਆਨ ਮਕਾਨ ਨੰ. 431, ਗਲੀ ਨੰ. 3, ਨਜ਼ਦੀਕ ਗਰੀਨ ਸਿਟੀ, ਨਰਾਇਣਗੜ੍ਹ, ਗੁਰੂ ਅਮਰਦਾਸ ਕਾਲੋਨੀ, ਛੇਹਰਟਾ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸ਼ਰਨਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਮੁਹੰਮਦ ਅਰਫੀਕ ਪੁੱਤਰ ਕਮਾਲਦੀਨ ਅਤੇ ਸਲੀਮਾ ਪਤਨੀ ਮੁਹੰਮਦ ਅਰਫੀਕ ਵਾਸੀਆਨ ਮਕਾਨ ਨੰ: ਸੀ-143, ਕਡਿਆਣਾ, ਕਰਿਆਨਾ, ਆਦਮਪੁਰ ਦੋਆਬਾ, ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਦੀਪਕ ਚੱਠਾ ਤੇ ਉਸਦੀ ਪਤਨੀ ਰਾਜ ਰਾਣੀ ਤੇ ਉਹਨਾਂ ਦੇ ਬਚਿੱਆਂ 1. ਗੁਨਵੀਰ ਚੱਠਾ ਅਤੇ 2. ਰੋਹਾਨੀ ਚੱਠਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਪਰਮਾਤਮਾ ਦਿਨ ਗੁਪਤਾ ਪੁੱਤਰ ਰਾਮ ਸ਼ਰਨ ਗੁਪਤਾ ਵਾਸੀ ਮਕਾਨ ਨੰ. 135, ਸ਼ਹੀਦ ਊਧਮ ਸਿੰਘ ਕਾਲੋਨੀ, ਝਬਾਲ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਰਾਧਾ ਗੁਪਤਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ (ਪੰਜਾਬ ਜਾਂ ਹੋਰ ਕਿਸੇ ਸਟੇਟ 'ਚ), ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੁਲਵੰਤ ਕੌਰ ਪਤਨੀ ਲੱਖਾ ਸਿੰਘ ਵਾਸੀ ਟੀ-13/180 ਇਨਸਾਈਡ ਹਾਥੀ ਗੇਟ, ਕਟੜਾ ਮੋਤੀ ਰਾਮ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਹੁਲ ਅਤੇ ਉਸ ਦੀ ਪਤਨੀ ਮਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪਰਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ 79-ਸੀ-ਡੀ, ਗਾਰਡਨ ਗਰੀਨ ਰੈਸਟੋਰੈਂਟ, ਗਰੀਨ ਐਵੀਨਿਊ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਛਿੰਦੋ ਪਤਨੀ ਕੁੰਨਣ ਸਿੰਘ ਵਾਸੀ ਬਲੱਗਨ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਲਵਪ੍ਰੀਤ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਵੀਰ ਕੌਰ ਵਿਧਵਾ ਸ੍ਰੀ ਬਲਬੀਰ ਸਿੰਘ ਵਾਸੀ ਨਿਮਾਜ਼ੀਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ, ਕ੍ਰਿਸ਼ਨਾ ਦੇਵੀ ਪੁੱਤਰੀ ਸਾਧੂ ਸਿੰਘ, ਪਤਨੀ ਜਰਨੈਲ ਸਿੰਘ, ਵਾਸੀ ਧਰਮਪੁਰਾ ਮੁਹੱਲਾ, ਧੂਰੀ (ਸੰਗਰੂਰ) ਬਿਆਨ ਕਰਦੀ ਹਾਂ ਕਿ ਮੇਰੇ ਪਤੀ ਦਾ ਨਾਮ ਜਰਨੈਲ ਸਿੰਘ ਹੈ, ਪਰ ਮੇਰੇ ਪਾਸਪੋਰਟ ਐਪਲੀਕੇਸ਼ਨ ਫ਼ਾਰਮ ਵਿੱਚ ਮੇਰੇ ਪਤੀ ਦਾ ਨਾਮ ਗਲਤੀ ਨਾਲ ਰਾਜ ਕੁਮਾਰ ਲਿਖਿਆ ਗਿਆ, ਜੋ ਜਰਨੈਲ ਸਿੰਘ ਪੜ੍ਹਿਆ ਜਾਵੇ।

ਮੈਂ, ਰੁਪਿੰਦਰ ਸਿੰਘ ਗਿੱਲ ਪੁੱਤਰ ਹਰਨੇਕ ਸਿੰਘ ਵਾਸੀ ਬਸਤੀ ਬਾਬਾ ਰਾਮ ਚੰਦਰ, ਪਿੰਡ ਘੱਲ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਜਸ਼ਨਪ੍ਰੀਤ ਸਿੰਘ ਗਿੱਲ ਨੂੰ ਕਹਿਣੇਕਾਰ ਨਾ ਹੋਣ ਕਾਰਨ 19/03/2025 ਨੂੰ ਆਪਣੀ ਚੱਲ-ਅਚੱਲ ਜਾਇਦਾਦ 'ਚੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਮੈਂ ਆਪਣੇ ਲੜਕੇ ਜਸ਼ਨਪ੍ਰੀਤ ਸਿੰਘ ਗਿੱਲ ਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਚੱਲ-ਅਚੱਲ ਜਾਇਦਾਦ ਵਿੱਚ ਹੱਕਦਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਚਰਨਜੀਤ ਪੁੱਤਰ ਮੰਗਲ ਦਾਸ ਵਾਸੀ ਮਕਾਨ ਨੰ: 2423, ਭਾਰਗੋ ਨਗਰ, ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣੀ ਪਤਨੀ ਸ਼੍ਰੀਮਤੀ ਸੀਮਾ, ਬੱਚੇ ਅੰਸ਼ ਅਤੇ ਪਲਕ ਅਤੇ ਪਿਤਾ ਸ਼੍ਰੀ ਮੰਗਲ ਦਾਸ ਅਤੇ ਮਾਤਾ ਸ਼੍ਰੀਮਤੀ ਪੁਸ਼ਪਾ ਦੇਵੀ ਦੇ ਨਾਲ ਉਕਤ ਪਤੇ ਤੇ ਰਹਿ ਰਿਹਾ ਹਾਂ। ਇਹ ਕਿ ਮੇਰਾ ਅਤੇ ਮੇਰੇ ਪਰਿਵਾਰ ਦਾ ਮੇਰੀ ਭਰਜਾਈ ਮੱਧੂ, ਭਤੀਜੇ ਦੀਪਕ ਅਤੇ ਅਮਿਤ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਇਹ ਆਪਣੇ ਕੀਤੇ ਹੋਏ ਹਰੇਕ ਚੰਗੇ ਮਾੜੇ ਕੰਮ, ਲੈਣ ਦੇਣ ਅਤੇ ਨਫੇ ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏਪੀ 16/116 (ਜੀਐਚ/457)ਜੋ ਪਰਮਜੀਤ ਕੌਰ ਪਤਨੀ ਲੇਟ ਅਵਤਾਰ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਜਿਸ ਨੂੰ ਜਸਪ੍ਰੀਤ ਸਿੰਘ ਪੁੱਤਰ ਲੇਟ ਅਵਤਾਰ ਸਿੰਘ ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਇਸ ਤਬਦੀਲੀ ਸਬੰਧੀ ਇਤਰਾਜ 30 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਦਿਹਾਤੀ ਉਪ ਮੰਡਲ ਗੁਰਾਇਆਂ ਕੋਲ ਕੀਤਾ ਜਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏਪੀ 16/119 (ਜੀਐਚ/450)ਜੋ ਪਰਮਜੀਤ ਕੌਰ ਪਤਨੀ ਲੇਟ ਅਵਤਾਰ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਜਿਸ ਨੂੰ ਜਸਪ੍ਰੀਤ ਸਿੰਘ ਪੁੱਤਰ ਲੇਟ ਅਵਤਾਰ ਸਿੰਘ ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਇਸ ਤਬਦੀਲੀ ਸਬੰਧੀ ਇਤਰਾਜ 30 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਦਿਹਾਤੀ ਉਪ ਮੰਡਲ ਗੁਰਾਇਆਂ ਕੋਲ ਕੀਤਾ ਜਾ ਸਕਦਾ ਹੈ।

ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਿਜਲੀ ਮੋਟਰ ਕੁਨੈਕਸ਼ਨ ਖਾਤਾ ਨੰ. ਏ ਪੀ 16 ਐਨ ਨੰਬਰ 390/39458 ਮਿਤੀ 28/04/2000 ਹੈ, ਜੋ ਕਿ ਜੋਗਾ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਪਿੰਡ ਕੜੈਲ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ ਦੇ ਨਾਂਅ 'ਤੇ ਲੱਗਿਆ ਹੈ। ਹੁਣ ਇਹ ਬਿਜਲੀ ਮੋਟਰ ਕੁਨੈਕਸ਼ਨ ਬਦਲ ਕੇ ਡੇਰਾ ਰੰਧਾਵਾ ਪਾਤਸ਼ਾਹੀ ਟਰੱਸਟ, ਨਕੋਦਰ ਰੋਡ ਪਿੰਡ ਵਡਾਲਾ, ਜ਼ਿਲ੍ਹਾ ਜਲੰਧਰ ਦੇ ਨਾਂਅ ਹੋਣ ਜਾ ਰਿਹਾ ਹੈ। ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਐੱਸ ਡੀ ਓ ਪਾਵਰਕਾਮ, ਮੂਨਕ, ਜ਼ਿਲ੍ਹਾ ਸੰਗਰੂਰ ਨੂੰ ਪੇਸ਼ ਕਰੇ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

17-July-PAGE--8-Advt.qxd 7/16/2025 9:04 PM Page 1



# ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮਾਂ ਵੱਲੋਂ ਸੂਬਾ ਸਰਕਾਰ ਵਿਰੁੱਧ ਗੇਟ ਰੈਲੀਆਂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਸੰਘਰਸ਼ ਕਰਨ ਦਾ ਬਿਗੁਲ ਵਜਾ ਦਿੱਤਾ ਗਿਆ ਹੈ।ਜੱਥੇਬੰਦੀ ਦੇ ਆਗੂ ਗਗਨਦੀਪ ਸਿੰਘ ਨੇ ਦੱਸਿਆ ਕਿ ਉਹ 15-16 ਸਾਲਾਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਜ਼ ਵਿੱਚ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਨਿਗੂਣੀਆਂ ਤਨਖਾਹਾਂ ਤਕਰੀਬਨ 15000 ਉੱਪਰ ਗਰੁੱਪ ਬੀ ਬਤੌਰ ਕਰਾਫਟ ਇਨਸਟਰਕਟਰ ਵਜੋਂ ਆਪਣਾ ਸ਼ੋਸ਼ਣ ਕਰਵਾ ਰਹੇ ਹਨ ਜਦਕਿ ਇਹੀ ਪੰਜਾਬ ਸਰਕਾਰ ਗਰੁੱਪ ਸੀ ਅਤੇ ਡੀ ਨੂੰ ਸਾਡੇ ਨਾਲੋਂ ਵੱਧ ਤਨਖਾਹਾਂ ਦੇ ਰਹੀ ਹੈ ਜੋ ਕਿ ਕਿਤੇ ਵੀ ਤਰਕਸੰਗਤ ਨਹੀਂ ਹੈ। ਇਸ ਤੋਂ ਇਲਾਵਾ ਸਾਨੂੰ ਕਿਸੇ ਵੀ ਕਿਸਮ ਦੀ ਛੁੱਟੀ ਨਹੀਂ ਦਿੱਤੀ ਜਾਂਦੀ, ਨਾ ਹੀ ਕੋਈ ਬਦਲੀ ਕਰਵਾਉਣ ਦਾ ਅਧਿਕਾਰ ਹੈ, ਨਾ ਹੀ ਕੋਈ ਸਰਵਿਸ ਬੁੱਕ ਲਗਾਈ ਗਈ ਹੈ ਅਤੇ ਨਾ ਹੀ ਕੋਈ ਸਲਾਨਾ ਇਨਕਰੀਮੈਂਟ ਹੈ। ਇੱਥੋਂ ਤੱਕ ਲੇਡੀਜ਼ ਲਈ ਜਣੇਪਾ ਛੁੱਟੀ ਤੱਕ ਦਾ ਅਧਿਕਾਰ ਨਹੀਂ ਹੈ ਜੋ ਕਿ ਇਹ ਪੰਜਾਬ ਸਰਕਾਰ ਲਈ ਬਹੁਤ ਹੀ ਸ਼ਰਮਨਾਕ ਗੱਲ ਹੈ।ਅਸੀਂ ਪੰਜਾਬ ਦਾ ਕੋਈ ਆਮ ਆਦਮੀ ਪਾਰਟੀ ਦਾ ਐਮ ਐਲ , ਕੋਈ ਮੰਤਰੀ ਨਹੀਂ ਛੱਡਿਆ ਜਿਸਨੂੰ ਬੇਨਤੀ ਨਾ ਕੀਤੀ ਹੋਵੇ ਪਰੰਤੂ ਸਾਰਿਆਂ ਵੱਲੋਂ ਸਿਰਫ ਲਾਰੇ ਹੀ ਮਿਲੇ ਹਨ, ਕਿਸੇ ਨੇ ਵੀ ਕੋਈ ਹੱਲ ਕਰਵਾਉਣ ਬਾਰੇ ਨਹੀਂ ਸੋਚਿਆ। ਜੱਥੇਬੰਦੀ ਨੇ ਸਰਕਾਰੀ ਉਦਯੋਗਿਕ ਸਕੂਲ ਅਤੇ ਸਰਕਾਰੀ ਆਈ ਟੀ ਆਈ ਵੋਮੈਨ ਹੁਸ਼ਿਆਰਪੁਰ ਦੇ ਗੇਟ ਅੱਗੇ ਪੰਜਾਬ ਸਰਕਾਰ ਵਿਰੁੱਧ ਗੇਟ ਰੈਲੀ ਕੀਤੀ ਅਤੇ ਪੰਜਾਬ ਸਰਕਾਰ ਦੀ ਮੁਰਦਾਬਾਦ ਕੀਤੀ। ਜੇਕਰ ਸਰਕਾਰ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਸਿੱਖਿਆ ਮੰਤਰੀ ਅਤੇ ਹੋਰ ਸਾਰੇ ਮੰਤਰੀਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ ਜਾਣਗੇ ਤੇ ਲੋੜ ਪੈਣ 'ਤੇ ਪੱਕਾ ਮੋਰਚਾ ਵੀ ਲਗਾਇਆ ਜਾਵੇਗਾ। ਇਸ ਮੌਕੇ ਆਗੂ ਗਗਨਦੀਪ ਸਿੰਘ, ਬਲਜੀਤ ਸਿੰਘ, ਰਣਧੀਰ ਸਿੰਘ, ਕੁਲਵਿੰਦਰ ਕੌਰ, ਹਰਦੀਪ ਕੌਰ ਅਤੇ ਹੋਰ ਹਾਜ਼ਰ ਸਨ।

# ਸੜਕ ਹਾਦਸੇ 'ਚ ਮੌਤ



**ਬੰਗਾ (ਅਵਤਾਰ ਕਲੇਰ)** ਨਜ਼ਦੀਕ ਪਿੰਡ ਕਰਨਾਣਾ ਵਿਖੇ ਹੋਏ ਇਕ ਸੜਕ ਹਾਦਸੇ ਦੌਰਾਨ ਇਕ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਸ ਦੀ ਪਛਾਣ ਮਨਪ੍ਰੀਤ ਸਿੰਘ ਵਾਸੀ ਪਿੰਡ ਗੋਸਲਾਂ ਵਜੋਂ ਹੋਈ ਹੈ। ਮਨਪ੍ਰੀਤ ਆਪਣੇ ਮੋਟਰ ਸਾਈਕਲ ਨੰਬਰ ਪੀ. ਬੀ. 08 ਡੀ. ਡੀ. 8026 'ਤੇ ਸਵਾਰ ਹੋ ਕੇ ਹਰਿਆਣਾ ਦੇ ਇਕ ਕਾਲਜ ਵਿੱਚ ਪੜ੍ਹਦੀ ਆਪਣੀ ਧੀ ਨੂੰ ਹੋਸਟਲ ਛੱਡਣ ਉਪਰੰਤ ਪਰਵਾਰਕ ਮੈਂਬਰ ਨੂੰ ਮਿਲ ਕੇ ਪਿੰਡ ਗੋਸਲਾਂ ਤੋਂ ਘਰ ਵਾਪਸ ਆ ਰਿਹਾ ਸੀ ਕਿ ਪਿੰਡ ਕਰਨਾਣਾ ਨੇੜੇ ਪੁੱਜਾ ਤਾਂ ਮੋਟਰਸਾਈਕਲ ਅਚਾਨਕ ਬੇਕਾਬੂ ਹੋ ਜਾਣ ਕਾਰਨ ਉਹ ਸੜਕ ਕਿਨਾਰੇ ਲੱਗੇ ਦਰੱਖ਼ਤਾਂ ਵਿੱਚ ਜਾ ਵੱਜਾ ਅਤੇ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਿਆ। ਇਸ ਹਾਦਸੇ ਵਿਚ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਿੰਡ ਕਰਨਾਣਾ ਦੇ ਸਰਪੰਚ ਨੇ ਫੋਨ ਕਰਕੇ ਥਾਣਾ ਸਦਰ ਬੰਗਾ ਨੂੰ ਸਾਰੀ ਘਟਨਾ ਦੱਸੀ। ਥਾਣਾ ਸਦਰ ਦੀ ਪੁਲਸ ਮੌਕੇ 'ਤੇ ਪੁੱਜੀ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ। ਉਨਾਂ ਦੱਸਿਆ ਕਿ ਮ੍ਰਿਤਕ ਮਨਪ੍ਰੀਤ ਸਿੰਘ ਪੁੱਤਰ ਗੁਰਦੇਵ ਸਿੰਘ ਹੈ, ਜਿਸ ਦੀ ਪਛਾਣ ਉਸ ਦੇ ਪਰਸ ਵਿਚ ਰੱਖ ਉਸ ਦੇ ਲਾਇਸੰਸ ਅਤੇ ਆਧਾਰ ਕਾਰਡ ਤੋਂ ਹੋਈ ਹੈ।

# ਚਮਕੌਰ ਸਾਹਿਬ-ਅੰਮ੍ਰਿਤਸਰ ਸਾਹਿਬ ਲਈ ਬੱਸ ਸੇਵਾ ਸ਼ੁਰੂ



**ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੋਬੀ)**

ਇਲਾਕਾ ਨਿਵਾਸੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਮੁੱਖ ਰੱਖਦਿਆਂ ਚਮਕੌਰ ਸਾਹਿਬ-ਅੰਮ੍ਰਿਤਸਰ ਸਾਹਿਬ ਲਈ ਬੱਸ ਸੇਵਾ ਸ਼ੁਰੂ ਕੀਤੀ ਗਈ। ਇਸ ਬੱਸ ਨੂੰ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਚੌਂਕ ਤੋਂ ਅਰਦਾਸ ਕਰਨ ਉਪਰੰਤ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਕਤ ਬੱਸ ਸੇਵਾ ਸ਼ੁਰੂ ਕਰਵਾਉਣੀ ਪੰਜਾਬ ਸਰਕਾਰ ਦਾ ਸਭ ਤੋਂ ਵਧੀਆ ਉਪਰਾਲਾ ਹੈ ,ਕਿਉਂਕਿ ਕਿ ਵੱਡੇ ਸਾਹਿਬਜ਼ਾਦਿਆਂ ਤੇ ਸਿੰਘਾਂ ਸ਼ਹੀਦਾਂ ਦੀ ਧਰਤੀ ਹੋਣ ਦੇ ਕਾਰਨ ਦੇਸ਼ ਭਰ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇੱਥੇ ਨਤਮਸਤਕ ਹੋਣ ਲਈ ਆਉਂਦੀਆਂ ਹਨ ,ਪ੍ਰੰਤੂ ਅੱਜ ਤੱਕ ਕਿਸੇ ਵੀ ਸਰਕਾਰ ਵੱਲੋਂ ਉਹ ਸ਼ਹੀਦਾਂ ਦੀ ਧਰਤੀ ਨੂੰ ਨਾਂ ਕਿਸੇ ਵੀ ਹੋਰ ਧਾਰਮਿਕ ਸਥਾਨ ਵੱਡੇ ਸ਼ਹਿਰ ਲਈ ਬੱਸ ਸਰਵਿਸ ਸ਼ੁਰੂ ਨਹੀਂ ਕਰਵਾਈ ਗਈ ਤੇ ਨਾ ਹੀ ਕਿਸੇ ਵੀ ਅਫਸਰ ਦਾ ਹੀ ਧਿਆਨ ਇਸ ਗੱਲ ਵੱਲ ਗਿਆ ਕਿ ਸ਼ਹੀਦਾਂ ਦੀ ਇਸ ਮਹਾਨ ਧਰਤੀ ਨੂੰ ਪੰਜਾਬ ਦੇ ਹੋਰ ਧਾਰਮਿਕ ਅਸਥਾਨਾਂ ਨਾਲ ਜੋੜਨ ਲਈ ਬੱਸ ਸਰਵਿਸ ਸ਼ੁਰੂ ਕਰਵਾਕੇ ਸਿੱਖ ਸੰਗਤਾਂ ਨੂੰ ਸਹੂਲਤ ਦਿੱਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਬੱਸ ਸਰਵਿਸ ਦੇ ਸ਼ੁਰੂ ਹੋਣ ਨਾਲ ਚਮਕੌਰ ਸਾਹਿਬ ਦਾ ਸੰਪਰਕ ਫਗਵਾੜਾ ਤੇ ਜਲੰਧਰ ਦੇ ਨਾਲ - ਨਾਲ ਰਸਤੇ 'ਚ ਆਉਣ ਵਾਲੇ ਸਾਰੇ ਸ਼ਹਿਰਾਂ ਨਾਲ ਜੁੜ ਜਾਵੇਗਾ, ਜਿਸ ਨਾਲ ਲੋਕਾਂ ਨੂੰ ਆਉਣ ਜਾਣ ਵਿੱਚ ਸਹੂਲਤ ਮਿਲੇਗੀ ਅਤੇ ਲੋਕਾਂ ਦੇ ਵਪਾਰ ਵਿੱਚ ਸਿੱਧੇ ਅਸਿੱਧੇ ਢੰਗ ਨਾਲ ਵਾਧਾ ਹੋਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਉਕਤ ਬੱਸ ਵਿੱਚ ਆਮ ਜਨਤਾ ਦੇ ਸਫ਼ਰ ਸਹੂਲਤ ਵੀ ਮਿਲੇਗੀ। ਇਸ ਮੌਕੇ 'ਤੇ ਉਨ੍ਹਾਂ ਗੁਰਪੁਰਬ ਸੇਵਾ ਸੁਸਾਇਟੀ ਅਤੇ ਸੁਖਮਨੀ ਸੇਵਾ ਸੁਸਾਇਟੀ ਦਾ ਧੰਨਵਾਦ ਕੀਤਾ,ਜਿਨ੍ਹਾਂ ਦੇ ਯਤਨਾ ਸਦਕਾ ਇਹ ਬੱਸ ਸ਼ੁਰੂ ਹੋਈ ਹੈ ।ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਦਰਬਾਰ ਸਾਹਿਬ ਲਈ 10 ਸਾਲਾਂ ਤੋਂ ਬੰਦ ਪਿਆ ਰੂਟ ਦੁਬਾਰਾ ਸ਼ੁਰੂ ਹੋਇਆ ਹੈ। ਰੋਜ਼ਾਨਾ ਜਾਣ ਵਾਲੀ ਇਹ ਬੱਸ ਚਮਕੌਰ ਸਾਹਿਬ ਤੋਂ ਸਵੇਰੇ 6.15 ਵਜੇ ਚੱਲੇਗੀ ਅਤੇ ਵਾਪਸੀ ਲਈ 3.15 ਵਜੇ ਅੰਮ੍ਰਿਤਸਰ ਸਾਹਿਬ ਤੋਂ ਚਮਕੌਰ ਸਾਹਿਬ ਲਈ ਰਵਾਨਾ ਹੋਵੇਗੀ। ਇਸ ਮੌਕੇ ਚੇਅਰਮੈਨ ਸਤਿੰਦਰ ਸਿੰਘ ਸਹੋਤੀ, ਸ਼ੀਰਦਵਿੰਦਰ ਸਿੰਘ, ਓਐਸਡੀ ਜਗਤਾਰ ਸਿੰਘ ਘੜੂੰਆ, ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਤੇ ਅਧਿਕਾਰੀ, ਨਵਦੀਪ ਸਿੰਘ ਟੋਨੀ, ਭੁਪਿੰਦਰ ਸਿੰਘ ਭੂਰਾ ਅਤੇ ਜਗਦੇਵ ਸਿੰਘ ਭਟੋਆ ਆਦਿ ਹਾਜ਼ਰ ਸਨ।

# ਮਹਾਨ ਸ਼ਹੀਦਾਂ ਦੇ ਜੀਵਨ ਫ਼ਲਸਫ਼ੇ ਤੋਂ ਜੀਵਨ ਜਾਚ ਸਿੱਖਣ ਦੀ ਲੋੜ : ਡਾ. ਗੁਰਪ੍ਰੀਤ ਸਿੰਘ

**ਬਲਾਚੌਰ (ਜਸਵਿੰਦਰ ਬੈਂਸ)**

ਬੱਬਰ ਅਕਾਲੀ ਲਹਿਰ ਦੇ ਸਿਰਮੌਰ ਸ਼ਹੀਦ ਬੱਬਰ ਰਤਨ ਸਿੰਘ ਰੱਕੜ ਦੇ 93ਵੇਂ ਸ਼ਹੀਦੀ ਦਿਹਾੜੇ 'ਤੇ ਬੱਬਰ ਅਕਾਲੀ ਰਤਨ ਸਿੰਘ ਰੱਕੜ ਯਾਦਗਾਰੀ ਟਰੱਸਟ ਵੱਲੋਂ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਸੁੱਧਾਮਾਜਰਾ ਵਿਖੇ ਮਨਾਇਆ ਗਿਆ।ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਪੰਥ ਪ੍ਰਸਿੱਧ ਢਾਡੀ ਭਾਈ ਗੁਰਸੇਵਕਜੀਤ ਸਿੰਘ ਕਲਾਨੌਰ ਵਾਲਿਆਂ ਨੇ ਬੱਬਰ ਰਤਨ ਸਿੰਘ ਰੱਕੜ ਦੇ ਸੰਬੰਧ ਵਿੱਚ ਵਾਰਾਂ ਤੇ ਸਬੰਧਿਤ ਇਤਿਹਾਸਕ ਪੱਖ ਦੇ ਪ੍ਰਸੰਗ ਪੇਸ਼ ਕੀਤਾ। ਮੁੱਖ ਬੁਲਾਰੇ ਡਾ. ਗੁਰਪ੍ਰੀਤ ਸਿੰਘ ਅਤੇ ਭਾਈ ਮਨਧੀਰ ਸਿੰਘ, ਟਰੱਸਟ ਦੇ ਪ੍ਰਧਾਨ ਮਾਸਟਰ ਬਖ਼ਸ਼ੀਸ਼ ਸਿੰਘ ਜਗਤਪੁਰ ਅਤੇ ਪੰਥ ਦੇ ਨਾਮਵਰ ਢਾਡੀ ਭਾਈ ਸਤਨਾਮ ਸਿੰਘ ਭਾਰਾਪੁਰ ਸਟੇਜ ਸੰਚਾਲਕ ਵੱਲੋਂ ਦੇਸ਼ ਦੀ ਆਜ਼ਾਦੀ ਵਿੱਚ ਬੱਬਰ ਲਹਿਰ ਖ਼ਾਸ ਕਰਕੇ ਸ਼ਹੀਦ ਬੱਬਰ ਅਕਾਲੀ ਰਤਨ ਸਿੰਘ ਰੱਕੜ ਦੇ ਜੀਵਨ ਅਤੇ ਫ਼ਲਸਫ਼ੇ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਆਪਣੀ ਜਿੰਦ-ਜਾਨ ਦੀ ਪ੍ਰਵਾਹ ਕੀਤੇ ਬਿਨਾਂ ਬੱਬਰ ਅਕਾਲੀ ਲਹਿਰ ਦੇ ਉਦੇਸ਼ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਖ਼ੁਦ ਸ਼ਹਾਦਤ ਦਾ ਜਾਮ ਪੀ ਲਿਆ ਅਤੇ ਜਿਉਂਦੇ ਜੀਅ ਹਾਕਮਾਂ ਦੇ ਹੱਥ ਨਹੀਂ ਆਏ। ਉਨ੍ਹਾਂ ਕਿਹਾ ਕਿ ਅੱਜ ਵੀ ਲੋੜ ਹੈ ਪਾਤਸ਼ਾਹੀ ਦਾਅਵੇ ਦੀ ਤੇ ਇੱਕ ਆਜ਼ਾਦਾਨਾ ਪੱਥ ਪਰਨਾਈ ਹਸਤੀ ਦੀ ਜੋ ਲੋਕਾਂ ਨੂੰ ਅਸਲ ਵਿੱਚ ਆਜ਼ਾਦੀ ਦਾ ਅਹਿਸਾਸ ਕਰਾ ਸਕੇ। ਉਨ੍ਹਾਂ ਕਿਹਾ ਕਿ ਅੱਜ ਜੋ ਕੁੱਝ ਵਾਪਰ ਰਿਹਾ ਹੈ, ਉਸ ਕਾਰਨ ਬੁੱਧੀਜੀਵੀ ਚਿੰਤਕ ਅਤੇ ਆਮ ਸੰਗਤ ਪਰੇਸ਼ਾਨ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਆਪਸੀ ਮਤਭੇਦ ਭੁੱਲਾ ਕੇ ਇੱਕ ਝੰਡੇ ਥੱਲੇ ਇਕੱਤਰ ਹੋਣ ਦੀ। ਉਨ੍ਹਾਂ ਕਿਹਾ ਕਿ ਜੋ ਸੁਪਨੇ ਅਮਰ ਸ਼ਹੀਦ ਬੱਬਰ ਰਤਨ ਸਿੰਘ ਰੱਕੜ, ਅਮਰ ਸ਼ਹੀਦ ਕਰਮ ਸਿੰਘ ਦੌਲਤਪੁਰ ਸਮੂਹ ਬੱਬਰ ਗ਼ਦਰ ਲਹਿਰ ਤੇ ਹੋਰ ਲਹਿਰਾਂ ਦੇ ਸ਼ਹੀਦਾਂ ਨੇ ਲਏ ਸਨ, ਉਨ੍ਹਾਂ ਨੂੰ ਸਾਕਾਰ ਕਰਨ ਲਈ ਆਪਣਾ ਯੋਗਦਾਨ ਪਾਉਣ ਦੀ। ਇਸ ਮੌਕੇ ਬੱਬਰ ਅਕਾਲੀ ਕਰਮ ਸਿੰਘ ਯਾਦਗਾਰੀ ਟਰੱਸਟ ਦੇ ਪ੍ਰਮੁੱਖ ਭਾਈ ਤਰਨਜੀਤ ਸਿੰਘ ਥਾਂਦੀ, ਬਾਬਾ ਕੁਲਦੀਪ ਸਿੰਘ, ਹਰਦੀਪ ਸਿੰਘ ਕਲਮ ਗਹੂੰਣ, ਭਾਈ ਦਲਜੀਤ ਸਿੰਘ ਮੌਲਾ, ਕਰਨਜੋਤ ਸਿੰਘ ਮੌਲਾ, ਮੱਖਣ ਸਿੰਘ ਸੁੱਧਾਮਾਜਰਾ, ਹਰਵਿੰਦਰ ਸਿੰਘ, ਬਜ਼ੁਰਗ ਆਗੂ ਭਾਈ ਜਰਨੈਲ ਸਿੰਘ ਖ਼ਾਲਸਾ, ਭਾਈ ਅਵਤਾਰ ਸਿੰਘ ਜਗਤਪੁਰ, ਭਾਈ ਕੁਲਵਿੰਦਰ ਸਿੰਘ ਸੁੱਧਾ ਮਾਜਰਾ, ਜਥੇਦਾਰ ਬਲਵੀਰ ਸਿੰਘ ਘਮੌਰ, ਗਿਆਨੀ ਸੋਹਣ ਸਿੰਘ ਸੇਵਕ, ਹਰਨੇਕ ਸਿੰਘ ਫੌਜੀ, ਤਲਵੀਰ ਸਿੰਘ ਫੌਜੀ, ਕਸ਼ਮੀਰ ਸਿੰਘ, ਗੁਰਮੁੱਖ ਸਿੰਘ, ਤਿਲਕ ਰਾਜ, ਰਾਵਲ ਸਿੰਘ ਬੂਲੇਵਾਲ, ਪੰਜਾਬ ਸਿੰਘ ਸੁੱਜੋਵਾਲ, ਕਰਨੈਲ ਸਿੰਘ ਲੋਹਟ, ਮੇਜਰ ਸਿੰਘ ਲੋਹਟ, ਮਾਸਟਰ ਅਮਰਜੀਤ ਸਿੰਘ ਪਿੰਡ ਗੰਗਾ ਸਿੰਘ ਦੀ ਪੰਡੋਰੀ, ਪਿੰਡ ਰੱਕੜਾਂ ਤੋਂ ਗਗਨਦੀਪ ਸਿੰਘ, ਮੋਹਨ ਸਿੰਘ ਰਾਏ, ਨਾਜ਼ਰ ਸਿੰਘ ਅਤੇ ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।



# ਪੁਲਸ ਅਧਿਕਾਰੀਆਂ ਲਈ ਆਈ ਆਰ ਏ ਡੀ ਪੋਰਟਲ ਟ੍ਰੇਨਿੰਗ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਤਾਇਨਾਤ ਪੁਲਸ ਅਧਿਕਾਰੀਆਂ ਲਈ ਇੰਟੀਗ੍ਰੇਟਡ ਰੋਡ ਐਕਸੀਡੈਂਟ ਡਾਟਾਬੇਸ ਪੋਰਟਲ ਬਾਰੇ ਵਿਸ਼ੇਸ਼ ਟ੍ਰੇਨਿੰਗ ਸੈਸ਼ਨ ਆਯੋਜਿਤ ਕੀਤਾ ਗਿਆ। ਇਹ ਸੈਸ਼ਨ ਨੈਸ਼ਨਲ ਇਨਫ਼ਰਮੇਟਿਕਸ ਸੈਂਟਰ ਐਸ ਏ ਐਸ ਨਗਰ ਦੇ ਡੀ.ਆਰ.ਐਮ ਇਕਬਾਲ ਵੱਲੋਂ, ਡੀ.ਆਈ.ਏ. ਸ੍ਰੀਮਤੀ ਪ੍ਰਿਯੰਕਾ ਦੀ ਸਹਾਇਤਾ ਅਤੇ ਡੀ.ਆਈ.ਓ. ਸ੍ਰੀਮਤੀ ਸਰਿਤਾ ਦੀ ਅਗਵਾਈ ਹੇਠ ਕਰਵਾਏ ਗਏ।ਇਹ ਟਰੇਨਿੰਗ ਏ.ਡੀ.ਜੀ.ਪੀ., ਟ੍ਰੈਫਿਕ ਐਂਡ ਰੋਡ ਸੇਫਟੀ, ਪੰਜਾਬ ਦੇ ਦਿਸ਼ਾ-ਨਿਰਦੇਸ਼ ਦੇ ਅਧਾਰ 'ਤੇ ਆਯੋਜਿਤ ਕੀਤੀ ਗਈ, ਜਿਸ ਵਿੱਚ ਜ਼ਿਲ੍ਹੇ ਦੀਆਂ ਸਾਰੀਆਂ ਪੁਲਸ ਚੌਂਕੀਆਂ ਨੂੰ ਸ਼ਾਮਲ ਕੀਤਾ ਗਿਆ।ਟ੍ਰੇਨਿੰਗ ਦਾ ਮੁੱਖ ਉਦੇਸ਼ ਪੁਲਸ ਅਧਿਕਾਰੀਆਂ ਨੂੰ ਇੰਟੀਗ੍ਰੇਟਡ ਰੋਡ ਐਕਸੀਡੈਂਟ ਡਾਟਾਬੇਸ ਪੋਰਟਲ ਰਾਹੀਂ ਹਾਦਸਿਆਂ ਦੇ ਡਾਟਾ ਨੂੰ ਡਿਜੀਟਲ ਤਰੀਕੇ ਨਾਲ ਦਰਜ ਕਰਨ ਅਤੇ ਵਿਸ਼ਲੇਸ਼ਣ ਕਰਨ ਦੀ ਪ੍ਰਕਿਰਿਆ ਸਿਖਾਉਣਾ ਸੀ, ਜਿਸ ਨਾਲ ਕਾਗਜ਼ੀ ਕਾਰਵਾਈ ਅਤੇ ਦੁਹਰਾਅ ਘੱਟ ਹੁੰਦਾ ਹੈ।ਇਸ ਤੋਂ ਇਲਾਵਾ, ਪੁਲਸ ਅਧਿਕਾਰੀ ਹੁਣ ਆਰ.ਟੀ.ਓ ਦਫ਼ਤਰ ਤੋਂ ਵਾਹਨ ਜਾਂਚ ਰਿਪੋਰਟ, ਰੋਡ ਓਨਿੰਗ ਏਜੰਸੀਆਂ ਤੋਂ ਹਾਈਵੇ ਰਿਪੋਰਟ ਅਤੇ ਸਿਹਤ ਵਿਭਾਗ ਤੋਂ ਮਰੀਜ਼ ਦੀ ਰਿਪੋਰਟ ਆਸਾਨੀ ਨਾਲ ਪ੍ਰਾਪਤ ਕਰ ਸਕਣਗੇ, ਜਿਸ ਨਾਲ ਸਮਾਂ ਅਤੇ ਮਿਹਨਤ ਦੋਵੇਂ ਬਚਣਗੇ।

# ਨੂਰਮਹਿਲ-ਬੁੰਡਾਲਾ ਬੱਸ ਸਰਵਿਸ ਸਰਪੰਚ ਕੁਲਦੀਪ ਚੰਦ ਨੇ ਮੁੜ ਸ਼ੁਰੂ ਕਰਵਾਈ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਪਿੱਛਲੇ ਕਈ ਸਾਲਾਂ ਤੋਂ ਬੰਦ ਹੋਈ ਬੱਸ ਸਰਵਿਸ ਨੂੰ ਹਲਕਾ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਅਗਵਾਈ ਦੀ ਅਤੇ ਪਿੰਡ ਸਿੱਧਮ ਮੁਤਸੱਦੀ ਦੇ ਸਰਪੰਚ ਕੁਲਦੀਪ ਚੰਦ ਲਗਾਹ ਦੇ ਅਥਾਹ ਜੋਸ਼, ਉੱਦਮ ਤੇ ਸੰਘਰਸ਼ ਸਦਕਾ ਦਸਮੇਸ਼ ਬੱਸ ਸਰਵਿਸ ਦੇ ਮਾਲਕ ਅਮਨ ਸਿੱਧੂ ਨਾਲ ਵਿਚਾਰ ਕਰ ਕੇ ਮੁੜ ਰੂਟ ਬਹਾਲ ਕਰਵਾਇਆ ਗਿਆ। ਬੀਤੇ ਦਿਨੀਂ ਦਸਮੇਸ਼ ਬੱਸ ਸਰਵਿਸ ਵੱਲੋਂ ਅਰੰਭ ਹੋਈ ਬੱਸ ਸੇਵਾ ਜਦੋਂ ਪਿੰਡ ਸਿੱਧਮ ਮੁਤਸੱਦੀ (ਤਾਲ ਵਾਲੇ) ਵਿਖੇ ਪਹੁੰਚੀ ਉਸ ਦਾ ਸਵਾਗਤ ਅਥਾਹ ਜੋਸ਼ ਖਰੋਸ਼ ਨਾਲ ਸੁੰਦਰ ਹਾਰ ਪਾ ਕੇ, ਫੁੱਲਾਂ ਨਾਲ ਸਜੇ ਬੁੱਕੇ ਦੇ ਕੇ ਕਰਨ ਦੇ ਨਾਲ ਨਾਲ ਬਲਵਿੰਦਰ ਦੇਵਾ ਵੱਲੋਂ ਰੀਬਨ ਕੱਟ ਕੇ ਉਦਘਾਟਨ ਕੀਤਾ ਗਿਆ।ਇਸ ਮੌਕੇ ਸਰਪੰਚ ਕੁਲਦੀਪ ਚੰਦ , ਪੰਚ ਪਰਮਜੀਤ ਸਿੰਘ,ਪੰਚ ਰਿੰਕੂ ਲਗਾਹ, ਪੰਚ ਕਮਲੇਸ਼ ਰਾਣੀ, ਡਾਕਟਰ ਵੇਦ ਪ੍ਰਕਾਸ਼, ਸੁੱਖ ਰਾਮ ਸਾਬਕਾ ਫੌਜ਼ੀ, ਸਿੱਧਮ ਦਵਾਖਾਨਾ ਤੇ ਆਸਟਰੋ ਰਿਸਰਚ ਸੈਂਟਰ ਦੇ ਸੰਚਾਲਕ ਡਾਕਟਰ ਵਿਜੇ ਕੁਮਾਰ ਸਿੱਧਮ, ਡਾਕਟਰ ਬੱਗੂ ਰਾਮ,ਸੁਰਿੰਦਰ ਪਾਲ, ਰਾਣਾ ਦੁਕਾਨਦਾਰ, ਏਕਮ ਬੱਧਣ ਫ਼ਤਹਿ, ਮਨਜਿੰਦਰ ਸਿੰਘ ਸਿੱਧੂ, ਨੌਗਾ ਲਗਾਹ ਆਦਿ ਤੇ ਹੋਰ ਅਨੇਕਾਂ ਸ਼ਖ਼ਸ਼ੀਅਤਾਂ ਹਾਜ਼ਰ ਸਨ। ਵਰਨਣਯੋਗ ਹੈ ਕਿ ਇਹ ਬੱਸ ਸਰਵਿਸ ਨੂਰਮਹਿਲ ਤੋਂ ਜਲੰਧਰੀ ਗੇਟ, ਪਿੰਡ ਸਿੱਧਮ ਮੁਤਸੱਦੀ, ਚੀਮਾਂ ਕਲਾਂ ਚੀਮਾਂ ਖੁਰਦ, ਸਿੱਧਮ ਹਰੀ ਸਿੰਘ, ਸੁੰਨੜ ਕਲਾਂ, ਆਦੇਕਾਲੀ, ਮਿੱਠੜੇ ਤੋਂ ਹੁੰਦੀ ਹੋਈ ਬੁੰਡਾਲੇ ਪਹੁੰਚੇਗੀ। ਏਕਮ ਬੱਧਣ ਵੱਲੋਂ ਪ੍ਰਸ਼ਾਦ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ।



# ਸਰਕਾਰ ਵਾਅਦੇ ਪੂਰੇ ਕਰਨ 'ਚ ਨਾਕਾਮ, ਕਾਂਗਰਸ ਨੂੰ ਮਜ਼ਬੂਤ ਕਰਾਂਗੇ : ਢਿੱਲੋਂ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਆਗੂਆਂ ਦੀ ਇੱਕ ਵਿਸਥਾਰਪੂਰਕ ਮੀਟਿੰਗ ਡੇਰਾਬੱਸੀ ਵਿਖੇ ਆਯੋਜਿਤ ਕੀਤੀ ਗਈ। ਇਸ ਮੌਕੇ ਕਾਂਗਰਸ ਦੇ ਰਾਸ਼ਟਰੀ ਸਕੱਤਰ ਰਜਿੰਦਰਾ ਡਾਲਵੀ, ਅਬਜ਼ਰਵਰ ਮਨੀਸ਼ ਬਾਂਸਲ, ਕੁਆਰਡੀਨੇਟਰ ਬਲਵਿੰਦਰ ਨਾਰੰਗ, ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਮੌਜੂਦ ਰਹੇ।ਇਸ ਮੀਟਿੰਗ ਵਿੱਚ ਬਲਾਕ ਦੇ ਵੱਖ-ਵੱਖ ਪਿੰਡਾਂ ਤੋਂ ਆਏ ਵਰਕਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਬਣਾਉਣ, ਵੋਟਰਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣ ਅਤੇ ਲੋਕ ਮੁੱਦਿਆਂ ਨੂੰ ਸਹੀ ਢੰਗ ਨਾਲ ਉੱਭਾਰਨ ਲਈ ਰਣਨੀਤੀਆਂ 'ਤੇ ਵਿਚਾਰ-ਵਟਾਂਦਰਾ ਹੋਇਆ।ਦੀਪਇੰਦਰ ਢਿੱਲੋਂ ਨੇ ਕਿਹਾ ਕਿ ਸਾਡੇ ਵਰਕਰ ਹੀ ਸਾਡੀ ਪਾਰਟੀ ਦੀ ਅਸਲ ਤਾਕਤ ਹਨ। ਪਿੰਡ ਪਿੰਡ, ਬੂਥ ਬੂਥ 'ਤੇ ਕਾਂਗਰਸ ਨੂੰ ਫਿਰ ਤੋਂ ਮਜ਼ਬੂਤ ਬਣਾਉਣ ਲਈ ਨਿਸ਼ਠਾ ਨਾਲ ਕੰਮ ਕਰਨ ਦੀ ਲੋੜ ਹੈ। ਇਸ ਲਈ ਕਾਂਗਰਸ ਦੀਆਂ ਲੋਕ ਪੱਖੀ ਨੀਤੀਆਂ ਨੂੰ ਘਰ ਘਰ ਤੱਕ ਪ੍ਰਚਾਰਿਤ ਕੀਤਾ ਜਾਵੇਗਾ।ਉਨ੍ਹਾਂ ਨੇ ਪੰਜਾਬ ਸਰਕਾਰ ਦੀ ਨਾਕਾਮੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਲੋਕ ਮੁੜ ਕਾਂਗਰਸ ਵੱਲ ਉਮੀਦ ਨਾਲ ਤੱਕ ਰਹੇ ਹਨ। ਪਰ ਇਸ ਲਈ ਸਾਨੂੰ ਜ਼ਮੀਨੀ ਪੱਧਰ 'ਤੇ ਨਿੱਤ ਨਵੇਂ ਉਪਰਾਲੇ ਕਰਨੇ ਪੈਣਗੇ, ਤਾਂ ਜੋ ਲੋਕ ਮਸਲਿਆਂ ਲਈ ਅਸਲ ਹਲ ਲੱਭ ਸਕੀਏ।ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਅਤੇ ਹਲਕੇ ਦੇ ਵਿਕਾਸ ਕੰਮ ਠੱਪ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਹਲਕੇ ਦੀਆਂ ਸੜਕਾਂ ਉੱਤੋਂ ਪੈਦਲ ਲੰਘਣਾ ਔਖਾ ਹੋ ਗਿਆ ਹੈ। ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕੰਮਾਂ ਲਈ ਫੁੱਟੀ ਕੌਡੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਸਮੇਂ ਆਰੰਭ ਕੀਤੇ ਬਹੁਤ ਸਾਰੇ ਪ੍ਰਾਜੈਕਟ ਅੱਧਵਾਟੇ ਪਏ ਹਨ ਅਤੇ ਕਈਂ ਮੁਕੰਮਲ ਹੋਣ ਦੇ ਬਾਵਜੂਦ ਚਾਲੂ ਨਹੀਂ ਕੀਤੇ ਗਏ। ਉਨ੍ਹਾਂ ਬੂਥ ਕਮੇਟੀਆਂ ਅਤੇ ਮੰਡਲ ਪ੍ਰਧਾਨਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਹਰ ਘਰ ਤੱਕ ਪਹੁੰਚ ਕਰਨ ਦਾ ਸੱਦਾ ਦਿੱਤਾ।



# ਫਿਲਮ 'ਮੇਰੀ ਪਿਆਰੀ ਦਾਦੀ' ਦੀ ਸਟਾਰਕਾਸਟ ਨੇ ਕੀਤਾ ਸਕੂਲ ਦਾ ਦੌਰਾ

**ਕਾਲਾ ਸੰਘਿਆਂ (ਮਨਜੀਤ ਮਾਨ)**

ਸ਼ਿਵ ਚੰਦ ਪਬਲਿਕ ਹਾਈ ਸਕੂਲ, ਸਕੋਹਪੁਰ ਲਈ 15 ਜੁਲਾਈ 2025 ਦਾ ਦਿਨ ਇਤਿਹਾਸਕ ਰਿਹਾ। ਨਵੀਂ ਰਿਲੀਜ਼ ਹੋਈ ਪੰਜਾਬੀ ਫਿਲਮ ਮੇਰੀ ਪਿਆਰੀ ਦਾਦੀ ਦੀ ਪੂਰੀ ਸਟਾਰਕਾਸਟ ਸਕੂਲ ਪਹੁੰਚੀ, ਜਿਸ ਨਾਲ ਵਿਦਿਆਰਥੀਆਂ ਵਿੱਚ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ। ਫਿਲਮ 11 ਜੁਲਾਈ 2025 ਨੂੰ ਰਿਲੀਜ਼ ਹੋਈ ਸੀ ਅਤੇ ਆਪਣੇ ਸਮਾਜਿਕ ਸੰਦੇਸ਼ ਕਰਕੇ ਲੋਕਾਂ ਵਿਚ ਕਾਫੀ ਚਰਚਾ ਦਾ ਕੇਂਦਰ ਬਣੀ ਹੋਈ ਹੈ।ਇਸ ਵਿਸ਼ੇਸ਼ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸੁਖੀ ਬਾਠ, ਜੋ ਕਿ ਕੈਨੇਡਾ ਦੇ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਸਥਿਤ ਪੰਜਾਬ ਭਵਨ ਦੇ ਸੰਸਥਾਪਕ ਹਨ। ਸਕੂਲ ਵਿਦਿਆਰਥੀਆਂ ਲਈ ਉਨ੍ਹਾਂ ਨੇ ਲਗਭਗ ਅੱਧੇ ਘੰਟੇ ਦੀ ਉਤਸ਼ਾਹਵਰਕ ਵਰਕਸ਼ਾਪ ਕਰਵਾਈ, ਜਿਸ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਸਫਲ ਹੋਣ ਲਈ ਸਿਆਣਪ, ਅਨੁਸ਼ਾਸਨ ਅਤੇ ਮਿਹਨਤ ਦੇ ਅਹੰਕਾਰ ਨੂੰ ਵਿਸਥਾਰ ਨਾਲ ਸਮਝਾਇਆ। ਉਹਨਾਂ ਨੇ ਇਸ ਦੌਰਾਨ ਇਹ ਵੀ ਐਲਾਨ ਕੀਤਾ ਕਿ ਉਹ ਸ਼ਿਵ ਚੰਦ ਪਬਲਿਕ ਹਾਈ ਸਕੂਲ ਦੀ ਲਾਇਬ੍ਰੇਰੀ ਲਈ 200 ਕਿਤਾਬਾਂ ਵੀ ਦਾਨ ਕਰਨਗੇ, ਤਾਂ ਜੋ ਵਿਦਿਆਰਥੀਆਂ ਨੂੰ ਹੋਰ ਵਧੀਆ ਅਧਿਐਨ ਸਮੱਗਰੀ ਉਪਲਬਧ ਹੋ ਸਕੇ।ਫਿਲਮ ਦੇ ਡਾਇਰੈਕਟਰ ਅਤੇ ਲੇਖਕ ਤਾਜ, ਪ੍ਰਮੁੱਖ ਬਾਲ ਅਦਾਕਾਰ ਮਾਸਟਰ ਫ਼ਤਿਹਵੀਰ , ਪਦਮਸ਼੍ਰੀ ਸ਼੍ਰੀਮਤੀ ਨਿਰਮਲ ਰਿਸ਼ੀ , ਸ਼੍ਰੀਮਤੀ ਮਨਪ੍ਰੀਤ ਮਨੀ ਸ਼੍ਰੀਮਤੀ ਵਿਸ਼ੂ ਖੇਟੀਆ ਅਤੇ ਬਲਜੀਤ ਬਾਵਾ ਨਿਭਾਇਆ ਇਸ ਮੌਕੇ ਹਾਜਰ ਸਨ। ਸਕੂਲ ਦੇ ਡਾਇਰੈਕਟਰ ਅਤੇ ਟਰੱਸਟੀ ਅਸ਼ੋਕ ਮਹੇਰਾ ਅਤੇ ਪ੍ਰਿੰਸੀਪਲ ਸੰਦੀਪ ਚਾਵਲਾ ਨੇ ਫ਼ਿਲਮ ਦੀ ਸਟਾਰਕਾਸਟ ਅਤੇ ਮਹਿਮਾਨਾਂ ਨੂੰ ਫੁੱਲ ਮਾਲਾਵਾਂ ਅਤੇ ਸਨਮਾਨ ਪੱਤਰ ਦੇ ਕੇ ਆਦਰ ਦਿੱਤਾ।



# ਮੱਕੀ ਦੀ ਫਸਲ ਨੂੰ ਸੁਕਾਉਣ ਸੰਬੰਧੀ ਕਿਸਾਨਾਂ ਦੇ ਵਫਦ ਵੱਲੋਂ ਡੀ ਸੀ ਨਾਲ ਮੁਲਾਕਾਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪੰਜਾਬ ਸਰਕਾਰ ਵੱਲੋਂ ਫਸਲੀ ਵਭਿੰਨਤਾ ਵਜੋਂ ਮੱਕੀ ਅਤੇ ਗੰਨੇ ਆਦਿ ਦੀ ਫਸਲ ਨੂੰ ਉਤਸ਼ਾਹਤ ਕੀਤਾ ਗਿਆ ਸੀ, ਪਰ ਫਸਲਾਂ ਦੀ ਬਜਾਈ ਅਤੇ ਮੰਡੀਕਰਨ ਸਬੰਧੀ ਕਿਸਾਨਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਸਰਪ੍ਰਸਤ ਗੁਰਦੀਪ ਸਿੰਘ ਖੁਣ ਖੁਣ, ਪ੍ਰਧਾਨ ਪਰਮਿੰਦਰ ਸਿੰਘ, ਵਿਤ ਸਕੱਤਰ ਰਣਧੀਰ ਸਿੰਘ ਅਸਲਪੁਰ, ਪ੍ਰੈਸ ਸਕੱਤਰ ਗੁਰਨਾਮ ਸਿੰਘ ਸਿੰਗੜੀਵਾਲਾ ਦੀ ਅਗਵਾਈ ਹੇਠ ਇੱਕ ਵਫਦ ਕਿਸਾਨ ਮੰਗਾਂ ਸਬੰਧੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੂੰ ਮਿਲਿਆ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੱਕੀ ਨੂੰ ਸੁਕਾਉਣ ਲਈ ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਦੋ ਮੇਜ ਡਰਾਈਰ ਸੈਂਟਰ ਲਗਾਏ ਗਏ ਸਨ ਜਿਨਾਂ ਵਿੱਚੋਂ ਸੈਲਾਂ ਖੁਰਦ ਪਿਛਲੇ ਤਿੰਨ ਸਾਲ ਤੋਂ ਬੰਦ ਪਿਆ ਹੈ ਤੇ ਫਗਲਾਣਾ ਮੇਜਡਰਾਇਰ ਜੋ ਕਿ ਕਾਫੀ ਲੇਟ ਚੱਲਿਆ ਹੈ ਤੇ ਉੱਥੇ ਵੀ ਵਪਾਰੀਆਂ ਦੀ ਮੱਕੀ ਨੂੰ ਸੁਕਾਉਣ ਲਈ ਜਿਆਦਾ ਤਰਜੀਹ ਦਿੱਤੀ ਜਾਂਦੀ ਹੈ, ਕਿਸਾਨਾਂ ਦੀ ਮੱਕੀ ਨਾ ਮਾਤਰ ਹੀ ਸੁਕਾਈ ਜਾਂਦੀ ਹੈ ਅਤੇ ਮੱਕੀ ਨੂੰ ਸੁਕਾਉਣ ਦੇ ਰੇਟ ਵਿੱਚ ਵੀ ਕਾਫੀ ਵਾਧਾ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਦਾਣਾ ਮੰਡੀ ਹੁਸ਼ਿਆਰਪੁਰ ਵਿਖੇ ਸ਼ੈੱਡ ਅੰਦਰ ਆੜ੍ਹਤੀਆਂ ਦੁਆਰਾ ਖਰੀਦਿਆ ਮਾਲ ਸਟੋਰ ਕੀਤਾ ਜਾਂਦਾ ਹੈ ਪਰ ਕਿਸਾਨਾਂ ਨੂੰ ਆਪਣੀ ਫਸਲ ਖੁੱਲੇ ਅਸਮਾਨਾਂ ਹੇਠ ਵੇਚਣੀ ਪੈਂਦੀ ਹੈ। ਪਹਿਲਾਂ ਮੱਕੀ ਦਾ ਬੀਜ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ ਉੱਪਰ ਕਿਸਾਨਾਂ ਨੂੰ ਦਿੱਤਾ ਜਾਂਦਾ ਸੀ ਇਸ ਸਾਲ ਨਾ ਮੱਕੀ ਅਤੇ ਨਾ ਜੰਤਰ ਦਾ ਬੀਜ ਕਿਸਾਨਾਂ ਨੂੰ ਉਪਲਬਧ ਕਰਾਇਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਇਹਨਾਂ ਮੰਗਾਂ ਵੱਲ ਤੁਰੰਤ ਧਿਆਨ ਦੇ ਕੇ ਇਹਨਾਂ ਦਾ ਹੱਲ ਕਰੇ ਨਹੀਂ ਤਾਂ ਕਿਸਾਨਾਂ ਦੇ ਸਖਤ ਰੋਹ ਦਾ ਸਾਹਮਣਾ ਕਰਨਾ ਪਵੇਗਾ। ਇਸ ਸਮੇਂ ਲੰਬਰਦਾਰ ਮਨਜੀਤ ਸਿੰਘ, ਪਵਿੱਤਰ ਸਿੰਘ ਫਗਲਾਣਾ,ਸਤਵੰਤ ਸਿੰਘ, ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।



# ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ-100 ਦੀ ਮਹੀਨਾਵਾਰ ਮੀਟਿੰਗ ਲੰਗੜੋਆ 'ਚ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿ 100 ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੱਲ ਹੈਲਥ ਕੇਅਰ ਸੈਂਟਰ ਲੰਗੜੋਆ ਵਿਖੇ ਸੂਬਾ ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ,ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਡਾਕਟਰ ਹਰਭਜਨ ਸਿੰਘ ਮੱਲ ਅਤੇ ਬਲਾਕ ਪ੍ਰਧਾਨ ਡਾਕਟਰ ਸੰਤੋਖ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਬਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ ਉਸ ਸਬੰਧੀ ਸਰਕਾਰ ਦਾ ਧੰਨਵਾਦ ਕਰਦੇ ਹਾਂ ਅਤੇ ਸਰਕਾਰ ਦਾ ਹਰ ਵੇਲੇ ਸਾਥ ਦੇਣ ਦਾ ਐਲਾਨ ਕੀਤਾ। 100 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ ਵੀ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇਗਾ। ਮੀਟਿੰਗ ਵਿੱਚ ਇਹ ਫੈਸਲਾ ਲਿਆ ਕਿ ਕੋਈ ਵੀ ਡਾਕਟਰ ਨਸ਼ੇ ਕਰਨ ਵਾਲੇ ਵਿਅਕਤੀਆਂ ਦਾ ਸਾਥ ਨਹੀਂ ਦੇਣਗੇ। ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮੈਡੀਕਲ ਕੈਂਪ ਲਾਉਣ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਸਟੇਟ ਦੀਆਂ ਹਦਾਇਤਾਂ ਅਨੁਸਾਰ ਮਿਤੀ 25-7-25 ਨੂੰ ਸਟੇਟ ਅਜਲਾਸ ਲੁਧਿਆਣਾ ਵਿਖੇ ਹੋ ਰਿਹਾ ਹੈ। ਇਸ ਮੀਟਿੰਗ ਵਿੱਚ ਡਾਕਟਰ ਹਰਭਜਨ ਸਿੰਘ ਮੱਲ, ਡਾਕਟਰ ਮਲਕੀਤ ਸਿੰਘ ਚੋਪੜਾ, ਡਾਕਟਰ ਸੰਤੋਖ ਸਿੰਘ, ਡਾਕਟਰ ਤਰਨਵੀਰ ਸਿੰਘ, ਅਤੇ ਡਾਕਟਰ ਪ੍ਰਦੀਪ ਸਿੰਘ ਹਿੱਸਾ ਲੈਣਗੇ। ਸੂਬਾ ਜਨਰਲ ਸਕੱਤਰ ਨੇ ਦੱਸਿਆ ਕਿ ਜੋ ਮਿਤੀ 25-7-25 ਨੂੰ ਜੋ ਸਟੇਟ ਅਜਲਾਸ ਲੁਧਿਆਣਾ ਹੋ ਰਿਹਾ ਹੈ ਉਸ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਉੱਚ ਅਹੁਦਿਆਂ ਦੀ ਚੋਣ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਡਾਕਟਰ ਮਲਕੀਤ ਸਿੰਘ ਚੋਪੜਾ, ਜਾਡਲਾ ਬਲਾਕ ਪ੍ਰਧਾਨ ਡਾਕਟਰ ਸੰਤੋਖ ਸਿੰਘ, ਡਾਕਟਰ ਤਰਵਿੰਦਰ ਸਿੰਘ ,ਡਾਕਟਰ ਹਰਬੰਸ ਲਾਲ, ਡਾਕਟਰ ਰੋਹਿਤ ਬਾਲੀ, ਡਾਕਟਰ ਪ੍ਰਦੀਪ ਸਿੰਘ। ਜਾਡਲਾ, ਡਾਕਟਰ ਗੁਰਪ੍ਰੀਤ ਸਿੰਘ ਨੂਰਪੁਰ ਬੇਦੀ, ਡਾਕਟਰ ਕਸ਼ਮੀਰ ਸਿੰਘ, ਡਾਕਟਰ ਹੈਪੀ ਮਾਨ , ਡਾਕਟਰ ਮਨਿੰਦਰ ਕੁਮਾਰ ਹਾਜ਼ਰ ਸਨ।



# ਜਵਾਹਰ ਨਵੋਦਿਆ ਵਿਦਿਆਲਿਆ ਰਕੌਲੀ 'ਚ ਛੇਵੀਂ ਜਮਾਤ ਲਈ ਚੋਣ ਵਾਸਤੇ ਰਜਿਸਟ੍ਰੇਸ਼ਨ ਸ਼ੁਰੂ

**ਮੋਹਾਲੀ (ਗੁਰਜੀਤ ਬਿੱਲਾ)**-ਜਵਾਹਰ ਨਵੋਦਿਆ ਵਿਦਿਆਲਿਆ ਵੱਲੋਂ ਚੋਣ ਪ੍ਰੀਖਿਆ ਛੇਵੀਂ ਜਮਾਤ ਸਾਲ 2026-2027 ਵਾਸਤੇ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ 29.07.2025 ਤੱਕ ਚੱਲੇਗੀ।ਪ੍ਰਿੰਸੀਪਲ ਦੀਪਤੀ ਭਟਨਾਗਰ ਅਨੁਸਾਰ ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਲਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲ੍ਹੇ ਦੇ ਪਿੰਡ ਰਕੌਲੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ-ਸਿੱਖਿਆ ਵਾਲੇ ਰਿਹਾਇਸ਼ੀ ਪੀ.ਐਮ.ਸ੍ਰੀ. ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਰਕੌਲੀ ਵਿਚ ਅਗਲੇ ਵਿੱਦਿਅਕ ਸਾਲ 2026-2027 ਦੀ ਛੇਵੀਂ ਜਮਾਤ ਲਈ ਇਸ ਵਿੱਦਿਅਕ ਸਾਲ 2025-2026 ਵਿੱਚ ਪੰਜਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਮੁਹਾਲੀ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੋਣਾ ਚਾਹੀਦਾ ਹੈ। ਉਸ ਦਾ ਜਨਮ 01.05.2014 ਤੋਂ 31.07.2016 (ਦੋਹਾਂ ਤਰੀਕਾਂ ਸਮੇਤ) ਤੱਕ ਹੋਇਆ ਹੋਵੇ, ਓ.ਬੀ.ਸੀ. ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ. ਸ਼੍ਰੇਣੀ ਵਿਚ ਆਉਂਦੇ ਹਨ ਜਾਂ ਨਹੀਂ। ਜੇਕਰ ਨਹੀਂ ਆਉਂਦੇ ਤਾਂ ਜਨਰਲ ਵਰਗ ਵਿਚ ਰਜਿਸਟ੍ਰੇਸ਼ਨ ਕਰਾਉਣ।ਰਜਿਸ਼ਟ੍ਰੇਸ਼ਨ ਕਰਾਉਣਏ ਦੀ ਆਖ਼ਰੀ ਮਿਤੀ 29 ਜੁਲਾਈ, 2025 ਹੈ। ਉਨ੍ਹਾਂ ਦੱਸਿਆ ਕਿ ਚੋਣ ਪ੍ਰੀਖਿਆ 13.12.2025 ਨੂੰ ਮੋਹਾਲੀ ਜ਼ਿਲ੍ਹੇ ਦੇ ਚੋਣਵੇਂ ਸੈਂਟਰਾਂ ਵਿਚ ਹੋਵੇਗੀ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸ਼ਨ ਕਰਨ ਤੋਂ ਪਹਿਲਾਂ ਪ੍ਰੌਸਪੈਕਟਸ ਵਿਚ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਜਾਣ।

# ਡਿਪਟੀ ਕਮਿਸ਼ਨਰ ਵੱਲੋਂ ਨਗਰ ਨਿਗਮ ਨੂੰ ਲੰਮਾ ਪਿੰਡ-ਜੰਡੂਸਿੰਘਾ ਰੋਡ 'ਤੇ ਸੀਵਰੇਜ ਬਲਾਕੇਜ ਦਾ ਹੱਲ ਕਰਨ ਦੀ ਹਦਾਇਤ

**ਜਲੰਧਰ (ਸੁਰਿੰਦਰ ਕੁਮਾਰ)**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਹੁਸ਼ਿਆਰਪੁਰ ਰੋਡ ਦਾ ਦੌਰਾ ਕਰਕੇ ਇਸ ਹਾਈਵੇ ਨੂੰ ਚੌੜਾ ਅਤੇ ਚਹੁੰ-ਮਾਰਗੀ ਕਰਨ ਦੇ ਚੱਲ ਰਹੇ ਪ੍ਰਾਜੈਕਟ ਦਾ ਜਾਇਜ਼ਾ ਲਿਆ। ਉਨ੍ਹਾਂ ਜਲੰਧਰ ਨਗਰ ਨਿਗਮ ਨੂੰ ਇਸ ਸੜਕ 'ਤੇ ਸੀਵਰੇਜ ਬਲਾਕੇਜ ਨੂੰ ਪਹਿਲ ਦੇ ਆਧਾਰ 'ਤੇ ਦੂਰ ਕਰਨ ਦੀ ਹਦਾਇਤ ਕੀਤੀ, ਤਾਂ ਜੋ ਮੀਂਹ ਦੇ ਪਾਣੀ ਦੀ ਢੁੱਕਵੀਂ ਨਿਕਾਸੀ ਯਕੀਨੀ ਬਣਾਈ ਜਾ ਸਕੇ।

ਇਸੇ ਤਰ੍ਹਾਂ ਉਨ੍ਹਾਂ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਨੂੰ ਵੀ ਨਹਿਰੀ ਪਾਣੀ ਪ੍ਰਾਜੈਕਟ ਤਹਿਤ ਪਾਈਪ ਲਾਈਨ ਵਿਛਾਉਣ ਤੋਂ ਬਾਅਦ ਸੜਕ ਨੂੰ ਪੱਧਰਾ ਕਰਨ ਦਾ ਕੰਮ ਪੂਰਾ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਰਾਹਗੀਰਾਂ ਨੂੰ ਇੱਥੋਂ ਲੰਘਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਡਿਪਟੀ ਕਮਿਸ਼ਨਰ ਨੇ ਸੜਕ ਦੇ ਇਸ ਹਿੱਸੇ ਨੂੰ ਸਮੇਂ ਸਿਰ ਪੂਰਾ ਕਰਨ 'ਤੇ ਜ਼ੋਰ ਦਿੱਤਾ ਕਿਉਂਕਿ ਬਿਜਲੀ ਦੇ ਖੰਭਿਆਂ ਨੂੰ ਤਬਦੀਲ ਸਮੇਤ ਜ਼ਿਆਦਾਤਰ ਕੰਮ ਪਹਿਲਾਂ ਹੀ ਨੇਪਰੇ ਚਾੜ੍ਹੇ ਜਾ ਚੁੱਕੇ ਹਨ। ਉਨ੍ਹਾਂ ਇਸ ਪ੍ਰਾਜੈਕਟ ਨੂੰ ਜਲਦ ਤੋਂ ਜਲਦ ਪੂਰਾ ਕਰਨ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ, ਤਾਂ ਜੋ ਰੋਜ਼ਾਨਾ ਇਸ ਸੜਕ ਦੀ ਵਰਤੋਂ ਕਰਨ ਵਾਲੇ ਵੱਡੀ ਗਿਣਤੀ ਰਾਹਗੀਰਾਂ ਨੂੰ ਲਾਭ ਹੋ ਸਕੇ। ਉਨ੍ਹਾਂ ਨੇ ਲੰਮਾ ਪਿੰਡ-ਜੰਡੂ ਸਿੰਘਾ ਸੜਕ ਦੇ ਪੰਜ ਕਿਲੋਮੀਟਰ ਹਿੱਸੇ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਨੂੰ ਚੌੜਾ ਕਰਨ ਨਾਲ ਆਵਾਜਾਈ ਆਸਾਨ ਹੋ ਜਾਵੇਗੀ। ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਜਲੰਧਰ ਅਤੇ ਹੁਸ਼ਿਆਰਪੁਰ ਵਿਚਕਾਰ ਆਵਾਜਾਈ ਦਾ ਪ੍ਰਵਾਹ ਸੁਚਾਰੂ ਹੋ ਜਾਵੇਗਾ ਕਿਉਂਕਿ ਸ਼ਹਿਰੀ ਖੇਤਰ ਦੇ ਵੱਡੀ ਗਿਣਤੀ ਯਾਤਰੀਆਂ ਨੂੰ ਹੁਸ਼ਿਆਰਪੁਰ ਜਾਣ ਲਈ ਰਾਮਾ ਮੰਡੀ ਜਾਣ ਦੀ ਲੋੜ ਨਹੀਂ ਪਵੇਗੀ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਕੰਮ ਦੀ ਗਤੀ 'ਤੇ ਵਿਅਕਤੀਗਤ ਤੌਰ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# 2 ਹ.ਫਤੇ ਦਾ ਡੇਅਰੀ ਸਿਖਲਾਈ ਕੋਰਸ 21 ਤੋਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**–ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿੱਚ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ -ਨਿਰਦੇਸ਼ਾ ਅਨੁਸਾਰ ਪੰਜਾਬ ਡੇਅਰੀ ਵਿਕਾਸ ਬੋਰਡ ਵਲੋਂ 2 ਹਫਤੇ ਡੇਅਰੀ ਸਿਖਲਾਈ ਕੋਰਸ 21 ਜੁਲਾਈ, 2025 ਤੋਂ ਡੇਅਰੀ ਸਿਖਲਾਈ ਕੇਂਦਰ, ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਪੇਂਡੂ ਬੇਰੋਜ਼ਗਾਰ ਨੌਜਵਾਨ ਲੜਕੇ/ਲੜਕੀਆਂ, ਜੋ ਕਿ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ ਡੇਅਰੀ ਸਿਖਲਾਈ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਹੁਸ਼ਿਆਰਪੁਰ ਮਿੰਨੀ ਸਕੱਤਰੇਤ, ਚੌਥੀ ਮੰਜ਼ਿਲ, ਕਮਰਾ ਨੰਬਰ 439 ਵਿਖੇ 18 ਜੁਲਾਈ ਤੱਕ ਅਰਜ਼ੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਹਰਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਨਾਲ ਸਬੰਧਤ ਉਮੀਦਵਾਰ ਜੇ ਕਿ ਘੱਟ ਤੋਂ ਘੱਟ ਪੰਜਵੀਂ ਜਮਾਤ ਪਾਸ ਹੋਵੇ ਅਤੇ ਉਸ ਦੀ ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।


## ਕੋਰਟ ਨੋਟਿਸ

ਜ਼ਿਲ੍ਹਾ ਮੈਰਿਜ ਅਫਸਰ ਜਲੰਧਰ
V/S ਆਮ ਜਨਤਾ



ਵਿਸ਼ਾ: ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਂਅ : ਸੁਖਵਿੰਦਰ ਸਿੰਘ, ਪਿਤਾ/ਪਤੀ ਦਾ ਨਾਂਅ : ਨਾਜ਼ਰ ਸਿੰਘ
ਪਤਾ: H. No. 102 Gali No. 4 Krishna Nagar Jalandhar, Tehsil Jalandhar-1/Districr- Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ:-
ਨਾਂਅ: ਕਮਲਪ੍ਰੀਤ ਸਿੰਘ , ਪੱਕਾ ਪਤਾ: H. No. 102 Gali No. 4 Krishna Nagar Jalandhar, Jalandhar-1, Jalandhar, Punjab
ਉਮਰ, ਜਨਮ ਮਿਤੀ : 31-(19/03/1994)
ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸ ਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 15.07.2025 ਨੂੰ ਜਾਰੀ ਹੋਇਆ।
64/ਨੰਬਰ / ਰੀਡਰ ਮਿਤੀ: 15/07/2025 ਜ਼ਿਲ੍ਹਾ ਮੈਰਿਜ ਅਫਸਰ, ਜਲੰਧਰ, ਪੰਜਾਬ, ਭਾਰਤ


# ਨਵਾਂ ਬਿੱਲ ਬੇਅਦਬੀ ਨੂੰ ਰੋਕਣ ਲਈ ਇਤਿਹਾਸਕ ਕਦਮ : ਅਮਨ ਅਰੋੜਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮੰਗਲਵਾਰ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਲਿਆ ਕੇ ਧਾਰਮਿਕ ਭਾਵਨਾਵਾਂ ਦੀ ਰਾਖੀ ਲਈ ਇੱਕ ਇਤਿਹਾਸਕ ਕਦਮ ਚੁੱਕਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਬੇਅਦਬੀ ਦੇ ਮਾਮਲਿਆਂ ਵਿੱਚ ਕਾਰਵਾਈ ਕਰਨ ਵਿੱਚ ਨਾਕਾਮ ਰਹਿਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀ ਸਖ਼ਤ ਆਲੋਚਨਾ ਕੀਤੀ।ਅੱਜ ਇਥੇ ਪੰਜਾਬ ਵਿਧਾਨ ਸਭਾ ਵਿਖੇ ਬਿੱਲ 'ਤੇ ਚਰਚਾ ਦੌਰਾਨ ਅਮਨ ਅਰੋੜਾ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ, ਬੇਅਦਬੀ ਦੀਆਂ ਘਟਨਾਵਾਂ ਖਾਸ ਕਰਕੇ 2015 ਦੇ ਬਰਗਾੜੀ, ਕੋਟਕਪੂਰਾ ਅਤੇ ਬਹਿਬਲ ਕਲਾਂ ਕਾਂਡ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਸੀ, ਵਿੱਚ ਲੋਕਾਂ ਨੂੰ ਇਨਸਾਫ਼ ਦੇਣ 'ਚ ਸਿਰੇ ਤੋਂ ਨਾਕਾਮ ਰਹੀਆਂ ਹਨ।ਕਾਂਗਰਸ ਪਾਰਟੀ ਦੇ ਦੋਹਰੇ ਚਿਹਰੇ ਨੂੰ ਉਜਾਗਰ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੁਆਰਾ ਕਈ ਵਿਸ਼ੇਸ਼ ਜਾਂਚ ਟੀਮਾਂ (ਐਸ ਆਈ ਟੀ) ਅਤੇ ਕਮਿਸ਼ਨਾਂ ਦੇ ਗਠਨ ਦੇ ਬਾਵਜੂਦ ਕਿਸੇ ਨੇ ਵੀ ਬਾਦਲਾਂ ਨੂੰ ਬੇਅਦਬੀ ਦੇ ਮਾਮਲਿਆਂ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਨਹੀਂ ਕੀਤਾ, ਜਦਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਨ੍ਹਾਂ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਏ ਡੀ ਜੀ ਪੀ ਐਲ.ਕੇ. ਯਾਦਵ ਦੀ ਅਗਵਾਈ ਵਾਲੀ ਸਿੱਟ ਨੇ ਅਦਾਲਤ ਵਿੱਚ 7,000 ਤੋਂ ਵੱਧ ਪੰਨਿਆਂ ਦਾ ਚਲਾਨ ਪੇਸ਼ ਕੀਤਾ, ਜਿਸ ਵਿੱਚ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਅਤੇ ਹੋਰਾਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹ ਕੇਸ ਇਸ ਸਮੇਂ ਫਰੀਦਕੋਟ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਚੱਲ ਰਿਹਾ ਹੈ। ਅਰੋੜਾ ਨੇ ਕਿਹਾ ਕਿ ਸਿੱਖ ਧਰਮ ਦੇ ਰਖਵਾਲੇ ਹੋਣ ਦਾ ਦਾਅਵਾ ਕਰਨ ਵਾਲੇ ਬਾਦਲਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਾਰੇ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਦਿਖਾਵੇ ਲਈ 2016 ਵਿੱਚ ਕੇਂਦਰ ਨੂੰ ਇੱਕ ਕਮਜ਼ੋਰ ਬਿੱਲ ਭੇਜਿਆ ਸੀ, ਜਿਸ ਨੂੰ ਇਹ ਹਵਾਲਾ ਦਿੰਦਿਆਂ ਰੱਦ ਕਰ ਦਿੱਤਾ ਗਿਆ ਸੀ ਕਿ ਇਹ ਬਿੱਲ ਸਿਰਫ਼ ਇੱਕ ਧਾਰਮਿਕ ਗ੍ਰੰਥ ਦੀ ਰਖਵਾਲੀ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਨਿਰਾਸ਼ਾ ਵਿੱਚ ਘਿਰੇ ਇਹ ਆਗੂ ਸਾਡੀ ਸਰਕਾਰ ਦੀ ਇਮਾਨਦਾਰੀ 'ਤੇ ਸਵਾਲ ਚੁੱਕ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਬੇਅਦਬੀ ਦੇ ਮਾਮਲਿਆਂ ਦੇ ਮੁੱਖ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਵਿੱਚ ਨਾਕਾਮ ਰਹੀਆਂ, ਜਿਸ ਕਾਰਨ ਜਾਂਚ ਵਿੱਚ ਦੇਰੀ ਹੁੰਦੀ ਰਹੀ। ਇਸ ਦੇ ਉਲਟ ਆਪ ਸਰਕਾਰ ਨੇ ਇਸ ਗੰਭੀਰ ਮਾਮਲੇ ਪ੍ਰਤੀ ਫੈਸਲਾਕੁੰਨ ਪਹੁੰਚ ਅਪਣਾਉਂਦਿਆਂ ਸਾਰੇ ਮਾਮਲਿਆਂ ਵਿੱਚ ਦੋਸ਼ ਪੱਤਰ ਦਾਇਰ ਕੀਤੇ, ਜਿਸ ਵਿੱਚ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਬਾਦਲਾਂ ਸਮੇਤ ਕਈ ਵਿਅਕਤੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਮ ਕੀਤਾ ਗਿਆ।ਬਿੱਲ ਦੇ ਮੁੱਖ ਉਪਬੰਧਾਂ 'ਤੇ ਰੌਸ਼ਨੀ ਪਾਉਂਦਿਆਂ ਅਮਨ ਅਰੋੜਾ ਨੇ ਕਿਹਾ ਕਿ ਇਸ ਵਿੱਚ ਬੇਅਦਬੀ ਲਈ ਸਖ਼ਤ ਸਜ਼ਾਵਾਂ ਦਾ ਉਪਬੰਧ ਕੀਤਾ ਗਿਆ ਹੈ, ਜਿਸ ਵਿੱਚ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਸ਼ਾਮਲ ਹੈ। ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਤਿਆਰ ਕੀਤਾ ਗਿਆ ਇਹ ਬਿੱਲ ਬੇਅਦਬੀ ਨੂੰ ਵਿਆਪਕ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ਼੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ ਵਰਗੇ ਧਾਰਮਿਕ ਗ੍ਰੰਥਾਂ ਨਾਲ ਛੇੜਛਾੜ, ਗ੍ਰੰਥਾਂ ਨੂੰ ਸਾੜਨਾ, ਪਾੜਨਾ, ਬੇਅਦਬੀ ਅਤੇ ਹੋਰ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣ ਵਰਗੇ ਅਪਰਾਧ ਸ਼ਾਮਲ ਹਨ। ਇਸ ਬਿੱਲ ਵਿੱਚ ਬੇਅਦਬੀ ਦੇ ਅਪਰਾਧ ਨੂੰ ਗੈਰ-ਜ਼ਮਾਨਤੀ ਅਤੇ ਸਮਝੌਤ-ਰਹਿਤ ਅਪਰਾਧ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜਿਸ ਦੀ ਘੱਟੋ-ਘੱਟ ਸਜ਼ਾ 10 ਸਾਲ ਕੈਦ ਅਤੇ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਹੈ। ਇਹ ਇੱਕ ਸਮਾਵੇਸ਼ੀ ਬਿੱਲ ਹੈ, ਜੋ ਸਾਰੇ ਪਵਿੱਤਰ ਗ੍ਰੰਥਾਂ ਲਈ ਬਰਾਬਰ ਸਤਿਕਾਰ ਦੀ ਗੱਲ ਕਰਦਾ ਹੈ।ਉਨ੍ਹਾਂ ਕਿਹਾ ਕਿ ਇਹ ਬਿੱਲ ਤੇਜ਼ੀ ਨਾਲ ਜਾਂਚ ਨੂੰ ਯਕੀਨੀ ਬਣਾਉਂਦਾ ਹੈ, ਜਿਸ ਵਿੱਚ ਡੀ ਐਸ ਪੀ ਜਾਂ ਇਸ ਤੋਂ ਉੱਪਰ ਦੇ ਰੈਂਕ ਦੇ ਅਧਿਕਾਰੀ ਦੁਆਰਾ ਮਾਮਲਿਆਂ ਦੀ ਜਾਂਚ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇਹ ਬਿੱਲ ਬੇਅਦਬੀ ਦੇ ਮਾਮਲਿਆਂ ਵਿੱਚ ਸਬੂਤਾਂ ਨੂੰ ਸਤਿਕਾਰਪੂਰਨ ਸੰਭਾਲਣ ਦੇ ਉਪਬੰਧ ਤਹਿਤ ਧਾਰਮਿਕ ਅਵਸ਼ੇਸ਼ਾਂ ਦੇ ਨਿਰਾਦਰ 'ਤੇ ਰੋਕ ਲਾਉਂਦਾ ਹੈ।ਇਹ ਉਪਬੰਧ ਪਵਿੱਤਰ ਗ੍ਰੰਥਾਂ ਨੂੰ ਮਾਣ-ਸਤਿਕਾਰ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਬੇਅਦਬੀ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਨਿਆਂ ਨੂੰ ਯਕੀਨੀ ਬਣਾਵੇਗਾ।

ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਬਿੱਲ ਦਾ ਸਮਰਥਨ ਕਰਨ ਦੀ ਅਪੀਲ ਕਰਦਿਆਂ ਅਮਨ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਆਪ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੇ ਧਾਰਮਿਕ ਅਤੇ ਸਮਾਜਿਕ ਤਾਣੇ-ਬਾਣੇ ਦੀ ਰਾਖੀ ਲਈ ਆਪਣੀ ਵਚਨਬੱਧਤਾ 'ਤੇ ਹਮੇਸ਼ਾ ਅਡੋਲ ਹੈ ਅਤੇ 'ਆਪ' ਸਰਕਾਰ ਰਾਜਨੀਤਿਕ ਲਾਭ ਲਈ ਧਾਰਮਿਕ ਆਸਥਾ ਅਤੇ ਸ਼ਿਸ਼ਟਾਚਾਰ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ। ਅਰੋੜਾ ਨੇ ਜ਼ੋਰ ਦਿੰਦਿਆਂ ਕਿਹਾ ਕਿ ਅਸੀਂ ਕਿਸੇ ਵੀ ਕੀਮਤ 'ਤੇ ਪੰਜਾਬ ਦੀ ਧਾਰਮਿਕ ਸਦਭਾਵਨਾ ਨੂੰ ਢਾਹ ਨਹੀਂ ਲੱਗਣ ਦਿਆਂਗੇ ਅਤੇ ਇਸ ਵਾਰ ਬੇਅਦਬੀ ਦੇ ਮਾਮਲਿਆਂ ਵਿੱਚ ਨਿਆਂ ਜ਼ਰੂਰ ਮਿਲੇਗਾ।


## COURT NOTICE

(U/o 5 Rule 20 CPC)
In The Court of Shivani
Civil Judge (Junior Division), Amritsar
CNR No. PBAS02-001235-2023
Next Date:- 04-08-2025
Onkar Singh
Vs.
General Public
DECL
Publication Issued To:
General Public
In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 04-08-2025 at 10:00 a.m.
For details logon to https://highcourtchd.gov.in/?trs=district_notice&district=Amritsar
Civil Judge (Junior Division) Amritsar
Dated, this day of 15-07-2025

## COURT NOTICE

(U/o 5 Rule 20 CPC)
(Under Guardian And Ward Act)
In The Court of
Sh. Vineet Kumar Narang
Additional Principal Judge Family Court-1, Jalandhar
CNR No. PBJL01-011165-2020
Next Date:- 08-08-2025
Ripu Raman aged about 39 years son of Shinder Paul resident of H.No. BX-1616, V.P.O. Lamba Pind, Jalandhar
Vs.
1. Vipan wife of Ripu Raman, daughter of Ram Bangar, resident of H.No. B-IX-49/83, New Hardyal Nagar, P.O. Sheikhe, old Hoshiarpur Road, Jalandhar
2. General Public
Petition Under Guardian and Wards Act
Notice To: General Public
:- General Public
In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 08-08-2025 at 10:00 a.m.
For details logon to https://highcourtchd.gov.in/?mod=district notice&district=Jalandhar
Additional Principal Judge Family Court-I Jalandhar
Dated, this day of 05-07-2025

## COURT NOTICE

(U/o 5 Rule 20 CPC)
In The Court of
Ms. Manmohanpreet Kaur
Civil Judge (Junior Division), Jalandhar
CNR No. PBJL02-001201-2025
Next Date:- 11-08-2025
CS/756/2025
KARAN MITTAL Vs. K.S TILES
Suit for grant of decree for recovery of Rs. 280091/- alongwith interest as prayed for.
Publication Issued To:
Def. 1 M/S K.s Tiles Vill. Bassian, Jagraon-rajkot Road, Distt. Ludhiana Through Partners/Authorized Representatives Amandeep Singh Saran And Kuldeep Singh.
Def. 2 Amandeep Singh Saran, Partner/Authorised Representative, M/S K.s. Tiles, Village Bassian, Jagraon-Rajkot Road, District Ludhiana.
Def. 3 Kuldeep Singh, Partner/Authorised Representative, M/S K.s. Tiles, Village Bassian Jagraon-rajkot Road, District Ludhiana
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 11-08-2025 at 10:00 a.m.
For details logon to https://highcourtchd.gov.in/?mod=district_notice&district=Jalandhar
Civil Judge (Junior Division) Jalandhar
Dated, this day of 14-07-2025

## COURT NOTICE

(U/o 5 Rule 20 CPC)
(Under Guardian And Ward Act)
In The Court of
Sh. Vineet Kumar Narang
Additional Principal Judge Family Court-1, Jalandhar
CNR No. PBJL01-025472-2019
Next Date:- 19-08-2025
1. DHANJI aged about 71 years S/o Nag Ji, R/o 633, Brahm Puri, Dr. Kaushal Dhawan, Haridwar- Uttarakhand, 2. Smt. Narmada aged about 66 years W/o Dhanji R/o 633, Brahmpuri, Kaushal Dhawan- Haridwar-Uttrakhand
Vs.
1. Smt. Shobha w/o Anil Kumar D/o Shri Kishan Hem Chand R/o H.No. 598, Bag Baria, Gujrati, Halobadiya Kapurthala Road, Hanuman Dass Pura, Jalandhar (Pb), 2. General Public
Petition For Legal Custody and Guardianship of Minor
Notice To : Shobha
:- Anil kumar
598 Bag Baria Gujrati Halbadia Kapurthala Road Hanuman Dass Pura Jalandhar
In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 19-08-2025 at 10:00 a.m.
For details logon to https://highcourtchd.gov.in/?mod=district_notice&district=Jalandhar
Additional Principal Judge Family Court-I Jalandhar

# ਪੰਜਾਬ ਰੋਡਵੇਜ਼ ਦੇ 300 ਦੇ ਲਗਭਗ ਰਿਟਾਇਰਡ ਇੰਸਪੈਕਟਰਾਂ ਦੀ ਹੋਈ ਜਿੱਤ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਪੰਜਾਬ ਰੋਡਵੇਜ਼ ਦੇ ਰਿਟਾਇਰ ਇੰਸਪੈਕਟਰਾਂ ਦੀ ਮੀਟਿੰਗ ਬਾਊ ਗੁਲਸ਼ਲ ਕੁਮਾਰ ਦੀ ਪ੍ਰਧਾਨਗੀ ਹੇਠ ਕਾਮਰੇਡ ਜਸਵੰਤ ਸਿੰਘ ਸਮਰਾ ਹਾਲ ਜਲੰਧਰ ਏਟਕ ਦੇ ਦਫਤਰ ਵਿਖੇ ਹੋਈ ਜਿਸ ਵਿੱਚ ਵਿਚਾਰ ਚਰਚਾ ਕੀਤੀ ਗਈ ਕਿ ਪੰਜਾਬ ਰੋਡਵੇਜ਼ ਪੈਨਸ਼ਨਰਜ ਐਸੋਸੀਏਸ਼ਨ ਪੰਜਾਬ ਦੇ ਯਤਨਾਂ ਨਾਲ ਪੰਜਾਬ ਰੋਡਵੇਜ਼ ਦੇ 300 ਲਗਭਗ ਰਿਟਾਇਰਡ ਇੰਸਪੈਕਟਰ ਸਿਵਲ ਸਪਲਾਈ ਇੰਸਪੈਕਟਰ ਦੇ ਬਰਾਬਰ ਤਨਖਾਹ ਲੈਣ ਦੇ ਹੱਕਦਾਰ ਬਣੇ।ਗੁਲਸ਼ਨ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਮਿਤੀ 8/5/25 ਨੂੰ ਸੁਪਰੀਮ ਕੋਰਟ ਦਾ ਫੈਸਲਾ ਸਿਰਫ ਪਟੀਸ਼ਨਰ 'ਤੇ ਲਾਗੂ ਕਰਨ ਦਾ ਹੁਕਮ ਜਾਰੀ ਕੀਤਾ ਸੀ। ਜਿਸ 'ਤੇ ਐਸੋਸੀਏਸ਼ਨ ਨੇ ਮਿਤੀ 15/5/25 ਦੀ ਮੋਗਾ ਦੀ ਮੀਟਿੰਗ ਵਿੱਚ ਸਖ਼ਤ ਵਿਰੋਧ ਕੀਤਾ ਸੀ ਅਤੇ ਇਹ ਫੈਸਲਾ ਜਰਨਲਾਈਜ ਕਰਨ ਦੀ ਮੰਗ ਕੀਤੀ ਸੀ ।ਪ੍ਰੰਤੂ ਸਰਕਾਰ ਨੇ ਐਸੋਸੀਏਸ਼ਨ ਨੂੰ ਸੁਣੇ ਬਿਨਾਂ ਮਿਤੀ 21/5/25 ਨੂੰ ਇਹ ਫੈਸਲਾ ਸਿਰਫ ਪਟੀਸ਼ਨਰਜ 'ਤੇ ਲਾਗੂ ਕਰਨ ਦਾ ਅੰਤਿਮ ਹੁਕਮ ਕੀਤਾ। ਇਸ ਲਈ ਐਸੋਸੀਏਸ਼ਨ ਨੇ ਫੈਸਲਾ ਕੀਤਾ ਕਿ ਨਾਨ ਪਟੀਸ਼ਨਰਾਂ ਨੂੰ ਵੀ ਪਟੀਸ਼ਨਰ ਬਣਾਇਆ ਜਾਵੇ। ਇਸ ਲਈ ਐਸੋਸ਼ੀਏਸ਼ਨ ਦੇ ਸੁਬਾਈ ਪ੍ਰਧਾਨ ਅਤੇ ਬ੍ਰਾਂਚ ਪ੍ਰਧਾਨਾਂ ਨੇ ਨਾਨ ਪਟੀਸ਼ਨਰ ਨੂੰ ਵੀ ਪਟੀਸ਼ਨਰ ਬਣਾਉਣ ਲਈ ਹਾਈ ਕੋਰਟ ਵਿੱਚ ਕੇਸ ਦਰਜ ਕੀਤੇ ਜਿਸ 'ਤੇ ਮਿਤੀ 1/7/25 ਨੂੰ ਫੈਸਲਾ ਸੁਣਾਉਂਦੇ ਹੋਏ ਹਾਈ ਕੋਰਟ



ਨੇ ਲਗਭਗ 300 ਪੰਜਾਬ ਰੋਡਵੇਜ਼ ਦੇ ਹੋਰ ਇੰਸਪੈਕਟਰਾਂ ਨੂੰ ਇਸ ਫੈਸਲੇ ਦੇਣ ਲਈ ਵਿਚਾਰਣ ਦਾ ਹੁਕਮ ਸੁਣਾਇਆ ।ਇਸ ਮੌਕੇ ਸੁਰਜੀਤ ਸਿੰਘ ਇੰਸਪੈਕਟਰ ਬਾਬਾ ਬਕਾਲਾ ਸਾਹਿਬ ਨੇ ਸਟੇਜ ਸਕੱਤਰ ਵਜੋਂ ਸੇਵਾ ਨਿਭਾਈ ਕਈ ਬੁਜ਼ਰਗ ਅਤੇ ਮੰਜੇ ਤੇ ਬਿਮਾਰ ਪਏ ਇੰਸਪੈਕਟਰਾਂ ਦੇ ਘਰ ਘਰ ਜਾਕੇ ਦਸਤਖ਼ਤ ਕਰਵਾਕੇ ਕੇਸ ਦਾਇਰ ਕਰਵਾਏ ਜਿਸ ਦਾ ਫੈਸਲਾ ਅਦਾਲਤ ਵੱਲੋਂ ਉਨ੍ਹਾਂ ਦੇ ਹੱਕ ਵਿੱਚ ਹੋਇਆ । ਇੰਸਪੈਕਟਰ ਸਟਾਫ਼ ਵੱਲੋਂ ਸਾਬਕਾ ਟ੍ਰੈਫਿਕ ਮੈਨੇਜਰ ਭੁੱਲਰ ਨੂੰ ਉਨਾਂ ਦੇ ਯਤਨਾਂ ਸਦਕਾ ਗੁਰੂ ਮਹਾਰਾਜ ਜੀ ਦਾ ਬਖਸ਼ਿਆ ਸਿਰਪਾਓ ਅਤੇ ਕਿਰਪਾਨ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਸਵਰਨ ਸਿੰਘ, ਜੋਗਿੰਦਰ ਸਿੰਘ, ਬਲਬੀਰ ਸਿੰਘ, ਅਮ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਭੁਪਿੰਦਰ ਸਿੰਘ,ਤਾਰਾ ਸਿੰਘ, ਅਮਰਜੀਤ ਸਿੰਘ, ਹਰਪਾਲ ਸਿੰਘ ਜਗਦੀਸ਼ ਸਿੰਘ, ਹਰਪਾਲ ਸਿੰਘ ਸਾਰੇ ਜਲੰਧਰ 1 ਜਗੀਰ ਸਿੰਘ,ਮੰਗਤ ਰਾਮ, ਸੁਰਜੀਤ ਸਿੰਘ ਤਿੰਨੇ ਜਲੰਧਰ 2 , ਚੇਅਰਮੈਨ ਬਸੰਤ ਸਿੰਘ,ਸਵਰਨ ਸਿੰਘ, ਰਛਪਾਲ ਸਿੰਘ ਤਿੰਨੇ ਮੋਗਾ, ਹਰਭਜਨ ਸਿੰਘ, ਹਰਜੀਤ ਸਿੰਘ, ਪਠਾਨਕੋਟ, ਗੁਰਮੀਤ ਰਾਮ, ਬੇਅੰਤ ਸਿੰਘ, ਗੁਰਦਿਆਲ ਸਿੰਘ,ਬਟਾਲਾ,ਲਾਭ ਸਿੰਘ,ਦਇਆ ਸਿੰਘ, ਅਰਜਨ ਸਿੰਘ, ਪੱਟੀ, ਹਰਜਿੰਦਰ ਸਿੰਘ, ਅਜੀਤ ਸਿੰਘ, ਚਰਨਜੀਤ ਸਿੰਘ, ਜਸਵੰਤ ਸਿੰਘ, ਹਰਜਿੰਦਰ ਸਿੰਘ, ਜਗੀਰ ਸਿੰਘ ਸਾਰੇ ਅਮ੍ਰਿਤਸਰ 2, ਵਿਜੇ ਕੁਮਾਰ, ਹਰਦੇਵ ਸਿੰਘ, ਅਮ੍ਰਿਤਸਰ 1, ਨਿਰਮਲ ਸਿੰਘ, ਦਲਬੀਰ ਸਿੰਘ ਪਿਰਥੀਪਾਲ ਸਿੰਘ, ਸਤਨਾਮ ਸਿੰਘ, ਪ੍ਰਦੀਪ ਕੁਮਾਰ, ਧਰਮਪਾਲ ਸਾਰੇ ਤਰਨਤਾਰਨ, ਕਿਸ਼ਨ ਦਾਸ,ਰਾਮ ਮੂਰਤੀ, ਹੁਸ਼ਿਆਰਪੁਰ, ਅਤੇ ਗੁਰਨਾਮ ਸਿੰਘ ਨਵਾਂ ਸ਼ਹਿਰ, ਬਾਊ ਵਿਜੇ ਬੰਗਾ ਉਚੇਚੇ ਤੌਰ 'ਤੇ ਹਾਜ਼ਰ ਹੋਏ।

# ਸਿਵਲ ਸਰਜਨ ਨੇ ਨਾਨਕ ਬਗੀਚੀ ਦਾ ਲਿਆ ਜਾਇਜ਼ਾ

**ਬਲਾਚੌਰ (ਜਸਵਿੰਦਰ ਬੈਂਸ)**

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਵਣ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਵਿਖੇ ਨਿਰਮਿਤ ਨਾਨਕ ਬਾਗੀਚੀ ਦਾ ਜਾਇਜ਼ਾ ਲਿਆ। ਸਾਫ਼-ਸੁਥਰਾ ਅਤੇ ਹਰਾ-ਭਰਾ ਵਾਤਾਵਰਨ ਯਕੀਨੀ ਬਣਾਉਣ ਲਈ ਇਸ ਬਗੀਚੀ ਦਾ ਨਿਰਮਾਣ ਕੀਤਾ ਗਿਆ ਹੈ।ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ ਤੇ ਹੈਲਥ ਇੰਸਪੈਕਟਰ ਦਿਲਬਾਗ ਸਿੰਘ ਸਮੇਤ ਹੋਰ ਸਿਹਤ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।ਸਿਵਲ ਸਰਜਨ ਨੇ ਨਾਨਕ ਬਾਗੀਚੀ, ਜਿਸ 'ਚ ਬੂਟਿਆਂ ਦੀਆਂ ਵੱਖ-ਵੱਖ ਕਿਸਮਾਂ ਲਗਾਈਆਂ ਗਈਆਂ ਹਨ, ਨੂੰ ਜੈਵਿਕ ਵਿਵਿਧਤਾ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਨਿਵੇਕਲੀ ਪਹਿਲ ਦੱਸਿਆ ਹੈ। ਉਨ੍ਹਾਂ ਦੱਸਿਆ ਕਿ ਇਹ ਬਗੀਚੀ ਬਣਾਉਣ ਲਈ ਤਕਰੀਬਨ ਇੱਕ ਮੀਟਰ ਮਿੱਟੀ ਦੀ ਪੁਟਾਈ ਕਰਕੇ ਉਸ ਵਿੱਚ ਪੌਸ਼ਟਿਕ ਤੱਤ ਮਿਲਾਏ ਗਏ ਤਾਂ ਜੋ ਲਾਏ ਗਏ ਬੂਟਿਆਂ ਨੂੰ ਪੌਸ਼ਟਿਕ ਖੁਰਾਕ ਮਿਲਦੀ ਰਹੇ। ਉਨ੍ਹਾਂ ਦੱਸਿਆ ਕਿ ਇਸ ਬਾਗੀਚੀ ਨੂੰ ਨਾ ਕੇਵਲ ਆਧੁਨਿਕ ਤਕਨੀਕ ਨਾਲ ਤਿਆਰ ਕੀਤਾ ਗਿਆ ਹੈ, ਬਲਕਿ ਲਾਵਾਰਿਸ ਪਸ਼ੂਆਂ ਤੋਂ ਬੂਟਿਆਂ ਨੂੰ ਬਚਾਉਣ ਲਈ ਚਾਰੇ ਪਾਸੇ ਤਾਰ ਵੀ ਲਗਾਈ ਗਈ ਹੈ।



# ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਸਫ਼ਾਈ ਸਮੇਤ ਹੋਰ ਕੰਮਾਂ ਦਾ ਲਿਆ ਜਾਇਜ਼ਾ



**ਜਲੰਧਰ (ਸੁਰਿੰਦਰ ਕੁਮਾਰ)**-ਸੜਕਾਂ ਦੀ ਨਿਰੰਤਰ ਨਿਗਰਾਨੀ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਉੱਚ ਅਧਿਕਾਰੀਆਂ ਵਲੋਂ 51 ਸੜਕਾਂ ਨੂੰ ਗੋਦ ਲਿਆ ਗਿਆ ਹੈ। ਇਸ ਮਿਸ਼ਨ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਵਿਵੇਕ ਮੋਦੀ ਨੇ ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਸਾਫ਼-ਸਫ਼ਾਈ ਅਤੇ ਹੋਰ ਹੋਣ ਵਾਲੇ ਜ਼ਰੂਰੀ ਕੰਮਾਂ ਦਾ ਜਾਇਜ਼ਾ ਲਿਆ।ਵਧੀਕ ਡਿਪਟੀ ਕਮਿਸ਼ਨਰ ਨੇ ਸੰਬੰਧਤ ਬੀ.ਡੀ.ਪੀ.ਓ ਨੂੰ ਹਦਾਇਤ ਕੀਤੀ ਕਿ ਹੁਸ਼ਿਆਰਪੁਰ ਸੜਕ ਦੀ ਸਾਫ਼-ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਐਕਸੀਅਨ ਐਨ. ਐਚ. ਏ. ਆਈ. ਨੂੰ ਵੀ ਨਿਰਦੇਸ਼ ਦਿੱਤੇ ਕਿ ਸਮੁੱਚੀ ਸੜਕ 'ਤੇ ਖੱਡਿਆਂ ਨੂੰ ਤੁਰੰਤ ਠੀਕ ਕਰਵਾਇਆ ਜਾਵੇ। ਇਸ ਤੋਂ ਇਲਾਵਾ ਸੜਕ ਦੇ ਡਿਵਾਈਡਰਾਂ ਵਿਚਕਾਰ ਉੱਗੀ ਬੂਟੀ ਆਦਿ ਦੀ ਸਫਾਈ ਵੀ ਯਕੀਨੀ ਬਣਾਈ ਜਾਵੇ।

## 35 ਲੱਖ ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ ਪਰਚਾ ਦਰਜ

**ਫਗਵਾੜਾ (ਡਾ. ਰਮਨ)**- ਸਿਟੀ ਪੁਲਸ ਵਲੋਂ 35 ਲੱਖ ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ ਇਕ ਵਿਅਕਤੀ ਖਿਲਾਫ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਕ੍ਰਿਸ਼ਨ ਗੋਪਾਲ ਪੁੱਤਰ ਨਰਿੰਦਰ ਕੁਮਾਰ ਵਾਸੀ ਮੇਹਲੀ ਗੇਟ ਮੁਹੱਲਾ ਥਾਣੇਦਾਰਾਂ ਫਗਵਾੜਾ ਨੇ ਐਸ.ਐਸ.ਪੀ. ਕਪੂਰਥਲਾ ਨੂੰ ਲਿਖਤੀ ਦਰਖਾਸਤ ਦਿੱਤੀ ਸੀ ਕਿ ਸਾਹਿਲ ਸੇਠ ਪੁੱਤਰ ਰਮਨ ਸੇਠ ਵਾਸੀ ਨਿਊ ਅਦਾਰਸ਼ ਨਗਰ ਫਗਵਾੜਾ ਨੇ ਠੱਗੀ ਦੀ ਨੀਯਤ ਨਾਲ ਆਪਣੇ ਰਿਹਾਇਸ਼ ਮਕਾਨ ਦਾ ਸੌਦਾ ਉਸ ਨਾਲ 45 ਲੱਖ ਰੁਪਏ ਵਿਚ ਤੈਅ ਕਰਕੇ 35 ਲੱਖ ਰੁਪਏ ਵਸੂਲ ਕਰਨ ਅਤੇ ਜਾਇਦਾਦ ਦਾ ਲਿਖਤੀ ਬਿਆਨਾ ਕਰਨ ਦੇ ਬਾਵਜੂਦ ਰਜਿਸਟਰੀ ਨਹੀਂ ਕਰਵਾਈ ਅਤੇ 35 ਲੱਖ ਰੁਪਏ ਦੀ ਵਸੂਲੀ ਰਕਮ ਬਿਆਨੇ ਦੀਆਂ ਸ਼ਰਤਾਂ ਮੁਤਾਬਕ ਵਾਪਸ ਕੀਤੀ ਹੈ। ਬਲਕਿ ਝੂਠੇ ਪੁਲਸ ਕੇਸ ਵਿਚ ਫਸਾਉਣ ਦੀਆਂ ਧਮਕੀਆਂ ਦੇ ਰਿਹਾ ਹੈ। ਦਰਖਾਸਤ ਦੀ ਪੜਤਾਲ ਐਸ.ਐਚ.ਓ. ਫਗਵਾੜਾ ਸਿਟੀ ਵਲੋਂ ਕਰਨ ਉਪਰੰਤ ਡੀ.ਏ. ਲੀਗਲ ਦੀ ਰਾਇ ਲਈ ਗਈ। ਜਿਸ 'ਤੇ ਡੀ.ਏ. ਲੀਗਲ ਨੇ ਲਿਖਿਆ ਕਿ ਮਕਾਨ ਦੀ ਰਜਿਸਟਰੀ ਸਪਨਾ ਚੱਢਾ ਪਤਨੀ ਦਿਨੇਸ਼ ਚੱਢਾ ਪੁੱਤਰ ਰਮੇਸ਼ ਕੁਮਾਰ ਚੱਢਾ ਵਾਸੀ ਗੁਰੂ ਤੇਗ ਬਹਾਦਰ ਨਗਰ ਜਲੰਧਰ ਦੇ ਨਾਂਅ ਪਰ ਤਸਦੀਕ ਹੋਈ ਹੈ। ਜਿਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਉਕਤ ਮਕਾਨ ਦੀ ਰਜਿਸਟਰੀ ਸਾਹਿਲ ਸੇਠ ਪੁੱਤਰ ਰਮਨ ਸੇਠ ਵਾਸੀ ਨਿਊ ਆਦਰਸ਼ ਨਗਰ ਫਗਵਾੜਾ ਦੇ ਨਾਂਅ ਪਰ ਨਹੀਂ ਸੀ, ਜਿਸ ਵੱਲੋ ਕ੍ਰਿਸ਼ਨ ਗੋਪਾਲ ਨਾਲ ਧੋਖਾਧੜੀ ਕਰਨ ਦੀ ਨੀਅਤ ਨਾਲ ਜਾਣ ਬੁੱਝ ਕੇ ਮਕਾਨ ਦੀ ਰਜਿਸਟਰੀ ਕਰਨ ਦਾ ਝਾਂਸਾ ਦੇ ਕੇ 35 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ।ਡੀ.ਏ. ਲੀਗਲ ਦੀ ਸਿਫਾਰਸ਼ 'ਤੇ ਥਾਣਾ ਸਿਟੀ ਫਗਵਾੜਾ ਵਿਖੇ ਦੋਸ਼ੀ ਸਾਹਿਲ ਸੇਠ ਦੇ ਖਿਲਾਫ ਮੁਕੱਦਮਾ ਨੰਬਰ 160 ਮਿਤੀ 14.07.25 ਅ.ਧ. 420 ਆਈ.ਪੀ.ਸੀ. ਦਰਜ ਕਰ ਲਿਆ ਗਿਆ ਹੈ।

# ਖਾਲੀ ਪਈਆਂ ਪੰਚਾਇਤਾਂ ਦੀ ਚੋਣ 27 ਨੂੰ

**ਫਿਲੌਰ, ( ਨਿਰਮਲ)**- ਸਟੇਟ ਇਲੈਕਸ਼ਨ ਕਮਿਸ਼ਨ, ਪੰਜਾਬ ਨੇ ਪੰਜਾਬ ਰਾਜ ਵਿੱਚ ਪੰਚਾਇਤਾਂ ਦੀਆਂ ਖਾਲੀ ਪਈਆਂ ਸੀਟਾਂ ਉੱਪਰ ਜਿਮਨੀ ਚੋਣਾਂ ਕਰਵਾਉਣ ਲਈ ਨੋਟੀਫਿਕੇਸ਼ਨ ਮਿਤੀ 11.07.2025 ਨੂੰ ਜਾਰੀ ਕਰ ਦਿੱਤਾ ਹੈ। ਇਸ ਸਬੰਧੀ ਉੱਪ- ਮੰਡਲ ਮੈਜਿਸਟਰੇਟ ਫਿਲੌਰ ਨੇ ਦੱਸਿਆ ਕਿ ਬਲਾਕ ਫਿਲੌਰ ਵਿੱਚ 4 ਪਿੰਡਾਂ (ਜੌਹਲ, ਕਲਿਆਣਪੁਰ,ਮਸਾਣਾ ਢੱਕ ਅਤੇ ਨਾਨੋਂ ਮਸਾਣਾ) ਦੇ 4 ਵਾਰਡਾਂ ਵਿੱਚ ਪੰਚਾਂ ਦੀਆਂ ਜਿਮਨੀ ਚੋਣਾਂ ਕਰਵਾਈਆਂ ਜਾ ਰਹੀਆਂ ਹਨ, ਬਲਾਕ ਰੁੜਕਾ ਕਲਾਂ ਦੇ 3 ਪਿੰਡਾਂ ਵਿੱਚ (ਕਾਹਨਾਂ ਢੇਸੀਆਂ ਵਿੱਚ ਸਰਪੰਚ ਅਤੇ ਜੀ.ਟੀ ਰੋਡ ਗੋਹਾਵਰ ਅਤੇ ਸੰਗਾ ਕਲਾਂ ਵਿੱਚ ਪੰਚ) 1 ਸਰਪੰਚ ਅਤੇ 2 ਵਾਰਡਾ ਦੀਆ ਜਿਮਨੀ ਚੋਣਾਂ ਕਰਵਾਈਆ ਜਾ ਰਹੀਆ ਹਨ। ਅਤੇ ਇਸੇ ਤਰ੍ਹਾਂ ਹੀ ਬਲਾਕ ਨੂਰਮਹਿਲ ਦੇ 2 ਪਿੰਡਾਂ ਦੇ 2 ਵਾਰਡਾਂ (ਮਿੱਠੜਾ ਅਤੇ ਰਾਮਪੁਰ) ਵਿੱਚ ਜਿਮਨੀ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਚੋਣ ਲੜਨ ਲਈ ਪੇਪਰ ਦਾਖਲ ਕਰਨ ਦੀ ਮਿਤੀ 17.07.2025 (ਵੀਰਵਾਰ) ਹੋਵੇਗੀ ਅਤੇ ਪੇਪਰ ਦਾਖਲ ਕਰਨ ਦਾ ਸਮਾਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਹੋਵੇਗਾ। ਇਸ ਤੋਂ ਬਾਅਦ, ਮਿਤੀ 18.07.2025 ਨੂੰ ਦਾਖਲ ਕੀਤੇ ਗਏ ਪੇਪਰਾਂ ਦੀ ਸਕਰੂਟਨੀ ਕੀਤੀ ਜਾਵੇਗੀ ਅਤੇ ਕੈਂਡੀਡੇਟ ਵੱਲੋਂ ਪੇਪਰ ਵਾਪਿਸ ਲੈਣ ਦੀ ਆਖਰੀ ਮਿਤੀ 19.07.2025 (ਸ਼ਨੀਵਾਰ) ਸਮਾਂ ਦੁਪਹਿਰ 3 ਵਜੇ ਤੱਕ ਹੋਵੇਗੀ। ਵੋਟ ਪਾਉਣ ਦੀ ਮਿਤੀ 27.07.2025 ਹੋਵੇਗੀ ਅਤੇ ਵੋਟ ਪਾਉਣ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ। ਵੋਟਿੰਗ ਹੋਣ ਉਪਰੰਤ ਉਸੇ ਦਿਨ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ ਅਤੇ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇਗਾ। ਬਲਾਕ ਫਿਲੌਰ ਲਈ ਨੋਮੀਨੇਸ਼ਨ ਪੇਪਰ ਦਾਖਲ ਕਰਨ ਦਾ ਸਥਾਨ ਦਫਤਰ ਏ.ਆਰ ਕੋਪਰੈਟਿਪ ਸੁਸਾਇਟੀ ਫਿਲੌਰ, ਰੁੜਕਾ ਕਲਾਂ ਲਈ ਦਫਤਰ ਨਗਰ ਕੌਂਸਲ ਗੁਰਾਇਆ ਅਤੇ ਬਲਾਕ ਨੂਰਮਹਿਲ ਵਿੱਚ ਲਈ ਦਫਤਰ ਮਾਰਕਿਟ ਕਮੇਟੀ ਨੂਰਮਹਿਲ ਹੋਵੇਗਾ।

# ਗ੍ਰਾਮ ਵਿਕਾਸ ਸਭਾ ਬੜਾ ਪਿੰਡ ਦਾ ਪੁਨਰਗਠਨ



**ਅੱਪਰਾ (ਨਿਰਮਲ ਗੁੜਾ)**

ਹਲਕਾ ਫਿਲੌਰ ਦੇ ਪਿੰਡ ਬੜਾ ਪਿੰਡ ਵਿਖੇ 2003 ਤੋਂ ਚਲਦੀ ਆ ਰਹੀ ਗ੍ਰਾਮ ਵਿਕਾਸ ਸਭਾ ਬੜਾ ਪਿੰਡ ਦੀ ਵਿਸ਼ੇਸ਼ ਤੌਰ 'ਤੇ ਖੁੱਲੀ ਮੀਟਿੰਗ ਕੀਤੀ ਗਈ, ਜਿਸ ਵਿੱਚ ਨਗਰ ਨਿਵਾਸੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਮੀਟਿੰਗ ਦੌਰਾਨ ਸਰਵ ਸੰਮਤੀ ਨਾਲ ਆਹੁਦੇਦਾਰ ਅਤੇ ਮੈਂਬਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਚੇਅਰਮੈਨ ਬਾਕਾ ਰਾਮ ਅੱਬੀ, ਉਪ ਚੇਅਰਮੈਨ ਸੰਦੀਪ ਸਿੰਘ ਗਿੱਲ, ਪ੍ਰਧਾਨ ਸਤੀਸ਼ ਕੁਮਾਰ ਪੱਪੂ, ਉਪ ਪ੍ਰਧਾਨ ਮੱਖਣ ਸਿੰਘ ਪੰਮਾ, ਸਕੱਤਰ ਦਵਿੰਦਰ ਸੂਦ, ਉਪ ਸਕੱਤਰ ਰਾਮ ਗੋਪਾਲ ਪ੍ਰਭਾਕਰ, ਅਤੇ ਮਨੋਹਰ ਸਿੰਘ ਜੱਖੂ, ਖਜਾਨਚੀ ਸ਼ੌਂਕੀ ਸੁੰਮਨ, ਉਪ ਖਜਾਨਚੀ ਜਸਵੀਰ ਜੱਖੂ, ਸਲਾਹਕਾਰ ਸੰਤੋਖ ਰਾਮ ਸੁੱਖਾ, ਜੋਗਾ ਸੁੰਮਨ, ਰਾਜੀਵ ਕੁਮਾਰ ਸੁੰਮਨ, ਮੀਡੀਆ ਸਕੱਤਰ ਰਾਕੇਸ਼ ਕੁਮਾਰ ਕੇਸ਼ਾ ਅਤੇ ਸੁਰਿੰਦਰ ਕੁਮਾਰ ਰਾਜਾ, ਸਹਿਯੋਗੀ ਸਾਬਕਾ ਸਰਪੰਚ ਜੀਵਨ ਕੁਮਾਰ, ਚੂਹੜ ਸਿੰਘ ਅਤੇ ਸ਼ਿੰਗਾਰਾ ਸਿੰਘ ਚੁਣੇ ਗਏ।ਇਸ ਮੌਕੇ ਸ਼ੌਂਕੀ ਸੁੰਮਨ ਨੇ ਕਿਹਾ ਕਿ ਜਿਸ ਤਰ੍ਹਾਂ ਗ੍ਰਾਮ ਵਿਕਾਸ ਸਭਾ ਲੰਮੇ ਸਮੇਂ ਤੋਂ ਕੰਮ ਕਰਦੀ ਆ ਰਹੀ ਹੈ, ਇਸੇ ਤਰ੍ਹਾਂ ਅੱਗੇ ਤੋਂ ਵੀ ਪਿੰਡ ਵਾਸੀਆਂ ਲਈ ਵਿਦਿਆ, ਸਿਹਤ ਸਹੂਲਤਾਂ, ਸਫ਼ਾਈ ਅਭਿਆਨ, ਹਰਿਆਲੀ, ਪਿੰਡ ਦਾ ਵਿਕਾਸ, ਮੈਡੀਕਲ ਕੈਂਪ, ਖੇਡਾਂ ਦੇ ਪ੍ਰਬੰਧ ਕਰਨ ਤੋਂ ਇਲਾਵਾ ਸਮਾਜ ਨੂੰ ਜਾਗਰੂਕ ਕਰਨ ਲਈ ਸਮਾਗਮ ਕਰਵਾਏ ਜਾਣਗੇ।ਇਸ ਮੌਕੇ ਰੌਬਨ ਸਿੰਘ, ਪਰਮਜੀਤ, ਨਿੰਮਾ, ਗੁਰਵਿੰਦਰ ਸਿੰਘ, ਵਿਕੀ, ਦਰਸ਼ਨ, ਮੱਖਣ ਸਿੰਘ, ਰਾਜੇਸ਼ ਕੁਮਾਰ, ਸ਼ੌਰੀ, ਹਰਸ਼, ਅਕਮਾਨ, ਮਨਵੀਰ, ਵਿਸ਼ਾਲ, ਰਾਜਾ, ਸਚਿਨ ਮਹਿਮੀ, ਬਲਵਿੰਦਰ ਬੱਲੂ, ਨਵਦੀਪ ਸੁੰਮਨ, ਰਵੀ ਦੱਤ, ਗੁਰਜੀਤ ਕੌਰ, ਨਰਿੰਦਰ ਕੌਰ, ਗੁਰਮੀਤ ਕੌਰ, ਪਰਮਜੀਤ ਕੌਰ, ਗੁਰਪ੍ਰੀਤ ਕੌਰ, ਜਸਵਿੰਦਰ ਸੁੱਖੀ, ਕਸ਼ਮੀਰੋ, ਜਸਵਿੰਦਰ ਬਿੰਦੂ, ਸਿਮਰਨ, ਨਜਮਾਂ, ਹਰਮਨ, ਜੈਸਮੀਨ, ਅਸ਼ੀਮਾਂ, ਰਿਤਿਕਾ, ਸਿਮਰਨ ਜੱਖੂ, ਸੀਮਾ ਵਿਰਦੀ, ਬਿਮਲਾ ਦੇਵੀ, ਬਲਜਿੰਦਰ ਕੌਰ, ਰੇਨੂ, ਕਮਲਜੀਤ ਕੌਰ, ਸੁਮਨ ਬੈਂਸ, ਪਿਆਰੀ, ਪਲਵੀ, ਜਗੀਰੋ, ਆਸ਼ਾ ਰਾਣੀ, ਮਨਜੀਤ ਕੌਰ ਆਦਿ ਹਾਜਰ ਸਨ।

# ਹਲਕਾ ਇੰਚਾਰਜ ਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ : ਹਰਜੀ ਮਾਨ



**ਫਗਵਾੜਾ (ਡਾ. ਰਮਨ, ਢੱਡਾ)**- ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਹਰਨੂਰ ਸਿੰਘ (ਹਰਜੀ) ਮਾਨ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਅਤੇ ਸ਼੍ਰਿਸ਼ਟੀ ਕਰਤਾ ਭਗਵਾਨ ਵਾਲਮੀਕਿ ਮੰਦਰ ਸੁਭਾਸ਼ ਨਗਰ ਵਿਖੇ ਨਤਮਸਤਕ ਹੋਏ। ਦੋਵੇਂ ਮੰਦਰਾਂ ਦੀਆਂ ਕਮੇਟੀਆਂ ਵਲੋਂ ਹਰਜੀ ਮਾਨ ਅਤੇ ਉਹਨਾਂ ਦੇ ਨਾਲ ਪਹੁੰਚੇ ਮੇਅਰ ਰਾਮਪਾਲ ਉੱਪਲ, ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਦਰਵੇਸ਼ ਪਿੰਡ ਅਤੇ ਹੋਰਨਾਂ ਨੂੰ ਸਨਮਾਨਤ ਕੀਤਾ ਗਿਆ। ਹਰਜੀ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਲੋਂ ਬਤੌਰ ਹਲਕਾ ਇੰਚਾਰਜ ਜੋ ਜ਼ਿੰਮੇਵਾਰੀ ਉਹਨਾਂ ਨੂੰ ਮਿਲੀ ਹੈ, ਉਸਨੂੰ ਪਰਮਾਤਮਾ ਅਤੇ ਰਹਿਬਰਾਂ ਦਾ ਓਟ ਆਸਰਾ ਲੈਂਦੇ ਹੋਏ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਕਿਹਾ ਕਿ ਮੇਰਾ ਟੀਚਾ ਪਿਤਾ ਜੋਗਿੰਦਰ ਸਿੰਘ ਮਾਨ ਸਾਬਕਾ ਕੈਬਿਨੇਟ ਮੰਤਰੀ ਪੰਜਾਬ ਦੇ ਮਾਰਗ ਦਰਸ਼ਨ ਹੇਠ ਸਮੁੱਚੇ ਫਗਵਾੜਾ ਸ਼ਹਿਰ ਨੂੰ ਇਕ ਆਦਰਸ਼ ਸ਼ਹਿਰ ਵਜੋਂ ਵਿਕਸਤ ਕਰਨਾ ਹੈ, ਜਿਸ ਦੇ ਲਈ ਮੈਂ ਸਦਾ ਵਚਨਬੱਧ ਰਹਾਂਗਾ। ਇਸ ਮੌਕੇ ਯਸ਼ ਬਰਨਾ, ਅਸ਼ੋਕ ਭਾਟੀਆ, ਸਾਇਰਾ ਸੇਠੀ ਕੌਂਸਲਰ, ਪਰਵੀਨ ਠਾਕੁਰ ਕੌਂਸਲਰ, ਰਵੀ ਸਿੱਧੂ ਕੌਂਸਲਰ, ਮਿੱਤੁਲ ਸੁਧੀਰ,ਧਰਮਵੀਰ ਸੇਠੀ, ਬਲਬੀਰ ਠਾਕੁਰ, ਰਜੇਸ਼ ਕੋਲਸਰ, ਫ਼ੌਜੀ ਸ਼ੇਰਗਿੱਲ, ਸਤਪਾਲ ਮੱਟੂ, ਵਿੱਕੀ, ਆਸ਼ੂ ਮੱਟੂ ਅਤੇ ਹੋਰ ਪਤਵੰਤੇ ਵੀ ਹਾਜਰ ਸਨ।

## ਵਿਕਾਸ ਕਾਰਜਾਂ ਲਈ ਪਿੰਡ ਵਾਸੀਆਂ ਵੱਲੋਂ ਹਲਕਾ ਵਿਧਾਇਕ ਦੀ ਸ਼ਲਾਘਾ

**ਅਲਾਵਲਪੁਰ, (ਮਦਨ ਬੰਗੜ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਵੱਖ ਵੱਖ ਸਮੇਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਵੱਡੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਵੱਖ ਵੱਖ ਪਿੰਡਾਂ ਦੀ ਨੁਹਾਰ ਬਦਲਣ ਲਈ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਆਈ ਹੈ ਇਸ ਸੰਦਰਭ ਵਿੱਚ ਹੀ ਪਿੰਡ ਕਾਹਨਪੁਰ ਦੇ ਵਿੱਚ ਚੱਲ ਰਹੇ ਹਲਕਾ ਵਿਧਾਇਕ ਬਲਕਾਰ ਸਿੰਘ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਪਿੰਡ ਵਾਸੀਆਂ ਵੱਲੋਂ ਸ਼ਲਾਘਾ ਕੀਤੀ ਗਈ। ਪਿੰਡ ਵਾਸੀਆਂ ਨੇ ਆਖਿਆ ਕਿ ਹਲਕਾ ਵਿਧਾਇਕ ਬਲਕਾਰ ਸਿੰਘ ਵੱਲੋਂ ਪਿੰਡ ਦੇ ਵਿਕਾਸ ਲਈ ਕੀਤੇ ਜਾ ਰਹੇ ਕਾਰਜ ਬਹੁਤ ਹੀ ਸ਼ਲਾਘਾ ਯੋਗ ਹਨ। ਉਹਨਾਂ ਦੱਸਿਆ ਕਿ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਪਾਣੀ ਦੀ ਟੈਂਕੀ ਦਾ ਕਾਰਜ ਵੀ ਸੰਪੂਰਨ ਹੋ ਚੁੱਕਾ ਹੈ। ਪਿੰਡ ਵਿੱਚ ਸੀਵਰੇਜ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਜੋ ਆਉਣ ਵਾਲੇ ਕੁਝ ਦਿਨਾਂ ਦੇ ਵਿੱਚ ਹੀ ਸੰਪੂਰਨ ਹੋ ਜਾਵੇਗਾ। ਇਸ ਮੌਕੇ ਮਥਰਾ ਦਾਸ ਮੰਗਾ (ਸਾਬਕਾ ਸਰਪੰਚ) ਕਾਹਨਪੁਰ,ਸੁਰਿੰਦਰ ਸਿੰਘ ਪੰਚ, ਹਰਦੀਪ ਸਿੰਘ,ਬਾਲਮੁਕੰਦ ਪੰਚ,ਮਨਜੀਤ ਲਾਲ, ਬਲਵੀਰ ਚੰਦ,ਰਮਨ ਕੁਮਾਰ ਪੰਚ,ਹਰਚਰਨ ਕੌਰ ਪੰਚ,ਗੁਰਜੀਤ ਕੌਰ ਪੰਚ,ਬਿਮਲ ਮਡਾਰ ਪੰਚ ਆਦਿ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।



# ਪੰਜਾਬ ਦੀ 40 ਹਜ਼ਾਰ ਏਕੜ ਜ਼ਮੀਨ ਹੜੱਪਣਾ ਚਾਹੁੰਦੀ ਹੈ ਸਰਕਾਰ : ਜੱਸਲ

**ਆਦਮਪੁਰ, (ਪਰਮਜੀਤ ਸਿੰਘ)**

ਪੰਜਾਬ ਦੇ ਪਿੰਡਾਂ ਦੀ ਰੀੜ ਦੀ ਹੱਡੀ ਕਿਸਾਨੀ ਅਤੇ ਜ਼ਮੀਨ ਅੱਜ ਜ਼ਬਰਦਸਤੀ ਹੜੱਪਣ ਦੀ ਕੋਸ਼ਿਸ਼ ਕਰ ਰਹੀ ਆਪ ਸਰਕਾਰ, ਜਿੱਥੇ ਕਿਸਾਨ ਆਪਣੇ ਹੱਕ ਲਈ ਲੜ ਰਹੇ ਹਨ, ਉਥੇ ਭਾਜਪਾ ਦੇ ਆਦਮਪੁਰ ਤੋਂ ਕਨਵੀਨਰ ਜਗਦੀਸ਼ ਕੁਮਾਰ ਜੱਸਲ ਕਿਸਾਨੀ ਦੇ ਹੱਕ ਵਿਚ ਖੜੇ ਹੋ ਕੇ ਇਕ ਬੁਲੰਦ ਆਵਾਜ਼ ਬਣੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਰੇਆਮ ਪੰਜਾਬ ਦੇ ਕਿਸਾਨਾਂ ਦੇ ਨਾਲ ਧੱਕਾ ਕਰ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਅਪਣੀ ਪਾਲਿਸੀ ਦੇ ਮੁਤਾਬਕ ਫ਼ਿਰ ਜਲੰਧਰ ਦੇ ਕੁੱਕੜ ਪਿੰਡ, ਕੋਟ ਖੁਰਦ, ਕੋਟ ਕਲਾਂ, ਅਲੀਪੁਰ, ਰਹਿਮਾਨ ਪੁਰ ਅਤੇ ਨੰਗਲ ਕਰਾਰ ਖਾਂ ਦੀ 1000 ਏਕੜ ਜ਼ਮੀਨ ਨੂੰ ਹੜੱਪਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਪਹਿਚਾਣ ਪਿੰਡਾਂ ਕਰ ਕੇ ਹੈ, ਪੰਜਾਬ ਦੀ ਜ਼ਮੀਨ 'ਤੇ ਹੱਕਾਂ ਲਈ ਭਾਜਪਾ ਬਣੇ ਆਵਾਜ਼, ਲੋਕਾਂ ਦੀ ਧਰਤੀ ਬਚਾਉਣ ਲਈ ਮਜ਼ਬੂਤ ਆਵਾਜ਼ ਜਦ ਕਿ ਸਰਕਾਰ ਸ਼ਹਿਰੀਕਰਨ ਕਰ ਕੇ ਪੰਜਾਬ ਦੀ ਧਰਤੀ ਨੂੰ ਬੰਜਰ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਖੇਤਾਂ ਕਰ ਕੇ ਹੀ ਪੂਰੇ ਦੇਸ਼ ਵਿਚ ਪੰਜਾਬ ਅੰਨ ਦਾ ਭੰਡਾਰ ਕਹਾਉਂਦਾ ਹੈ। ਸਰਕਾਰ ਨੇ ਸਾਰੇ ਅਧਿਕਾਰ ਚੀਫ ਸੈਕਟਰੀ ਨੂੰ ਦੇ ਦਿੱਤੇ ਹਨ। ਸਰਕਾਰ ਆਮ ਲੋਕਾਂ ਦੇ ਨਾਲ ਧੱਕਾ ਕਰ ਰਹੀ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਕਿਸਾਨਾਂ ਦੀ ਰੋਟੀ ਨੂੰ ਖੋਹਣ ਦੀ ਕੋਸ਼ਿਸ਼ ਹੈ, ਸਗੋਂ ਇਹ ਪੰਜਾਬ ਦੀ ਮਿੱਟੀ, ਇਤਿਹਾਸ ਅਤੇ ਵਿਰਾਸਤ 'ਤੇ ਸਿੱਧਾ ਹਮਲਾ ਹੈ। ਲੁਧਿਆਣਾ, ਅੰਮ੍ਰਿਤਸਰ, ਮੋਗਾ, ਮੋਹਾਲੀ, ਪਟਿਆਲਾ, ਫ਼ਿਰੋਜ਼ਪੁਰ, ਗੁਰਦਾਸਪੁਰ, ਮਾਨਸਾ ਅਤੇ ਨਵਾਂਸ਼ਹਿਰ ਅਤੇ ਪੰਜਾਬੀ ਬਾਕੀ ਸਾਰੇ ਇਲਾਕੇ ਵਿਚ ਸੈਂਕੜੇ ਏਕੜ ਜ਼ਮੀਨ ਜਿਸ 'ਤੇ ਲੋਕ ਸਾਲਾਂ ਤੋਂ ਵਸਦੇ ਆ ਰਹੇ ਹਨ। ਅੱਜ ਉਨ੍ਹਾਂ ਤੋਂ ਇਹ ਜ਼ਮੀਨ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ। ਭਾਜਪਾ ਆਗੂ ਨੇ ਕਿਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਜ਼ਮੀਨ ਲੈਂਡ ਪੂਲਿੰਗ ਸਕੀਮ ਤਹਿਤ ਕਿਸਾਨਾਂ ਤੋਂ 40 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਲੈਣ ਦੀ ਤਿਆਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਨੀਤੀ ਲਾਗੂ ਹੋਈ ਤਾਂ ਪੰਜਾਬ ਦੇ ਪਿੰਡਾਂ, ਵਿਰਾਸਤਾਂ, ਧਰਮਸ਼ਾਲਾ ਅਤੇ ਗੁਰੂ ਘਰਾਂ ਦੇ ਆਲੇ ਦੁਆਲੇ ਨਵੇਂ ਇਲਾਕੇ ਨਿੱਜੀ ਕੰਪਨੀਆਂ ਦੇ ਹਵਾਲੇ ਕਰ ਦਿੱਤੇ ਜਾਣਗੇ। ਪੰਜਾਬੀ ਜ਼ਮੀਨ ਕਿਸੇ ਸਰਕਾਰੀ ਵਾਧੂ ਦੀ ਨਹੀਂ, ਇਹ ਪੰਜਾਬ ਦੀ ਧਰਤੀ ਮਾਂ ਦੀ ਹੈ। ਜੇ ਜ਼ਰੂਰਤ ਪਈ ਤਾਂ ਭਾਰਤੀ ਜਨਤਾ ਪਾਰਟੀ ਸੜਕਾਂ 'ਤੇ ਆ ਕੇ ਪੰਜਾਬ ਦੀ ਜ਼ਮੀਨ ਦੇ ਹੱਕਾਂ ਦੀ ਲੜਾਈ ਲੜੇਗੀ।



# ਵਿੱਤ ਮੰਤਰੀ ਚੀਮਾ ਨੇ 1986 ਦੀਆਂ ਘਟਨਾਵਾਂ ਬਾਰੇ 'ਕਾਰਵਾਈ' ਰਿਪੋਰਟ ਦੀ ਗੁੰਮਸ਼ੁਦਗੀ ਦਾ ਮੁੱਦਾ ਉਠਾਇਆ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਪੰਜਾਬ ਵਿਧਾਨ ਸਭਾ ਦੇ ਧਿਆਨ ਵਿੱਚ 1986 ਦੀਆਂ ਦੁਖਦਾਈ ਘਟਨਾਵਾਂ ਬਾਰੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਲਿਆਂਦੀ, ਜਿਸ ਦੀ ਇੱਕ ਕਾਪੀ ਵਿਧਾਨ ਸਭਾ ਵਿੱਚ ਹੈ, ਪਰ ਜਿਸ ਦੀ ਕਾਰਵਾਈ ਰਿਪੋਰਟ ਰਹੱਸਮਈ ਢੰਗ ਨਾਲ ਗਾਇਬ ਹੋ ਗਈ। ਉਨ੍ਹਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਇਸ ਮਹੱਤਵਪੂਰਨ ਰਿਪੋਰਟ ਨੂੰ ਲੱਭਣ ਲਈ ਇੱਕ ਕਮੇਟੀ ਬਣਾਉਣ ਦੀ ਅਪੀਲ ਕੀਤੀ। ਇਸ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਗੁੰਮ ਹੋਈ ਰਿਪੋਰਟ ਦਾ ਪਤਾ ਲਗਾਉਣ ਲਈ ਇੱਕ ਕਮੇਟੀ ਦੇ ਗਠਨ ਦਾ ਐਲਾਨ ਕੀਤਾ।'ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਿੱਲ, 2025' ਬਾਰੇ ਚਰਚਾ ਦੌਰਾਨ ਪੰਜਾਬ ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਇਸ ਗੁੰਮ ਹੋਏ ਹਿੱਸੇ ਨੂੰ ਲੱਭਣ ਨਾਲ ਸੂਬੇ ਦੇ ਲੋਕਾਂ ਨੂੰ 1986 ਦੀਆਂ ਘਟਨਾਵਾਂ ਦੇ ਪਿੱਛੇ ਦੀ ਸਚਾਈ ਦਾ ਪਤਾ ਲਗਾਉਣ, ਉਸ ਸਮੇਂ ਸ਼ਾਮਲ ਲੋਕਾਂ ਦੀਆਂ ਕਾਰਵਾਈਆਂ ਨੂੰ ਸਮਝਣ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੀਆਂ ਮੌਜੂਦਾ ਕਾਰਵਾਈਆਂ ਦੀ ਅਸਲੀਅਤ ਦੇਖਣ ਵਿੱਚ ਸਹਾਇਤਾ ਮਿਲੇਗੀ।ਵਿੱਤ ਮੰਤਰੀ ਨੇ ਪ੍ਰਸਤਾਵਿਤ ਕਾਨੂੰਨ ਦੀ ਅਹਿਮੀਅਤ ਅਤੇ ਜਵਾਬਦੇਹੀ ਦੀ ਲੋੜ ਨੂੰ ਦਰਸਾਉਣ ਲਈ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਇਤਿਹਾਸਕ ਤੌਰ 'ਤੇ ਜਦੋਂ ਵੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਜਾਂ ਧਾਰਮਿਕ ਤੌਰ 'ਤੇ ਜੁੜੀ ਸਰਕਾਰ ਸੱਤਾ ਵਿੱਚ ਆਈ, ਤਾਂ ਸੂਬੇ ਨੂੰ ਅਸਥਿਰ ਕਰਨ ਦੇ ਉਦੇਸ਼ ਨਾਲ, ਸਿੱਧੇ ਜਾਂ ਸਾਜ਼ਿਸ਼ਕਾਰਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਉਨ੍ਹਾਂ ਨੇ 2 ਫਰਵਰੀ, 1986 ਦੀ ਦੁਖਦਾਈ ਘਟਨਾ ਦਾ ਹਵਾਲਾ ਦਿੱਤਾ, ਜੋ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਵਾਪਰੀ ਸੀ, ਜਦੋਂ ਨਕੋਦਰ ਦੇ ਗੁਰਦੁਆਰਾ ਸਾਹਿਬ ਗੁਰੂ ਅਰਜਨ ਦੇਵ ਜੀ ਵਿਖੇ ਪੰਜ ਪਵਿੱਤਰ ਬੀੜਾਂ ਨੂੰ ਅੱਗ ਲਗਾ ਦਿੱਤੀ ਗਈ ਸੀ। ਉਨ੍ਹਾਂ ਇਸ ਉਪਰੰਤ 4 ਫਰਵਰੀ, 1986 ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ, ਜਦੋਂ ਚਾਰ ਨੌਜਵਾਨ - ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਰਮਲ ਸਿੰਘ ਗੁਰਸਿਆਣਾ ਅਤੇ ਹਰਮਿੰਦਰ ਸਿੰਘ ਬਰਗਾੜੀ ਵਿਖੇ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਦੌਰਾਨ ਗੋਲੀਆਂ ਦਾ ਸ਼ਿਕਾਰ ਹੋ ਗਏ ਸਨ।ਵਿੱਤ ਮੰਤਰੀ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਦੌਰਾਨ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਜਿਸ ਵਿੱਚ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ, ਕੈਪਟਨ ਕੰਵਲਜੀਤ ਸਿੰਘ ਗ੍ਰਹਿ ਮੰਤਰੀ ਅਤੇ ਮੌਜੂਦਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਖਹਿਰਾ ਸਿੱਖਿਆ ਮੰਤਰੀ ਸਨ। ਉਨ੍ਹਾਂ ਨੇ ਅਫਸੋਸ ਪ੍ਰਗਟ ਕੀਤਾ ਕਿ ਉਸ ਸਮੇਂ ਦੀ ਸਰਕਾਰ ਦੁਆਰਾ ਇੱਕ ਵੀ ਕਾਰਵਾਈ ਜਾਂ ਐਫ.ਆਈ.ਆਰ ਦਰਜ ਨਹੀਂ ਕੀਤੀ ਗਈ।

## ਜਸਵਿੰਦਰ ਸਿੰਘ ਏ ਐੱਸ ਆਈ ਸਨਮਾਨਤ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਯੁੱਧ ਨਸ਼ਿਆਂ ਵਿਰੁੱਧ ਆਪਣੀ ਡਿਊਟੀ ਨੂੰ ਬੜੇ ਹੀ ਵਧੀਆ ਢੰਗ ਨਾਲ ਨਿਭਾਉਣ ਵਾਲੇ ਏ. ਐਸ. ਆਈ. ਜਸਵਿੰਦਰ ਸਿੰਘ ਨੂੰ ਦਰਜਾ-1 ਸਰਟੀਫਿਕੇਟ ਅਤੇ 10000/ਰੁ: ਨਾਲ ਸਨਮਾਨਿਤ ਕੀਤਾ ਗਿਆ। ਸ਼੍ਰੀਮਤੀ ਨਿਲਾਂਬਰੀ ਜਗਦਲੇ ਆਈ .ਪੀ. ਐਸ, ਡੀ.ਆਈ.ਜੀ ਲੁਧਿਆਣਾ ਰੇਂਜ ਅਤ ਐਸ. ਐਸ. ਪੀ. ਡਾ ਮਹਿਤਾਬ ਸਿੰਘ ਆਈ.ਪੀ.ਐਸ ਸ਼.ਭ.ਸ.ਨਗਰ ਵੱਲੋਂ ਸਰਟੀਫਿਕੇਟ ਪ੍ਰਦਾਨ ਕੀਤਾ ਗਿਆ ਹੈ। ਥਣਾ ਸਦਰ ਨਵਾਂਸ਼ਹਿਰ ਦੇ ਐਸ.ਐਚ.ਓ. ਅਸ਼ੋਕ ਕੁਮਾਰ ਨੇ ਕਿਹਾ ਕਿ ਏ. ਐਸ. ਆਈ. ਜਸਵਿੰਦਰ ਸਿੰਘ ਨੇ ਕਿਹਾ ਕਿ ਅਸੀਂ ਆਪਣੇ ਆਪਸੀ ਤਾਲਮੇਲ ਸਦਕਾ ਹੀ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਅਤੇ ਯੁੱਧ ਨਸ਼ਿਆਂ ਵਿਰੁੱਧ ਵਿਚ ਸਫਲ ਹੁੰਦੇ ਹਾਂ। ਏ ਐਸ ਆਈ ਨੇ ਦੱਸਿਆ ਕਿ ਪਹਿਲਾਂ ਵੀ 26 ਵਾਂ ਸਰਟੀਫਿਕੇਟ ਅਤੇ ਪ੍ਰਸੰਸਾ ਪੱਤਰ ਨਾਲ ਪੰਜਾਬ ਪੁਲਸ ਨੇ ਹੌਸਲਾ ਅਫ਼ਜ਼ਾਈ ਵੀ ਕੀਤੀ ਹੈ ਜੋ ਮੇਰੇ ਲਈ ਬਹੁਤ ਹੀ ਖ਼ੁਸ਼ੀ ਵਾਲੀ ਗੱਲ ਹੈ ।



# ਰੇਲਵੇ ਟਰੈਕ ਨੇੜੇ ਮਿਲੀਆਂ ਮੁੰਡੇ-ਕੁੜੀ ਦੀਆਂ ਲਾਸ਼ਾਂ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਦੇ ਜੀ ਆਰ ਪੀ ਸਟੇਸ਼ਨ ਤੋਂ ਡਿਊਟੀ 'ਤੇ ਤਾਇਨਾਤ ਏ ਐਸ ਆਈ ਤਰਨਜੀਤ ਸਿੰਘ ਨੇ ਦੱਸਿਆ ਕਿ ਨਾਗਰਾ ਰੇਲਵੇ ਕਰਾਸਿੰਗ ਨੇੜੇ ਦੋ ਲਾਸ਼ਾਂ ਬਰਾਮਦ ਹੋਈਆਂ ਹਨ। ਦੋਵਾਂ ਦੀ ਉਮਰ 25 ਤੋਂ 27 ਸਾਲ ਦੇ ਵਿਚਕਾਰ ਹੈ। ਦੋਵਾਂ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਹਨ। ਰਾਤ 12 ਵਜੇ ਦੇ ਕਰੀਬ ਘਟਨਾ ਬਾਰੇ ਪੁਲਸ ਕੰਟਰੋਲ ਰੂਮ ਨੂੰ ਸੂਚਿਤ ਕੀਤਾ ਗਿਆ।ਜਲੰਧਰ ਦੇ ਨਾਗਰਾ ਰੇਲਵੇ ਕਰਾਸਿੰਗ ਨੇੜੇ ਰੇਲਵੇ ਲਾਈਨ ਤੋਂ ਇੱਕ ਕੁੜੀ ਅਤੇ ਨੌਜਵਾਨ ਮੁੰਡੇ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਦੋਵਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ । ਮੁਢਲੀ ਜਾਂਚ ਵਿੱਚ ਮਾਮਲਾ ਖੁਦਕੁਸ਼ੀ ਦਾ ਜਾਪਦਾ ਹੈ। ਮੰਨਿਆ ਜਾ ਰਿਹਾ ਹੈ ਕਿ ਰੇਲਗੱਡੀ ਦੀ ਲਪੇਟ ਵਿੱਚ ਆਉਣ ਤੋਂ ਬਾਅਦ ਉਹ ਰੇਲਵੇ ਲਾਈਨ ਤੋਂ ਕੁਝ ਦੂਰੀ 'ਤੇ ਡਿੱਗ ਗਏ।ਦੇਰ ਰਾਤ ਪੁਲਸ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਜਲੰਧਰ ਭੇਜ ਦਿੱਤਾ ਹੈ। ਜਾਂਚ ਜਾਰੀ ਹੈ।ਏ ਐਸ ਆਈ ਤਰਨਜੀਤ ਸਿੰਘ ਨੇ ਅੱਗੇ ਦੱਸਿਆ ਕਿ ਲਾਸ਼ ਰੇਲਵੇ ਕਰਾਸਿੰਗ ਤੋਂ ਕੁਝ ਦੂਰੀ 'ਤੇ ਪਈ ਸੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਲਾਸ਼ ਨੂੰ ਰੇਲਗੱਡੀ ਨੰਬਰ 19226 (ਜੰਮੂ ਤਵੀ) ਨੇ ਟੱਕਰ ਮਾਰੀ ਸੀ। ਹੁਣ ਤੱਕ ਮੌਕੇ ਤੋਂ ਕੋਈ ਸ਼ੱਕੀ ਚੀਜ਼ ਬਰਾਮਦ ਨਹੀਂ ਹੋਈ।ਇਹ ਹਾਦਸਾ ਸੀ ਜਾਂ ਖੁਦਕੁਸ਼ੀ, ਇਸ ਬਾਰੇ ਜਾਂਚ ਅਜੇ ਵੀ ਜਾਰੀ ਹੈ। ਦੋਵਾਂ ਦੀ ਪਛਾਣ ਕਰਨ ਲਈ ਉਨ੍ਹਾਂ ਦੀਆਂ ਫੋਟੋਆਂ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਫੈਲਾਈਆਂ ਗਈਆਂ ਹਨ। ਜਿਸ ਦੇ ਆਧਾਰ 'ਤੇ ਉਨ੍ਹਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਫਿਲਹਾਲ ਦੋਵਾਂ ਦੀਆਂ ਲਾਸ਼ਾਂ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਜਲੰਧਰ ਵਿੱਚ ਰੱਖਿਆ ਜਾਵੇਗਾ ਤਾਂ ਜੋ ਉਨ੍ਹਾਂ ਦੀ ਪਛਾਣ ਕੀਤੀ ਜਾ ਸਕੇ।

# ਜ਼ਿਲ੍ਹੇ 'ਚ ਮਾਈਨਿੰਗ ਸਾਈਟਾਂ ਦੀ ਹੋਵੇ ਰੈਗੂਲਰ ਚੈਕਿੰਗ : ਡਿਪਟੀ ਕਮਿਸ਼ਨਰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਇੱਥੇ ਜ਼ਿਲ੍ਹਾ ਪੱਧਰੀ ਮਾਈਨਿੰਗ ਕਮੇਟੀ ਨਾਲ ਮਾਈਨਿੰਗ ਦੀ ਸਮੀਖਿਆ ਕਰਦਿਆਂ ਨਿਰਦੇਸ਼ ਦਿੱਤੇ ਕਿ ਸੰਬੰਧਤ ਵਿਭਾਗਾਂ ਵੱਲੋਂ ਜ਼ਿਲ੍ਹੇ ਦੀਆਂ ਮਾਈਨਿੰਗ ਸਾਈਟਾਂ ਦੀ ਰੈਗੂਲਰ ਚੈਕਿੰਗ ਕਰਕੇ ਹਰ 15 ਦਿਨਾਂ ਬਾਅਦ ਵਿਸਥਾਰਤ ਰਿਪੋਰਟ ਦਿੱਤੀ ਜਾਵੇ। ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵਿੱਚ ਸ਼ਾਮਲ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਸਟ੍ਰਿਕਟ ਮਾਈਨਿੰਗ ਫਾਊਂਡੇਸ਼ਨ ਦੀ ਮੀਟਿੰਗ ਦੌਰਾਨ ਮਾਈਨਿੰਗ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਸਾਈਟਾਂ 'ਤੇ ਮਾਈਨਿੰਗ ਅਤੇ ਪੁਲਸ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਾਂਝੇ ਤੌਰ 'ਤੇ ਰੈਗੂਲਰ ਚੈਕਿੰਗ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਟੀਮਾਂ ਵੱਲੋਂ ਜ਼ਿਲ੍ਹੇ ਵਿੱਚ ਮਾਈਨਿੰਗ ਗਤੀਵਿਧੀਆਂ 'ਤੇ ਪੈਨੀ ਨਜ਼ਰ ਰੱਖੀ ਜਾਵੇ ਤਾਂ ਜੋ ਕਿਤੇ ਵੀ ਨਾਜਾਇਜ ਮਾਈਨਿੰਗ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਨਾਜਾਇਜ਼ ਮਾਈਨਿੰਗ ਵਾਲੇ ਮਾਮਲਿਆਂ ਵਿੱਚ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਓਵਰਲੋਡ ਅਤੇ ਨਜਾਇਜ਼ ਮਾਈਨਿੰਗ ਵਾਲੇ ਵ੍ਹੀਕਲਾਂ ਵਿਰੁੱਧ ਮੌਕੇ 'ਤੇ ਹੀ ਚਾਲਾਨ ਕੱਟੇ ਜਾ ਰਹੇ ਹਨ, ਜਿਸ ਤਹਿਤ ਲੰਘੀ ਅਪ੍ਰੈਲ ਤੋਂ ਲੈ ਕੇ 30 ਜੂਨ ਤੱਕ ਚਾਲਾਨ ਕੱਟ ਕੇ 5,08,075 ਰੁਪਏ ਦੀ ਰਿਕਵਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵੱਲੋਂ ਮਾਈਨਿੰਗ ਅਤੇ ਡੀਸਿਲਟਿੰਗ ਵਾਲੀਆਂ ਸਾਈਟਾਂ ਦੀ ਜਲਦ ਚੈਕਿੰਗ ਅਮਲ ਵਿੱਚ ਲਿਆਂਦੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਭੱਠਾ ਮਾਲਕਾਂ ਵੱਲ ਖੜ੍ਹੀ ਬਕਾਇਆ ਰਿਕਵਰੀ ਦੇ ਮਾਮਲਿਆਂ ਵਿੱਚ ਤੇਜ਼ੀ ਲਿਆਉਣ ਦੇ ਵੀ ਨਿਰਦੇਸ਼ ਦਿੱਤੇ। ਬਰਸਾਤੀ ਸੀਜ਼ਨ ਦੌਰਾਨ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਅਮਲ ਵਿੱਚ ਲਿਆਂਦੇ ਜਾ ਰਹੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਦਰਿਆ ਸਤਲੁਜ ਜਾਂ ਕਿਸੇ ਡਰੇਨ ਵਿੱਚ ਪਾੜ ਪੈਂਦਾ ਹੈ ਤਾਂ ਇਨ੍ਹਾਂ ਨੂੰ ਜਿਓ ਬੈਗਾਂ ਦੀ ਵਰਤੋਂ ਰਾਹੀਂ ਤੁਰੰਤ ਬੰਦ ਕੀਤਾ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਨਵਾਂਸ਼ਹਿਰ ਦੇ ਐਸ.ਡੀ.ਐਮ. ਅਨਮਜੋਤ ਕੌਰ, ਬਲਾਚੌਰ ਦੇ ਐਸ.ਡੀ. ਐਮ. ਇੰਦਰਪਾਲ ਤੋਂ ਇਲਾਵਾ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਕਮਿਸ਼ਨਰੇਟ ਪੁਲਸ ਵੱਲੋਂ ਦੋ ਗ੍ਰਿਫ਼ਤਾਰੀਆਂ, ਹੈਰੋਇਨ ਤੇ ਨਸ਼ੇ ਦੀ ਵਰਤੋਂ ਕਰਨ ਵਾਲੇ ਕਾਬੂ

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਅੱਜ ਸੈਂਟ੍ਰਲ ਅਤੇ ਮਾਡਲ ਟਾਊਨ ਦੇ ਖੇਤਰਾਂ ਵਿੱਚ ਟਾਰਗੇਟਿਡ ਕਾਸੋ ਆਪ੍ਰੇਸ਼ਨ ਚਲਾਇਆ ਗਿਆ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਕਾਜ਼ੀ ਮੰਡੀ ਅਤੇ ਗੜ੍ਹਾ ਇਲਾਕਿਆਂ ਵਿੱਚ ਕੀਤੇ ਗਏ ਟਾਰਗੇਟਿਡ ਆਪਰੇਸ਼ਨ ਲਈ ਕੁੱਲ 77 ਪੁਲਸ ਕਰਮਚਾਰੀ ਤੈਨਾਤ ਕੀਤੇ ਗਏ। ਵੱਖ-ਵੱਖ ਪ੍ਰਮੁੱਖ ਸਥਾਨਾਂ 'ਤੇ ਨਾਕੇ ਲਗਾ ਕੇ ਸਖਤ ਜਾਂਚ ਅਤੇ ਚੌਕਸੀ ਵਰਤੀ ਗਈ। ਇਹ ਆਪਰੇਸ਼ਨ ਅਮਨਦੀਪ ਸਿੰਘ, ਏ.ਸੀ.ਪੀ ਸੈਂਟ੍ਰਲ ਅਤੇ ਰੂਪਦੀਪ ਕੌਰ, ਏ.ਸੀ.ਪੀ ਮਾਡਲ ਟਾਊਨ ਦੀ ਅਗਵਾਈ ਹੇਠ ਕੀਤੇ ਗਏ, ਜਿਨ੍ਹਾਂ ਨੂੰ ਸੰਬੰਧਤ ਐਸ.ਐਚ.ਓਜ਼ ਅਤੇ ਉਨ੍ਹਾਂ ਦੀ ਟੀਮ ਨੇ ਪੂਰਾ ਸਹਿਯੋਗ ਦਿੱਤਾ।ਆਪਰੇਸ਼ਨ ਦੌਰਾਨ ਰਿਹਾਇਸ਼ੀ ਅਤੇ ਵਪਾਰਕ ਇਲਾਕਿਆਂ ਵਿੱਚ ਵਿਸਥਾਰਪੂਰਵਕ ਤਲਾਸ਼ੀਆਂ ਲਈ ਗਈਆਂ। ਆਪਰੇਸ਼ਨ ਦੌਰਾਨ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਦੋ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਅਤੇ 10 ਗ੍ਰਾਮ ਹੈਰੋਇਨ, ਸਿਲਵਰ ਪੇਪਰ ਵਾਲੀ ਫੋਇਲ, ਲਾਈਟਰ ਅਤੇ 10 ਰੁਪਏ ਦੇ ਨੋਟ ਬਰਾਮਦ ਹੋਏ। ਇਸ ਤੋਂ ਇਲਾਵਾ 28 ਵਾਹਨਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚੋਂ 5 ਵਾਹਨਾਂ 'ਤੇ ਵੱਖ-ਵੱਖ ਉਲੰਘਣਾ ਲਈ ਚਲਾਨ ਜਾਰੀ ਕੀਤੇ ਗਏ।

## ਦੌੜ ਨਸ਼ਿਆਂ ਵਿਰੁੱਧ ਤਹਿਤ 19 ਨੂੰ ਦਿੱਤੀਆਂ ਜਾਣਗੀਆਂ ਟੀ ਸ਼ਰਟਾਂ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** -ਪ੍ਰੈਸ ਕਲੱਬ ਅਨੰਦਪੁਰ ਸਾਹਿਬ ਅਤੇ ਜ਼ਿਲ੍ਹਾ ਪੁਲਸ ਵਿਭਾਗ ਵੱਲੋਂ ਕਰਵਾਈ ਜਾ ਰਹੀ 'ਦੌੜ ਨਸ਼ਿਆਂ ਵਿਰੁੱਧ' ਦੀਆਂ ਟੀ ਸ਼ਰਟਾਂ 19 ਜੁਲਾਈ ਸ਼ਾਮ 4 ਵਜੇ ਪ੍ਰੈਸ ਕਲੱਬ ਵਿਖੇ ਦਿੱਤੀਆਂ ਜਾਣਗੀਆਂ। ਪ੍ਰੈਸ ਕਲੱਬ ਦੇ ਪ੍ਰਧਾਨ ਸੁਰਿੰਦਰ ਸਿੰਘ ਸੋਨੀ ਨੇ ਦੱਸਿਆ ਕਿ ਦੌੜ ਤੋਂ ਇੱਕ ਦਿਨ ਪਹਿਲਾਂ ਟੀ ਸ਼ਰਟਾਂ ਦੇ ਦਿੱਤੀਆਂ ਜਾਣਗੀਆਂ ਤਾਂ ਜੋ ਸਾਰੇ ਦੌੜਾਕ ਪੂਰੀ ਤਿਆਰੀ ਦੇ ਨਾਲ ਐਤਵਾਰ ਸਵੇਰੇ 5 ਵਜੇ ਦੌੜ ਸ਼ੁਰੂ ਕਰਨ ਲਈ ਪਹੁੰਚ ਸਕਣ। ਉਨ੍ਹਾਂ ਦੱਸਿਆ ਕਿ 20 ਜੁਲਾਈ ਸਵੇਰੇ 5 ਵਜੇ ਦੌੜ ਸ਼ੁਰੂ ਹੋਵੇਗੀ। ਜਿਸ ਨੂੰ ਹਲਕੇ ਦੇ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਝੰਡੀ ਦੇ ਕੇ ਰਵਾਨਾ ਕਰਨਗੇ। ਇਸ ਮੌਕੇ ਐਸਐਸਪੀ ਗੁਲਨੀਤ ਸਿੰਘ ਖੁਰਾਨਾ ਅਤੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਸਮੇਤ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਇਸ ਦੌੜ ਵਿੱਚ ਸ਼ਮੂਲੀਅਤ ਕਰਨਗੇ। ਪ੍ਰਧਾਨ ਸੋਨੀ ਨੇ ਸਪੱਸ਼ਟ ਕੀਤਾ ਕਿ ਭਾਵੇਂ ਰਜਿਸਟਰਸ਼ਨ ਬੰਦ ਕਰ ਦਿੱਤੀ ਗਈ ਹੈ ਪਰ ਇਲਾਕੇ ਦੇ ਲੋਕਾਂ ਦੀ ਭਾਰੀ ਮੰਗ 'ਤੇ ਪ੍ਰੈਸ ਕਲੱਬ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਜੋ ਵੀ ਇਸ ਦੌੜ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ ਉਹ ਚਿੱਟੇ ਰੰਗ ਦੀ ਟੀ-ਸ਼ਰਟ ਪਾ ਕੇ ਇਸ ਵਿੱਚ ਸ਼ਮੂਲੀਅਤ ਕਰ ਸਕਦਾ ਹੈ। ਇਸ ਮੌਕੇ ਡਾਕਟਰ ਸਿਮਰਨਜੀਤ ਸਿੰਘ ਕਹਿਲ ਤੇ ਅਰੁਣਜੀਤ ਸਿੰਘ ਸਮੇਤ ਪ੍ਰੈਸ ਕਲੱਬ ਦੇ ਮੈਂਬਰ ਹਾਜ਼ਰ ਸਨ।

## ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੇ ਸੰਘਰਸ਼ਾਂ ਨੂੰ ਪੈਣ ਲੱਗਿਆ ਬੂਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1406-22 ਬੀ ਚੰਡੀਗੜ੍ਹ ਨਾਲ ਸੰਬਧਤ ਜੰਗਲਾਤ ਦੇ ਫੀਲਡ ਕਾਮਿਆਂ ਦੀ ਇਕੋ-ਇਕ ਸਿਰਮੌਰ ਸੰਘਰਸ਼ੀਲ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਜਾਣਕਾਰੀ ਦਿੰਦਿਆਂ ਜੱਥੇਬੰਦੀ ਦੇ ਸੂਬਾ ਜਰਨਲ ਸਕੱਤਰ ਜਸਵੀਰ ਸਿੰਘ ਸੀਰਾ,ਅਤੇ ਸੂਬਾ ਸਕੱਤਰ ਜਸਵਿੰਦਰ ਸਿੰਘ ਸੌਜਾ ਨੇ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਕਾਮਿਆ ਦੀਆ ਮੰਗਾਂ ਸਬੰਧੀ ਵਣ ਮੰਤਰੀ ਅਤੇ ਵਿੱਤ ਮੰਤਰੀ ਨਾਲ ਅਨੇਕਾਂ ਮੀਟਿੰਗਾਂ ਹੋਣ ਦੇ ਬਾਵਜੂਦ ਇਕ ਵੀ ਮੰਗ ਦਾ ਹੱਲ ਨਹੀਂ ਹੋਇਆ। ਸੂਬਾ ਚੇਅਰਮੈਨ ਵਿਰਸਾ ਸਿੰਘ ਚਹਿਲ, ਵਿਤ ਸਕੱਤਰ ਅਮਨਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਗੁਰਦਾਸਪੁਰ, ਬਲਵੀਰ ਸਿੰਘ ਤਰਨਤਾਰਨ ਅਤੇ ਸੇਰ ਸਿੰਘ ਸਰਹਿੰਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੱਚੇ ਕਾਮਿਆਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਲਈ 17 ਜੁਲਾਈ ਨੂੰ ਟਾਈਗਰ ਥੀਏਟਰ, ਸੈਕਟਰ-18 ਚੰਡੀਗੜ੍ਹ ਵਿਖੇ ਸੱਦਿਆ ਹੈ।ਸਤਨਾਮ ਸਿੰਘ ਸੰਗਤੀਵਾਲਾ, ਰਵੀ ਕਾਂਤ ਰੋਪੜ, ਬੱਬੂ ਮਾਨਸਾ, ਕੇਵਲ ਗੜ੍ਹਸ਼ੰਕਰ, ਮਲਕੀਤ ਮੁਕਤਸਰ ਨੇ ਕਿਹਾ ਕਿ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਉਦੋਂ ਤੱਕ ਸੰਘਰਸ਼ ਦੇ ਮੈਦਾਨ ਵਿੱਚ ਖੜੀ ਰਹੇਗੀ ਜਦੋਂ ਤੱਕ ਪੰਜਾਬ ਦੀ ਸੂਚੀ ਵਿੱਚ 10 ਸਾਲ ਦੀ ਸਰਵਿਸ ਕਰਦਾ ਇਕ ਇਕ ਕਾਮਾ ਪੱਕਾ ਨਹੀਂ ਹੋ ਜਾਂਦਾ।

# ਸੰਤ ਬਾਬਾ ਭਾਗ ਸਿੰਘ 'ਵਰਸਿਟੀ ਵਿਖੇ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਾਕ ਫੌਜਾ ਸਿੰਘ ਦੀ ਯਾਦ 'ਚ ਸੋਗ ਸਭਾ

**ਆਦਮਪਰ (ਪਰਮਜੀਤ ਸਿੰਘ)**

ਵਿਸ਼ਵ ਪ੍ਰਸਿੱਧ ਦੌੜਾਕ ਦੀ ਯਾਦ 'ਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ 'ਚ ਸੋਗ ਸਮਾਰੋਹ ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ



ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ), ਮਾਣਯੋਗ ਚਾਂਸਲਰ ਸੰਤ ਬਾਬਾ ਮਨਮੋਹਨ ਸਿੰਘ ਦੀ ਅਤੇ ਉਪ-ਕੁਲਪਤੀ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ 15 ਜੁਲਾਈ ਨੂੰ ਪੰਜਾਬੀ ਸਿੱਖ ਦੌੜਾਕ ਅਤੇ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਾਕ ਫੌਜਾ ਸਿੰਘ ਦੀ ਯਾਦ ਵਿੱਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲੇ, ਜਲੰਧਰ ਵਿਖੇ ਸੋਗ ਸਭਾ ਦਾ ਆਯੋਜਨ ਕੀਤਾ ਗਿਆ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਧਰਮਜੀਤ ਪਰਮਾਰ ਨੇ ਆਪਣੇ ਸ਼ਰਧਾਂਜਲੀ ਭਾਸ਼ਣ ਵਿੱਚ ਆਖਿਆ ਕਿ ਫੌਜਾ ਸਿੰਘ ਸਿਰਫ਼ ਇੱਕ ਦੌੜਾਕ ਨਹੀਂ ਸਗੋਂ ਇਕ ਯੁੱਗ ਪੁਰਸ਼ ਸਨ। ਉਮਰ ਦੇ ਸੌ ਸਾਲ ਪਾਰ ਕਰ ਜਾਣ ਦੇ ਬਾਵਜੂਦ ਉਨ੍ਹਾਂ ਨੇ ਜੋ ਦੌੜਾਂ ਜਿੱਤੀਆਂ ਉਹ ਮਨੁੱਖੀ ਹੌਂਸਲੇ ਦੀ ਮਿਸਾਲ ਹਨ। ਉਹ ਅੱਜ ਦੇ ਨੌਜਵਾਨਾਂ ਲਈ ਜੀਵੰਤ ਪ੍ਰੇਰਣਾ ਹਨ।ਸਭਾ ਦੌਰਾਨ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਵੀ ਕੀਤੀ ਗਈ।ਡਾ.ਅਮਰਜੀਤ ਸਿੰਘ ਨੇ ਕਿਹਾ ਫੌਜਾ ਸਿੰਘ (1911-2025) ਨੇ ਆਪਣੇ ਦੌੜੀਲੇ ਜੀਵਨ ਰਾਹੀਂ ਸਿੱਖ ਭਾਈਚਾਰੇ ਨੂੰ ਸਗੋਂ ਪੂਰੇ ਭਾਰਤ ਨੂੰ ਵਿਸ਼ਵ ਮੰਚ 'ਤੇ ਮਾਣ ਦਿਵਾਇਆ। ਉਨ੍ਹਾਂ ਦੀ ਜ਼ਿੰਦਗੀ, ਸਿੱਖਿਆ, ਨੈਤਿਕਤਾ ਅਤੇ ਫਿਟਨੈੱਸ ਨੂੰ ਲੈ ਕੇ ਹਮੇਸ਼ਾ ਹੀ ਸਿਖਦੇ ਰਹਾਂਗੇ। ਇਸ ਸਮਾਗਮ ਵਿਚ ਰੂਪ ਸਿੰਘ (ਡਿਪਟੀ ਰਜਿਸਟਰਾਰ), ਡਾ. ਵਿਜੇ ਧੀਰ (ਡੀਨ ਅਕਾਦਮਿਕ), ਸਰੀਰਕ ਸਿੱਖਿਆ ਵਿਭਾਗ ਦੇ ਐਚ.ਓ.ਡੀ ਅਤੇ ਸਪੋਰਟਸ ਡਾਇਰੇਟਰ ਡਾ. ਅਮਰਜੀਤ ਸਿੰਘ, ਸੰਤ ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ ਦੇ ਪ੍ਰਿੰ. ਰਣਜੀਤ ਸਿੰਘ, ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ ਨਰਸਿੰਗ ਦੇ ਪ੍ਰਿੰਸੀਪਲ ਤੇ ਵੱਖ-ਵੱਖ ਵਿਭਾਗਾਂ ਦੇ ਡੀਨ, ਮੁਖੀ, ਪ੍ਰੋਫ਼ੈਸਰ ਸਹਿਬਾਨ ਹਾਜ਼ਰ ਸਨ।

# ਪੰਜਾਬ ਪੁਲਸ ਦੀ ਬੱਲੇ-ਬੱਲੇ, 13 ਖਿਡਾਰੀਆਂ ਨੇ ਭਾਰਤ ਦੀ ਝੋਲੀ 'ਚ ਪਾਏ 32 ਸੋਨੇ, 16 ਚਾਂਦੀ ਤੇ 11 ਕਾਂਸੇ ਸਮੇਤ 59 ਤਗਮੇ

**ਜਲੰਧਰ, (ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)**

ਬਰਮਿੰਘਮ, ਯੂ.ਐਸ.ਏ. ਵਿਖੇ 26 ਜੂਨ ਤੋਂ 7 ਜੁਲਾਈ ਤੱਕ ਹੋਈਆਂ ਵਰਲਡ ਪੁਲਸ ਖੇਡਾਂ ਵਿੱਚ ਪੰਜਾਬ ਪੁਲਸ ਦੇ 13 ਖਿਡਾਰੀਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲੈ ਕੇ ਸ਼ਾਨਦਾਨ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਪੁਲਸ ਦੀ ਟੀਮ ਲਈ 32 ਸੋਨੇ, 16 ਚਾਂਦੀ ਅਤੇ 11 ਕਾਂਸੇ ਦੇ ਤਗਮੇ ਕੁੱਲ 59 ਮੈਡਲ ਜਿੱਤ ਕੇ ਪੰਜਾਬ ਪੁਲਸ ਦਾ ਨਾਂਅ ਸਮੂਹ ਦੇਸ਼ ਦੀਆਂ ਪੈਰਾਮਿਲਟਰੀ ਫੋਰਸਜ਼/ਸਟੇਟ ਪੁਲਿਸ/ਯੂ.ਟੀ. ਪੁਲਸ ਵਿੱਚ ਰੌਸ਼ਨ ਕੀਤਾ ਹੈ।ਇਸ ਸਫਲਤਾ ਲਈ ਪੀ.ਏ.ਪੀ. ਹੈੱਡਕੁਆਟਰ ਪਹੁੰਚਣ 'ਤੇ ਐਮ.ਐਫ. ਫਾਰੂਕੀ, ਏ.ਡੀ.ਜੀ.ਪੀ., ਸਟੇਟ ਆਰਮਡ ਪੁਲਿਸ ਜਲੰਧਰ ਅਤੇ ਮੁੱਖ ਅਫਸਰ ਖੇਡਾਂ, ਪੰਜਾਬ ਪੁਲਸ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਜੇਤੂ ਖਿਡਾਰੀਆਂ ਨੂੰ ਸ਼ਾਨਦਾਰ ਉਪਲੱਬਧੀ 'ਤੇ ਵਧਾਈ ਦਿੰਦਿਆ ਕਿਹਾ ਕਿ ਉਨ੍ਹਾਂ ਨੇ ਪੂਰੀ ਦੁਨੀਆ ਵਿੱਚ ਪੰਜਾਬ ਪੁਲਸ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਨੂੰ ਅਜਿਹੇ ਖਿਡਾਰੀਆਂ ਉੱਤੇ ਮਾਣ ਹੈ। ਉਨ੍ਹਾਂ ਖਿਡਾਰੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਹੋਰ ਵੀ ਮੱਲਾਂ ਮਾਰਨ ਲਈ ਉਤਸ਼ਾਹਿਤ ਕੀਤਾ।ਖੇਡ ਸਕੱਤਰ ਪੰਜਾਬ ਪੁਲਸ ਨਵਜੋਤ ਸਿੰਘ ਮਾਹਲ ਨੇ ਜੇਤੂ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਵੀ ਹੋਰ ਮੈਡਲ ਜਿੱਤਣ ਦਾ ਮੁੱਖ ਅਫਸਰ ਖੇਡਾਂ ਨੂੰ ਭਰੋਸਾ ਦਿਵਾਇਆ।ਵਧੇਰੇ ਜਾਣਕਾਰੀ ਦਿੰਦਿਆਂ ਮਾਹਲ ਨੇ ਦੱਸਿਆ ਕਿ ਖੇਡਾਂ ਵਾਸਤੇ ਸਰਬ ਭਾਰਤੀ ਪੁਲਸ ਸਪੋਰਟਸ ਕੰਟਰੋਲ ਬੋਰਡ ਨਵੀਂ ਦਿੱਲੀ ਵਲੋਂ ਪੰਜਾਬ ਪੁਲਸ ਦੇ 7 ਐਥਲੈਟਿਕਸ, 3 ਜੂਡੋ, 1 ਤੀਰ-ਅੰਦਾਜ਼ੀ, 1 ਤੈਰਾਕੀ ਅਤੇ 1 ਆਰਮ ਰੈਸਲਿੰਗ ਸਮੇਤ 13 ਖਿਡਾਰੀ/ਖਿਡਾਰਨਾਂ ਨੇ ਖੇਡਾਂ ਵਿੱਚ ਭਾਗ ਲਿਆ। ਉਨ੍ਹਾਂ ਦੱਸਿਆ ਕਿ ਖਿਡਾਰੀਆਂ ਦਾ ਤਿਆਰੀ ਕੈਂਪ ਐਨ.ਆਈ.ਐਸ ਪਟਿਆਲਾ ਵਿਖੇ ਲਗਾਇਆ ਗਿਆ ਸੀ। ਇਸ ਤੋਂ ਇਲਾਵਾ ਸੈਂਟਰਲ ਸਪੋਰਟਸ, ਪੰਜਾਬ ਪੁਲਸ ਦੇ 9 ਰਾਸ਼ਟਰੀ/ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ/ਖਿਡਾਰਨਾਂ ਨੇ ਐਥਲੈਟਿਕਸ, ਵਾਟਰ ਸਪੋਰਟਸ, ਕੁਸ਼ਤੀ ਅਤੇ ਜੂਡੋ ਖੇਡ ਵਿੱਚ ਭਾਗ ਲੈ ਕੇ 10 ਸੋਨਾ, 2 ਚਾਂਦੀ ਅਤੇ 9 ਕਾਂਸੇ ਦੇ ਮੈਡਲਾਂ ਸਮੇਤ ਕੁੱਲ 21 ਤਗਮੇ ਜਿੱਤੇ ਹਨ।



## ਸਾਵਣ ਅਸ਼ਟਮੀ ਦੇ ਮੇਲੇ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਅੱਜ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**— ਸਾਵਣ ਅਸ਼ਟਮੀ ਮੇਲੇ ਦੀਆਂ ਤਿਆਰੀਆਂ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਵਿਚ ਇਕ ਵਿਸ਼ੇਸ ਮੀਟਿੰਗ 17 ਜੁਲਾਈ ਨੂੰ 11 ਵਜੇ ਉਪ ਮੰਡਲ ਦਫਤਰ ਦੇ ਮੀਟਿੰਗ ਹਾਲ ਵਿਚ ਹੋਵੇਗੀ। ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੇਲਾ ਸਾਵਣ ਅਸ਼ਟਮੀ ਸ੍ਰੀ ਨੈਣਾ ਦੇਵੀ ਜੀ 25 ਜੁਲਾਈ ਤੋਂ 3 ਅਗਸਤ ਤੱਕ ਮਨਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਜ਼ਿਆਦਾਤਰ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਰਾਹੀ ਸ੍ਰੀ ਨੈਣਾ ਦੇਵੀ ਜੀ ਦੇ ਦਰਸ਼ਨਾ ਲਈ ਜਾਂਦੇ ਹਨ ਤੇ ਵਾਪਸੀ 'ਤੇ ਵੀ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਸਹਿਬਾਨ ਦੇ ਦਰਸ਼ਨ ਕਰਦੇ ਹਨ। ਇਸ ਲਈ ਮੇਲੇ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਵੱਖ ਵੱਖ ਵਿਭਾਗਾ ਵਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਇੱਕ ਜ਼ਰੂਰੀ ਮੀਟਿੰਗ 17 ਜੁਲਾਈ ਨੂੰ ਉਪ ਮੰਡਲ ਦਫਤਰ ਦੇ ਮੀਟਿੰਗ ਹਾਲ ਵਿਚ ਸਵੇਰੇ 11 ਵਜੇ ਰੱਖੀ ਗਈ ਹੈ। ਸ਼ਰਧਾਲੂਆਂ ਅਤੇ ਸੰਗਤਾਂ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਇਸ ਮੀਟਿੰਗ ਵਿਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ।

# ਡੀ ਟੀ ਐੱਫ ਨੇ ਲਟਕਦੇ ਵਿਭਾਗੀ ਮਸਲਿਆਂ ਦੇ ਹੱਲ ਲਈ ਤਿੱਖੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ

**ਮੋਗਾ (ਇਕਬਾਲ ਸਿੰਘ ਖਹਿਰਾ)**- ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਦੀ ਸੂਬਾਈ ਮੀਟਿੰਗ ਫ੍ਰੀਡਮ ਫਾਈਟਰ ਹਾਲ ਮੋਗਾ ਵਿਖੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਬਾਰੇ ਜਾਣਕਾਰੀ

**• 5 ਸਤੰਬਰ ਅਧਿਆਪਕ ਦਿਵਸ ਮੌਕੇ ਡੀ ਟੀ ਐੱਫ ਕਰੇਗੀ ਪ੍ਰਦਰਸ਼ਨ**

ਦਿੰਦਿਆਂ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਸਾਰੇ ਦੇ ਸਾਰੇ 5178 ਅਧਿਆਪਕਾਂ ਦੇ ਪ੍ਰੋਬੇਸ਼ਨ ਸਮੇਂ ਦੌਰਾਨ ਪੂਰੀ ਤਨਖ਼ਾਹ ਸਕੇਲ ਅਨੁਸਾਰ ਬਕਾਏ ਦੇਣ ਸਬੰਧੀ ਹੋਏ ਫੈਸਲੇ ਨੂੰ ਲਾਗੂ ਨਾ ਕਰਨ ਖਿਲਾਫ ਅਤੇ 5178 ਭਰਤੀ ਵਿੱਚੋਂ ਹੀ ਆਰਟ ਐਂਡ ਕਰਾਫਟ ਅਧਿਆਪਕਾਂ ਦੇ ਤਨਖ਼ਾਹ ਬਕਾਏ 4400 ਗ੍ਰੇਡ ਅਨੁਸਾਰ ਜਾਰੀ ਕਰਨ ਦੀ ਮੰਗ ਪੂਰੀ ਨਾ ਕਰਨ ਖਿਲਾਫ 16 ਜੁਲਾਈ ਨੂੰ ਜਿਲ੍ਹਾ ਕਮੇਟੀਆਂ ਵੱਲੋਂ ਡਿਪਟੀ ਕਮਿਸ਼ਨਰਾਂ ਰਾਹੀਂ ਮੁੱਖ ਮੰਤਰੀ ਦੇ ਨਾਂ ਰੋਸ ਪੱਤਰ ਭੇਜਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਸਕੇਲ ਬਹਾਲੀ ਫਰੰਟ ਵੱਲੋਂ ਨਵੇਂ ਤਨਖਾਹ ਸਕੇਲ ਰੱਦ ਕਰਕੇ



ਪੰਜਾਬ ਤਨਖਾਹ ਸਕੇਲ ਬਹਾਲ ਕਰਵਾਉਣ ਲਈ 17 ਜੁਲਾਈ ਨੂੰ ਰੋਸ ਦਿਵਸ ਮਨਾਉਣ ਦੇ ਸੱਦੇ ਤਹਿਤ ਡਿਊਟੀ ਦੌਰਾਨ ਕਾਲੇ ਬਿੱਲੇ/ਕਾਲੀਆਂ ਪੱਟੀਆਂ ਲਗਾਉਣ ਦੇ ਫੈਸਲੇ ਨੂੰ ਸਾਰੇ ਜ਼ਿਲ੍ਹਿਆਂ ਵਿੱਚ ਸਾਰੇ ਅਧਿਆਪਕਾਂ ਰਾਹੀਂ ਲਾਗੂ ਕਰਵਾਇਆ ਜਾਵੇਗਾ ਅਤੇ 17-7-2020 ਤੋਂ ਬਾਅਦ ਦੀਆਂ ਸਾਰੀਆਂ ਭਰਤੀਆਂ ਲਈ ਪੁਰਾਣੇ ਨਿਯਮਾਂ ਅਨੁਸਾਰ ਪੰਜਾਬ ਸਕੇਲ ਲਾਗੂ ਕਰਨ ਦਾ ਅਦਾਲਤੀ ਫੈਸਲਾ ਜਰਨਲਾਈਜ਼ ਕਰਕੇ ਲਾਗੂ ਕਰਨ ਦੀ ਮੰਗ ਕੀਤੀ ਜਾਵੇਗੀ। ਆਗੂਆਂ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਲਟਕ ਰਹੀਆਂ ਵਿਭਾਗੀ ਮੰਗਾਂ ਜਿਹਨਾਂ ਵਿੱਚ ਨਰਿੰਦਰ ਭੰਡਾਰੀ ਅਤੇ ਡਾ. ਰਵਿੰਦਰ ਕੰਬੋਜ ਦੇ ਰੈਗੂਲਰ ਦੇ ਆਰਡਰ ਜਾਰੀ ਕਰਵਾਉਣ, ਓਡੀਐਲ ਅਧਿਆਪਕਾਂ ਦੇ ਰੈਗੂਲਰ ਆਰਡਰ ਜਾਰੀ ਕਰਵਾਉਣ, ਕੱਚਕ ਪੀਰੀਅਡ ਦੌਰਾਨ ਕੀਤੀ ਗਈ ਨੌਕਰੀ ਦਾ ਸਮਾਂ ਗਿਣਦੇ ਹੋਏ ਪੁਰਸ਼ ਅਧਿਆਪਕਾਂ ਨੂੰ ਅਚਨਚੇਤ ਛੁੱਟੀਆਂ ਵਿੱਚ ਵਾਧੇ ਦਾ ਲਾਭ ਦੇਣ, 5178 ਅਧਿਆਪਕਾਂ ਦੇ ਬਕਾਏ ਜਾਰੀ ਕਰਵਾਉਣ, 3582 ਮਾਸਟਰ ਕਾਡਰ ਨੂੰ ਟ੍ਰੇਨਿੰਗ ਲੱਗਣ ਦੀ ਮਿਤੀ ਤੋਂ ਸਾਰੇ ਲਾਭ ਦੇਣ ਸਬੰਧੀ 5 ਅਗਸਤ 2025 ਨੂੰ ਇੱਕ ਵੱਡੇ ਮਾਸ ਡੈਪੂਟੇਸ਼ਨ ਦੇ ਰੂਪ ਵਿੱਚ ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) ਨੂੰ ਮਿਲਿਆ ਜਾਵੇਗਾ ਅਤੇ ਅਗਲੇ ਸੰਘਰਸ਼ ਦਾ ਨੋਟਿਸ ਦਿੱਤਾ ਜਾਵੇਗਾ। ਇਹਨਾਂ ਮੰਗਾਂ ਦਾ ਹੱਲ ਨਾ ਹੋਣ ਦੀ ਸੂਰਤ ਵਿੱਚ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਪੰਜਾਬ ਸਰਕਾਰ ਦੇ ਰਾਜ ਪੱਧਰੀ ਸਮਾਗਮ ਦੇ ਸਮਾਂਤਰ ਡੀ.ਟੀ.ਐੱਫ ਵੱਲੋਂ ਸੂਬਾਈ ਐਕਸ਼ਨ ਕੀਤਾ ਜਾਵੇਗਾ। ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਅਤੇ ਜਨਰਲ ਸਕੱਤਰ ਹਰਦੀਪ ਟੋਡਰਪੁਰ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੂਬਾ ਕਨਵੀਨਰ ਅਤਿੰਦਰ ਘੱਗਾ ਤੋਂ ਇਲਾਵਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਸੂਬਾ ਸਕੱਤਰੇਤ ਮੈਂਬਰ ਗੁਰਪਿਆਰ ਸਿੰਘ ਕੋਟਲੀ, ਰਾਜੀਵ ਬਰਨਾਲਾ, ਬੇਅੰਤ ਸਿੰਘ ਫੂੱਲੇਵਾਲ, ਜਗਪਾਲ ਬੰਗੀ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਮੁਕੇਸ਼ ਕੁਮਾਰ, ਪਵਨ ਮੁਕਤਸਰ, ਸੁਖਦੇਵ ਡਾਨਸੀਵਾਲ, ਜਸਵਿੰਦਰ ਔਜਲਾ, ਕੁਲਵਿੰਦਰ ਸਿੰਘ ਜੋਸ਼ਨ, ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਤਿੰਦਰ ਸਿੰਘ ਫਤਿਹਗੜ੍ਹ ਸਾਹਿਬ, ਰਮਨਜੀਤ ਸਿੰਘ ਸੰਧੂ, ਗੁਰਵਿੰਦਰ ਸਿੰਘ ਫਾਜ਼ਿਲਕਾ, ਨਵਪ੍ਰੀਤ ਫਰੀਦਕੋਟ, ਵਿਕਰਮਜੀਤ ਮਾਲੇਰਕੋਟਲਾ, ਸੂਬਾ ਕਮੇਟੀ ਮੈਂਬਰ ਦਲਜੀਤ ਸਫੀਪੁਰ, ਹਰਜਿੰਦਰ ਸੇਮਾ, ਕਰ ਸਿੰਘ ਫੱਗੂ, ਸਰਬਜੀਤ ਸਿੰਘ ਭਾਵੜਾ, ਜੋਗੀਲ ਤਿਵਾੜੀ, ਗੁਰਵਿੰਦਰ ਖਹਿਰਾ, ਜਸਵੀਰ ਸਿੰਘ ਸੰਧੂ, ਸੁਖਦੀਪ ਸਿੰਘ ਤਪਾ, ਜ਼ਿਲ੍ਹਾ ਆਗੂ ਹੰਸਾ ਸਿੰਘ ਮਾਨਸਾ, ਕੁਲਜੀਤ ਡੰਗਰ ਖੇੜਾ, ਗੁਰਪ੍ਰੇਮ ਲੋਕਪ੍ਰੇਮੀ, ਮਨੋਹਰ ਲਾਲ ਨਵਾਂ ਸ਼ਹਿਰ, ਰਾਜਿੰਦਰ ਸਮਾਣਾ, ਇੰਦਰਸੁਖਦੀਪ, ਰਮਨ ਸਿੰਗਲਾ, ਸਤਨਾਮ ਸਿੰਘ ਨਵਾਂ ਸ਼ਹਿਰ, ਮਨਜੀਤ ਲਹਿਰਾ ਆਦਿ ਹਾਜ਼ਰ ਸਨ।

# ਸਿਰਸਾ 'ਚ ਸੇਵਾਮੁਕਤ ਕਰਮਚਾਰੀਆਂ ਵੱਲੋਂ ਰੋਸ ਧਰਨਾ

**ਸਿਰਸਾ (ਸੁਰਿੰਦਰ ਪਾਲ ਸਿੰਘ)**- ਸਿਰਸਾ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਸੂਬਾ ਪ੍ਰਧਾਨ ਮਾ: ਵਜ਼ੀਰ ਸਿੰਘ ਅਤੇ ਸਟੇਟ ਕਮੇਟੀ ਮੈਂਬਰ ਜੋਗਿੰਦਰ ਸਿੰਘ ਦੀ ਅਗਵਾਈ ਹੇਠ ਸੇਵਾਮੁਕਤ ਕਰਮਚਾਰੀ ਸੰਘ ਵੱਲੋਂ ਭਰਵਾਂ ਰੋਸ ਪ੍ਰਦਰਸ਼ਨ ਕਰਨ ਉਪਰੰਤ ਡੀ ਸੀ ਸਿਰਸਾ ਰਾਹੀਂ ਮੁੱਖ ਮੰਤਰੀ ਹਰਿਆਣਾ ਨੂੰ 11 ਸੂਤਰੀ ਮੰਗ ਪੱਤਰ ਦਿੱਤਾ ਗਿਆ। ਸੇਵਾਮੁਕਤ ਕਰਮਚਾਰੀ ਸੰਘ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਪਟਵਾਰੀ ਅਤੇ ਸਕੱਤਰ ਰਵੀ ਕੁਮਾਰ ਅਤੇ ਬਲਾਕ ਪ੍ਰਧਾਨ ਭਗਵਾਨ ਸ਼ਰਮਾ, ਖੁਸ਼ਵੰਤ ਸਿੰਘ ਚੀਮਾ, ਦਲੀਪ ਸਿੰਘ ਕਾਸਨੀਆ, ਦਰਸ਼ਨ ਸਿੰਘ ਬੇਗੂ ਅਤੇ ਮਾ: ਦੇਵੀ ਲਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ 9 ਜੁਲਾਈ ਨੂੰ ਕੀਤੀ ਗਈ ਸਫਲ ਹੜਤਾਲ ਲਈ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਰੋਸ ਰੈਲੀ ਵਿੱਚ ਹਰਿਆਣਾ ਸਰਕਾਰ ਵੱਲੋਂ ਸੇਵਾਮੁਕਤ ਕਰਮਚਾਰੀਆਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦੀ ਸਖ਼ਤ ਨਿੰਦਾ ਕੀਤੀ ਗਈ। ਸਾਰਿਆਂ ਵਲੋਂ ਇਕਜੁਟਤਾ ਨਾਲ ਮੰਗ ਕੀਤੀ ਗਈ ਕਿ ਪੈਨਸ਼ਨਰਾਂ ਨੂੰ ਅੱਠਵਾਂ ਤਨਖਾਹ ਕਮਿਸ਼ਨ ਦਿੱਤਾ ਜਾਵੇ,



ਪੈਨਸ਼ਨ ਵਾਧੇ ਵਿੱਚ ਪੜਾਅਵਾਰ ਵਾਧਾ ਕੀਤਾ ਜਾਵੇ, ਵਿਭਾਗਾਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਅਸਥਾਈ ਕਰਮਚਾਰੀਆਂ ਨੂੰ ਸਥਾਈ ਕੀਤਾ ਜਾਵੇ ਅਤੇ ਖਾਲੀ ਅਸਾਮੀਆਂ 'ਤੇ ਭਰਤੀ ਕੀਤੀ ਜਾਵੇ। 65 ਸਾਲ ਦੀ ਉਮਰ ਵਿੱਚ 10 ਪ੍ਰਤੀਸ਼ਤ 75 ਸਾਲ ਦੀ ਉਮਰ ਵਿੱਚ 20 ਪ੍ਰਤੀਸ਼ਤ ਮੂਲ ਪੈਨਸ਼ਨ ਵਾਧਾ ਦਿੱਤਾ ਜਾਵੇ। ਪੈਨਸ਼ਨ ਭੋਗੀ ਕਰਮਚਾਰੀਆਂ ਦਾ ਪੈਨਲ ਵਾਲੇ ਹਸਪਤਾਲਾਂ ਵਿੱਚ ਮੁਫਤ ਇਲਾਜ ਕੀਤਾ ਜਾਵੇ। ਰੇਲਵੇ ਅਤੇ ਹਵਾਈ ਕਿਰਾਏ ਵਿੱਚ ਛੋਟ ਦਿੱਤੀ ਜਾਵੇ। ਨਿੱਜੀਕਰਨ ਨੀਤੀ ਬੰਦ ਕੀਤੀ ਜਾਵੇ। ਇਸ ਰੋਸ ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਲੋਕ ਚੇਤਨਾ ਕਲਾ ਮੰਚ ਦੇ ਪ੍ਰਧਾਨ ਰਾਜ ਕੁਮਾਰ ਸ਼ੇਖੂਪੁਰੀਆ, ਮੋਹਣ ਸਿੰਘ ਰੰਗਾਵਾ, ਲੈਕਚਰਾਰ ਫੂਲ ਸਿੰਘ ਲੁਹਾਨੀ, ਮਹਿੰਦਰ ਸ਼ਰਮਾ ਪੁਲਸ ਦੇ ਰਿਟਾਇਰ ਕਰਮਚਾਰੀ ਸੰਘ ਪ੍ਰਧਾਨ ਤਰਸੇਮ ਲਾਲ ਸ਼ਰਮਾ, ਭੈਣ ਬਲਬੀਰ ਕੌਰ ਅਤੇ ਪਰਮਜੀਤ ਕੌਰ ਮਦਨ ਲਾਲ ਖੋਥ, ਘਨਸ਼ਿਆਮ ਲਾਲ, ਨਿਰਮਲ ਸਿੰਘ ਦਲੀਪ ਕਾਸਨੀਆ, ਮਹਿੰਦਰ ਪਾਲ ਪੱਖੋ, ਮਾ: ਗੁਰਤੇਜ ਸਿੰਘ ਕਾਲਾਂਵਾਲੀ ਅਤੇ ਕਿਰਪਾ ਸ਼ੰਕਰ ਤ੍ਰਿਪਾਠੀ ਸਮੇਤ ਸਾਰੇ ਕਾਰਕੁਨਾਂ ਵੱਲੋਂ ਵਿਰੋਧ ਪ੍ਰਦਰਸ਼ਨ ਉਪਰੰਤ ਸਿਰਸਾ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ।

# ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵੱਲੋਂ ਚਮੜੀ ਦੇ ਰੋਗਾਂ ਸੰਬੰਧੀ ਮੈਡੀਕਲ ਚੈੱਕਅੱਪ ਕੈਂਪ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**- ਆਪਣਾ ਘਰ ਆਸ਼ਰਮ ਫਰੀਦਕੋਟ ਵਿਖੇ ਰਹਿ ਰਹੇ ਲਾਵਾਰਿਸ, ਬੇਸਹਾਰਾ ਤੇ ਬਿਰਧ ਅਵਸਥਾ ਦੇ ਪ੍ਰਭੂਜਨ ਦੀ ਤੰਦਰੁਸਤੀ ਲਈ ਵੱਖ ਵੱਖ ਬਿਮਾਰੀਆਂ ਦੇ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਸਮੇਂ ਸਮੇਂ 'ਤੇ ਮੈਡੀਕਲ ਜਾਂਚ ਕੈਂਪ ਆਪਣਾ ਘਰ ਇਕਾਈ ਫਰੀਦਕੋਟ ਦੀ ਟੀਮ ਵੱਲੋਂ ਲਗਾਏ ਜਾ ਰਹੇ ਹਨ। ਕੇਵਲ ਕ੍ਰਿਸ਼ਨ ਕਟਾਰੀਆ ਇੰਚਾਰਜ ਮੈਡੀਕਲ ਟੀਮ ਆਪਣਾ ਘਰ ਆਸ਼ਰਮ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸਕਿਨ ਡਿਪਾਰਟਮੈਂਟ ਵੱਲੋਂ ਪ੍ਰਭੂਜਨਾਂ ਨੂੰ ਚੈੱਕਅਪ ਕਰਨ ਉਪਰੰਤ ਲੋੜਵੰਦਾਂ ਲਈ ਦਵਾਈਆਂ ਵੀ ਮੁਫਤ ਵੰਡੀਆਂ ਗਈਆਂ। ਇਨਾਂ ਪ੍ਰਭੂ ਜੀ ਦੀ ਸੇਵਾ ਕਰ ਰਹੇ ਸਾਡੇ ਸੇਵਾ ਸਾਥੀਆਂ ਨੂੰ ਡਾਕਟਰਾਂ ਵੱਲੋਂ ਬਰਸਾਤਾਂ ਦੇ ਦਿਨਾਂ ਵਿੱਚ ਹੋਣ ਵਾਲੀਆਂ ਚਮੜੀ ਦੀਆਂ ਬਿਮਾਰੀਆਂ, ਇਹਨਾਂ ਤੋਂ ਬਚਾਓ ਦੇ ਤਰੀਕੇ ਬਾਰੇ ਜਾਣਕਾਰੀ ਦਿੱਤੀ ਗਈ। ਆਸ਼ਰਮ ਪਰਵਾਰ ਨੇ ਆਏ ਹੋਏ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਕੇਵਲ



ਕ੍ਰਿਸ਼ਨ ਕਟਾਰੀਆ ਇੰਚਾਰਜ ਮੈਡੀਕਲ ਟੀਮ ਆਪਣਾ ਘਰ ਆਸ਼ਰਮ ਨੇ ਦੱਸਿਆ ਕਿ ਇਸ ਮੌਸਮ ਵਿੱਚ ਚਮੜੀ ਦੀਆਂ ਬਿਮਾਰੀਆਂ ਦਾ ਖਤਰਾ ਵਧ ਜਾਂਦਾ ਹੈ, ਸੋ ਇਸ ਦਾ ਬਚਾਅ ਅਤੇ ਇਲਾਜ ਬਹੁਤ ਜ਼ਰੂਰੀ ਬਣ ਜਾਂਦਾ ਹੈ। ਅੰਤ ਵਿੱਚ ਕੇਵਲ ਕ੍ਰਿਸ਼ਨ ਕਟਾਰੀਆ ਨੇ ਮੈਡੀਕਲ ਕਾਲਜ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਕੇਵਲ ਕ੍ਰਿਸ਼ਨ ਕਟਾਰੀਆ ਤੇ ਅਰਵਿੰਦ ਛਾਬੜਾ ਨੇ ਦੱਸਿਆ ਕਿ ਆਸ਼ਰਮ ਵਿੱਚ ਬੇਸਹਾਰਾ ਪਰਵਾਰਾਂ ਤੋਂ ਵਿਛੜੇ ਮਾਨਸਿਕ ਪ੍ਰੇਸ਼ਾਨ, ਬਿਮਾਰ, ਅਪੰਗ, ਲਵਾਰਸ ਵਿਅਕਤੀਆਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ। ਉਹਨਾਂ ਦੱਸਿਆ ਕਿ ਵੱਖ ਵੱਖ ਸ਼ਹਿਰਾਂ ਵਿੱਚੋਂ ਫਰੀਦਕੋਟ ਆਸ਼ਰਮ ਵਿਖੇ ਰੈਸਕਿਊ ਕਰਕੇ ਲਿਆਂਦੇ ਗਏ ਇਹਨਾਂ ਪ੍ਰਭੂਆਂ ਦੀ ਹਰ ਤਰ੍ਹਾਂ ਨਾਲ ਸਾਂਭ ਸੰਭਾਲ ਕੀਤੀ ਜਾਂਦੀ ਹੈ । ਸੇਵਾਦਾਰ ਇਹਨਾਂ ਦੀ ਬਿਮਾਰੀ, ਖਾਣ ਪੀਣ ਅਤੇ ਲੋੜ ਦਾ ਧਿਆਨ ਰੱਖਦੇ ਹਨ। ਉਹਨਾਂ ਕਿਹਾ ਕਿ ਆਪਣਾ ਘਰ ਆਸ਼ਰਮ ਦੇ ਹਰ ਮੈਂਬਰ ਦੀ ਤੰਦਰੁਸਤੀ ਲਈ ਮੈਡੀਕਲ ਕੈਂਪ ਲਗਤਾਰ ਜਾਰੀ ਰਹਿਣਗੇ। ਇਸ ਮੌਕੇ ਵਿਜਿੰਦਰ ਨਾਇਕ, ਨਰੇਸ਼ ਗਰੋਵਰ, ਅਰਬਿੰਦ ਛਾਬੜਾ, ਕਵਿਤਾ ਸ਼ਰਮਾ ਅਤੇ ਕੇਵਲ ਕਿਸ਼ਨ ਕਟਾਰੀਆ ਇੰਚਾਰਜ ਮੈਡੀਕਲ ਟੀਮ ਹਾਜ਼ਰ ਸਨ।

# ਅਕਾਲੀ ਦਲ ਸੁਤੰਤਰ ਵੱਲੋਂ ਥਾਣਾ ਬਖਸ਼ੀਵਾਲਾ ਅੱਗੇ ਭਲਕੇ ਲਗਾਇਆ ਜਾਵੇਗਾ ਰੋਸ ਧਰਨਾ

**ਨਾਭਾ (ਵਰਿੰਦਰ ਵਰਮਾ)**- ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਨੇ ਪ੍ਰੈਸ ਕਾਨਫਰੰਸ ਰਾਹੀਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਦਰਸ਼ਨ ਸਿੰਘ ਪਿੰਡ ਲਚਕਾਣੀ ਦਾ ਪਿਛਲੇ ਸਮੇਂ ਕਤਲ ਕੀਤਾ ਗਿਆ ਸੀ। ਜਿਸ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਇਸ ਕਤਲ ਦੀ ਵਾਰਦਾਤ ਨੂੰ ਐਕਸੀਡੈਂਟ ਵਿੱਚ ਐਫ ਆਈ ਆਰ ਕੱਟ ਦਿੱਤੀ ਗਈ ਸੀ। ਉਹਨਾਂ ਕਿਹਾ ਕਿ ਇਸ ਹਾਦਸੇ ਦੇ ਕਾਰਨ ਮ੍ਰਿਤਕ ਦੇ ਪਰਵਾਰ ਵੱਲੋਂ ਮੇਰੇ ਨਾਲ ਮੁਲਾਕਾਤ ਕੀਤੀ ਗਈ ਅਤੇ ਉਹਨਾਂ ਵੱਲੋਂ ਇਨਸਾਫ ਦਿਵਾਉਣ ਦੀ ਮੰਗ ਕੀਤੀ ਗਈ। ਇਸ ਹਾਦਸੇ ਨੂੰ ਵੇਖਦੇ ਹੋਏ ਅਕਾਲੀ ਦਲ ਸੁਤੰਤਰ ਦੇ ਵਰਕਰਾਂ ਵੱਲੋਂ 18 ਜੁਲਾਈ ਨੂੰ ਲੇਟ ਦਰਸ਼ਨ ਸਿੰਘ ਦੇ ਕਾਤਲਾਂ ਦੀ ਗ੍ਰਿਫਤਾਰੀ ਕਰਾਉਣ ਸਬੰਧੀ ਥਾਣਾ ਬਖਸ਼ੀਵਾਲਾ ਅੱਗੇ ਅਕਾਲੀ ਦਲ ਸਤੰਤਰ ਵੱਲੋਂ 11 ਵਜੇ ਤੋਂ ਰੋਸ ਵਜੋਂ ਧਰਨਾ



ਲਗਾਇਆ ਜਾਵੇਗਾ। ਪਰਮਜੀਤ ਸਿੰਘ ਸਹੌਲੀ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਜਿੰਨੀ ਦੇਰ ਨਿਰਪੱਖ ਜਾਂਚ ਕਰਕੇ ਕਾਤਲਾਂ ਨੂੰ ਗ੍ਰਿਫਤਾਰ ਕਰਕੇ ਜੇਲ ਨਹੀਂ ਭੇਜਿਆ ਜਾਂਦਾ, ਉਦੋਂ ਤੱਕ ਅਕਾਲੀ ਦਲ ਸੁਤੰਤਰ ਲੜਾਈ ਜਾਰੀ ਰੱਖੇਗਾ। ਜਿਸ ਦੀ ਜਿੰਮੇਵਾਰੀ ਪੰਜਾਬ ਪੁਲਸ ਤੇ ਜਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਸਹੌਲੀ ਨੇ ਕਿਹਾ ਕਿ ਮ੍ਰਿਤਕ ਦੇ ਪਰਵਾਰ ਵੱਲੋਂ ਕਿਹਾ ਗਿਆ ਹੈ ਕਿ ਸਾਡੀ ਕਿਤੇ ਵੀ ਸੁਣਵਾਈ ਨਹੀਂ ਹੋ ਰਹੀ, ਅਸੀਂ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋ ਗਏ ਹਾਂ। ਉਨ੍ਹਾਂ ਕਿਹਾ ਕਿ ਪਰਵਾਰ ਵੱਲੋਂ ਕਿਹਾ ਗਿਆ ਹੈ ਕਿ ਕਾਤਲਾ ਵੱਲੋਂ ਸਾਨੂੰ ਧਮਕੀਆਂ ਦਿੱਤੀਆਂ ਜਾਂ ਰਹੀਆਂ ਹਨ, ਜਿਸ ਕਰਕੇ ਸਾਨੂੰ ਮਜਬੂਰਨ ਬਖਸ਼ੀਵਾਲਾ ਥਾਣੇ ਅੱਗੇ ਧਰਨਾ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਆਸ ਹੈ ਕਿ ਸੁੱਤਾ ਪ੍ਰਸ਼ਾਸਨ, ਸੁੱਤੀ ਪੁਲਿਸ ਸੁਣਵਾਈ ਕਰਕੇ ਕਾਤਲਾਂ ਨੂੰ ਫੜ ਕੇ ਸਲਾਖਾਂ ਪਿੱਛੇ ਭੇਜੇਗੀ, ਜਿਸ ਨਾਲ ਸਵ. ਦਰਸ਼ਨ ਸਿੰਘ ਨੂੰ ਇਨਸਾਫ ਮਿਲ ਸਕੇਗਾ।

# ਐੱਮ.ਡੀ. ਪਬਲਿਕ ਹਾਈ ਸਕੂਲ 'ਚ ਲੱਗੀ ਪ੍ਰਦਰਸ਼ਨੀ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਐਮ.ਡੀ ਪਬਲਿਕ ਹਾਈ ਸਕੂਲ ਵਿਖੇ ਲੱਗੀ ਐਗਜੀਬਿਸ਼ਨ ਮੌਕੇ ਮੁੱਖ ਮਹਿਮਾਨ ਸਤਿਕਾਰਯੋਗ ਏ.ਐਸ.ਆਈ ਨਿਰਭੈਰ ਸਿੰਘ, ਏ.ਐਸ.ਆਈ ਦੀਪਕ ਪਾਠਕ, ਪੰਕਜ ਅਰੋੜਾ ਪਹੁੰਚੇ। ਸਕੂਲ ਦੇ ਪ੍ਰਿੰਸਪਲ ਸੁਸ਼ਾਂਕ ਪਾਠਕ, ਸਮੂਹ ਸਟਾਫ ਵੀਰਪਾਲ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ ਤੇ ਬੱਚਿਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਉਨ੍ਹਾਂ ਨੇ ਬੱਚਿਆਂ ਦੁਆਰਾ ਬਣਾਏ ਗਏ ਮਾਡਲ ਤੇ ਪ੍ਰੋਜੈਕਟ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਕਿਹਾ ਕਿ ਅਸੀਂ ਇੱਥੇ ਸਕੂਲ ਦੇ ਪ੍ਰਿੰਸੀਪਲ ਦੇ ਸੱਦੇ 'ਤੇ ਪਹੁੰਚਣ ਦਾ ਮੌਕਾ ਮਿਲਿਆ ਅਤੇ ਕਿਹਾ ਕਿ ਅਸੀਂ ਆਪਣਾ ਵੱਡਾ ਸੁਭਾਗ ਮੰਨਦੇ ਹਾਂ ਕਿ ਸਾਨੂੰ ਬੱਚਿਆਂ ਵੱਲੋਂ ਤਿਆਰ ਮਾਡਲ ਅਤੇ ਪ੍ਰੋਜੈਕਟ ਵੇਖਣ ਅਤੇ ਸੁਣਨ ਦਾ ਮੌਕਾ ਪ੍ਰਾਪਤ ਹੋਇਆ। ਉਨ੍ਹਾਂ ਕਿਹਾ ਕਿ ਸੁਨਾਮ ਸ਼ਹਿਰ ਵਿੱਚ ਐਮ.ਡੀ ਪਬਲਿਕ ਹਾਈ ਸਕੂਲ ਦਾ ਪਹਿਲਾ ਸਕੂਲ ਹੈ, ਜਿੱਥੇ ਪਹੁੰਚ ਕੇ ਸਾਨੂੰ ਵੇਖਣ ਤੇ ਸੁਣਨ ਦਾ ਮੌਕਾ ਮਿਲਿਆ ਅਤੇ ਕਿਹਾ ਅਸੀਂ ਉਮੀਦ ਕਰਦੇ ਹਾਂ, ਜਿਸ ਉਮੀਦ ਨੂੰ ਲਾ ਕੇ ਸਕੂਲ ਦਾ ਸਮੂਹ ਸਟਾਫ



ਮਿਹਨਤ ਕਰ ਰਹੇ ਹਨ ਸਕੂਲ ਦੇ ਬੱਚੇ ਇੰਡੀਆ ਲੈਵਲ 'ਤੇ ਹੀ ਨਹੀਂ, ਸਗੋਂ ਵਿਸ਼ਵ ਲੈਵਲ 'ਤੇ ਸਕੂਲ ਦਾ ਨਾਂਅ ਰੌਸ਼ਨ ਕਰਨ।

# ਲੋਕ ਸੇਵਾ ਸੁਸਾਇਟੀ ਨੇ ਪੰਛੀਆਂ ਲਈ ਦਾਣੇ ਦੇ ਪੈਕਟ ਤੇ ਮਿੱਟੀ ਦੇ ਭਾਂਡੇ ਵੰਡੇ



**ਜਗਰਾਉਂ (ਅਮਿਤ ਖੰਨਾ)**- ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਪੰਛੀਆਂ ਲਈ ਦਾਣੇ ਦੇ ਪੈਕਟ ਅਤੇ ਮਿੱਟੀ ਦੇ ਭਾਂਡੇ ਵਿਤਰਨ ਕੀਤੇ ਗਏ। ਸਥਾਨਕ ਝਾਂਸੀ ਚੌਂਕ ਵਿਖੇ ਸਾਬਕਾ ਪ੍ਰਧਾਨ ਇਕਬਾਲ ਸਿੰਘ ਕਟਾਰੀਆ ਦੀ ਦੁਕਾਨ 'ਤੇ ਪੰਛੀਆਂ ਲਈ ਦਾਣੇ ਦੇ ਪੈਕਟ ਅਤੇ ਪੀਣ ਵਾਸਤੇ ਮਿੱਟੀ ਦੇ ਬਰਤਨ ਲੋਕਾਂ ਨੂੰ ਤਕਸੀਮ ਕਰਦਿਆਂ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਨੇ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਪੰਛੀ ਅਸਮਾਨ ਵਿੱਚ ਚੱਕਰ ਲਗਾਉਂਦੇ ਪੀਣ ਵਾਲੇ ਪਾਣੀ ਨੂੰ ਤਰਸ ਰਹੇ ਹਨ। ਉਹਨਾਂ ਦੱਸਿਆ ਕਿ ਪੰਛੀਆਂ ਲਈ ਪੀਣ ਵਾਸਤੇ ਪਾਣੀ ਦੇ ਬਰਤਨ ਦਾ ਪ੍ਰਬੰਧ ਕਰਨ ਲਈ ਸੁਸਾਇਟੀ ਵੱਲੋਂ ਹਰੇਕ ਸਾਲ ਮਿੱਟੀ ਦੇ ਭਾਂਡੇ ਅਤੇ ਪੰਛੀਆਂ ਲਈ ਦਾਨਿਆਂ ਦੇ ਪੈਕਟਾਂ ਵੰਡਣ ਦੀ ਸੇਵਾ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਸਵ. ਅਮਿਤ ਅਰੋੜਾ ਦੀ ਯਾਦ ਵਿੱਚ ਸੁਸਾਇਟੀ ਵੱਲੋਂ 200 ਦੇ ਕਰੀਬ ਦਾਣੇ ਦੇ ਪੈਕਟ ਅਤੇ 200 ਦੇ ਕਰੀਬ ਮਿੱਟੀ ਦੇ ਬਰਤਨ ਲੋਕਾਂ ਨੂੰ ਤਕਸੀਮ ਕੀਤੇ ਗਏ ਤਾਂ ਕਿ ਲੋਕ ਆਪਣੇ ਘਰਾਂ ਦੀਆਂ ਛੱਤਾਂ 'ਤੇ ਪੰਛੀਆਂ ਲਈ ਪਾਣੀ ਅਤੇ ਦਾਣੇ ਦਾ ਪ੍ਰਬੰਧ ਕਰ ਸਕਣ। ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਕੰਵਲ ਕੱਕੜ, ਇਕਬਾਲ ਸਿੰਘ ਕਟਾਰੀਆ, ਜਗਦੀਪ ਸਿੰਘ, ਡਾਕਟਰ ਭਾਰਤ ਭੂਸ਼ਨ ਬਾਂਸਲ, ਆਰ ਕੇ ਗੋਇਲ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਅਨਿਲ ਮਲਹੋਤਰਾ ਆਦਿ ਸੁਸਾਇਟੀ ਮੈਂਬਰ ਹਾਜ਼ਰ ਸਨ।

# ਘੱਗਰ ਤੇ ਟਾਂਗਰੀ ਨਦੀ ਦੇ ਕਿਨਾਰੇ ਮਜ਼ਬੂਤ ਕਰਨ ਲਈ 20 ਕਰੋੜ ਜਾਰੀ : ਬਲਜੀਤ ਸਿੰਘ

**ਦੇਵੀਗੜ੍ਹ /ਪਟਿਆਲਾ (ਰਾਜਿੰਦਰ ਸਿੰਘ ਬਿੰਦ)**- ਹਲਕਾ ਸਨੌਰ ਅਧੀਨ ਪੈਂਦੀਆਂ ਨਦੀਆਂ, ਨਾਲਿਆਂ ਅਤੇ ਘੱਗਰ ਦਰਿਆ ਦੇ ਕਿਨਾਰਿਆਂ ਨੂੰ ਮਜ਼ਬੂਤ ਕਰਨ, ਖੁਦਾਈ ਤੇ ਸਫ਼ਾਈ ਕਰਨ ਲਈ ਲਗਪਗ 20 ਕਰੋੜ ਰੁਪਏ ਪਾਸ ਹੋ ਗਏ ਹਨ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਰਾਜਸੀ ਸਕੱਤਰ ਬਲਜੀਤ ਸਿੰਘ ਨੇ ਦੱਸਿਆ ਕਿ ਕਸਬਾ ਦੇਵੀਗੜ੍ਹ ਤੋਂ ਚੜ੍ਹਦੇ ਵੱਲ ਪੈਂਦੀ ਟਾਂਗਰੀ ਨਦੀ ਜਿਸ ਵਿੱਚ ਹੜ੍ਹਾਂ ਦੌਰਾਨ ਬਹੁਤ ਜ਼ਿਆਦਾ ਪਾਣੀ ਆਉਂਦਾ ਹੈ ਅਤੇ ਕਈ ਵਾਰ ਹੜ੍ਹ ਆਉਣ ਨਾਲ ਕਾਫੀ ਮਾਲੀ ਨੁਕਸਾਨ ਹੋ ਜਾਂਦਾ ਹੈ। ਇਸ ਲਈ ਟਾਂਗਰੀ ਨਦੀ ਦੀ ਲਗਪਗ 20 ਕਿਲੋਮੀਟਰ ਤੱਕ ਖੁਦਾਈ 16 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਈ ਜਾਵੇਗੀ ਤੇ ਇਹ ਕੰਮ ਬਰਸਾਤਾਂ ਤੋਂ ਬਾਅਦ ਸ਼ੁਰੂ ਹੋਵੇਗਾ ਤੇ 31 ਮਾਰਚ 2026 ਤੱਕ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਟਾਂਗਰੀ ਨਦੀ ਅਧੀਨ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਆ ਰਹੀ ਹੈ, ਉਨ੍ਹਾਂ ਨੂੰ ਉਸ ਦੀ ਕੀਮਤ ਅਦਾ ਕੀਤੀ ਜਾਵੇਗੀ। ਉਹਨਾ



ਅੱਗੇ ਦੱਸਿਆ ਕਿ 4 ਕਰੋੜ ਦੀ ਲਾਗਤ ਨਾਲ ਘੱਗਰ ਦਰਿਆ ਵਿੱਚ ਪਿੰਡ ਹਡਾਣਾ ਅਤੇ ਮਾੜੂ ਨੇੜੇ ਪੱਥਰ ਲਗਾ ਕੇ ਕਿਨਾਰਿਆਂ ਨੂੰ ਮਜ਼ਬੂਤ ਕੀਤਾ ਜਾਵੇਗਾ। ਪਿੰਡ ਬੁੱਧਮੋਰ ਨੇੜੇ ਛੋਟੀ ਟਾਂਗਰੀ ਦੀ ਖੁਦਾਈ ਲਈ 50 ਲੱਖ ਰੁਪਏ ਖਰਚ ਕੇ ਇਸ ਨੂੰ ਚੌੜਾ ਤੇ ਡੂੰਘਾ ਕੀਤਾ ਜਾਵੇਗਾ। ਇਸ ਇਲਾਕੇ ਦਾ ਸਭ ਤੋਂ ਲੰਬਾ ਮੀਰਾਂਪੁਰ ਚੋਅ ਦੇ ਬੰਨ੍ਹਾਂ ਦੀ ਮੁਰੰਮਤ ਨਰੇਗਾ ਸਕੀਮ ਰਾਹੀਂ ਕਰਵਾਈ ਜਾਵੇਗੀ ਜੋ ਕਿ 31 ਜੁਲਾਈ ਤੱਕ ਮੁਕੰਮਲ ਕਰ ਲਈ ਜਾਵੇਗੀ। ਇਸ ਤੋਂ ਇਲਾਵਾ ਪਿੰਡ ਬੀਬੀਪੁਰ ਦੇ ਰਿੰਗ ਬੰਨ੍ਹ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ। ਟਾਂਗਰੀ ਨਦੀ ਅਤੇ ਘੱਗਰ ਦਰਿਆ ਹੜ੍ਹਾਂ ਨਾਲ ਹਰ ਸਾਲ ਕਿਸਾਨਾਂ ਦੀ ਸੈਕੜੇ ਏਕੜ ਫ਼ਸਲ ਤਬਾਹ ਦਿੰਦੇ ਹਨ।

# ਪਾਵਰਕਾਮ ਦੀ ਧੱਕੇਸ਼ਾਹੀ ਖਿਲਾਫ ਡਸਕਾ ਵਾਸੀਆਂ ਨੇ ਸੰਘਰਸ਼ ਕਰਨ ਦਾ ਕੀਤਾ ਐਲਾਨ

**ਦਿੜ੍ਹਬਾ (ਜਸਵੀਰ ਲਾਡੀ)**- ਪਾਵਰਕਾਮ ਮਹਿਕਮਾ ਲਹਿਰਾਗਾਗਾ ਦੀ ਧੱਕੇਸ਼ਾਹੀ ਖਿਲਾਫ ਕਿਸਾਨ ਪਿੰਡ ਡਸਕਾ ਵਾਸੀਆਂ ਨੇ ਕਿਸਾਨ ਜਥੇਬੰਦੀਆਂ ਦੇ ਝੰਡੇ ਹੇਠ ਸੰਘਰਸ਼ ਕਰਨ ਦਾ ਐਲਾਨ ਕੀਤਾ। ਪਿੰਡ ਡਸਕਾ ਦੀਆਂ ਕਿਸਾਨ ਜਥੇਬੰਦੀਆਂ ਨੇ ਦੱਸਿਆ ਕਿ ਪਿੰਡ ਡਸਕਾ ਦੇ ਜੀਤਾ ਸਿੰਘ ਪੰਜਾਬ ਕਿਸਾਨ ਸੈਲ ਕਾਂਗਰਸ ਕਾਰਜ਼ਕਾਰੀ ਕਮੇਟੀ ਦੇ ਮੈਂਬਰ ਅਤੇ ਬੀਬੀ ਰਜਿੰਦਰ ਕੌਰ ਭੱਠਲ ਦੇ ਸਪੁੱਤਰ ਰਾਹੁਲਇੰਦਰ ਸਿੱਧੂ ਭੱਠਲ ਦੇ ਮੀਡੀਆ ਸਲਾਹਕਾਰ ਨੂੰ ਬਿਨਾਂ ਦੱਸੇ ਚਲਦਾ ਮੀਟਰ ਬਦਲਣ ਦੀ ਕੋਸ਼ਿਸ਼ ਕੀਤੀ ਅਤੇ ਐਸ.ਡੀ.ਓ ਸਮੇਤ ਹੋਰ ਵੀ ਮੁਲਾਜ਼ਮਾਂ ਨੇ ਜੀਤਾ ਸਿੰਘ ਨਾਲ ਗਲਤ ਵਿਹਾਰ ਕੀਤਾ ਅਤੇ ਝੂਠੇ ਪਰਚੇ ਦਾ ਡਰਾਵਾ ਦੇ ਕੇ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ।ਇਸ ਸਬੰਧੀ ਗੁਰਦੁਆਰਾ ਚੜ੍ਹਦੀ ਪੱਤੀ ਵਿੱਚ ਅਨਾਊਂਸਮੈਂਟ ਹੋਣ ਨਾਲ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਇਕਾਈ ਪ੍ਰਧਾਨ ਚਰਨਜੀਤ ਸਿੰਘ ਅਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਇਕਾਈ ਪ੍ਰਧਾਨ ਅਮਰੀਕ ਸਿੰਘ ਮੱਲੀ, ਅਤੇ ਮਹਿੰਦਰ ਸਿੰਘ, ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੇ ਪ੍ਰਧਾਨ ਜਰਨੈਲ ਸਿੰਘ ਅਤੇ ਸਾਬਕਾ ਸਵਰਨ ਸਿੰਘ ਸਰਪੰਚ, ਬਿੱਕਾ ਸਿੰਘ ਨੇ ਪਹੁੰਚ ਕੇ ਗੁਰਦੁਆਰਾ ਵਿਖੇ ਲਿਜਾ ਕੇ ਕੀਤੀ ਗਾਲੀ ਗਲੋਚ ਸਬੰਧੀ ਹੋਏ ਇਕੱਠ ਦੌਰਾਨ ਦੱਸਿਆ ਕਿ ਬਿਜਲੀ ਮਹਿਕਮੇ ਦਾ ਐਸ.ਡੀ.ਓ ਜਗਦੀਪ ਸਿੰਘ ਲਹਿਰਾ ਅਤੇ ਅਧਿਕਾਰੀ ਬਿਨਾਂ ਪੁੱਛੇ ਦੱਸੇ ਤੋਂ ਠੀਕ ਠਾਕ ਚੱਲ ਰਹੇ ਮੀਟਰ ਨੂੰ ਪੁੱਟ ਕੇ ਉਹਨਾਂ ਦੀ ਜਗ੍ਹਾ ਨਵੇਂ ਚਿੱਪ ਵਾਲੇ ਮੀਟਰ ਲਾ ਰਹੇ ਹਨ। ਜੋ ਕਿ ਇਹ ਸਰਾਸਰ



ਖਪਤਕਾਰਾਂ ਨਾਲ ਧੱਕਾ ਹੈ ਅਤੇ ਬਿਜਲੀ ਮਹਿਕਮਾ ਪਿੰਡ ਵਿੱਚ ਨਜਾਇਜ਼ ਤੌਰ ਤੇ ਛਾਪੇਮਾਰੀ ਕਰਕੇ ਲੋਕਾਂ ਨੂੰ ਤੰਗ ਪਰੇਸ਼ਾਨ ਕਰ ਰਿਹਾ ਹੈ। ਇਸ ਸਬੰਧੀ ਰਾਹੁਲਇੰਦਰ ਸਿੰਘ ਸਿੱਧੂ ਭੱਠਲ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਕਿਸਾਨ ਸੈਲ ਨੈਸ਼ਨਲ ਕੋਆਰਡੀਨੇਟਰ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਖਪਤਕਾਰਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਢੌਂਗ ਕਰ ਰਹੀ ਹੈ, ਦੂਜੇ ਪਾਸੇ ਚਲਦੇ ਮੀਟਰ ਪੁੱਟ ਕੇ ਚਿਪ ਵਾਲੇ ਮੀਟਰ ਲਾਉਣ ਦੀ ਚਾਲ ਚੱਲ ਰਹੀ ਹੈ। ਜਿਸ ਨਾਲ ਖਪਤਕਾਰਾਂ ਨੂੰ ਤਿੱਗਣਾ ਬਿੱਲ ਆਉਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਿੱਧੂ ਨੇ ਲਹਿਰਾ ਦੇ ਪਾਵਰਕਾਮ ਅਧਿਕਾਰੀਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਚਲਦੇ ਮੀਟਰ ਬਦਲਣ ਅਤੇ ਚਿਪ ਵਾਲੇ ਮੀਟਰ ਲਾਉਣ ਤੋਂ ਬਾਜ ਆ ਜਾਣ, ਨਹੀਂ ਫਿਰ ਕਿਸਾਨਾਂ ਅਤੇ ਸਾਡੇ ਵਰਕਰਾਂ ਵੱਲੋਂ ਦਫਤਰ ਦਾ ਘਿਰਾਓ ਕੀਤਾ ਜਾਵੇਗਾ। ਬਾਬਾ ਘੁਮੰਡ ਸਿੰਘ ਉਗਰਾਹਾਂ ਮਜ਼ਦੂਰ ਮੁਕਤੀ ਮੋਰਚਾ ਸੂਬਾ ਕਮੇਟੀ ਮੈਂਬਰ ਨੇ ਕਿਹਾ ਕਿ ਜਥੇਬੰਦੀ ਕਦੇ ਵੀ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਧੱਕਾ ਨਹੀਂ ਹੋਣ ਦੇਵੇਗੀ। ਇਸ ਮੌਕੇ ਮੱਖਣ ਸਿੰਘ ਪਾਪੜਾ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਬਲਾਕ ਪ੍ਰਧਾਨ ਲਹਿਰਾ ਪਰਮਜੀਤ ਕੌਰ ਪਿਸ਼ੌਰ ਬਲਾਕ ਆਗੂ, ਕਰਨੈਲ ਕੌਰ ਹਰਿਆਊ ਇਕਾਈ ਪ੍ਰਧਾਨ, ਨੀਲਾ ਸਿੰਘ ਬਲਾਕ ਆਗੂ, ਸਾਬਕਾ ਸਰਪੰਚ ਸਵਰਨ ਸਿੰਘ, ਕਾਲਾ ਸਿੰਘ, ਬਿੱਕਾ ਸਿੰਘ, ਦੇਵ ਸਿੰਘ ਪੰਚ, ਗੇਜਾ ਸਿੰਘ, ਲਾਭ ਸਿੰਘ, ਗੁਰਮੀਤ ਸਿੰਘ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਮੀਤ ਪ੍ਰਧਾਨ, ਨਛੱਤਰ ਸਿੰਘ ਫਲੇੜਾ, ਗੇਜਾ ਸਿੰਘ, ਰਾਮ ਸਿੰਘ ਸੈਕਟਰੀ ਗਦੜਿਆਣੀ, ਦਰਸ਼ਨ ਸਿੰਘ ਇਕਾਈ ਪ੍ਰਧਾਨ, ਨੀਲਾ ਸਿੰਘ ਬਲਾਕ ਆਗੂ,ਬਲਜੀਤ ਸਿੰਘ ਗੋਬਿੰਦਗੜ੍ਹ, ਬਿੱਟੂ ਸਿੰਘ ਸਾਬਕਾ ਸਰਪੰਚ, ਕਾਕਾ ਸਿੰਘ, ਗੁਰਮੀਤ ਸਿੰਘ ਗਰਾਇਆ, ਗੋਨੀ ਸਿੰਘ ਵਿਰਕ, ਜਰਨੈਲ ਸਿੰਘ ਵਰਨਾ ਵਾਲਾ, ਬਲਿਹਾਰ ਸਿੰਘ ਆਦਿ ਹਾਜ਼ਰ ਸਨ।

# ਵਾਲਮੀਕ ਤੇ ਮਜ਼ਬੀ ਸਿੱਖ ਸਮਾਜ ਦੇ ਧਾਰਮਿਕ ਅਸਥਾਨਾਂ ਨੂੰ ਢਾਹੁਣ ਦੇ ਮਨਸੂਬੇ ਕਦੇ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ : ਗੇਜਾ ਰਾਮ, ਚਿੰਡਾਲੀਆ, ਧੀਰ

**ਮੋਗਾ (ਇਕਬਾਲ ਸਿੰਘ ਖਹਿਰਾ)** ਵਾਲਮੀਕ ਅਤੇ ਮਜ਼ਬੀ ਸਿੱਖ ਕੌਮ ਦਾ ਇੱਕ ਬਹੁਤ ਭਾਰੀ ਇੱਕਠ ਕਰਕੇ ਬਾਘਾਪੁਰਾਣਾ ਨਿਵਾਸੀਆਂ ਵੱਲੋਂ ਅੱਜ ਗੇਜਾ ਰਾਮ ਅਸਥਾਨ ਅਤੇ ਵਾਲਮੀਕ ਮੰਦਰ ਨੂੰ ਢਹਾਉਣ ਦੇ ਜੋ ਮਨਸੂਬੇ ਸਰਕਾਰ ਵੱਲੋਂ ਬਣਾਏ ਗਏ ਸੀ ਉਹਨਾਂ ਨੂੰ ਅੱਜ ਡਿਪਟੀ ਕਮਿਸ਼ਨਰ ਮੋਗਾ ਨੂੰ ਵਿਸਤਾਰ ਨਾਲ ਜੋ ਕਿ ਮੋਗਾ ਰੋਡ, ਸਾਈਡ ਮੰਹਤਾਂ ਵਾਲੀ ਗਲੀ ਵਿੱਚ ਤਕਰੀਬਨ 50 ਸਾਲ ਤੋਂ ਬਣੇ ਹੋਏ ਹਨ ਜੇਕਰ ਸਰਕਾਰ ਨੇ ਰੋਕਣਾ ਸੀ ਤਾਂ ਉਦੋਂ ਹੀ ਬਣਾਉਣ ਤੋਂ ਪਹਿਲਾਂ ਹੀ ਰੋਕਣਾ



ਚਾਹੀਦਾ ਸੀ। ਇਹ ਜਗ੍ਹਾ ਨਾਲ ਲੱਗਦੀ ਛੱਪੜ ਦੀ ਸੀ।ਉਸ 20--25 ਫੁੱਟ ਡੂੰਘੇ ਛੱਪੜ ਨੂੰ ਭਰ ਕੇ ਇਹ ਧਾਰਮਿਕ ਅਸਥਾਨ ਬਣਾਏ ਗਏ ਸੀ। ਜੋ ਮਨਸੂਬੇ ਸਰਕਾਰ ਨੇ ਇਹਨਾਂ ਜਗ੍ਹਾਵਾਂ ਨੂੰ ਤੋੜਨ ਦੀ ਕੋਸ਼ਿਸ ਕੀਤੀ ਤਾਂ ਇਸ ਪੰਜਾਬ ਸਰਕਾਰ ਦੇ ਮਨਸੂਬੇ ਕਦੇ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ। ਇਸ ਮੌਕੇ ਤੇ ਬਾਘਾਪੁਰਾਣਾ ਦੇ ਪ੍ਰਧਾਨ ਮੂਰਤੀ ਰਾਮ, ਵਾਲਮੀਕਤ ਸਭਾ ਮਤਾਦੀਨ ਪ੍ਰਧਾਨ, ਸਫਾਈ ਕਰਮਚਾਰੀ ਬਾਘਾਪੁਰਾਣਾ, ਰਣਜੀਤ, ਪੱਪੂ, ਬਲਰਾਜ, ਸੋਬਰਾਜ, ਰਮੇਸ਼, ਬੁੱਧੂ, ਮੈਂਬਰ ਪ੍ਰਿਥੀ ਸਿੰਘ, ਜਸਵੀਰ ਸਿੰਘ ਜੱਗਾ, ਬਿੱਕਰ ਸਿੰਘ, ਰੋਸ਼ਮ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਵਾਲਮੀਕ ਅਤੇ ਮਜ਼ਬੀ ਸਿੱਖਾਂ ਦੇ ਆਗੂਆਂ ਨੇ ਭਾਗ ਲਿਆ। ਐਸ.ਸੀ. ਕਮਿਸ਼ਨਰ ਚੇਅਰਮੇਨ ਅਤੇ ਵਿਜੈ ਧੀਰ ਐਡਵੋਕੇਟ, ਉੱਘੇ ਆਗੂ, ਮੁਲਾਜ਼ਮ ਮਜ਼ਦੂਰ ਮਾਲਵਾ ਜ਼ੋਨ ਅਤੇ ਭਾਰਤੀਏ ਵਾਲਮੀਕ ਸਭਾ ਪੰਜਾਬ ਦੇ ਪ੍ਰਧਾਨ ਕਰਮਚੰਦ ਚਿੰਡਾਲੀਆ ਨੇ ਇਸ ਇੱਕਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਦੇ ਵੀ ਇਹ ਕੌਮਾਂ ਬਾਬਾ ਜੀਵਨ ਸਿੰਘ ਦੇ ਪਵਿੱਤਰ ਦੱਸਿਆ ਗਿਆ ਅਤੇ ਉਹਨਾਂ ਨੇ ਵਿਸ਼ਵਾਸ ਦਿਵਾਇਆ ਕਿ ਇਹਨਾਂ ਧਾਰਮਿਕ ਅਸਥਾਨਾਂ ਨੂੰ ਕਿਸੇ ਕਿਸਮ ਦੀ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਚਿੰਡਾਲੀਆ ਨੇ ਵਿਸਤਾਰ ਨਾਲ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਬਾਬਾ ਜੀਵਨ ਸਿੰਘ ਦਾ ਗੁਰਦੁਆਰਾ ਸਾਹਿਬ ਅਤੇ ਵਾਲਮੀਕ ਮੰਦਰ

# ਇੰਪਰੂਵਮੈਂਟ ਟਰਸੱਟ ਦੇ ਚੇਅਰਮੈਨ ਸ਼ਰਮਾ ਨੇ ਕੋਤਵਾਲੀ ਥਾਣਾ ਮੁਖੀ ਚੀਮਾ ਨੂੰ ਕੀਤਾ ਸਨਮਾਨਤ

**ਨਾਭਾ (ਵਰਿੰਦਰ ਵਰਮਾ)**- ਇੰਪਰੂਵਮੈਂਟ ਟਰਸੱਟ ਚੇਅਰਮੈਨ ਸੁਰਿੰਦਰਪਾਲ ਸ਼ਰਮਾ ਨੇ ਨਾਭਾ ਦੇ ਥਾਣਾ ਕੋਤਵਾਲੀ ਮੁਖੀ ਇੰਸਪੈਕਟਰ ਸਰਬਜੀਤ ਸਿੰਘ ਚੀਮਾ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ



ਸਨਮਾਨਤ ਕੀਤਾ। ਇਸ ਮੌਕੇ ਚੇਅਰਮੈਨ ਸੁਰਿੰਦਰਪਾਲ ਸ਼ਰਮਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁਲਾਕਾਤ ਦੌਰਾਨ ਸ਼ਹਿਰ ਵਿੱਚ ਹੋ ਰਹੀਆਂ ਘਟਨਾਵਾਂ ਨੂੰ ਲੈ ਕੇ ਕਈ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਉਹਨਾਂ ਕਿਹਾ ਕਿ ਇੰਸਪੈਕਟਰ ਸਰਬਜੀਤ ਸਿੰਘ ਚੀਮਾ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਸ਼ਹਿਰ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਜੋ ਨਸ਼ੇ ਦੇ ਕਾਰੋਬਾਰ ਕਰਦੇ ਹਨ ਉਹਨਾਂ ਕਾਰੋਬਾਰੀਆਂ ਨੂੰ ਸਲਾਖਾਂ ਵਿਖੇ ਪਹੁੰਚਾਇਆ ਜਾਵੇਗਾ। ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ੇ ਛੱਡਣ ਲਈ ਮੁਹਿੰਮ ਚਲਾ ਕੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਸੁਰਿੰਦਰਪਾਲ ਸ਼ਰਮਾ ਅਤੇ ਥਾਣਾ ਕੋਤਵਾਲੀ ਮੁਖੀ ਸਰਬਜੀਤ ਸਿੰਘ ਚੀਮਾ ਨੇ ਵਾਤਾਵਰਨ ਦੀ ਸ਼ੁੱਧਤਾ ਲਈ ਹਵਾਦਾਰ ਅਤੇ ਫਲਦਾਰ ਬੂਟੇ ਲਗਾ ਕੇ ਲੋਕਾਂ ਨੂੰ ਪ੍ਰੇਰਿਤ ਕੀਤਾ। ਉਹਨਾਂ ਸਾਂਝੇ ਤੌਰ ਤੇ ਕਿਹਾ ਕਿ ਹਰ ਇਨਸਾਨ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਬੂਟੇ ਜ਼ਰੂਰ ਲਗਾਉਣੇ ਚਾਹੀਦੇ ਹਨ । ਉਹਨਾਂ ਕਿਹਾ ਕਿ ਫਲਦਾਰ ਅਤੇ ਛਾਂਦਾਰ ਪੌਦੇ ਲਗਾ ਕੇ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ ਇਸ ਲਹਿਰ ਵਿਚ ਹਰ ਨਾਗਰਿਕ ਨੂੰ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ ਇਸ ਮੌਕੇ ਥਾਣਾ ਕੋਤਵਾਲੀ ਦੇ ਮੁਲਾਜ਼ਮ ਹਾਜ਼ਰ ਸਨ।

# ਮਾਹੋਆਣਾ ਨਰਸਰੀ 'ਚ ਕੰਮ ਕਰਦੀਆਂ ਔਰਤਾਂ 'ਤੇ ਦਰੱਖਤ ਡਿੱਗਿਆ

**ਮਾਲੇਰਕੋਟਲਾ (ਅਸਗਰ ਪਰਿਹਾਰ)** ਪਿੰਡ ਮਾਹੋਰਾਣਾ ਨਰਸਰੀ ਵਿਖੇ ਨਰੇਗਾ ਦਾ ਕੰਮ ਕਰਦੇ ਸਮੇਂ ਤੇਜ਼ ਹਨੇਰੀ ਤੇ ਮੀਂਹ ਆਉਣ 'ਤੇ ਕੰਮ ਕਰਦੀਆਂ ਔਰਤਾਂ ਮੀਂਹ ਤੋਂ ਬਚਣ ਲਈ ਨਰਸਰੀ ਵਿੱਚ ਬਣੇ ਸ਼ੈੱਡ ਵੱਲ ਜਾ ਰਹੀਆਂ ਸਨ ਤਾਂ ਸੱਜੇ ਪਾਸੇ ਤੋਂ ਇੱਕ ਪਾਪੂਲਰ ਦਾ ਬਹੁਤ ਵੱਡਾ ਦਰੱਖ਼ਤ ਉਨ੍ਹਾਂ ਦੇ ਉਪਰ ਡਿੱਗ ਪਿਆ, ਜਿਸਦੇ ਥੱਲੇ ਤਿੰਨ ਮਜ਼ਦੂਰ ਬੀਬੀਆਂ ਦਰੱਖ਼ਤ ਦੇ ਥੱਲੇ ਆ ਗਈਆਂ, ਜਿਨ੍ਹਾਂ ਨੂੰ ਪਟਿਆਲਾ ਹਸਪਤਾਲ ਲਿਜਾਂਦੇ ਸਮੇਂ ਵਿਧਵਾਂ ਬੀਬੀ ਗੁਰਮੇਲ ਕੌਰ ਦੀ ਮੌਤ ਹੋ ਗਈ, ਜੋ ਬਹੁਤ ਹੀ ਗਰੀਬ ਪਰਵਾਰ ਵਿੱਚੋਂ ਸੀ।ਉਸ ਗ਼ਰੀਬ ਪਰਵਾਰ ਨਾਲ ਦੁੱਖ ਵਿੱਚ ਅਫਸੋਸ ਪ੍ਰਗਟ ਕਰਨ ਲਈ ਕਾਮਰੇਡ ਭਰਪੂਰ ਸਿੰਘ ਬੁੱਲਾਪੁਰ ਸਕੱਤਰ, ਸੀ.ਪੀ.ਆਈ ਜ਼ਿਲ੍ਹਾ ਮਾਲੇਰਕੋਟਲਾ, ਕਾਮਰੇਡ ਪ੍ਰੀਤਮ ਸਿੰਘ ਨਿਆਮਤਪੁਰ ਸੂਬਾ ਪ੍ਰਧਾਨ, ਪੰਜਾਬ ਖੇਤ ਮਜ਼ਦੂਰ ਸਭਾ ਪੰਜਾਬ, ਸੂਬਾ ਕਮੇਟੀ ਮੈਂਬਰ ਸਾਥੀ ਪਰਮਜੀਤ ਸਿੰਘ ਲਾਂਗੜੀਆਂ ਤੇ ਸਾਥੀ ਹਰਦੀਪ ਸਿੰਘ ਲਾਗੜੀਆਂ, ਮੁਲਾਜ਼ਮ ਆਗੂ ਰਣਜੀਤ ਸਿੰਘ ਰਾਣਵਾਂ ਆਦਿ ਵੱਲੋਂ ਮ੍ਰਿਤਕ ਬੀਬੀ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਮ੍ਰਿਤਕ ਦੇ ਪਰਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।ਐਸ ਡੀ ਐਮ ਵੱਲੋਂ ਦੋ ਲੱਖ ਮੁਆਵਜ਼ੇ ਰੂਪ ਦੇਣ ਦੇ ਐਲਾਨ ਨੂੰ ਲਾਗੂ ਕੀਤਾ ਜਾਵੇ।ਆਗੂਆਂ ਨੇ ਬੀ ਡੀ ਪੀ ਓ ਸਾਹਿਬ ਅਮਰਗੜ੍ਹ ਤੋਂ ਵੀ ਮੰਗ ਕੀਤੀ ਕਿ ਕੰਮ ਕਰਦੇਂ ਸਮੇਂ ਹੋਈ ਦੁਰਘਟਨਾ ਨਾਲ ਹੋਈ ਮੌਤ 'ਤੇ ਮਨਰੇਗਾ ਐਕਟ ਤਹਿਤ ਬਣਦਾ ਮੁਆਵਜ਼ਾ ਦਿੱਤਾ ਜਾਵੇ। ਇਸ ਵਿੱਚ ਕੋਈ ਵੀ ਢਿੱਲ ਨਾ ਕੀਤੀ ਜਾਵੇ। ਮ੍ਰਿਤਕ ਗ਼ਰੀਬ ਬੀਬੀ ਦੇ ਪਰਵਾਰ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ, ਕਿਉਂਕਿ ਸਰਕਾਰਾਂ ਵੀ ਮ੍ਰਿਤਕਾਂ ਦੀ ਕੈਟਾਗਰੀ ਦੇਖ ਕੇ ਮੁਆਵਜ਼ਾ ਤੈਅ ਕਰਦੀਆਂ ਹਨ, ਕਿਉਂਕਿ ਜੋ ਪਿਛਲੇ ਦਿਨੀਂ 12 ਜੂਨ 2025 ਨੂੰ ਜਹਾਜ਼ ਹਾਦਸਾ ਵਾਪਰਿਆ ਸੀ,

**• ਇੱਕ ਦੀ ਮੌਤ, ਮੁਆਵਜ਼ੇ ਦੀ ਮੰਗ**

ਸਰਕਾਰ ਨੇ ਉਹਨਾਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 1-1 ਕਰੋੜ ਰੁਪਏ ਮੁਆਵਜ਼ਾ ਐਲਾਨਿਆ ਸੀ। ਮਜ਼ਦੂਰ ਨੂੰ 2 ਲੱਖ ਮੁਆਵਜ਼ਾ ਦੇਣ ਦੀ ਗੱਲ ਇਨਸਾਨੀਅਤ ਵਿੱਚ ਭੇਦਭਾਵ ਹੈ, ਜਦੋਂ ਕਿ ਇਨਸਾਨੀਅਤ ਵਿੱਚ ਕੋਈ ਭੇਦਭਾਵ ਨਹੀਂ ਕਰਨਾ ਚਾਹੀਦਾ।ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: (ਏਟਕ) ਦੇ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਨਾਲ ਵੀ ਗੱਲ ਕੀਤੀ ਹੈ, ਉਹ ਵੀ ਆਪਣੀ ਜਥੇਬੰਦੀ ਵੱਲੋਂ ਜਿਵੇਂ ਨਾਭਾ ਨੇੜੇ ਵਾਪਰੇ ਹਾਦਸੇ ਸਮੇਂ ਜਥੇਬੰਦਕ ਲੜਾਈ ਲੜੀ ਗਈ ਸੀ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿਵਾਇਆ ਗਿਆ ਸੀ, ਸੋ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਵਿਧਵਾਂ ਗ਼ਰੀਬ ਬੀਬੀ ਗੁਰਮੇਲ ਕੌਰ ਮਾਹੋਰਾਣਾ ਦੇ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜ਼ਾ ਅਤੇ ਪਰਿਵਾਰ ਦੇ ਮੈਂਬਰ ਸਰਕਾਰੀ ਪੱਕੀ ਨੌਕਰੀ ਦਿੱਤੀ ਜਾਵੇ।ਜੋ ਦੋ ਬੀਬੀਆਂ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਜ਼ੇਰੇ ਇਲਾਜ ਹਨ ਉਹਨਾਂ ਦੇ ਵੀ ਗੰਭੀਰ ਸੱਟਾਂ ਹਨ, ਉਨ੍ਹਾਂ ਦਾ ਪੂਰਾ ਇਲਾਜ ਮੁਫ਼ਤ ਕੀਤਾ ਜਾਵੇ ਤੇ ਢੁਕਵਾਂ ਮੁਆਵਜਾ ਦਿੱਤਾ ਜਾਵੇ।

# ਮੀਲ ਪੱਥਰ ਸਾਬਤ ਹੋਵੇਗਾ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ-2025 : ਰਾਜਾ ਮੱਲਕੇ

**ਸਮਾਲਸਰ (ਮਨੀ ਸਿੰਗਲਾ)**- ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਵਿਚ ਸਖ਼ਤ ਕਾਰਵਾਈ ਦੀ ਵਚਨਬੱਧਤਾ ਜਤਾਉਂਦਿਆਂ ਨਵਾਂ ਅਤੇ ਸਖ਼ਤ ਕਾਨੂੰਨ ਲਿਆਉਣ ਦੀ ਬੀਤੇ ਦਿਨ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਵਿਅਕਤੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ, ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ ਅਤੇ ਸੂਬੇ ਵਿਚ ਸਾਂਝੀਵਾਲਤਾ ਤੇ ਸਦਭਾਵਨਾ ਨੂੰ ਬਰਕਰਾਰ ਰੱਖਿਆ ਜਾਵੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪਿੰਡ ਮੱਲਕੇ ਦੇ ਸਰਪੰਚ ਰਾਜਾ ਮੱਲਕੇ ਨੇ ਕਰਦਿਆਂ ਆਖਿਆ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੀਰਾਂ ਦੀ ਪਵਿੱਤਰ ਧਰਤੀ ਹੈ, ਜਿੱਥੇ ਸਮਾਜਵਾਦ, ਧਰਮ ਨਿਰਪੱਖਤਾ ਅਤੇ ਸਾਂਝੀਵਾਲਤਾ ਦੀ ਵਿਲੱਖਣ ਮਿਸਾਲ ਕਾਇਮ ਹੈ। ਉਨ੍ਹਾਂ ਨੇ ਕਿਹਾ ਕਿ ਭਾਵੇਂ ਸਰਕਾਰ ਨੇ ਕੈਬਨਿਟ ਮੀਟਿੰਗ ਵਿਚ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ



ਰੋਕਥਾਮ ਬਿੱਲ-2025 ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ, ਪਰ ਸਰਕਾਰ ਇਸ ਕਾਨੂੰਨ ਨੂੰ ਬਣਾਉਣ ਲਈ ਸਾਰੀਆਂ ਧਿਰਾਂ, ਜਿਸ ਵਿਚ ਧਾਰਮਿਕ ਸੰਗਠਨ ਅਤੇ ਕਾਨੂੰਨੀ ਮਾਹਰ ਸ਼ਾਮਲ ਹਨ, ਨਾਲ ਵਿਸਤ੍ਰਿਤ ਸਲਾਹ-ਮਸ਼ਵਰਾ ਕਰੇਗੀ। ਸਰਪੰਚ ਮੱਲਕੇ ਨੇ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ-2025 ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਕਦਮ ਸੂਬੇ ਦੀ ਸਾਂਝੀਵਾਲਤਾ ਅਤੇ ਧਾਰਮਿਕ ਸਦਭਾਵਨਾ ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿਚ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਨੇ ਮੁੱਖ ਮੰਤਰੀ ਅਤੇ ਕੈਬਨਿਟ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਕਾਨੂੰਨ ਦੇ ਸਮਰਥਨ ਵਿਚ ਆਪਣੀ ਰਾਇ ਸਾਂਝੀ ਕਰਨ।

# 92 ਸਕੂਲ ਦੇ ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ ਕੀਤੀ

**ਨਾਭਾ (ਵਰਿੰਦਰ ਵਰਮਾ)** ਭਾਰਤ ਵਿਕਾਸ ਪ੍ਰੀਸ਼ਦ ਇਕਾਈ ਵੱਲੋਂ ਪ੍ਰਧਾਨ ਨਰਿੰਦਰ ਵਰਮਾ, ਜਰਨਲ ਸਕੱਤਰ ਵਿਕਾਸ ਮਿੱਤਲ ਤੇ



ਕੈਸ਼ੀਅਰ ਅਸ਼ਵਨੀ ਮਦਾਨ ਦੀ ਅਗਵਾਈ ਹੇਠ ਅਨੀਮੀਆ ਮੁਕਤ ਭਾਰਤ ਦੇ ਤਹਿਤ ਆਰੀਆ ਸੀਨੀਅਰ ਸੈਕੈਂਡਰੀ ਸਕੂਲ, ਗਊਸ਼ਾਲਾ ਰੋਡ ਦੁੱਲਦੀ ਗੇਟ ਵਿਖੇ 92 ਵਿਦਿਆਰਥੀਆਂ ਦੀ ਹੀਮੋਗਲੋਬਿਨ ਜਾਂਚ ਕੀਤੀ ਗਈ। ਉਪਰੰਤ ਮਹਿਲਾ ਪ੍ਰਮੁੱਖ ਹੀਨਾ ਸਿੰਗਲਾ, ਸੰਸਕਾਰ ਸੇਵਾ ਪ੍ਰਮੁੱਖ ਦਿਵਿਆ ਜੈਨ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਆਪਣੀ ਸਿਹਤ ਦਾ ਧਿਆਨ ਜਰੂਰ ਰੱਖਣਾ ਚਾਹੀਦਾ ਹੈ।ਸਮੇਂ-ਸਮੇਂ ਅਨੁਸਾਰ ਬਲੱਡ ਟੈਸਟ ਜ਼ਰੂਰ ਕਰਾਉਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਸਕੂਲ ਸਿਰਫ ਸਿੱਖਿਆ ਦਾ ਹੀ ਕੇਂਦਰ ਨਹੀਂ ਹਨ, ਸਗੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਮਜਬੂਤ ਪਲੇਟਫਾਰਮ ਹਨ।ਜੇ ਅਸੀਂ ਵਿਦਿਆਰਥੀਆਂ ਦੀ ਸਿਹਤ ਤੇ ਸੁਰੱਖਿਆ ਨੂੰ ਪਹਿਲ ਨਹੀਂ ਦਿੰਦੇ ਤਾਂ ਅਸੀਂ ਉਨ੍ਹਾਂ ਦੇ ਉਜਵਲ ਭਵਿੱਖ ਨਾਲ ਇਨਸਾਫ਼ ਨਹੀਂ ਕਰ ਸਕਦੇ।ਚਾਹੇ ਉਹ ਅਨੀਮੀਆ ਮੁਕਤ ਭਾਰਤ ਮੁਹਿੰਮ ਹੋਵੇ ਜਾਂ ਸੁਰੱਖਿਅਤ ਸਕੂਲ ਨੀਤੀ, ਇਹ ਦੋਵੇਂ ਮਿਸ਼ਨ ਉਦੋਂ ਹੀ ਸਫਲ ਹੋਣਗੇ ਜਦੋਂ ਹਰ ਸਕੂਲ ਮੁਖੀ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਏਗਾ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਅਨੀਮੀਆ ਮੁਕਤ ਭਾਰਤ ਮੁਹਿੰਮ ਤੇ ਸੁਰੱਖਿਅਤ ਸਕੂਲ ਨੀਤੀ 'ਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ ਹੈ ਤੇ ਉਨ੍ਹਾਂ ਦੇ ਹੀਮੋਗਲੋਬਿਨ ਦੀ ਜਾਂਚ ਕੀਤੀ ਗਈ ਹੈ। ਇਸ ਮੌਕੇ ਜਨਰਲ ਸਕੱਤਰ ਵਿਕਾਸ ਮਿੱਤਲ ਅਤੇ ਕੈਸ਼ੀਅਰ ਅਸ਼ਵਨੀ ਮਦਾਨ ਵੱਲੋ ਵਿਦਿਆਰਥੀਆਂ ਨੂੰ ਆਇਰਨ ਦੀਆਂ ਗੋਲੀਆਂ ਅਤੇ ਗੁੜ ਚਨਾ ਵੰਡਦੇ ਹੋਏ ਤਾਂ ਸਕੂਲ ਮੁਖੀ ਨੂੰ ਅਪੀਲ ਕੀਤੀ ਕਿ ਉਹ ਐੱਚਬੀ ਟੈਸਟਿੰਗ ਆਇਰਨ ਟੈਬਲੇਟ ਵੰਡ ਕੇ ਸੁਰੱਖਿਆ ਮਾਪਦੰਡਾਂ ਨੂੰ ਪੂਰੀ ਇਮਾਨਦਾਰੀ ਤੇ ਸੰਵੇਦਨਸ਼ੀਲਤਾ ਨਾਲ ਲਾਗੂ ਕੀਤਾ ਜਾਵੇ।

# ਐਡਵੋਕੇਟ ਜੱਸ ਬੱਜੋਆਣਾ ਦੇ ਸਹੁਰਾ ਸਾਹਿਬ ਦੀ ਅੰਤਮ ਅਰਦਾਸ ਹੋਈ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਤੇ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਜਸਵਿੰਦਰ ਸਿੰਘ ਜੱਸ ਬੱਜੋਆਣਾ ਦੇ ਸਹੁਰਾ ਸਾਹਿਬ ਡਾਕਟਰ ਗੁਰਸੇਵਕ ਸਿੰਘ ਮਰਾਹੜ ਦੀ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁੰਗਸਰ ਸਾਹਿਬ ਵਿਖੇ ਹੋਈ ਜਿੱਥੇ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਜਗਸੀਰ ਸਿੰਘ ਧਨੋਆ ਨੇ ਨਿਭਾਈ। ਇਸ ਮੌਕੇ ਸਾਬਕਾ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ, ਬਾਰ ਐਸੋਸੀਏਸ਼ਨ ਦੇ



ਜ਼ਿਲ੍ਹਾ ਪ੍ਰਧਾਨ ਐਡਵੋਕੇਟ ਗੁਰਵਿੰਦਰ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਭੱਲਾ, ਪਰਗਟ ਸਿੰਘ ਭੋਡੀਪੁਰਾ, ਗੁਰਪ੍ਰੀਤ ਸਿੰਘ ਕਾਂਗੜ, ਜੀਤਮਹਿੰਦਰ ਸਿੰਘ ਸਿੱਧੂ, ਸਾਬਕਾ ਜਥੇਦਾਰ ਅਕਾਲ ਤਖ਼ਤ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਡਾਕਟਰ ਗੁਰਸੇਵਕ ਸਿੰਘ ਇੱਕ ਇਮਾਨਦਾਰ ਤੇ ਮਿਹਨਤੀ ਇਨਸਾਨ ਸਨ। ਉਨ੍ਹਾਂ ਨੇ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਤੇ ਸਮਾਜ ਸੇਵਾ ਨੂੰ ਹਮੇਸ਼ਾ ਪਹਿਲ ਦਿੱਤੀ। ਅੰਤ ਵਿੱਚ ਐਡਵੋਕੇਟ ਜੱਸ ਬੱਜੋਆਣਾ ਨੇ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸਿਕੰਦਰ ਸਿੰਘ ਮਲੂਕਾ ਸਾਬਕਾ ਮੰਤਰੀ ਤੇ ਹਰਿੰਦਰ ਸਿੰਘ ਹਿੰਦਾ ਮਹਿਰਾਜ , ਸੁੱਖੀ ਮੱਲੂਆਣਾ, ਕੁਲਵੰਤ ਮਲੂਕਾ, ਤੀਰਥ ਸਿੰਘ ਦਿਆਲਪੁਰ ਮਿਰਜ਼ਾ, ਅਵਤਾਰ ਗੋਨਿਆਣਾ, ਰਵੀ ਜਲਾਲ ਬੱਸ, ਬੇਅੰਤ ਸਿੰਘ ਸਲਾਬਤਪੁਰਾ, ਬਾਬਾ ਹਰਿੰਦਰਪਾਲ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁੰਮਟਸਰ ਨੇ ਵੀ ਹਾਜ਼ਰੀ ਲਵਾਈ।

## ਹੈਰੀਟੇਜ ਸਟਰੀਟ ਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚੋਂ ਨਜਾਇਜ਼ ਕਬਜ਼ੇ ਹਟਾਏ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾ ਤੇ ਕਾਰਵਾਈ ਕਰਦੇ ਹੋਏ ਨਗਰ ਨਿਗਮ ਦੇ ਅਸਟੇਟ ਵਿਭਾਗ ਦੀ ਟੀਮ ਵਲੋਂ ਹੈਰੀਟੇਜ ਸਟਰੀਟ, ਭੰਡਾਰੀ ਪੁਲ ਤੋਂ ਗੋਬਿੰਦਗੜ੍ਹ ਕਿਲ੍ਹਾ, ਮਾਲ ਰੋਡ, ਜੀ. ਟੀ. ਰੋਡ ਆਦਿ ਤੋਂ ਨਜਾਇਜ਼ ਕਬਜ਼ੇ ਹਟਾਉਣ ਦੀ ਕਾਰਵਾਈ ਕੀਤੀ ਗਈ।ਇਹ ਕਾਰਵਾਈ ਵਿੱਚ ਅਸਟੇਟ ਅਫਸਰ ਧਰਮਿੰਦਰਜੀਤ ਸਿੰਘ, ਅਮਨ ਕੁਮਾਰ ਇੰਸਪੈਕਟਰ ਅਤੇ ਅਰੁਣ ਸਹਿਜ ਪਾਲ ਤੋਂ ਇਲਾਵਾ ਪੁਲਸ ਦੀ ਟੀਮ ਵੀ ਸ਼ਾਮਲ ਸੀ।ਸੰਯੁਕਤ ਕਮਿਸ਼ਨਰ ਜੈ ਇੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਹੋਏ ਨਜਾਇਜ਼ ਕਬਜ਼ਿਆਂ ਬਾਰੇ ਸ਼ਿਕਾਇਤਾਂ ਆ ਰਹੀਆ ਸਨ।ਉਸ ਤੋਂ ਇਲਾਵਾਂ ਕਮਿਸ਼ਨਰ ਨਗਰ ਨਿਗਮ ਵਲੋਂ ਵੀ ਵਾਰ-ਵਾਰ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾ ਰਹੀ ਸੀ ਕਿ ਸੜਕਾਂ ਤੇ ਹੋਏ ਨਜਾਇਜ਼ ਕਬਜ਼ੇ ਆਪੇ ਹੀ ਹਟਾ ਲਏ ਜਾਣ।ਇਸ ਤੋਂ ਇਲਾਵਾ ਮਾਲ ਰੋਡ ਕੰਪਨੀ ਬਾਗ ਅਤੇ ਭੰਡਾਰੀ ਪੁਲ ਦੇ ਥੱਲੇ ਗੋਬਿੰਦਗੜ੍ਹ ਕਿਲੇ ਤੱਕ ਨਜਾਇਜ਼ ਕਬਜ਼ਿਆਂ ਦੀ ਭਰਮਾਰ ਹੈ ਜਿਸ ਕਰਕੇ ਨਿਗਮ ਦੀ ਅਸਟੇਟ ਵਿਭਾਗ ਦੀ ਟੀਮ ਵੱਲੋਂ ਕਬਜ਼ੇ ਹਟਾਉਣ ਵਾਸਤੇ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਹੈਰੀਟੇਜ ਸਟਰੀਟ ਜਿਥੇ ਕਿ ਲੋਕਾਂ ਦਾ ਬੜਾ ਆਉਣਾ ਜਾਣਾ ਹੁੰਦਾ ਹੈ. ਤੋਂ ਵੀ ਇਹ ਨਜਾਇਜ਼ ਕਬਜ਼ੇ ਹਟਾ ਕੇ ਸਾਮਾਨ ਜ਼ਬਤ ਕੀਤਾ ਗਿਆ ਹੈ।ਇਸ ਤੋਂ ਇਲਾਵਾ ਭੰਡਾਰੀ ਪੁਲ ਦੇ ਥੱਲੇ ਵੀ ਅਣਅਧਿਕਾਰਤ ਤਰੀਕੇ ਨਾਲ ਲੱਗਾ ਸਾਮਾਨ ਵਿਭਾਗ ਦੀ ਵੱਲੋਂ ਜ਼ਬਤ ਕਰ ਲਿਆ ਗਿਆ ਹੈ।ਜੀ. ਟੀ. ਰੋਡ ਅਤੇ ਕੰਪਨੀ ਬਾਗ ਦੇ ਬਾਹਰ ਲੱਗੀਆਂ ਰੇਹੜੀਆਂ ਫੜ੍ਹੀਆਂ ਵੀ ਜ਼ਬਤ ਕੀਤੀਆਂ ਗਈਆਂ ਹਨ।ਸੰਯੁਕਤ ਕਮਿਸ਼ਨਰ ਨੇ ਕਿਹਾ ਕਿ ਨਿਗਮ ਵੱਲੋਂ ਨਜਾਇਜ਼ ਕਬਜ਼ੇ ਹਟਾਉਣ ਸਬੰਧੀ ਕਾਰਵਾਈ ਲਗਾਤਾਰ ਜਾਰੀ ਰਹੇਗੀ।ਉਨ੍ਹਾਂ ਅਪੀਲ ਕੀਤੀ ਕਿ ਲੋਕ ਆਪਣੇ ਨਜਾਇਜ਼ ਕਬਜ਼ੇ ਅਤੇ ਸੜਕਾਂ 'ਤੇ ਲਗਾਇਆ ਸਾਮਾਨ ਆਪ ਹੀ ਹਟਾ ਲੈਣ ਨਹੀਂ ਤਾਂ ਨਿਗਮ ਵੱਲੋਂ ਇਹ ਸਾਮਾਨ ਜ਼ਬਤ ਕਰ ਲਿਆ ਜਾਵੇਗਾ ਅਤੇ ਵਾਪਿਸ ਨਹੀਂ ਕੀਤਾ ਜਾਵੇਗਾ।

## ਜਵਾਹਰ ਨਵੋਦਿਆ ਵਿਦਿਆਲਿਆ ਨਾਜੋਚੱਕ 'ਚ ਛੇਵੀਂ ਜਮਾਤ ਦੇ ਦਾਖ਼ਲੇ 29 ਤੱਕ

**ਪਠਾਨਕੋਟ, (ਦਵਿੰਦਰ ਸਿੰਘ)**-ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ-ਕਮ-ਚੇਅਰਮੈਨ ਪੀ. ਐੱਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਨਾਜੋਚੱਕ (ਪਠਾਨਕੋਟ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੋਦਿਆ ਵਿਦਿਆਲਿਆ ਸੰਮਤੀ ਵੱਲੋਂ ਸਾਲ 2026-27 ਲਈ ਛੇਵੀਂ ਕਲਾਸ ਵਿੱਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਆਪਣੀ ਮੁਫਤ ਆਨਲਾਈਨ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਦੇ ਲਈ 29 ਜੁਲਾਈ, 2025 ਤੱਕ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਦੀ ਵੈੱਬਸਾਈਟ 'ਤੇ ਆਨਲਾਈਨ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਛੇਵੀਂ ਜਮਾਤ ਲਈ ਫਾਰਮ ਭਰਨ ਦੇ ਚਾਹਵਾਨ ਉਮੀਦਵਾਰ ਦੀ ਜਨਮ ਮਿਤੀ 01 ਮਈ, 2014 ਤੋਂ 31 ਜੁਲਾਈ 2016 ਦੇ ਵਿਚਕਾਰ (ਦੋਨੋਂ ਮਿਤੀਆਂ ਸ਼ਾਮਲ) ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਉਮੀਦਵਾਰ ਲਈ ਜ਼ਰੂਰੀ ਹੈ ਕਿ ਉਹ ਪਠਾਨਕੋਟ ਜ਼ਿਲ੍ਹੇ ਦਾ ਸਥਾਈ ਵਸਨੀਕ ਹੋਵੇ ਅਤੇ ਉਸਨੇ ਤੀਜੀ ਤੇ ਚੌਥੀ ਜਮਾਤ ਕ੍ਰਮਵਾਰ 2023-24 ਅਤੇ 2024-25 ਵਿੱਚ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਵਰ੍ਹਾ ਲਗਾ ਕੇ ਪਾਸ ਕੀਤੀ ਹੋਵੇ ਅਤੇ ਵਿੱਦਿਅਕ ਵਰ੍ਹੇ 2025-26 ਦੌਰਾਨ ਪ੍ਰੀਖਿਆਰਥੀ ਪਠਾਨਕੋਟ ਜ਼ਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿਚ ਜਮਾਤ ਪੰਜਵੀਂ ਵਿੱਚ ਪੜ੍ਹਦਾ ਹੋਵੇ। ਡਾ. ਸੰਦੀਪ ਕੁਮਾਰ ਪ੍ਰਿੰ. ਪੀ. ਐੱਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਨਾਜੋਚੱਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਜਮਾਤ ਲਈ ਪ੍ਰਵੇਸ਼ ਪ੍ਰੀਖਿਆ 13 ਦਸੰਬਰ, 2025 ਦਿਨ ਸ਼ਨੀਵਾਰ ਨੂੰ ਹੋਵੇਗੀ।

## ਧਾਲੀਵਾਲ ਨੇ ਸਰਹੱਦੀ ਖੇਤਰ ਦੇ ਲੋਕਾਂ ਨੂੰ ਦਿੱਤਾ ਨਸ਼ਿਆਂ ਵਿਰੁੱਧ ਇਕਜੁੱਟ ਹੋਣ ਦਾ ਸੱਦਾ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਸਰਹੱਦੀ ਖੇਤਰ ਦੇ ਪਿੰਡਾਂ ਮੱਤੇ ਨੰਗਲ, ਗੋਰੇ ਨੰਗਲ, ਕੋਟ ਮੁਗਲ, ਤਲਵੰਡੀ ਭੰਗਵਾਂ, ਬੋਹੜਵਾਲਾ ਅਤੇ ਮੱਧੂ ਛਾਂਗਾ ਵਿਖੇ ਕੀਤੀਆਂ ਨਸ਼ਾ ਮੁਕਤੀ ਯਾਤਰਾਵਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁਟ ਹੋਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਕਰਨ ਦੀ ਵਿੱਢੀ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਕਰਕੇ ਇਸ ਨਾਮੁਰਾਦ ਬਿਮਾਰੀ ਖ਼ਿਲਾਫ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ ਜਾ ਰਿਹਾ ਹੈ ਤਾਂ ਜੋ ਇਹ ਮੁਹਿੰਮ ਸਿਰਫ ਜੋ ਕਿ ਜਾਗਰੂਕਤਾ ਲਹਿਰਾਂ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਰਾਹੀਂ ਹਰ ਘਰ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ ਕਿ ਨਸ਼ਿਆਂ ਦਾ ਖਾਤਮਾ ਕਰਨ ਲਈ ਸਰਕਾਰ ਵਚਨਬੱਧ ਹੈ ਅਤੇ ਲੋਕਾਂ ਦੇ ਸਰਗਰਮ ਸਹਿਯੋਗ ਦੀ ਵੀ ਬੇਹਦ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਲਈ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਦੇ ਨਤੀਜੇ ਬਹੁਤ ਵਧੀਆ ਮਿਲ ਰਹੇ ਹਨ ਅਤੇ ਲੋਕਾਂ ਦਾ ਆਪ ਮੁਹਾਰਾ ਸਾਥ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ, ਪੁਲਸ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਰਗਰਮ ਹਨ ਅਤੇ ਹਰੇਕ ਪੱਖ ਤੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਸ੍ਰੀ ਧਾਲੀਵਾਲ ਨੇ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤੀ ਜਾ ਰਹੀ ਕਾਰਵਾਈ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ।ਉਨ੍ਹਾਂ ਇਹ ਵੀ ਦੱਸਿਆ ਕਿ ਨਸ਼ਾ ਪੀੜਤਾਂ ਦਾ ਸਹੀ ਇਲਾਜ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਲਈ ਸਾਰਥਕ ਯਤਨ ਕੀਤੇ ਜਾ ਰਹੇ ਹਨ ਜਿਸ ਵਿੱਚ ਸਹਿਯੋਗ ਲਈ ਲੋਕਾਂ ਨੂੰ ਵੀ ਵਧ ਚੜ ਕੇ ਅੱਗੇ ਆਉਣਾ ਚਾਹੀਦਾ ਹੈ।

## ਸਕੋਡਾ ਆਟੋ ਵੱਲੋਂ ਭਾਰਤ 'ਚ 300 ਦਾ ਅੰਕੜਾ ਪਾਰ

ਅੰਮ੍ਰਿਤਸਰ: ਸਕੋਡਾ ਆਟੋ ਭਾਰਤ ਵਿੱਚ ਆਪਣੀ 25 ਸਾਲਾਂ ਦੀ ਵਿਰਾਸਤ ਅਤੇ ਵਿਸ਼ਵ ਪੱਧਰ ਤੇ 130 ਸਾਲਾਂ ਦਾ ਜਸ਼ਨ ਮਨਾਉਂਦੇ ਹੋਏ ਨਵੀਆਂ ਉਚਾਈਆਂ ਛੂਹ ਰਿਹਾ ਹੈ।ਇਸ ਮਹੀਨੇ ਦੇ ਸ਼ੁਰੂ ਵਿੱਚ ਬ੍ਰਾਂਡ ਨੇ 2025 ਦੀ ਪਹਿਲੀ ਛਿਮਾਹੀ ਵਿੱਚ ਆਪਣੀ ਹੁਣ ਤੱਕ ਦੀ ਸਭ ਤੋਂ ਵੱਧ ਛਿਮਾਹੀ ਵਿਕਰੀ ਪ੍ਰਾਪਤ ਕੀਤੀ।ਇੱਕ ਹੋਰ ਮੀਲ ਪੱਥਰ ਵਿੱਚ ਕੰਪਨੀ ਨੇ ਹੁਣ 300 ਗਾਹਕ ਸੰਪਰਕ ਬਿੰਦੂਆਂ ਦੇ ਅੰਕੜੇ ਨੂੰ ਪਾਰ ਕਰ ਲਿਆ ਹੈ, ਭਾਰਤ ਦੇ 172 ਸ਼ਹਿਰਾਂ ਵਿੱਚ ਗਾਹਕਾਂ ਦੀ ਸੇਵਾ ਕਰ ਰਿਹਾ ਹੈ।ਇੱਕ ਬੇਮਿਸਾਲ ਗਾਹਕ ਅਨੁਭਵ ਪ੍ਰਦਾਨ ਕਰਨਾ ਸਕੋਡਾ ਆਟੋ ਦੀ ਭਾਰਤ ਵਿਕਾਸ ਰਣਨੀਤੀ ਦਾ ਮੂਲ ਹੈ।ਤੇਜ਼ ਨੈੱਟਵਰਕ ਵਿਸਥਾਰ ਅਤੇ ਬ੍ਰਾਂਡ ਦੁਆਰਾ ਭਾਰਤ ਭਰ ਵਿੱਚ ਬਣਾਈ ਜਾ ਰਹੀ ਮਜ਼ਬੂਤ ਗਤੀ, ਇਸਨੂੰ ਰਣਨੀਤਕ ਯੋਜਨਾ ਬਣਾਉਂਦੀ ਹੈ।ਇਸ ਪ੍ਰਾਪਤੀ ਤੇ ਟਿੱਪਣੀ ਕਰਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਆਸ਼ੀਸ਼ ਗੁਪਤਾ ਨੇ ਕਿਹਾ ਕਿ ਸਾਡਾ ਵਧਦਾ ਨੈੱਟਵਰਕ ਸਾਡੇ ਉਤਪਾਦ ਰੇਂਜ ਨੂੰ ਗਾਹਕਾਂ ਲਈ ਵਧੇਰੇ ਪਹੁੰਚਯੋਗ ਬਣਾਉਂਦਾ ਹੈ, ਜਦੋਂਕਿ ਦੇਸ਼ ਭਰ ਵਿੱਚ ਇਕਸਾਰ ਗੁਣਵੱਤਾ ਦੇ ਨਾਲ ਬਿਹਤਰ, ਤੇਜ਼ ਸੇਵਾ ਪ੍ਰਦਾਨ ਕਰਦਾ ਹੈ।ਇੱਕੋ ਵਧਣ ਅਤੇ ਗਾਹਕਾਂ ਦੇ ਨੇੜੇ ਜਾਣ 'ਤੇ ਜ਼ੋਰ ਦੇ ਨਾਲ ਸਾਡੇ ਵਿਸਥਾਰ ਦਾ ਇੱਕ ਵੱਡਾ ਹਿੱਸਾ ਭਾਰਤ ਵਿੱਚ ਸਕੋਡਾ ਆਟੋ ਦੇ ਲੰਬੇ ਸਮੇਂ ਦੇ ਡੀਲਰ ਭਾਈਵਾਲਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ।

## ਪ੍ਰਤਾਪ ਵਰਲਡ ਸਕੂਲ ਦੀ ਕਬੱਡੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ

ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਨੂੰ ਇਸ ਗੱਲ ਤੇ ਮਾਣ ਹੈ ਕਿ ਇਸਦੀ ਅੰਡਰ-17 ਮੁੰਡਿਆਂ ਦੀ ਕਬੱਡੀ ਟੀਮ ਨੇ ਸਟੀਫਨਜ਼ ਇੰਟਰਨੈਸ਼ਨਲ ਪਬਲਿਕ ਸਕੂਲ, ਮੀਰਾਂ ਸਾਹਿਬ, ਜੰਮੂ ਵਿੱਚ ਆਯੋਜਿਤ



ਸੀਬੀਐੱਸਈ ਕਲੱਸਟਰ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ (ਕਾਂਸੀ ਦਾ ਤਮਗਾ) ਹਾਸਿਲ ਕੀਤਾ। ਸਕੂਲ ਪ੍ਰਬੰਧਨ ਨੇ ਵਿਦਿਆਰਥੀਆਂ ਅਤੇ ਕੋਚਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਇਸ ਮੁਕਾਬਲੇ ਲਈ ਟੀਮ ਨੂੰ ਉੱਤਮ ਢੰਗ ਨਾਲ ਤਿਆਰ ਕੀਤਾ। ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਇਹ ਪ੍ਰਾਪਤੀ ਸਿਰਫ ਇੱਕ ਤਮਗਾ ਹੀ ਨਹੀਂ ਹੈ ਇਸ ਵਿੱਚ ਅਨੁਸ਼ਾਸਨ, ਕਠੋਰ ਮਿਹਨਤ ਅਤੇ ਟੀਮ ਭਾਵਨਾ ਦੀ ਤਾਕਤ ਝਲਕਦੀ ਹੈ। ਮੈਂ ਆਪਣੇ ਵਿਦਿਆਰਥੀਆਂ ਦੇ ਜਜ਼ਬੇ ਅਤੇ ਜੋਸ਼ ਤੇ ਮਾਣ ਮਹਿਸੂਸ ਕਰਦਾ ਹਾਂ ਅਤੇ ਉਨ੍ਹਾਂ ਨੂੰ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੰਦਾ ਹਾਂ।

ਡਾਇਰੈਕਟਰ ਓਸ਼ਿਨ ਮਹਾਜਨ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਜਿੱਤਾਂ ਹਰ ਵਿਦਿਆਰਥੀ ਨੂੰ ਪੜ੍ਹਾਈ ਤੋਂ ਇਲਾਵਾ ਹੋਰ ਖੇਤਰਾਂ ਵਿੱਚ ਵੀ ਮੁਕਾਮ ਹਾਸਿਲ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਵੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਸਾਡੀ ਕਬੱਡੀ ਟੀਮ ਦੀ ਇਹ ਸਫਲਤਾ ਨਿਰੰਤਰ ਮਿਹਨਤ ਅਤੇ ਯੋਜਨਾਬੱਧ ਅਭਿਆਸ ਦਾ ਨਤੀਜਾ ਹੈ। ਮੈਂ ਪੂਰੀ ਟੀਮ ਅਤੇ ਉਸ ਦੇ ਮਾਰਗਦਰਸ਼ਕਾਂ ਨੂੰ ਇੱਕ ਵਾਰ ਫਿਰ ਪ੍ਰਤਾਪ ਵਰਲਡ ਸਕੂਲ ਲਈ ਸਨਮਾਨ ਕਮਾਉਣ ਤੇ ਵਧਾਈ ਦਿੰਦੀ ਹਾਂ।

## 117 ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀ ਬਿਜ਼ਨੈੱਸ ਬਲਾਸਟਰ ਓਰੀਐਂਟੇਸ਼ਨ ਕਰਵਾਈ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਵਾਸਤੇ ਵੱਖ-ਵੱਖ ਤਰ੍ਹਾਂ ਦੇ ਪ੍ਰੋਗ੍ਰਾਮ ਉਲੀਕੇ ਜਾਂਦੇ ਹਨ, ਜਿਸ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਵਿੱਚ 10+1 ਅਤੇ 10+2 ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਸਵੈ-ਰੋਜ਼ਗਾਰ ਅਪਨਾਉਣ ਲਈ ਬਿਜ਼ਨਸ ਬਲਾਸਟਰ ਪ੍ਰੋਗ੍ਰਾਮ ਦੀ ਸ਼ੁਰੂਆਤ ਕੀਤੀ ਗਈ ਹੈ। ਜ਼ਿਲ੍ਹਾ ਸਿੱਖਿਆ ਅਫਸਰ ਰਾਜੇਸ਼ ਕੁਮਾਰ ਸ਼ਰਮਾ ਸਟੇਟ ਐਵਾਰਡੀ ਦੀ ਅਗਵਾਈ ਵਿੱਚ ਕਰਵਾਈ ਗਈ ਇਸ ਟ੍ਰੇਨਿੰਗ ਵਿੱਚ ਜ਼ਿਲੇ ਦੇ ਸਾਰੇ 117 ਸੀਨੀਅਰ ਸੈਕੰਡਰੀ ਸਕੂਲਾਂ ਨੂੰ ਕਵਰ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਨੋਡਲ ਅਫਸਰ ਸ: ਅਮਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਸ ਕੜੀ ਤਹਿਤ ਸਮੂਹ ਪ੍ਰਿੰਸੀਪਲਾਂ ਦੀ ਬਲਾਕ ਵਾਈਜ਼ 12 ਵੱਖ-ਵੱਖ ਸਥਾਨਾਂ ਤੇ ਬਿਜ਼ਨਸ ਬਲਾਸਟਰ ਓਂਰੀਐਂਟੇਸ਼ਨ ਕਰਵਾਈ ਗਈ। ਬਲਾਕ ਗੁਰਦਾਸਪੁਰ-1 ਅਤੇ 2 ਦੀ ਓਰੀਐਂਟੇਸ਼ਨ ਵਿੱਚ ਸਕੂਲ ਆਫ ਐਮੀਨੈਂਸ ਗੁਰਦਾਸਪਰ ਵਿੱਚ ਹਾਜ਼ਰ ਜ਼ਿਲਾ ਨੋਡਲ ਅਫਸਰ ਪੁਰੇਵਾਲ ਨੇ ਦੱਸਿਆ ਕਿ ਇਸ ਪ੍ਰਾਜੈਕਟ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਨੌਕਰੀਆਂ ਦੀ ਇੰਤਜ਼ਾਰ ਕਰਨ ਦੀ ਬਜਾਏ ਬਿਜ਼ਨਸ ਨੂੰ ਅਪਨਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਦਾ ਮੰਤਵ ਨੌਕਰੀ ਲੱਭਣੀ ਨਹੀਂ ਬਲਕਿ ਆਪਣਾ ਬਿਜ਼ਨਸ ਸਥਾਪਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰਾਜੈਕਟ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ



ਵਿੱਚ 2 ਫੇਜ਼ਾਂ ਵਿੱਚ ਚੱਲੇਗਾ। ਪਹਿਲੇ ਫੇਜ਼ ਤਹਿਤ 11ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰਜਿਸਟਰਡ ਕਰਨ ਤੋਂ ਬਾਅਦ ਉਨ੍ਹਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਮਾਰਕੀਟ ਸਰਵੇ ਅਦਿ ਕੀਤੇ ਜਾਣਗੇ ਅਤੇ ਫੇਜ਼-2 ਵਿੱਚ 12ਵੀਂ ਜਮਾਤ ਦੇ ਇਨ੍ਹਾਂ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ ਸੀਡ ਮਨੀ ਜਾਰੀ ਕੀਤਾ ਜਾਵੇਗਾ।

ਟ੍ਰੇਨਿੰਗ ਉਪਰੰਤ ਸਮੂਹ ਪਿੰਸੀਪਲ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਗਰੁੱਪ ਬਣਾ ਕੇ ਸਵੈ ਰੋਜ਼ਗਾਰ ਅਪਨਾਉਣ ਲਈ ਵੱਖ-ਵੱਖ ਗਤੀਵਿਧੀਆਂ ਰਾਹੀਂ ਉਨ੍ਹਾਂ ਨੂੰ ਉਤਸ਼ਾਹਿਤ ਕਰਨਗੇ ਅਤੇ ਉਨ੍ਹਾਂ ਨੂੰ ਸਹਾਇਕ ਧੰਦਿਆਂ ਪ੍ਰਤੀ ਜਾਗਰੂਕ ਕਰਨਗੇ। ਪੁਰੇਵਾਲ ਨੇ ਦੱਸਿਆ ਇਨਾਂ ਵਿਦਿਆਰਥੀਆਂ ਵਿੱਚੋਂ ਬਿਜ਼ਨਸ ਪ੍ਰਤੀ ਰੁਚੀ ਦਿਖਾਉਣ ਵਾਲੇ ਵਿਦਿਆਰਥੀਆਂ ਦੀ ਚੋਣ ਕਰਨ ਉਪਰੰਤ ਉਨ੍ਹਾਂ ਨੂੰ ਛੋਟੇ ਛੋਟੇ ਧੰਦਿਆਂ ਦੀ ਸ਼ੁਰੂਆਤ ਕਰਨ ਲਈ 2000 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਸੀਡ ਰਕਮ ਵੀ ਜਾਰੀ ਕੀਤੀ ਜਾਵੇਗੀ, ਜਿਸ ਤਹਿਤ ਉਹ 6-8 ਵਿਦਿਆਰਥੀ ਦਾ ਗਰੁੱਪ ਬਣਾ ਕੇ ਗਰੁੱਪ ਬਿਜ਼ਨਸ ਦੀ ਸ਼ੁਰੂਆਤ ਕਰਨਗੇ ਅਤੇ ਬਣਦਾ ਲਾਭ ਆਪਸ ਵਿੱਚ ਵੰਡਣਗੇ। ਇਸ ਤਰ੍ਹਾਂ ਨਾਲ ਵਿਦਿਆਰਥੀਆਂ ਵਿੱਚ ਬਿਜ਼ਨਸ ਕਰਨ ਦੀ ਲਗਨ ਪੈਦਾ ਹੋਵੇਗੀ।

ਇਸ ਮੌਕੇ ਪ੍ਰਿੰਸੀਪਲ ਅਨਿਲ ਭੱਲਾ ਨੇ ਵੀ ਸਮੂਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ ਜਿਸ ਨਾਲ ਵਿਦਿਆਰਥੀਆਂ ਆਪਣੇ ਆਪ ਵਿੱਚ ਕੋਈ ਵੀ ਬਿਜ਼ਨਸ ਕਰਨ ਦੇ ਸਮਰੱਥ ਹੋ ਜਾਣਗੇ। ਇਸ ਮੌਕੇ ਪ੍ਰਿੰਸੀਪਲ ਗੁਰਪਾਲ ਸਿੰਘ, ਬਲਵੀਰ ਸਿੰਘ, ਸੁਰਿੰਦਰ ਕੁਮਾਰ ਅਲਕਾ, ਜਤਿੰਦਰ ਕੌਰ, ਰਵੀ ਡੋਗਰਾ, ਭੁਪਿੰਦਰ ਸਿੰਘ ਸਮਰਾ ਆਦਿ ਤੋਂ ਇਲਾਵਾ ਬਲਾਕ ਗੁਰਦਾਸਪੁਰ ਦੇ ਸਾਰੇ ਸਕੂਲਾਂ ਦੇ ਪਿੰਸੀਪਲ ਵੀ ਹਾਜ਼ਰ ਸਨ ।

## ਮੁਲਾਜ਼ਮਾਂ ਦੇ ਹੱਕਾਂ ਲਈ ਲੜਨ ਵਾਲੇ ਸੰਘਰਸ਼ੀ ਯੋਧੇ ਢਿੱਲੋਂ ਦੀ ਪਹਿਲੀ ਬਰਸੀ 19 ਨੂੰ

**ਅੰਮ੍ਰਿਤਸਰ (ਰਾਣਾ)**-ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸੰਘਰਸ਼ਾਂ ਦੀ ਕਰੀਬ 6 ਦਹਾਕੇ ਅਗਵਾਈ ਕਰਨ ਵਾਲੇ ਨਿਧੜਕ ਆਗੂ ਸਾਥੀ ਰਣਬੀਰ ਸਿੰਘ ਢਿੱਲੋਂ ਦੀ



19 ਜੁਲਾਈ ਨੂੰ ਪਹਿਲੀ ਬਰਸੀ ਹੈ। ਇਹ ਬਰਸੀ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਮਨਾਉਣ ਦੀ ਆਪ ਸਭ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ। ਇਸ ਆਗੂ ਵੱਲੋਂ ਸਰਕਾਰੀ ਜਬਰ ਤੋਂ ਨਾ ਘਬਰਾਉਂਦਿਆਂ ਔਖੇ ਸਮੇਂ ਮੁਲਾਜ਼ਮਾਂ ਦੀ ਅਗਵਾਈ ਕੀਤੀ ਗਈ ਅਤੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਜੋ ਸਰਕਾਰਾਂ ਇੱਕ ਇੱਕ ਕਰਕੇ ਅੱਜ ਖੋਹ ਰਹੀਆਂ ਹਨ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੰਜਾਬ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਪ੍ਰਭਜੀਤ ਸਿੰਘ ਉੱਪਲ ਪ੍ਰੈੱਸ ਸਕੱਤਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਪੰਜਾਬ ਨੇ ਕਿਹਾ ਕਿ ਆਓ ਉਸ ਮਹਾਨ ਆਗੂ ਨੂੰ ਯਾਦ ਕਰੀਏ ਅਤੇ ਉਨ੍ਹਾਂ ਦੀ ਸੰਘਰਸ਼ਮਈ ਜ਼ਿੰਦਗੀ ਤੋਂ ਪ੍ਰੇਰਨਾ ਲੈ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰੀਏ। ਜਿਵੇਂ ਮੁਲਾਜ਼ਮਾਂ ਦੇ 37 ਭੱਤੇ ਕੱਟੇ ਗਏ, ਪੁਰਾਣੀ ਪੈਨਸ਼ਨ ਲਾਗੂ ਨਹੀਂ ਕੀਤੀ ਜਾ ਰਹੀ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 13% ਸਰਕਾਰ ਵੱਲ ਬਕਾਇਆ ਹੈ, 17 ਜੁਲਾਈ 2020 ਤੋਂ ਭਰਤੀ ਪੰਜਾਬ ਦੇ ਮੁਲਾਜ਼ਮਾਂ 'ਤੇ ਕੇਂਦਰੀ ਸਕੇਲ ਲਾਗੂ ਨੇ, ਸਕੇਲ ਲਾਗੂ ਕੀਤੇ ਜਾਣ, ਆਊਟ ਸੋਰਸ ਮੁਲਾਜ਼ਮਾਂ ਤੇ ਠੇਕਾ ਮੁਲਾਜ਼ਮਾਂ ਨੂੰ ਰੈਗਲੂਰ ਕਰਨਾ, ਏਸੀਪੀ ਲਾਗੂ ਕਰਨਾ, ਮੁਲਾਜ਼ਮਾਂ, ਪੈਨਸ਼ਨਰਾਂ ਦੇ ਪੇ-ਕਮਿਸ਼ਨ ਦੇ ਬਕਾਏ ਯਕਮੁਸ਼ਤ ਦੇਣਾ ਆਦਿ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ੀ ਯੋਧੇ ਰਣਬੀਰ ਢਿੱਲੋਂ ਦੀ ਸੰਘਰਸ਼ੀ ਜ਼ਿੰਦਗੀ ਤੋਂ ਪ੍ਰੇਰਨਾ ਲੈ ਕੇ ਅੱਗੇ ਵਧੀਏ। ਇਸ ਮੌਕੇ ਦਰਸ਼ਨ ਸਿੰਘ ਲੁਬਾਣਾ ਚੇਅਰਮੈਨ, ਸੁਰਿੰਦਰ ਕੁਮਾਰ ਪੁਆਰੀ ਜਨਰਲ ਸਕੱਤਰ, ਪ੍ਰੇਮ ਚਾਵਲਾ ਅਤੇ ਕਰਤਾਰ ਸਿੰਘ ਪਾਲ ਅਡੀਸ਼ਨਲ ਜਨਰਲ ਸਕੱਤਰ, ਬਲਕਾਰ ਸਿੰਘ ਵਲਟੋਹਾ, ਪ੍ਰੈੱਸ ਸਕੱਤਰ ਰਾਜਦੀਪ ਸਿੰਘ ਹੁਸ਼ਿਆਰਪੁਰ, ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਨਿਸ਼ਾਨ ਸਿੰਘ, ਗੁਰਵੇਲ ਸਿੰਘ ਸੋਹੀ ਜਲੰਧਰ ਆਦਿ ਆਗੂਆਂ ਨੇ 19 ਜੁਲਾਈ ਨੂੰ ਵਧ ਚੜ੍ਹ ਕੇ ਸਾਥੀ ਢਿੱਲੋਂ ਦੀ ਬਰਸੀ ਮਨਾਉਣ ਦੀ ਅਪੀਲ ਕੀਤੀ।

## ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨਲ ਸੁਸਾਇਟੀ ਗੁਰਦਾਸਪੁਰ ਵੱਲੋਂ ਸੁਹਿਰਦ ਉਪਰਾਲਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨਲ ਸੋਸਾਇਟੀ ਗੁਰਦਾਸਪੁਰ ਵੱਲੋਂ ਪਿੰਡ ਮੱਲੀਆਂ, ਬਹਿਰਮਪੁਰ ਵਿਖੇ ਲੜਕੀਆਂ ਲਈ ਇੱਕ ਨਵਾਂ ਸਿਲਾਈ ਸੈਂਟਰ ਖੋਲ੍ਹਿਆ ਗਿਆ।ਇਸ ਸੈਂਟਰ ਦਾ ਉਦਘਾਟਨ ਗੀਨਾ ਸਰਮਾਲ (ਪ੍ਰਿੰਸੀਪਲ, ਬਾਬਾ ਸ਼੍ਰੀ ਚੰਦ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਚੂਹੜ ਚੱਕ ਲੋਧਾ, ਦੀਨਾਨਗਰ) ਵੱਲੋਂ ਕੀਤਾ ਗਿਆ।ਇਹ ਸੈਂਟਰ ਲੜਕੀਆਂ ਨੂੰ ਸਿਖਲਾਈ ਦੇਣ ਵਾਸਤੇ ਖੋਲ੍ਹਿਆ ਗਿਆ ਹੈ, ਜਿੱਥੇ ਉਨ੍ਹਾਂ ਨੂੰ ਛੇ ਮਹੀਨੇ ਦੀ ਮੁਫ਼ਤ ਸਿਲਾਈ ਟ੍ਰੇਨਿੰਗ ਦਿੱਤੀ ਜਾਵੇਗੀ।ਟ੍ਰੇਨਿੰਗ ਪੂਰੀ ਹੋਣ ਤੇ ਹਰੇਕ ਲੜਕੀ ਨੂੰ ਇੱਕ ਸਰਟੀਫਿਕੇਟ ਅਤੇ ਸਿਲਾਈ ਮਸ਼ੀਨ ਵੀ ਦਿੱਤੀ ਜਾਵੇਗੀ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੁਦ ਖੜੀਆਂ ਹੋ ਸਕਣ।ਇਸ ਮੌਕੇ ਆਸ਼ਰਮ ਦੀ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਕਿਹਾ ਕਿ ਲੜਕੀਆਂ ਨੂੰ ਆਤਮ ਨਿਰਭਰ ਬਣਾਉਣਾ ਸਮਾਜ ਦੀ ਪਹਿਲੀ ਜ਼ਰੂਰਤ ਹੈ ਕਿਉਂਕਿ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਸਾਹਮਣਾ ਕਈ ਵਾਰ ਇਕੱਲਿਆਂ ਵੀ ਕਰਨਾ ਪੈਂਦਾ।

ਇਸ ਤਰ੍ਹਾਂ ਦੇ ਹੁਨਰ ਲਾਈਫ 'ਚ ਬਹੁਤ ਕੰਮ ਆਉਂਦੇ ਹਨ।ਸੋਸਾਇਟੀ ਦੇ ਪ੍ਰਧਾਨ ਸਤਨਾਮ ਸਿੰਘ, ਕੋਆਰਡੀਨੇਟਰ ਇੰਦਰਜੀਤ ਕੌਰ ਅਤੇ ਮੈਨੇਜਮੈਂਟ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਚੇਅਰਪਰਸਨ ਮੈਡਮ ਗੀਨਾ ਸ਼ਰਮਾ, ਪ੍ਰਧਾਨ ਸਤਨਾਮ ਸਿੰਘ, ਕੋਆਰਡੀਨੇਟਰ ਮੈਡਮ ਇੰਦਰਜੀਤ ਕੌਰ, ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਸਿਲਾਈ ਅਧਿਆਪਿਕਾ ਮੈਡਮ ਦੀਕਸ਼ਾ ਭਾਰਤੀ, ਅਰਜੁਨ ਸ਼ਰਮਾ, ਵਿਪਨ ਕੁਮਾਰ ਆਦਿ ਮੌਜੂਦ ਸਨ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਡੀ ਡੀ ਆਈ ਸਕੂਲ 'ਚ ਲਾਇਆ ਸੈਮੀਨਾਰ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਡੀਡੀਆਈ ਸਕੂਲ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਰਿਟਾਇਰਡ ਮੈਨੇਜਰ ਭਾਈ ਬਲਜੀਤ ਸਿੰਘ ਤੇ ਭਾਈ ਹਰਪ੍ਰਤਾਪ ਸਿੰਘ ਵੱਲੋਂ ਸਕੂਲ ਵਿੱਚ ਇੱਕ ਸੈਮੀਨਾਰ



ਲਗਾਇਆ ਗਿਆ।ਇਹ ਸੈਮੀਨਾਰ ਸਕੂਲ ਦੇ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ ਦੀ ਰਹਿਨੁਮਾਈ ਹੇਠ ਸਕੂਲ ਤੇ ਅਕੈਡਮਿਕ ਡਾਇਰੈਕਟਰ ਮੈਡਮ ਸਤਿੰਦਰ ਕੌਰ ਮਰਵਾਹਾ ਤੇ ਵਾਈਸ ਪ੍ਰਿੰਸੀਪਲ ਮੈਡਮ ਸਵਲੀਨ ਭਾਟੀਆ ਵੱਲੋਂ ਲਗਾਇਆ ਗਿਆ।

ਇਸ ਸੈਮੀਨਾਰ ਦਰਮਿਆਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਬਾਰੇ ਦੱਸਿਆ ਗਿਆ। ਉਨ੍ਹਾਂ ਨੇ ਕਿਹਾ ਕਿ ਮਨੁੱਖ ਨੂੰ ਹਮੇਸ਼ਾ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਯਾਦ ਰੱਖਣ ਦੇ ਨਾਲ ਨਾਲ ਚੜ੍ਹਦੀ ਕਲਾ ਦੀ ਸੋਚ ਵੀ ਰੱਖਣੀ ਚਾਹੀਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਇਨਸਾਨ ਨੂੰ ਪਾਜ਼ੀਟਿਵ ਸੋਚ ਦੇ ਨਾਲ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਨ ਬਾਰੇ ਕਿਹਾ ਅਤੇ ਗੁਰੂ ਜੀ ਦੇ ਦੱਸੇ ਮਾਰਗ ਤੇ ਚੱਲਣ ਬਾਰੇ ਕਿਹਾ। ਉਨ੍ਹਾਂ ਕਿਹਾ ਕਿ ਜਿਵੇਂ ਸਾਡੇ ਤਨ ਦੇ ਕੱਪੜੇ ਮੈਲੇ ਹੋ ਜਾਂਦੇ ਹਨ ਤੇ ਅਸੀਂ ਉਨ੍ਹਾਂ ਨੂੰ ਸਾਫ ਕਰਦੇ ਹਾਂ, ਇਸੇ ਤਰ੍ਹਾਂ ਹੀ ਸਾਡਾ ਮਨ ਵੀ ਮੈਲਾ ਹੋ ਜਾਂਦਾ ਹੈ ਤੇ ਅਸੀਂ ਪਰਮਾਤਮਾ ਦਾ ਸਿਮਰਨ ਕਰਕੇ ਮਨ ਨੂੰ ਸਾਫ ਕਰ ਸਕਦੇ ਹਾਂ।

ਆਖਰ ਵਿੱਚ ਮੈਡਮ ਸਤਿੰਦਰ ਕੌਰ ਮਰਵਾਹਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਦੀਆਂ ਪ੍ਰੇਰਨਾਵਾਂ 'ਤੇ ਚੱਲਣਾ ਚਾਹੀਦਾ ਹੈ।ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਵੱਲੋਂ ਆਏ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਡੀ. ਡੀ. ਆਈ. ਸਕੂਲ ਵਿੱਚ ਸੈਮੀਨਾਰ ਲਗਾਇਆ ਅਤੇ ਗੁਰੂ ਸਾਹਿਬ ਜੀ ਦੀਆਂ ਦਿੱਤੀਆਂ ਕੁਰਬਾਨੀਆਂ ਬਾਰੇ ਵਿਸਥਾਰ ਨਾਲ ਦੱਸਿਆ।ਹਾਜ਼ਰ ਸਾਰੇ ਮਹਿਮਾਨਾਂ ਨੂੰ ਯਾਦਗਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

## ਜੋਗਿੰਦਰ ਪਾਲ ਨੰਦੂ ਨੂੰ ਸਦਮਾ, ਪਿਤਾ ਦਾ ਦਿਹਾਂਤ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਨਗਰ ਕੌਂਸਲ ਕਾਦੀਆਂ ਤੋਂ ਪ੍ਰਧਾਨ ਨੇਹਾ ਅਤੇ ਉਨ੍ਹਾਂ ਦੇ ਪਤੀ ਜੋਗਿੰਦਰ ਪਾਲ ਨੰਦੂ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਅੱਲਾ ਦੱਤਾ (85) ਅਚਾਨਕ ਆਪਣੇ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਜਿਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ ।

ਇਸ ਮੌਕੇ ਸ਼ਹਿਰ ਦੀਆਂ ਵੱਖ-ਵੱਖ ਸ਼ਖਸੀਅਤਾਂ ਨੇ ਪੀੜਤ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ।ਜੋਗਿੰਦਰ ਪਾਲ ਨੰਦੂ ਜੋ ਕਿ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਨ, ਦੇ ਨਾਲ ਜਿੱਥੇ ਸਮੂਹ ਕਾਂਗਰਸੀ ਵਰਕਰਾਂ ਅਤੇ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਉਥੇ ਹੀ ਵੱਖ-ਵੱਖ ਰਾਜਨੀਤਿਕ ਆਗੂਆਂ ਸਮੇਤ ਇਲਾਕੇ ਦੇ ਸਮੂਹ ਸ਼ਹਿਰ ਵਾਸੀਆਂ ਅਤੇ ਆਸ ਪਾਸ ਦੇ ਪਿੰਡਾਂ ਦੇ ਆਏ ਲੋਕਾਂ ਅਤੇ ਸਰਪੰਚਾਂ/ ਪੰਚਾਂ ਨੇ ਵੀ ਦੁੱਖ ਪ੍ਰਗਟਾਇਆ।ਇਸ ਮੌਕੇ ਨਗਰ ਕੌਂਸਲ ਕਾਦੀਆਂ ਦਾ ਸਮੁੱਚਾ ਸਟਾਫ ਅਤੇ ਸਫਾਈ ਕਰਮਚਾਰੀ ਵੀ ਪਹੁੰਚੇ ਜਿਨ੍ਹਾਂ ਨੇ ਪਰਿਵਾਰ ਦੇ ਨਾਲ ਹਮਦਰਦੀ ਜਤਾਈ।

## ਕਰਨਬੀਰ ਸਿੰਘ ਬੁਰਜ ਨੇ ਸਰਕਾਰੀ ਹਾਈ ਸਕੂਲ ਝਬਾਲ ਵਿਖੇ ਛਾਂਦਾਰ ਬੂਟੇ ਲਗਾਏ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਵਾਤਾਵਰਣ ਨੂੰ ਸ਼ੁੱਧ ਰੱਖਣ ਅਤੇ ਲੋਕਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸਰਕਾਰੀ ਹਾਈ ਸਕੂਲ ਝਬਾਲ ਲੜਕਿਆਂ ਵੱਲੋਂ ਵਾਤਾਵਰਣ ਦਿਵਸ ਮਨਾਇਆ ਜਿਸ ਵਿੱਚ ਮੁੱਖ ਮਹਿਮਾਨ ਜ਼ਿਲਾ ਕਾਂਗਰਸ ਦੇ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਸਮੇਂ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਗਾਉਣ ਦੀ ਸ਼ੁਰੂਆਤ ਜ਼ਿਲਾ ਕਾਂਗਰਸ ਦੇ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਫਲਦਾਰ ਬੂਟਾ ਲਗਾ ਕੇ ਕੀਤੀ।ਇਸ ਸਮੇਂ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਰਨਬੀਰ ਸਿੰਘ ਬੁਰਜ ਨੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਵੱਧ ਤੋਂ ਵੱਧ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਜਾਣ।ਉਨ੍ਹਾਂ ਸਕੂਲੀ ਬੱਚਿਆਂ ਦੀ ਗਰਮੀਆਂ ਵਿੱਚ ਬਿਜਲੀ ਦੀ ਮੁਸ਼ਕਲ ਨੂੰ ਮੁੱਖ ਰੱਖਦਿਆਂ ਸਕੂਲ ਨੂੰ ਵੱਡਾ ਜਨਰੇਟਰ ਲੈ ਕੇ ਦੇਣ ਦਾ ਦਾ ਐਲਾਨ ਕੀਤਾ।ਇਸ ਸਮੇਂ ਸਕੂਲ ਹੈੱਡਟੀਚਰ ਸੁਰਿੰਦਰਪਾਲ ਸਿੰਘ ਅਤੇ ਮਾਸਟਰ ਦਿਲਬਾਗ ਸਿੰਘ ਸਵਰਗਾਪੁਰੀ ਨੇ ਕਰਨਬੀਰ ਸਿੰਘ ਬੁਰਜ ਤੇ ਆਏ ਪ੍ਰਮੁੱਖ ਆਗੂਆਂ ਨੂੰ ਸਨਮਾਨਤ ਕੀਤਾ।ਇਸ ਸਮੇਂ ਪਹੁੰਚੀਆਂ ਸ਼ਖ਼ਸੀਅਤਾਂ ਵਿੱਚ ਸਾਬਕਾ ਸਰਪੰਚ ਗੁਰਿੰਦਰ ਸਿੰਘ ਬਾਬਾ ਲੰਗਾਹ, ਸਾਬਕਾ ਸਰਪੰਚ ਨਰਿੰਦਰ ਪੱਪਾ, ਸਾਬਕਾ ਸਰਪੰਚ ਪ੍ਰਗਟ ਸਿੰਘ ਬਾਬਾ ਲੰਗਾਹ, ਸਾਬਕਾ ਸਰਪੰਚ ਸੁੱਚਾ ਸਿੰਘ ਖੈਰਦੀ, ਟ ਮੈਂਬਰ ਵਰਿੰਦਰ ਸਿੰਘ ਪਿੰਕਾ, ਮੈਂਬਰ ਤੇਜਿੰਦਰ ਸਿੰਘ ਰੂਬੀ, ਸਾਬਕਾ ਮੈਂਬਰ ਹਰਭਿੰਦਰ ਸਿੰਘ, ਸੁਖਵਿੰਦਰ ਸਿੰਘ ਬਿੱਟੂ, ਮਾਸਟਰ ਪਰਮਿੰਦਰ ਸਿੰਘ, ਗੁਰਵਿੰਦਰ ਸਿੰਘ, ਸੁਖਯੋਧਬੀਰ ਸਿੰਘ ਅਤੇ ਡੀ. ਪੀ. ਗੁਰਵਿੰਦਰ ਸਿੰਘ ਹਾਜ਼ਰ ਸਨ।

## ਬੇਅਦਬੀ ਕਾਨੂੰਨ ਵਾਂਗ ਗਊ ਤਸਕਰੀ ਤੇ ਗਊ ਹੱਤਿਆ ਖਿਲਾਫ ਵੀ ਸਖਤ ਕਾਨੂੰਨ ਬਣਾਉਣ ਦੀ ਮੰਗ

ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ)-ਪ੍ਰਧਾਨ ਯੋਗਰਾਜ ਸ਼ਰਮਾ ਅਤੇ ਪੰਜਾਬ ਪ੍ਰਭਾਰੀ ਹਨੀ ਮਹਾਜਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਦੀਨਾਨਗਰ ਵੱਲੋਂ ਪੰਜਾਬ ਬੁਲਾਰੇ ਯੁਵਾ ਵਿੰਗ ਅਜੈ ਕੁਮਾਰ ਅਤੇ ਪੰਜਾਬ ਸਕੱਤਰ ਸੁਮਿਤ ਭਾਰਦਵਾਜ ਨੇ ਪੰਜਾਬ ਸਰਕਾਰ ਦੁਆਰਾ ਬਣਾਏ ਜਾ ਰਹੇ ਬੇਅਦਬੀ ਦੇ ਕਾਨੂੰਨਾਂ ਵਿੱਚ ਗਊ ਹੱਤਿਆ ਅਤੇ ਗਊ ਤਸਕਰੀ ਨੂੰ ਸ਼ਾਮਲ



ਕਰਨ ਲਈ ਦੀਨਾਨਗਰ ਦੇ ਪ੍ਰਧਾਨ ਦਵਿੰਦਰ ਸਿੰਘ ਨੇ ਸਰਕਾਰ ਦੇ ਨਾਮ ਤੇ ਇੱਕ ਮੰਗ ਪੱਤਰ ਦਿੱਤਾ ਹੈ। ਇਸ ਮੌਕੇ ਤੇ ਅਜੈ ਕੁਮਾਰ ਅਤੇ ਸੁਮਿਤ ਨੇ ਕਿਹਾ ਕਿ ਹਾਲ ਹੀ ਦੇ ਦਿਨਾਂ ਵਿੱਚ ਫਗਵਾੜਾ ਅਤੇ ਅੰਮ੍ਰਿਤਸਰ ਬਹੁਤ ਮਾਤਰਾ ਵਿੱਚ ਗਊ ਮਾਸ ਫੜਿਆ ਗਿਆ ਕਿਉਂ ਜਿਸ ਕਰਨ ਹਿੰਦੂ ਸਮਾਜ ਦੀਆਂ ਭਾਵਨਾ ਨੂੰ ਠੇਸ ਪਹੁੰਚੀ ਹੈ।ਉਨ੍ਹਾਂ ਕਿਹਾ ਕਿ ਗਊ ਮਾਤਾ ਨੂੰ ਹਿੰਦੂ ਸਮਾਜ ਵਿੱਚ ਗਊ ਮਾਤਾ ਦਾ ਦਰਜਾ ਪ੍ਰਾਪਤ ਹੈ।ਹਿੰਦੂ ਸਮਾਜ ਦੀ ਭਾਵਨਾ ਨੂੰ ਦੇਖ ਦੇ ਹੋਈ ਗਊ ਹੱਤਿਆ ਨੂੰ ਵੀ ਬੇਅਦਬੀ ਕਾਨੂੰਨ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਹੁਤ ਵੱਡੇ ਪੱਧਰ 'ਤੇ ਗਊ ਮਾਸ ਫੜਿਆ ਜਾਣਾ ਚਿੰਤਾ ਦਾ ਵਿਸ਼ਾ ਹੈ।ਸਰਕਾਰ ਨੂੰ ਉਸਦੀ ਜਾਂਚ ਉਚ ਅਧਿਕਾਰੀਆਂ ਤੋਂ ਕਰਵਾਉਣੀ ਚਾਹੀਦੀ ਹੈ ਅਤੇ ਜੋ ਵੀ ਦੋਸ਼ੀ ਪਾਇਆ ਜਾਂਦਾ ਹੈ ਉਸ ਨੂੰ ਕੜੀ ਤੋਂ ਕੜੀ ਸਜ਼ਾ ਦੇਣੀ ਚਾਹੀਦੀ ਹੈ। ਇਸ ਮੌਕੇ ਰਾਹੁਲ, ਵਿਨੋਦ ਕੁਮਾਰ, ਅਨੁਰਾਗ ਮਲਹੋਤਰਾ ਕੁਲਦੀਪ ਸ਼ਰਮਾ ਆਦਿ ਹਾਜ਼ਰ ਸਨ।

## ਡੀ ਸੀ ਨੇ ਟੀ ਬੀ ਮੁਕਤ ਭਾਰਤ ਅਭਿਆਨ ਤਹਿਤ ਇੰਡਸਟਰੀ ਤੇ ਫੈਕਟਰੀ ਮਾਲਕਾਂ ਨਾਲ ਕੀਤੀ ਅਹਿਮ ਮੀਟਿੰਗ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਪ੍ਰਧਾਨਗੀ ਹੇਠ ਟੀਬੀ ਮੁਕਤ ਭਾਰਤ ਅਭਿਆਨ ਤਹਿਤ ਸਿਵਲ ਸਰਜਨ ਡਾ. ਕਿਰਨਦੀਪ ਕੌਰ ਦੀ ਅਗਵਾਈ ਹੇਠ ਜ਼ਿਲੇ ਭਰ ਦੇ ਇੰਡਸਟਰੀ ਅਤੇ ਫੈਕਟਰੀਆਂ ਦੇ ਮਾਲਕਾਂ ਤੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ।ਇਸ ਮੀਟਿੰਗ ਦਾ ਮੁੱਖ ਉਦੇਸ਼ ਟੀਬੀ ਮੁਕਤ ਵਰਕ ਪਲੇਸ ਤਹਿਤ ਕੰਮ ਕਰਨਾ ਹੈ ਅਤੇ ਹਰੇਕ ਵਰਕ ਪਲੇਸ ਭਾਵੇਂ ਉਹ ਸਰਕਾਰੀ ਹੋਵੇ ਜਾਂ ਗੈਰ ਸਰਕਾਰੀ, ਵਿੱਚ ਟੀਬੀ ਦੇ ਮਰੀਜ਼ਾਂ ਦੀ ਭਾਲ ਕਰਨੀ ਅਤੇ ਅਤੇ ਇਲਾਜ ਕਰਾਉਣਾ ਹੈ।ਇਸ ਦੇ ਨਾਲ ਨਾਲ ਟੀਬੀ ਪ੍ਰਤੀ ਆਮ ਲੋਕਾਂ ਨੂੰ ਜਾਗਰੂਕ ਕਰਕੇ ਟੀਬੀ ਪ੍ਰਤੀ ਸੁਚੇਤ ਕਰਨਾ ਹੈ ਤਾਂ ਜੋ ਸਮੇਂ ਸਿਰ ਟੀਬੀ ਦੇ ਮਰੀਜ਼ਾਂ ਦਾ ਪਤਾ ਲੱਗ ਸਕੇ ਅਤੇ ਇਲਾਜ ਸੰਭਵ ਹੋ ਸਕੇ।ਇਸ ਮੌਕੇ ਡਬਲਯੂਐੱਚਓ ਵੱਲੋਂ ਡਾ. ਪਰੀਤੋਸ਼ ਧਵਨ ਅਤੇ ਸਟੇਟ ਸਟੇਟ ਪ੍ਰੋਗਰਾਮ ਅਫਸਰ ਡਾ. ਜਸਪ੍ਰੀਤ ਸਿੰਘ ਵੱਲੋਂ ਇੱਕ ਪੀਪੀਟੀ ਰਾਹੀਂ ਸਮੂਹ ਇੰਡਸਟਰੀ ਅਤੇ ਫੈਕਟਰੀ ਮਾਲਕਾਂ ਨੂੰ ਇਸ ਪ੍ਰੋਗਰਾਮ ਪ੍ਰਤੀ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਅਤੇ ਸਹਿਯੋਗ ਦੀ ਮੰਗ ਕੀਤੀ ਗਈ।ਇਸ ਅਫਸਰ ਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਜ਼ਿਲ੍ਹੇ ਵਿੱਚੋਂ ਟੀਬੀ ਦੀ ਬਿਮਾਰੀ ਦਾ ਖਾਤਮਾ ਕਰਨਾ ਹੈ ਅਤੇ ਟੀਬੀ ਦੇ ਛੁਪੇ ਹੋਏ ਕੇਸਾਂ ਨੂੰ ਲੱਭ ਕੇ ਉਨ੍ਹਾਂ ਦਾ ਮੁਫਤ ਇਲਾਜ ਕਰਾਉਣਾ ਹੈ।ਉਸ ਤੋਂ ਇਲਾਵਾ ਟੀਬੀ ਦੇ ਮਰੀਜ਼ਾਂ ਨੂੰ ਪੌਸ਼ਟਿਕ ਆਹਾਰ ਪ੍ਰਦਾਨ ਕਰਨਾ ਹੈ ਤਾਂ ਜੋ ਮਰੀਜ਼ਾਂ ਦੇ ਜਲਦ ਇਲਾਜ ਵਿੱਚ ਸਹਾਇਤਾ ਕੀਤੀ ਜਾ ਸਕੇ।ਇਸ ਮੌਕੇ ਵਿਸ਼ੇਸ਼ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਇੰਡਸਟਰੀ ਅਤੇ ਫੈਕਟਰੀਆਂ ਵਿੱਚ ਕੰਮ ਕਰ ਰਹੇ, ਸਮੂਹ ਵਰਕਰਾਂ ਤੇ ਕਾਮਿਆਂ ਦੀ ਸਕਰੀਨਿੰਗ ਕੀਤੀ ਜਾਵੇਗੀ ਅਤੇ ਸਪੈਸ਼ਲ ਮੈਡੀਕਲ ਕੈਂਪ ਲਗਾ ਕੇ ਉਨ੍ਹਾਂ ਦਾ ਚੈੱਕਅਪ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਜਿੰਨੇ ਵੀ ਟੀਬੀ ਦੇ ਕੇਸ ਲੱਭਣਗੇ ਉਨ੍ਹਾਂ ਨੂੰ ਨਿਊਟਰੀਸ਼ਨਲ ਸਪੋਰਟ, ਡਾਇਗਨੋਸਿਕ ਸਪੋਰਟ ਅਤੇ ਵੋਕੇਸ਼ਨਲ ਸਪੋਰਟ ਵੀ ਦਿੱਤੀ ਜਾਵੇਗੀ ਜਿਸ ਅਧੀਨ ਨਿਕਸ਼ੇ ਮਿੱਤਰਾ ਵੱਲੋਂ ਟੀਬੀ ਦੇ ਮਰੀਜ਼ਾਂ ਨੂੰ ਅਡਾਪਟ ਕੀਤਾ ਜਾਏਗਾ ਅਤੇ ਉਨ੍ਹਾਂ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਕਰਾਈ ਜਾਏਗੀ।ਇਸ ਤੋਂ ਇਲਾਵਾ ਸਾਰੇ ਟੈਸਟ ਅਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ।ਇਸ ਦੇ ਨਾਲ ਹੀ ਟੀਬੀ ਦੇ ਮਰੀਜ਼ਾਂ ਦੀ ਆਰਥਿਕ ਸਹਾਇਤਾ ਵੀ ਕੀਤੀ ਜਾਵੇਗੀ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਕੋਈ ਕੰਮ ਧੰਦਾ ਨੌਕਰੀ ਆਦਿ ਰਾਹੀਂ ਆਤਮਨਿਰਭਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।ਇਸ ਮੌਕੇ ਜ਼ਿਲਾ ਟੀਬੀ ਅਫਸਰ ਡਾ. ਵਿਜੇ ਗੋਤਵਾਲ, ਜ਼ਿਲਾ ਐੱਮ. ਈ. ਆਈ. ਓ. ਅਮਰਦੀਪ ਸਿੰਘ ਅਤੇ ਸਮੂਹ ਇੰਡਸਟਰੀ ਦੇ ਅਧਿਕਾਰੀ ਸ਼ਾਮਿਲ ਹੋਏ।

## ਬੰਧਨ ਏ ਐੱਮ ਸੀ ਨਿਵੇਸ਼ਕਾਂ ਦੀ ਸੇਵਾ 'ਚ ਮਨਾ ਰਿਹਾ 25ਵੇਂ ਵਰ੍ਹੇ ਦੇ ਜਸ਼ਨ

ਲੁਧਿਆਣਾ; ਬੰਧਨ ਏਐੱਮਸੀ ਲਿਮਟਿਡ ਦੇਸ਼ ਦੀਆਂ ਪ੍ਰਮੁੱਖ ਐਸੇਟ ਮੈਨੇਜਮੈਂਟ ਕੰਪਨੀਆਂ ਵਿੱਚੋਂ ਇੱਕ ਭਾਰਤੀ ਮਿਊਚੁਅਲ ਫੰਡ ਇੰਡਸਟਰੀ ਵਿੱਚ 25ਵਾਂ ਸਾਲ ਮਨਾ ਰਹੀ ਹੈ।ਬੰਧਨ ਏਐੱਮਸੀ ਰਾਜੂ ਭਈਆ ਕੀ ਕਹਾਣੀ ਪੇਸ਼ ਕਰਦਾ ਹੈ। ਇੱਕ ਪੁਰਾਣੀ ਸੰਗੀਤਕ ਫਿਲਮ ਜੋ ਬਹੁਤ ਸਾਰੇ ਲੋਕਾਂ ਲਈ ਇੱਕ ਜਾਣੀ ਪਛਾਣੀ ਯਾਤਰਾ ਨੂੰ ਦਰਸਾਉਂਦੀ ਹੈ: ਬੱਚਤ ਤੋਂ ਲੈ ਕੇ ਵਿਸ਼ਵਾਸ ਨਾਲ ਨਿਵੇਸ਼ ਕਰਨ ਤੱਕ।ਫਿਲਮ ਦੇਖਣ ਲਈ ਫੋਟੋ ਵਿੱਚ ਕੋਡ ਨੂੰ ਸਕੈਨ ਕਰੋ।ਇਸ ਜਸ਼ਨ 'ਤੇ ਬੋਲਦੇ ਹੋਏ ਬੰਧਨ ਏਐੱਮਸੀ ਦੇ ਸੀਈਓ ਵਿਸ਼ਾਲ ਕਪੂਰ ਨੇ ਕਿਹਾ ਕਿ ਜਿਵੇਂ ਕਿ ਅਸੀਂ ਆਪਣੀ ਯਾਤਰਾ ਦੇ 25 ਸਾਲ ਪੂਰੇ ਕਰ ਰਹੇ ਹਾਂ, ਸਾਨੂੰ ਲੱਖਾਂ ਬਚਤ ਕਰਨ ਵਾਲਿਆਂ ਨੂੰ ਨਿਵੇਸ਼ਕ ਬਣਨ ਵਿੱਚ ਸਾਡੀ ਭੂਮਿਕਾ 'ਤੇ ਮਾਣ ਹੈ।ਏਐੱਨਜ਼ੈੱਡ ਗ੍ਰਿੰਡਲੇਜ਼ ਮਿਊਚੁਅਲ ਫੰਡ ਤੋਂ ਲੈ ਕੇ ਸਟੈਂਡਰਡ ਚਾਰਟਰਡ ਮਿਊਚੁਅਲ ਫੰਡ, ਆਈਡੀਐੱਫਸੀ ਏਐੱਮਸੀ ਅਤੇ ਹੁਣ ਬੰਧਨ ਏਐੱਮਸੀ ਤੱਕ, ਹਰ ਮੀਲ ਪੱਥਰ ਵਿੱਤੀ ਸਾਰਿਆਂ ਨੂੰ ਸ਼ਾਮਿਲ ਕਰਨ, ਇਨੋਵੇਸ਼ਨ ਅਤੇ ਨਿਵੇਸ਼ਕ ਫੋਕਸ ਪ੍ਰਤੀ ਸਾਡੀ ਵਚਨਬੱਧਤਾ ਦਾ ਸਬੂਤ ਰਿਹਾ ਹੈ।

## ਤਲਵੰਡੀ ਝੁੰਗਲਾਂ 'ਚ ਨਸ਼ਿਆਂ ਸੰਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ

**ਕਾਦੀਆਂ ( ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰ ਦੁਆਰਾ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਤਲਵੰਡੀ ਝੁੰਗਲਾਂ ਬਲਾਕ ਕਾਦੀਆਂ ਵਿੱਚ ਸੀਡੀਪੀਓ ਵਰਿੰਦਰ ਸਿੰਘ ਦੀ ਅਗਵਾਈ ਵਿੱਚ ਨਸ਼ਿਆਂ ਵਿਰੁੱਧ ਕੈਂਪ ਲਗਾਇਆ ਗਿਆ ਜਿਸ ਵਿੱਚ ਸੁਪਰਵਾਈਜ਼ਰ ਮੈਡਮ ਬਲਵਿੰਦਰ ਕੌਰ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਨੌਜਵਾਨਾਂ ਨੂੰ ਜਾਗਰੂਕ ਕਰਵਾਇਆ ਗਿਆ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਵਿੱਚ ਪਿੰਡ ਤਲਵੰਡੀ ਝੁੰਗਲਾਂ ਦੇ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਮੈਡਮ ਬਲਵਿੰਦਰ ਕੌਰ ਦੇ ਵੱਲੋਂ ਨਸ਼ਿਆਂ ਸਬੰਧੀ ਜਾਗਰੂਕ ਕਰਦੇ ਹੋਏ ਕਿਹਾ ਕਿ ਸਰਕਾਰ ਦੇ ਵੱਲੋਂ ਜੋ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਅਤੇ ਸੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਕਾਮਯਾਬ ਬਣਾਉਣ ਦੇ ਲਈ ਇਹ ਕੈਂਪ ਲਗਾਇਆ ਗਿਆ। ਇਸ ਕੈਂਪ ਦੇ ਵਿੱਚ ਲੋਕਾਂ ਨੂੰ ਨਸ਼ਿਆਂ ਸੰਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਨਾਲ ਸਿਰਫ ਤੇ ਸਿਰਫ ਨੌਜਵਾਨਾਂ ਦਾ ਜੀਵਨ ਬਰਬਾਦ ਹੁੰਦਾ ਨਾ ਕਿ ਆਬਾਦ ਹੁੰਦਾ। ਇਸ ਲਈ ਨੌਜਵਾਨ ਨਸ਼ਿਆਂ ਨੂੰ ਛੱਡ ਕੇ ਖੇਡਾਂ ਦੇ ਵੱਲ ਆਪਣੀ ਰੁਚੀ ਨੂੰ ਵਧਾਉਣ ਅਤੇ ਸਮਾਜ ਭਲਾਈ ਦੇ



ਕੰਮਾਂ ਵਿੱਚ ਆਪਣਾ ਅਹਿਮ ਯੋਗਦਾਨ ਪਾ ਕੇ ਆਪਣੇ ਇਲਾਕੇ ਅਤੇ ਪਿੰਡ ਦਾ ਨਾਮ ਰੌਸ਼ਨ ਕਰਨ। ਇਸ ਮੌਕੇ ਆਏ ਹੋਏ ਪਿੰਡ ਦੇ ਲੋਕਾਂ ਦਾ ਕੈਂਪ ਵਿੱਚ ਪਹੁੰਚਣ ਤੇ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਂਗਣਵਾੜੀ ਵਰਕਰ ਅਮਰੀਕ ਕੌਰ, ਗੁਰਵਿੰਦਰ ਕੌਰ, ਸੁਖਜੀਤ ਕੌਰ ਆਦਿ ਹਾਜ਼ਰ ਸਨ।

## ਸਮਰੱਥ ਮਿਸ਼ਨ ਅਧੀਨ ਕਰਵਾਏ ਜਾਗਰੂਕਤਾ ਪ੍ਰੋਗਰਾਮ ਦੌਰਾਨ ਪਰਾਲੀ ਪ੍ਰਬੰਧਨ 'ਤੇ ਹੋਈ ਚਰਚਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਥਰਮਲ ਪਾਵਰ ਪਲਾਂਟਾਂ ਵਿੱਚ ਬਾਇਓਮਾਸ ਦੀ ਵਰਤੋਂ ਸਬੰਧੀ ਇਕ ਦਿਨਾਂ ਸਿਖਲਾਈ ਅਤੇ ਜਾਗਰੂਕਤਾ ਪ੍ਰੋਗਰਾਮ ਸਮਰੱਥ ਮਿਸ਼ਨ, ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਅਤੇ ਨੈਸ਼ਨਲ ਪਾਵਰ ਟ੍ਰੇਨਿੰਗ ਇੰਸਟੀਚਿਊਟ, ਨੰਗਲ ਦੇ ਸਾਂਝੇ ਉਪਰਾਲੇ ਤਹਿਤ ਪਟਿਆਲਾ ਵਿਖੇ ਕਰਵਾਇਆ ਗਿਆ।



ਜਾਗਰੂਕਤਾ ਤੇ ਸਿਖਲਾਈ ਪ੍ਰੋਗਰਾਮ 'ਚ ਮਿਸ਼ਨ ਅਧਿਕਾਰੀਆਂ, 200 ਤੋਂ ਵੱਧ ਕਿਸਾਨਾਂ, ਕਿਸਾਨ ਉਤਪਾਦਕ ਸੰਗਠਨਾਂ (ਐੱਫਪੀਓ), ਥਰਮਲ ਪਾਵਰ ਪਲਾਂਟ ਅਧਿਕਾਰੀਆਂ, ਬੈਂਕਰਾਂ, ਉਦਯੋਗਪਤੀਆਂ ਅਤੇ ਪੈਲੇਟ ਨਿਰਮਾਤਾਵਾਂ ਨੇ ਭਾਗ ਲਿਆ। ਸਮਰੱਥ ਮਿਸ਼ਨ ਪੰਜਾਬ ਖੇਤੀਬਾੜੀ ਵਿਭਾਗ, ਐੱਸ.ਬੀ.ਆਈ., ਗਲੋਬਲ ਨਾਮਧਾਰੀ ਇੰਜੀਨੀਅਰਜ ਅਤੇ ਪੀਐੱਸਪੀਸੀਐੱਲ ਤੋਂ ਆਏ ਮਾਹਰਾਂ ਨੇ ਬਾਇਓਮਾਸ ਪੈਲੇਟ ਤਿਆਰ ਕਰਨ ਦੀ ਤਕਨੀਕ, ਉਪਕਰਨ ਅਤੇ ਵਿੱਤੀ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਐੱਨਪੀਟੀਆਈ ਦੇ ਡਾਇਰੈਕਟਰ ਡਾ. ਐਮ. ਰਵੀਚੰਦਰ ਬਾਬੂ ਨੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਕਿਸਾਨਾਂ ਤੇ ਥਰਮਲ ਪਾਵਰ ਪਲਾਂਟਾਂ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪਹਿਲ ਗਰੀਨ ਐਨਰਜੀ ਊਰਜਾ ਨੂੰ ਵਧਾਉਣ ਅਤੇ ਰੋਜਗਾਰ ਦੇ ਨਵੇਂ ਮੌਕੇ ਤਿਆਰ ਕਰਨ ਵਿੱਚ ਮਦਦਗਾਰ ਸਾਬਤ ਹੋਵੇਗੀ। ਖੇਤੀਬਾੜੀ ਅਧਿਕਾਰੀ ਡਾ. ਏ. ਐੱਸ. ਮਾਨ ਨੇ ਪਟਿਆਲਾ ਖੇਤਰ ਵਿੱਚ ਉਪਲਬਧ ਕੱਚੇ ਬਾਇਓਮਾਸ ਬਾਰੇ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਥਰਮਲ ਪਲਾਂਟਾਂ ਲਈ ਪੈਲੇਟ ਤਿਆਰ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਐੱਨ.ਪੀ.ਟੀ.ਆਈ. ਅਤੇ ਮਿਸ਼ਨ ਅਧਿਕਾਰੀਆਂ ਦਾ ਪਟਿਆਲਾ ਵਿੱਚ ਇਹ ਸਮਾਗਮ ਕਰਵਾਉਣ ਲਈ ਧੰਨਵਾਦ ਵੀ ਕੀਤਾ। ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਸਾਮਲ ਹੋਏ ਡਾਇਰੈਕਟਰ, ਸਮਰੱਥ ਮਿਸ਼ਨ ਅਨਿਲ ਬਵੇਜਾ ਨੇ ਸਮਾਗਮ ਦਾ ਉਦਘਾਟਨ ਕੀਤਾ। ਉਨ੍ਹਾਂ ਬਾਇਓਮਾਸ ਸਪਲਾਈ ਚੇਨ ਅਤੇ ਵਿੱਤੀ ਪੱਖਾਂ ਉੱਤੇ ਚਰਚਾ ਕੀਤੀ ਅਤੇ ਐਫਪੀਓ, ਨਵੇਂ ਉਦਯੋਗਪਤੀਆਂ ਨੂੰ ਇਸ ਖੇਤਰ ਵਿੱਚ ਆਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਅਤੇ ਉਦਯੋਗਪਤੀਆਂ ਲਈ ਅਨੇਕ ਵਿੱਤੀ ਅਤੇ ਤਕਨੀਕੀ ਸਕੀਮਾਂ ਉਪਲਬਧ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਦੇਸ਼ ਵਿੱਚ ਵੱਡੀ ਮਾਤਰਾ ਵਿੱਚ ਪਰਾਲੀ ਉਪਲਬਧ ਹੈ, ਜਿਸ ਨੂੰ ਜਲਾਇਆ ਜਾਂਦਾ ਹੈ। ਜੇਕਰ ਇਸ ਦਾ ਵਰਤੋਂ ਕਰਕੇ ਪੈਲੇਟ ਤਿਆਰ ਕੀਤੇ ਜਾਣ, ਤਾਂ ਇਹ ਪਰਾਲੀ ਸਾੜਨ ਅਤੇ ਕੋਲ ਦੀ ਘਾਟ ਦੋਵਾਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ।

ਇਸ ਮੌਕੇ ਮਨੋਜ ਕੁਮਾਰ ਯਾਦਵ (ਮਿਸ਼ਨ ਮੈਂਬਰ), ਡਾ. ਰਵਿੰਦਰਪਾਲ ਸਿੰਘ ਚੱਠਾ, ਹਰਵਿੰਦਰ ਸਿੰਘ, ਅਤੁਲ ਜੈਨ, ਭਗਵੰਤ ਸਿੰਘ ਨੇ ਬਾਇਓਮਾਸ ਪੈਲੇਟ, ਥਰਮਲ ਪਾਵਰ ਪਲਾਂਟਾਂ ਵਿੱਚ ਉਨ੍ਹਾਂ ਦੀ ਵਰਤੋਂ ਅਤੇ ਵਿੱਤੀ ਮਦਦ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ

## ਸੂਬੇ 'ਚ ਨਸ਼ਾ ਸਮੱਗਲਰਾਂ ਸਮੇਤ ਸਮਾਜ ਵਿਰੋਧੀ ਅਨਸਰ ਸਿਰ ਚੁੱਕਣ ਦੀ ਕਦਾਚਿਤ ਹਿੰਮਤ ਨਹੀਂ ਕਰ ਸਕਣਗੇ : ਧਾਲੀਵਾਲ

ਅਜਨਾਲਾ/ ਰਮਦਾਸ (ਸੁਖਤਿੰਦਰ ਸਿੰਘ ਰਾਜੂ)-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਚੋਣ ਹਲਕਾ ਅਜਨਾਲਾ 'ਚ ਹਲਕਾ ਵਾਸੀਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੇ ਨਸ਼ਾ ਤਸਕਰਾਂ/ਵਿਕਰੇਤਾਵਾਂ ਵਿਰੁੱਧ ਜਾਗਰੂਕ ਕਰਨ ਹਿੱਤ ਅਗਲੇ ਪੜਾਅ ਨੂੰ ਹੋਰ ਪ੍ਰਚੰਡ ਕਰਨ ਲਈ ਅੱਜ ਪਿੰਡ ਮੱਤੇਨੰਗਲ ਗੌਰੇਨੰਗਲ, ਕੋਟ ਮੁਗਲ-ਤਲਵੰਡੀ ਭੰਗਵਾਂ ਅਤੇ ਬੋਹੜਵਾਲਾ ਮੱਦੂਛਾਂਗਾ ਵਿਖੇ ਨਸ਼ਾ ਵਿਰੋਧੀ ਯਾਤਰਾਵਾਂ ਦੌਰਾਨ ਪ੍ਰਭਾਵਸ਼ਾਲੀ ਨਸ਼ਾ ਵਿਰੋਧੀ ਰੈਲੀਆਂ ਨੂੰ ਸੰਬੋਧਨ ਕੀਤਾ ਅਤੇ ਹਾਜ਼ਰੀਨ ਅਫਸਰਾਂ ਸਮੇਤ ਪੰਚਾਂ-ਸਰਪੰਚਾਂ, ਨੰਬਰਦਾਰਾਂ, ਮੋਹਤਬਰਾਂ ਤੇ ਆਮ ਲੋਕਾਂ ਨੂੰ ਨਸ਼ਿਆਂ ਵਿਰੁੱਧ ਸਮੂਹਿਕ ਹਲਫ ਦਿਵਾਇਆ।

ਯੁੱਧ ਨਸ਼ਿਆਂ ਵਿਰੁੱਧ ਤਹਿਤ ਹੋਈਆਂ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਤੇ ਸਾਬਕਾ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਭਰ 'ਚੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਵਚਨਬੱਧ ਹੈ ਅਤੇ ਇਸੇ ਵੱਚਨਬੱਧਤਾ ਤਹਿਤ ਡਰੱਗ ਮਾਫੀਆ ਦੇ ਜ਼ਰਨੈਲਾਂ ਨੂੰ ਵੀ ਗ੍ਰਿਫਤਾਰ ਕਰਕੇ ਜ਼ੇਲ੍ਹ ਭੇਜਿਆ ਗਿਆ ਹੈ ਅਤੇ ਹੋਰਨਾਂ ਡਰੱਗ ਮਾਫੀਆ ਦੇ ਵੱਡੇ ਮਗਰਮੱਛਾਂ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰਕੇ ਲੋਕਾਂ 'ਚ ਬੇਨਕਾਬ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਨ ਸਰਕਾਰ ਸੂਬੇ 'ਚ ਨਸ਼ਾ ਸਮੱਗਲਰਾਂ ਸਮੇਤ ਹੋਰ ਸਮਾਜ ਵਿਰੋਧੀ ਅਨਸਰ ਸਿਰ ਉੱਚਾ ਚੁੱਕਣ ਦੀ ਕਦਾਚਿੱਤ ਹਿੰਮਤ ਨਹੀਂ ਕਰ ਸਕਣਗੇ ਅਤੇ ਅਜਿਹੇ ਅਨਸਰਾਂ ਦੀ ਜਗ੍ਹਾ ਪੰਜਾਬ ਦੇ ਖੁੱਲ੍ਹੇ ਮਾਹੌਲ ਦੀ ਬਜਾਏ ਜ਼ੇਲ੍ਹਾਂ 'ਚ ਜਾਂ ਫਿਰ ਪੰਜਾਬ ਤੋਂ ਬਾਹਰਲੇ ਸੂਬਿਆਂ 'ਚ ਹੈ। ਵਿਧਾਇਕ ਤੇ ਸਾਬਕਾ ਮੰਤਰੀ ਸ: ਧਾਲੀਵਾਲ ਨੇ ਚਿੱਟਾ/ਹੈਰੋਇਨ ਦੀ



ਜਗ੍ਹਾ ਪੰਜਾਬ ਦੀ ਜਵਾਨੀ ਲਈ ਅਫੀਮ ਦੀ ਖੁੱਲੀ ਖੇਤੀ ਤੇ ਵਿਕਰੀ ਦੀ ਪੁਸ਼ਤ ਪਨਾਹੀ ਕਰ ਰਹੀ ਕਾਂਗਰਸ ਸਮੇਤ ਹੋਰਨਾਂ ਵਿਰੋਧੀ ਧਿਰਾਂ ਨੂੰ ਰੱਜ ਕੇ ਭੰਡਿਆ ਅਤੇ ਕਿਹਾ ਕਿ ਸਾਬਕਾ ਸਰਕਾਰਾਂ ਕਾਰਣ ਹੀ ਅੱਜ ਹੱਸਦਾ ਵੱਸਦਾ ਤੇ ਰੰਗਲਾ ਪੰਜਾਬ ਨਸ਼ਿਆਂ 'ਚ ਗਰਕ ਹੋਏ ਪੰਜਾਬ ਨੂੰ ਮੁੜ ਰੰਗਲੇ ਪੰਜਾਬ ਦੀ ਸਿਰਜਣਾ ਲਈ ਸੂਬਾ ਮਾਨ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਮੇਤ ਨੌਜੁਆਨਾਂ ਨੂੰ ਨਸ਼ਿਆਂ ਤੋਂ ਬਚਾਅ ਲਈ ਖੇਡਾਂ ਨਾਲ ਜੋੜਨ ਲਈ ਪੰਜਾਬ ਦੇ 13 ਹਜ਼ਾਰ ਤੋਂ ਵੱਧ ਪਿੰਡਾਂ 'ਚ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਸ: ਧਾਲੀਵਾਲ ਨੇ ਰੈਲੀਆਂ 'ਚ ਸ਼ਾਮਲ ਲੋਕਾਂ ਨੂੰ ਨਸ਼ਾ ਤਸਕਰਾਂ ਦੀ ਸੂਚਨਾ ਗੁਪਤ ਰੂਪ 'ਚ ਪੁਲੀਸ ਜਾਂ ਉਨ੍ਹਾਂ ਤੱਕ ਪਹੁੰਚਾਉਣ ਦਾ ਉਤਸ਼ਾਹਜਨਕ ਥਤਪੜਾ ਦਿੰਦਿਆਂ ਕਿਹਾ ਕਿ 1 ਮਾਰਚ ਤੋਂ ਪੰਜਾਬ 'ਚ ਸ਼ੁਰੂ ਹੋਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਪੰਜਾਬ 'ਚ ਨਸ਼ਿਆਂ ਦਾ ਧੰਦਾ ਕਰਕੇ ਜਵਾਨੀ ਨੂੰ ਤਬਾਹ ਕਰਨ ਵਾਲੇ ਸਰਗਰਮ ਨਸ਼ਾ ਤਸਕਰਾਂ ਵਿਰੁੱਧ 13 ਹਜਾਰ ਤੋਂ ਵੱਧ ਮੁਕਦਮੇ ਦਰਜ ਕਰਕੇ ਜਿੱਥੇ 23 ਹਜ਼ਾਰ ਦੇ ਕਰੀਬ ਨਸ਼ਾ ਤਸਕਰਾਂ ਨੂੰ ਰੰਗੇ ਹੱਥੀਂ ਦਬੋਚ ਕੇ ਪੁਲਸ ਪਾਰਟੀਆਂ ਵਲੋਂ 800 ਕਿਲੋਗ੍ਰਾਮ ਹੈਰੋਇਨ ਦੀਆਂ ਖੇਪਾਂ ਬਰਾਮਦ ਕਰਕੇ ਬਰਾਮਦ ਕੀਤੀਆਂ ਅਤੇ ਨਸ਼ਿਆਂ ਦੇ ਧੰਦੇ ਤੋਂ ਕਮਾਈ 1158 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਵੇਂ ਹੀ ਨਸ਼ਾ ਤਸਕਰਾਂ ਕੋਲੋਂ 300 ਕਿਲੋਗ੍ਰਾਮ ਅਫੀਮ, 160 ਕੁਇੰਟਲ ਭੁੱਕੀ, 11 ਕਿਲੋਗ੍ਰਾਮ ਚਰਸ, 300 ਕਿਲੋਗ੍ਰਾਮ ਗਾਂਜਾ, 28 ਲੱਖ ਨਸ਼ੀਲੇ ਕੈਪਸੂਲ/ਗੋਲੀਆਂ ਬਰਾਮਦ ਕੀਤੀਆਂ ਗਈਆਂ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਡੀਐੱਸਪੀ ਅਜਨਾਲਾ ਸ: ਗੁਰਵਿੰਦਰ ਸਿੰਘ ਔਲਖ, ਐੱਸਐੱਚਓ ਰਮਦਾਸ ਆਗਿਆਪਾਲ ਸਿੰਘ, ਤਹਸਿਲਦਾਰ ਗੁਰਮੁੱਖ ਸਿੰਘ, ਨਰਿਮਲ ਸਿੰਘ ਸਰਪੰਚ ਮਤੇਨੰਗਲ, ਗੁਰਪ੍ਰੀਤ ਸਿੰਘ ਗੋਰੇਨੰਗਲ, ਸਰਪੰਚ ਪਰਿਥੀਪਾਲ ਘੋਨੇਵਾਲਾ, ਹਰਦੀਪ ਸਿੰਘ ਸੁਧਾਰ, ਮੰਡੀ ਬੋਰਡ ਲਖਬੀਰ ਸਿੰਘ, ਕੁਲਦੀਪ ਸਿੰਘ ਹੇਲਰ ਸਮੇਤ ਹੋਰ ਪੰਚ ਸਰਪੰਚ ਤੇ ਮੋਹਤਬਰ ਮੌਜੂਦ ਸਨ।

**THIS IS A PUBLIC ADVERTISEMENT FOR INFORMATION PURPOSES. THIS IS NOT A PROSPECTUS ANNOUNCEMENT AND DOES NOT CONSTITUTE AN INVITATION OR OFFER TO ACQUIRE, PURCHASE OR SUBSCRIBE TO SECURITIES. NOT FOR PUBLICATION OR DISTRIBUTION, DIRECTLY OR INDIRECTLY OUTSIDE INDIA.**

(Please scan this QR code to view the Red Herring Prospectus)

TSC

# TSC INDIA LIMITED

Our Company was originally incorporated as 'TSC Travel Services Private Limited' on July 18, 2003, vide Registration no. 026209 (CIN: U63040PB2003PTC026209) under the provisions of the Companies Act, 1956 with the Registrar of Companies, Punjab, H.P. & Chandigarh. Further, our Company was converted into a public limited company pursuant to shareholders resolution passed at the extra-ordinary general meeting of our Company held on June 06, 2024 and the name of our Company was changed to "TSC Travel Services Limited" and a Fresh Certificate of Incorporation dated August 01, 2024 bearing CIN U63040PB2003PLC026209 is issued by the Registrar of Companies, Central Processing Centre. Subsequently, the name of our Company has been changed to "TSC India Limited" pursuant to the special resolution passed by the Shareholders of our Company at the Extra-Ordinary General Meeting held on August 12, 2024, and Central Processing Centre issued a fresh certificate of incorporation dated September 02, 2024, upon change of the name of the Company. Currently, the Corporate Identification Number of our Company is U63040PB2003PLC026209. For further details please refer to chapter titled 'History and Corporate Structure' beginning on page 142 of the Red Herring Prospectus.

**Registered Office:** Office No. 3, 2nd Floor, Midland Financial Centre, Plot No. 21-22, G.T. Road, Jalandhar, Punjab, India, 144001
**Contact Person:** Sonia Gaba, Company Secretary & Compliance Officer Tel: + 91-181-4288888; E-mail: cs@tscpl.biz;
**Website:** www.tscindialimited.com, **Corporate Identity Number:** U63040PB2003PLC026209

**OUR PROMOTERS: MR. ASHISH KUMAR MITTAL, MRS. PUJA MITTAL AND MR. VINAY GUPTA**
**THE ISSUE IS BEING MADE INACCORDANCE WITH CHAPTER IX OF THE SEBI ICDR REGULATIONS (IPO OF SMALL AND MEDIUM ENTERPRISES) AND THE EQUITY SHARES ARE PROPOSED TO BE LISTED ON EMERGE PLATFORM OF NATIONAL STOCK EXCHANGE OF INDIA (NSE EMERGE OR NSE)**

## THE ISSUE

**INITIAL PUBLIC ISSUE OF UP TO 36,98,000 EQUITY SHARES OF FACE VALUE OF ₹ 10 EACH ("EQUITY SHARES") OF TSC INDIA LIMITED ("COMPANY" OR THE "ISSUER") FOR CASH AT A PRICE OF ₹ [●] PER EQUITY SHARE (INCLUDING A SHARE PREMIUM OF ₹ [●] PER EQUITY SHARE) ("ISSUE PRICE") AGGREGATING UP TO ₹ [●] LAKHS COMPRISING A FRESH ISSUE OF UP TO 36,98,000 EQUITY SHARES AGGREGATING UP TO ₹ [●] LAKHS BY OUR COMPANY ("FRESH ISSUE") OF WHICH 1,86,000 EQUITY SHARES AGGREGATING TO ₹ [●] LAKHS WILL BE RESERVED FOR SUBSCRIPTION BY MARKET MAKER TO THE OFFER (THE "MARKET MAKER RESERVATION PORTION"). THE OFFER, LESS MARKET MAKER RESERVATION, I.E. NET OFFER 35,12,000 EQUITY SHARES OF FACE VALUE OF ₹10 EACH AT PRICE OF ₹ [●] PER EQUITY SHARE AGGREGATING TO ₹ [●] LAKHS IS HEREIN AFTER REFERRED TO AS THE "NET ISSUE". THE ISSUE AND NET ISSUE WILL CONSTITUTE 26.32% AND 25.00% OF THE FULLY-DILUTED POST- ISSUE PAID-UP EQUITY SHARE CAPITAL OF OUR COMPANY. THE FACE VALUE OF EQUITY SHARES IS ₹ 10 EACH. THE ISSUE PRICE IS [●] TIMES THE FACE VALUE OF THE EQUITY SHARES.**
**Our Company: We Engage in travel management company which specializes in providing comprehensive air ticketing services tailored to the requirements of its clients.**

**The Issue is being made in accordance with regulation 229(2) of the SEBI ICDR regulations**
**QIB CATEGORY: NOT MORE THAN 50% OF THE NET ISSUE**
**NON-INSTITUTIONAL INVESTOR CATEGORY: NOT LESS THAN 15% OF THE NET ISSUE**
**RETAIL CATEGORY: NOT LESS THAN 35% OF THE NET OFFER**
**MARKET MAKER PORTION: UPTO 1,86,000 EQUITY SHARES OR 5.03% OF THE ISSUE.**
**PRICE BAND: ₹ 68 TO ₹ 70 PER EQUITY SHARE OF FACE VALUE OF ₹ 10 EACH.**
**THE FLOOR PRICE 6.80 TIMES OF THE FACE VALUE AND THE CAP PRICE IS 7.00 TIMES OF THE FACE VALUE**
**BIDS CAN BE MADE FOR A MINIMUM OF 2,000 EQUITY SHARES AND IN MULTIPLES OF 2,000 EQUITY SHARES THEREAFTER.**
**THE PRICE TO EARNING RATIO BASED ON DILUTED EPS FOR FISCAL 2025 AT THE FLOOR PRICE IS 13.41 TIMES AND AT THE CAP PRICE IS 13.81 TIMES**
**ANCHOR INVESTOR BIDDING DATE: TUESDAY, JULY 22, 2025**
**BID/ISSUE OPENS ON: WEDNESDAY, JULY 23, 2025**
**BID/ISSUE CLOSES ON: FRIDAY, JULY 25, 2025***

**Our Company in consultation with the BRLM, may decide to close the Bid/Issue Period for QIBs one Working Day prior to the Bid/Issue Closing Date, in accordance with the SEBI ICDR Regulations.*
***UPI Mandate end time and date shall be at 5:00 pm, on bid/Issue closing date.*

## RISKS TO INVESTORS:

**IN MAKING AN INVESTMENT DECISION, POTENTIAL INVESTORS MUST ONLY RELY ON THE INFORMATION INCLUDED IN THE RED HERRING PROSPECTUS AND THE TERMS OF THE ISSUE, INCLUDING THE RISKS INVOLVED AND NOT RELY ON ANY OTHER EXTERNAL SOURCES OF INFORMATION ABOUT THE ISSUE AVAILABLE IN ANY MANNER**

In accordance with the recommendation of the Independent Directors of our Company , pursuant to their resolution dated July 15, 2025 the above price band is justified based on quantitative factors/ KPIs disclosed in the "***Basis for Issue Price***" section beginning on page 87 of the Red Herring Prospectus vis-à-vis the weighted average cost of acquisition ("**WACA**") of primary and secondary transaction(s), as applicable, disclosed in the "***Basis for Issue Price***" section beginning on the page 87 of Red Herring Prospectus and provided below in the advertisement.

i. **Risk to investors summary description of key risk factors based on materiality:**
- Our Company operations requires significant amount of working capital for a continuing growth. Our inability to meet our working capital requirements may adversely affect our results of operations.
- Our business is significantly dependent on the global travel and tourism industry, and adverse developments in this industry could materially affect our operations, financial performance, and growth prospects.
- Our offices, including our Registered Office and Branch Offices, are located on leased premises, and any disruption in these lease arrangements could adversely affect our business, operations, and financial performance.
- Our business relies on a limited number of suppliers, and any adverse changes in these relationships or our inability to establish new ones could negatively impact our operations and financial performance.
- Our suppliers may modify the terms of our arrangements, including reducing or eliminating commissions, incentives, or other compensation payable to us, which could adversely affect our business, financial condition, and results of operations.

ii. **Details of suitable ratios for the company for the last full financial year:**

| For the year ended March 31, 2025 | | | | | | | | |
|---|---|---|---|---|---|---|---|---|
| Name of the Company | Closing price* (₹) | Basic EPS (₹) | Diluted EPS (₹) | Face Value | P/E Ratio* | RoNW (%) | NAV Per Share (₹ in lakhs) | Total Income |
| The Company | | | | | | | | |
| TSC India Limited | [●] | 5.07 | 5.07 | 10 | [●] | 31.13 | 15.29 | 2,404.97 |
| Listed Peer Company | | | | | | | | |
| The Company has no comparable listed peers engaged in similar business. | | | | | | | | |

**to be included post finalization of the Issue Price.*

iii. **Weighted Average Cost of Acquisition for all Equity Shares transacted in one year, eighteen months and three years preceding the date of the Red Herring Prospectus by all the shareholders:**

| *Period* | *Weighted Average Cost of Acquisition (in ₹)#* | *Upper end of the Price band (₹ 70) is 'X' times the Weighted Average Cost of Acquisition* | *Range of acquisition price: Lowest Price - Highest Price (in ₹)* |
|---|---|---|---|
| *Last 1 year* | - | - | - |
| *Last 18 months* | 10 | 7.00 | 10 |
| *Last 3 years* | 10 | 7.00 | 10 |

*#As certified by our Statutory and Peer Review Auditor, by way of their certificate dated July 14, 2025*

iv. **Disclosures as per clause (9) (K) (4) of Part A to Schedule VI of SEBI (ICDR) Regulations, 2018:**
- ***The price per share of our Company based on the primary / new issue of shares (equity / convertible securities)***

Except as stated below, there has been no primary / new issue of shares (equity/convertible securities), excluding shares issued under ESOP/ESOS and issuance of bonus shares, during the 18 months preceding the date of filing of the RHP, where such issuance is equal to or more than 5 per cent of the fully diluted paid-up share capital of the Issuer Company (calculated based on the pre-Issue capital before such transaction/s and excluding employee stock options granted but not vested), in a single transaction or multiple transactions combined together over a span of rolling 30 days ("**Primary Issuance**")

There have been following issuance of Equity Shares which is equal to or more than 5% of the fully diluted paid-up share capital of the Company during the 18 months preceding the date of this Red Herring Prospectus.

| Date of Allotment | No. of Equity Shares allotted | Face Value (₹) | Issue Price (₹) | Nature of Consideration | Nature of Allotment | Total Consideration (₹) |
|---|---|---|---|---|---|---|
| May 11, 2024 | 22,20,000 | 10 | 10 | Cash | Rights Issue | 2,22,00,000 |
| **Total** | **22,20,000** | | | | | **2,22,00,000** |
| **Weighted Average cost of acquisition (pre-bonus)** | | | | | | **10.00** |
| **Weighted Average cost of acquisition (post-bonus)*** | | | | | | **4.00** |

****Adjusted for bonus shares allotted in the ratio of 1:1.5 pursuant to resolution passed in extra-ordinary general meeting (EGM) dated September 30, 2024.***

- ***The price per share of our Company based on secondary sale/ acquisitions of shares (equity / convertible securities)***

There have been no secondary sale/transfers or acquisition of any Equity Shares or convertible securities, where the Promoters, members of the Promoter Group, or Shareholders having the right to nominate Directors to the Board of our Company are a party to the transaction (excluding gifts), during the 18 months preceding the date of this Red Herring Prospectus, where either acquisition or sale is equal to or more than 5% of the fully diluted paid up share capital of our Company (calculated based on the pre-Issue capital before such transaction(s) and excluding employee stock options granted but not vested), in a single transaction or multiple transactions combined together over a span of rolling 30 days.

- ***Weighted average cost of acquisition (WACA), floor price and cap price:***

Based on the disclosures in (a) and (b) above, the weighted average cost of acquisition of Equity Shares as compared with the Floor Price and Cap Price is set forth below:

| Types of Transactions | Weighted average cost of acquisition (₹ per Equity Share) | Floor price in ₹ 68 | Cap price in ₹ 70 |
|---|---|---|---|
| Weighted average cost of acquisition of primary issuances | 4.00 | 17.00 | 17.50 |
| Weighted average cost of acquisition for secondary sale/acquisition | NA | NA | NA |

v. **The average cost of acquisition per Equity Share by our Promoter is set forth in the table below:**

| Name of the Promoters | No. of shares held | Average Cost of Acquisition (in ₹) |
|---|---|---|
| Ashish Kumar Mittal | 45,93,000 | 4.22 |
| Puja Mittal | 16,25,000 | 2.18 |
| Vinay Gupta | 27,91,250 | Nil |

The Issue price at the upper end of the price band is ₹ 70 per Equity Share.

vi. The Price/Earnings ratio based on diluted EPS for Fiscal 2025 for our Company at the upper end of the Price Band is 13.81 times.

vii. Weighted Average Return on Net Worth for fiscals 2025, 2024 and 2023 is 38.03%.

### ADDITIONAL INFORMATION FOR INVESTORS

**Details of proposed / undertaken pre-Issue placements from the DRHP filing date:** Our Company has not undertaken any Pre-IPO Placements from the DRHP filing date.

**Transaction of shares aggregating up to 1% or more of the paid-up equity share capital of the company by promoter(s) and promoter group(s) from the DRHP filing date.:** Our promoter(s) and promoter group(s) has not undertaken any transaction of shares aggregating up to 1% or more of the paid-up equity share capital of the company from the DRHP filing date.

**Shareholding of the Promoter/Promoter Group and Additional Top 10 Shareholders of the Company:**

| Sr. No. | Name of shareholders | Pre- Issue shareholding as at the date of Advertisement | | Pre- Issue shareholding as at Allotment | | | |
|---|---|---|---|---|---|---|---|
| | | Number of Equity Shares | Shareholding (in %) | At the lower end of the price band (₹ 68) | | At the higher end of the price band (₹ 70) | |
| | | | | Number of Equity Shares | Shareholding (in %) | Number of Equity Shares | Shareholding (in %) |
| **Promoters** | | | | | | | |
| 1. | Ashish Kumar Mittal | 45,93,000 | 44.38 | 45,93,000 | 32.70 | 45,93,000 | 32.70 |
| 2. | Puja Mittal | 16,25,000 | 15.70 | 16,25,000 | 11.57 | 16,25,000 | 11.57 |
| 3. | Vinay Gupta | 27,91,250 | 26.97 | 27,91,250 | 19.87 | 27,91,250 | 19.87 |
| | **Sub Total (A)** | **90,09,250** | **87.05** | **90,09,250** | **64.13** | **90,09,250** | **64.13** |
| **Promoter Group** | | | | | | | |
| 1 | Krishan Kumar Mittal | 75,000 | 0.72 | 75,000 | 0.53 | 75,000 | 0.53 |
| 2 | Rishi Kumar Mittal | 1,00,000 | 0.97 | 1,00,000 | 0.71 | 1,00,000 | 0.71 |
| 3 | Nisha Agarwala | 2,07,000 | 2.00 | 2,07,000 | 1.47 | 2,07,000 | 1.47 |
| | **Sub Total (B)** | **3,82,000** | **3.69** | **3,82,000** | **2.72** | **3,82,000** | **2.72** |
| **Additional Top 10 shareholders** | | | | | | | |
| 1 | Natisha Choudhary | 2,50,000 | 2.42 | 2,50,000 | 1.78 | 2,50,000 | 1.78 |
| 2. | Manish Kumar | 2,10,000 | 2.03 | 2,10,000 | 1.49 | 2,10,000 | 1.49 |
| 3 | Utsav Pramodkumar Shrivastav (HUF) | 1,50,000 | 1.45 | 1,50,000 | 1.07 | 1,50,000 | 1.07 |
| 4. | Manoj Agarwal | 1,00,000 | 0.97 | 1,00,000 | 0.71 | 1,00,000 | 0.71 |
| 5 | Shikha Gupta | 40,000 | 0.39 | 40,000 | 0.28 | 40,000 | 0.28 |
| 5 | Deepika Lal | 34,375 | 0.33 | 34,375 | 0.24 | 34,375 | 0.24 |
| 7 | Anil Kumar Agrawal HUF | 30,000 | 0.29 | 30,000 | 0.21 | 30,000 | 0.21 |
| 8 | Naveen Verma | 25,000 | 0.24 | 25,000 | 0.18 | 25,000 | 0.18 |
| 9 | Dimple Verma | 25,000 | 0.24 | 25,000 | 0.18 | 25,000 | 0.18 |
| 10 | Bhupesh Kumar | 20,625 | 0.20 | 20,625 | 0.15 | 20,625 | 0.15 |
| | **Sub Total (C)** | **8,85,000** | **8.55** | **8,85,000** | **6.30** | **8,85,000** | **6.30** |
| | **Total (A+B+C)** | **1,02,76,250** | **99.29** | **1,02,76,250** | **73.15** | **1,02,76,250** | **73.15** |

***Notes:***
*(1) Assuming full subscription in the Issue. The post-issue shareholding details as at the allotment will be based on the actual subscription and the final Issue price and updated in the prospectus, subject to finalization of the basis of allotment. Also, this assumes there is no transfer of shares by these shareholders between the date of the advertisement if any such transfers occur prior to the date of prospectus, it will be updated in the shareholding pattern in the prospectus.*

***Investors should read the RHP carefully, including the "Risk Factors" on 32 of the RHP before making any investment decision.***

### BASIS FOR ISSUE PRICE

*The "Basis of Issue Price" on page 87 of the Red Herring Prospectus has been updated with the above price band. Please refer to the website of the BRLM i.e. www.expertglobal.in or scan the given QR code for the "Basis of Issue Price" updated with the above price band.*

### INDICATIVE TIMELINES FOR THE ISSUE

| **Sequence of activities** | **Listing within T+3 days (T is issue closing date i.e. July 25, 2025)** |
|---|---|
| Application Submission by investors | Electronic applications (Online ASBA through 3-in-1 accounts)- Up to 5 pm on **T Day**. |
| | Electronic Applications (Bank ASBA through online channels like internet banking, mobile banking and syndicate UPI ASBA etc.)- Up to 4 pm on **T Day**.<br>Electronic Applications (Syndicate Non- Retail, Non- Individual Applications)- Up to 3 pm on **T Day**. |
| Bid Modification | From Issue opening date up to **5 pm of T Day** |
| Validation of bids details with depositories<br>Reconciliation of UPI Mandate transactions | From Issue opening date up to **5 pm of T Day**<br>On Daily basis |
| (Based on the guidelines issued by NPCI from time to time):<br>Among Stock Exchanges- Sponsor Bank- NPCI and NPCI- PSPs/ TPAPs**- Issuer Banks; Reporting formats of bid information, UPI analysis report and compliance timelines. | Merchant Bankers to submit to SEBI, sought as and when. |
| UPI Mandate acceptance time | **T Day - 5 pm** |
| Issue Closure T Day | **T Day - 4** pm for QIB and NII categories<br>**T Day - 5** pm for Retail and other reserved categories |
| Third Party check on UPI applications | On daily basis and to be completed before 9.30 am on **T+1 day, i.e., July 28, 2025** |
| Third Party check on Non- UPI applications | On daily basis and to be completed before 1 pm on **T+1 day, i.e., July 28, 2025** |
| Submission of final certificates:<br>- For UPI from Sponsor Bank<br>- For Bank ASBA, from all SCSBs<br>- For syndicate ASBA UPI ASBA | <br>UPI ASBA- **Before 9.30 am on T Day**<br>All SCSBs for Direct ASBA- **Before 7.30 pm on T Day**<br>Syndicate ASBA- **Before 7.30 pm on T Day** |
| Finalization of Rejections and completion of basis | Before 6 pm on **T+1 Day, i.e., July 28, 2025** |
| Approval of basis by Stock exchange | Before 9 pm on **T+1, i.e., July 28, 2025** |
| Issuance of fund transfer instructions in separate files for debit and unblock.<br>For Banks ASBA and Online ASBA- To all SCSBs | Initiation not later than **9.30 am on T+2 Day, i.e., July 29, 2025**<br>Completion before **2 pm on T+1 Day, i.e., July 28, 2025** for fund transfer |
| For UPI ASBA- To Sponsor Bank | Completion before **4 pm on T+2 Day, i.e., July 29, 2025** for unblocking. |
| Corporate action execution for credit of shares | Initiation before **2 pm on T+2 Day, i.e., July 29, 2025**<br>Completion before **6 pm on T+2 Day, i.e., July 29, 2025** |
| Filing of listing application with Stock Exchange and issuance of trading notice | Before **7.30 pm on T+2 Day, i.e., July 29, 2025** |
| Trading starts T+3 day | Trading starts **T+3 Day i.e Wednesday, July 30, 2025** |

**** PSPs/TPAPs= Payment Service Providers/ Third Party application providers**

**CONTENTS OF THE MEMORANDUM OF ASSOCIATION OF OUR COMPANY AS REGARDS ITS OBJECTS:** For information on the main objects and other objects of our Company, see ***"History and Certain Corporate Matters"*** on page 142 of the RHP. The Memorandum of Association of our Company is a material document for inspection in relation to the Issue. For further details, see the section ***"Material Contracts and Documents for Inspection"*** on page 283 of the RHP.

**LIABILITY OF MEMBERS OF THE COMPANY:** Limited by shares.

**AMOUNT OF SHARE CAPITAL OF THE COMPANY AND CAPITAL STRUCTURE:** The authorized share capital of the Company is ₹ 15,00,00,000 divided into 1,50,00,000 Equity Shares of ₹ 10 each. The Offered, subscribed, and paid-up share capital of the Company before the Issue is ₹ 10,35,00,000 divided into 1,03,50,000 Equity Shares of ₹ 10 each. For details of the Capital Structure, see chapter titled "Capital Structure" beginning on page 66 of the RHP.

**NAMES OF THE SIGNATORIES TO THE MEMORANDUM OF ASSOCIATION OF THE COMPANY AND THE NUMBER OF EQUITY SHARES SUBSCRIBED BY THEM:** Given below are the names of the signatories of the Memorandum of Association of the Company and the number of Equity Shares subscribed by them at the time of signing of the Memorandum of Association of our Company: Deepak Gupta (9,000 Equity Shares) and Savita Gupta (1,000 Equity Shares) of ₹10 each.

**LISTING:** The Equity Shares Offered through the Red Herring Prospectus are proposed to be listed on the Emerge Platform of NSE Limited ("**NSE EMERGE**") in terms of the Chapter IX of the SEBI (ICDR) Regulations, as amended from time to time. Our Company has received an approval letter dated May 19, 2025, from NSE for using its name in the Offer Document for listing of our shares on the Emerge Platform of NSE. For the purpose of this Offer, the Designated Stock Exchange will be the NSE.

*Continued on next page...*

...continued from previous page.

**DISCLAIMER CLAUSE OF SECURITIES AND EXCHANGE BOARD OF INDIA ("SEBI"): Since the Offer is being made in terms of chapter IX of the SEBI (ICDR) Regulations, 2018, the Red Herring Prospectus has been filed with SEBI. In terms of the SEBI Regulations, the SEBI shall not Offer any observation on the Offer Document. Hence there is no such specific disclaimer clause of SEBI. However, investors may refer to the entire Disclaimer Clause of SEBI beginning on page 198 of the Red Herring Prospectus.**

**DISCLAIMER CLAUSE OF NSE ("NSE EMERGE") (THE DESIGNATED STOCK EXCHANGE): It is to be distinctly understood that the permission given by NSE should not in any way be deemed or construed that the Offer Document has been cleared or approved by NSE nor does it certify the correctness or completeness of any of the contents of the Offer Document. The investors are advised to refer to the Offer Document for the full text of the 'Disclaimer Clause of NSE.**

**TRACK RECORD OF BOOK RUNNING LEAD MANAGER:** The Merchant Banker associated with the Offer has handled 15 SME public issues in the past three financial years.

**GENERAL RISK:** Investments in equity and equity-related securities involve a degree of risk and investors should not invest any funds in this Offer unless they can afford to take the risk of losing their investment. Investors are advised to read the risk factors carefully before taking an investment decision in this Offer. For taking an investment decision, investors must rely on their own examination of our Company and the Offer including the risks involved. The Equity Shares Offered in the Offer have neither been recommended nor approved by Securities and Exchange Board of India nor does Securities and Exchange Board of India guarantee the accuracy or adequacy of the Red Herring Prospectus. Specific attention of the investors is invited to the section titled "Risk Factors" beginning on page 32 of the Red Herring Prospectus.

| BOOK RUNNING LEAD MANAGER | REGISTRAR TO THE ISSUE | COMPANY SECRETARY AND COMPLIANCE OFFICER |
|---|---|---|
| EXPERT GLOBAL<br>Expert Global Consultants Private Limited<br>503-504, RG Trade Tower Netaji Subhash Place, Pitampura - 110 034, New Delhi, India<br>SEBI Registration Number: INM000012874<br>CIN: U74110DL2010PTC205995<br>Contact Person: Shobhit R. Agarwal<br>Telephone: +91 11 4509 8234<br>Email ID: ipo@expertglobal.in<br>Website: www.expertglobal.in<br>Investor Grievance ID: compliance@expertglobal.in | Bigshare Services Private Limited<br>S6-2, 6th Floor, Pinnacle Business Park, Next to Ahura Centre, Mahakali Caves Road, Andheri (East), Mumbai, Maharashtra – 400 093, India<br>SEBI Registration No.: INR000001385<br>CIN: U99999MH1994PTC076534<br>Contact Person: Mr. Babu Rapheal<br>Telephone: +91 11 6263 8200<br>E-mail: ipo@bigshareonline.com<br>Website: www.bigshareonline.in<br>Investor Grievance Email: investor.del@bigshareonline.com | Sonia Gaba,<br>TSC India Limited<br>Office No. 3, 2nd Floor, Midland Financial Centre, Plot No. 21-22, G.T. Road, Jalandhar, Punjab, India, 144001<br>Telephone: +91-181-4288888<br>Email id: cs@tscpl.biz;<br>Website: www.tscindialimited.com<br>Investors can contact the Company Secretary and Compliance Officer, BRLM or the Registrar to the Issue in case of any pre- issue or post issue related problems, such as non-receipt of letters of Allotment, non-credit of Allotted Equity Shares in the respective beneficiary account, non-receipt of refund orders or non-receipt of funds by electronic mode. |

**AVAILABILITY OF RHP:** Investors should note that investment in Equity Shares involves a high degree of risk and investors are advised to refer to the Red Herring Prospectus and the Risk Factor contained therein, before applying in the Offer. Full copy of the Red Herring Prospectus shall be available at the website of Stock Exchange www.nseindia.com, the website of Book Running Lead Manager www.expertglobal.in and from the Registered Office of the Company.

**AVAILABILITY OF BID-CUM-APPLICATION FORMS:** Bid-Cum-Application forms can be obtained from the Registered Office of the **Company:** TSC India Limited (Telephone: +91 181-4288888) **BRLM:** Expert Global Consultants Private Limited (Telephone: +91 11 4509 8234) **Syndicate Member:** Prabhat Financial Services Limited (Telephone: + 91 40 6716 2222), Registered Brokers, RTA and CDPs participating in the Offer. Bid-cum-application Forms will also be available on the websites of, NSE (www.nseindia.com) and the designated branches of SCSBs, the list of which is available at websites of the Stock Exchange and SEBI.

**AVAILABILITY OF THE ABRIDGED PROSPECTUS:** A copy of abridged prospectus shall be available on the website of the company, BRLM and NSE at www.tscindialimited.com, www.expertglobal.in and www.nseindia.com, respectively.

**SYNDICATE MEMBER:** Prabhat Financial Services Limited

**BANKERS TO THE ISSUE/ SPONSOR BANK / ESCROW COLLECTION BANK / PUBLIC OFFER BANK / REFUND BANK:** HDFC Bank Limited

**UPI:** UPI Bidders can also Bid through UPI Mechanism

**CREDIT RATING:** Not Applicable

**DEBTENTURE TRUSTEE:** Not Applicable

**IPO GRADING:** Not Applicable

**All capitalized terms used herein and not specifically defined shall have the same meaning as ascribed to them in the RHP.**

For TSC INDIA LIMITED
On Behalf of the Board of Directors
Sd/-
Ashish Kumar Mittal
Managing Director

Place: Jalandhar, Punjab
Date: July 17, 2025.

**TSC INDIA LIMITED** is proposing, subject to applicable statutory and regulatory requirements, receipt of requisite approvals, market conditions and other considerations, to undertake an initial public offering of its Equity Shares and has filed the RHP with Registrar of Companies on July 15, 2025. The RHP shall be available on the website of the BRLM to the Issue at www.expertglobal.in and websites of NSE i.e. www.nseindia.com. Investors should note that investment in equity shares involves a high degree of risk and for details relating to the same, see section titled "Risk Factors" beginning on page 32 of the RHP. Potential investors should not rely on the DRHP for making any investment decision.

The Equity Shares offered in the Issue have not been and will not be registered under the U.S. Securities Act of 1933, as amended (the "**Securities Act**") or any state securities laws in the United States, and unless so registered, may not be offered or sold within the United States except pursuant to an exemption from, or in a transaction not subject to, the registration requirements of the Securities Act and any applicable U.S. state securities laws. There will be no public offering in the United States and the securities being offered in this announcement are not being offered or sold in the United States.


# ਸਮਾਜ ਸੇਵੀ ਪਰਵਾਰਾਂ ਵੱਲੋਂ ਵਾਟਰ ਕੂਲਰ ਦਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਸਰਕਾਰੀ ਪ੍ਰਾਇਮਰੀ ਸਕੂਲ ਛੀਨੀਵਾਲ ਕਲਾਂ (ਬਰਨਾਲਾ) ਵਿਖੇ ਐਨ ਆਰ ਆਈ ਬਲੌਰ ਸਿੰਘ ਛੀਨੀਵਾਲ, ਸੁਖਵਿੰਦਰ ਸਿੰਘ ਤੇ ਚਮਕੌਰ ਸਿੰਘ ਛੀਨੀਵਾਲ ਦੇ ਪਰਵਾਰਾਂ ਵੱਲੋਂ 35 ਹਜ਼ਾਰ ਰੁਪਏ ਦੀ ਲਾਗਤ ਨਾਲ ਸਕੂਲੀ ਬੱਚਿਆਂ ਲਈ ਨਵਾਂ ਵਾਟਰ ਕੂਲਰ ਭੇਟ ਕੀਤਾ ਗਿਆ।ਇਸ ਮੌਕੇ ਮੁੱਖ ਅਧਿਆਪਕ ਲਖਬੀਰ ਸਿੰਘ ਤੇ ਸਕੂਲ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਛੀਨੀਵਾਲ ਨੇ ਦਾਨੀ ਪਰਵਾਰਾਂ ਦੇ ਇਸ ਉੱਦਮ ਸ਼ਲਾਘਾ ਕਰਦਿਆ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਐਨ ਆਰ ਆਈ ਵੀਰਾਂ ਅਤੇ ਸਮਾਜ ਸੇਵੀ ਲੋਕਾਂ ਵੱਲੋਂ ਅਜਿਹੇ ਯਤਨ ਕਰਨੇ ਸਮੇਂ ਦੀ ਮੁਖ ਲੋੜ ਹੈ॥ ਇਸ ਮੌਕੇ ਮੁੱਖ ਅਧਿਆਪਕ ਲਖਬੀਰ ਸਿੰਘ ਦੀ ਅਗਵਾਈ ਹੇਠ ਐਨ ਆਰ ਆਈ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮੈਡਮ ਕੁਲਵਿੰਦਰ ਕੌਰ, ਅਮਨਦੀਪ ਕੌਰ, ਸਰਬਜੀਤ ਕੌਰ, ਨਿਰਭੈ ਸਿੰਘ, ਹਰਦੀਪ ਸਿੰਘ, ਅਜੈਬ ਸਿੰਘ, ਹਰਮੇਲ ਸਿੰਘ, ਜਗਮੇਲ ਸਿੰਘ ਆਦਿ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਸੰਗਰੂਰ ਧਰਨੇ 'ਚ ਵੱਡੀ ਸ਼ਮੂਲੀਅਤ ਦਾ ਐਲਾਨ

**ਸ੍ਰੀ ਮੁਕਤਸਰ (ਸ਼ਮਿੰਦਰਪਾਲ/ਪੂਜਾ)** ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਡੋਡਾਂਵਾਲੀ ਤੇ ਲਬਾਣੇਵਾਲੀ ਵਿਖੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਲਬਾਣੇ ਵਾਲੀ ਅਤੇ ਜਸਵੰਤ ਸਿੰਘ ਡੋਡਾਂਵਾਲੀ ਦੀ ਅਗਵਾਈ ਹੇਠ ਮੀਟਿੰਗਾਂ ਕਰਾਈਆਂ ਗਈਆਂ, ਜਿਸ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਸਕੱਤਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਕਿਹਾ ਕਿ ਪੰਜਾਬ ਵਿੱਚ ਜਮਹੂਰੀਅਤ ਨੂੰ ਲਗਾਤਾਰ ਖਤਮ ਕੀਤਾ ਜਾ ਰਿਹਾ ਹੈ ਤੇ ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਕੁਚਲਣ ਤੋਂ ਇਲਾਵਾ ਝੂਠੇ ਪੁਲਿਸ ਮੁਕਾਬਲੇ ਹਿਰਾਸਤੀ ਕਤਲ, ਬੁਲਡੋਜ਼ਰ ਕਾਰਵਾਈਆਂ ਆਮ ਵਰਤਾਰਾ ਬਣਦਾ ਜਾ ਰਿਹਾ ਹੈ।ਇਸ ਕਰਕੇ ਪੰਜਾਬ 'ਚ ਇਸ ਜਬਰ ਖਿਲਾਫ ਗੁੱਸੇ ਦੀ ਲਹਿਰ ਹੈ। ਆਗੂਆਂ ਨੇ ਕਿਹਾ ਕਿ ਪਹਿਲਾਂ ਕੇਂਦਰ ਨੇ ਨਵੇਂ ਫੌਜਦਾਰੀ ਕਾਨੂੰਨ ਲਿਆ ਕੇ ਹਰ ਰੋਸ ਪ੍ਰਦਰਸ਼ਨ ਨੂੰ ਅੱਤਵਾਦੀ ਸਰਗਰਮੀ ਦੇ ਘੇਰੇ 'ਚ ਲੈ ਆਂਦਾ ਤੇ ਉਸੇ ਦਿਸ਼ਾ ਚ ਪੰਜਾਬ ਸਰਕਾਰ ਅੱਗੇ ਵਧ ਰਹੀ ਹੈ ਅਤੇ ਲੋਕਾਂ ਦੇ ਪ੍ਰਦਰਸ਼ਨ ਕਰਨ ਦੇ ਹੱਕ ਤੇ ਅਣਐਲਾਨੀਆਂ ਪਾਬੰਦੀਆਂ ਮੜ ਰਹੀ



ਹੈ।ਝੂਠੇ ਪੁਲਿਸ ਮੁਕਾਬਲਿਆਂ ਤੇ ਹਿਰਾਸਤੀ ਕਤਲਾਂ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਤੇ ਸਰਕਾਰ ਕੋਈ ਕਾਰਵਾਈ ਕਰਨ ਦੀ ਬਜਾਏ ਉਨ੍ਹਾਂ ਦੀ ਪਿੱਠ 'ਤੇ ਖੜੀ ਹੈ।ਇਸ ਮੌਕੇ ਦਵਿੰਦਰ ਸਿੰਘ ਲੁਬਾਣਿਆਂਵਾਲੀ, ਜਸਵੰਤ ਸਿੰਘ ਡੋਡਾਂਵਾਲੀ, ਜੁਗਰਾਜ ਸਿੰਘ ਲਬਾਣਿਆਂਵਾਲੀ, ਹਰਮੀਤ ਸਿੰਘ ਲਬਾਣੇਵਾਲੀ ਨੇ ਕਿਹਾ ਕਿ ਅਮਰੀਕਾ ਨਾਲ ਮੁਫਤ ਵਪਾਰ ਸਮਝੌਤੇ ਤੇ ਲੈਂਡ ਪੂਲਿੰਗ ਪਾਲਿਸੀ ਰਾਹੀਂ ਖੇਤੀ ਤੇ ਜ਼ਮੀਨਾਂ ਨੂੰ ਖਤਮ ਕਰਨ ਦੀ ਖਤਰਨਾਕ ਦਿਸ਼ਾ ਕੇਂਦਰ ਤੇ ਪੰਜਾਬ ਸਰਕਾਰ ਲੈ ਚੁੱਕੀ ਹੈ।ਜੇਕਰ ਪੰਜਾਬ ਦੇ ਕਿਸਾਨਾਂ ਨੇ ਖੇਤੀ ਤੇ ਜ਼ਮੀਨ ਬਚਾਉਣੀ ਹੈ ਤਾਂ ਵਿਰੋਧ ਕਰਨ ਦੇ ਜਮਹੂਰੀ ਹੱਕਾਂ ਨੂੰ ਬਚਾਉਣਾ ਬੇਹੱਦ ਲਾਜ਼ਮੀ ਹੈ ਤੇ ਪੁਲਸ ਸਟੇਟ ਖਿਲਾਫ ਮੈਦਾਨ ਵਿੱਚ ਨਿੱਤਰਨਾ ਸਮੇਂ ਦੀ ਅਣਸਰਦੀ ਲੋੜ ਹੈ। ਆਗੂਆਂ ਨੇ ਕਿਹਾ ਕਿ 25 ਜੁਲਾਈ ਨੂੰ ਸੰਗਰੂਰ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਪੁਲਸੀਆ ਰਾਜ ਖਿਲਾਫ ਕਿਸਾਨਾਂ ਮਜ਼ਦੂਰਾਂ ਦੀ ਰੈਲੀ ਨੂੰ ਸਫਲ ਬਣਾਉਣ ਲਈ ਪਿੰਡਾਂ ਵਿੱਚ ਮੀਟਿੰਗਾਂ ਰੈਲੀਆਂ ਰਾਹੀਂ ਮੁਹਿੰਮ ਬਣਾ ਕੇ ਲਾਮਬੰਦੀ ਕੀਤੀ ਜਾ ਰਹੀ ਹੈ।

# ਸੈਂਟੀਨਲ ਸਕੂਲ ਵੱਲੋਂ ਵਿਦਿਆਰਥੀ ਕੈਬਨਿਟ ਦਾ ਗਠਨ

**ਸਮਰਾਲਾ (ਸੁਰਜੀਤ ਸਿੰਘ)**- ਵਿਦਿਆਰਥੀਆਂ ਵਿਚ ਜ਼ਿੰਮੇਵਾਰੀ, ਲੀਡਰਸ਼ਿਪ ਅਤੇ ਪ੍ਰਬੰਧਕੀ ਯੋਗਤਾ ਪੈਦਾ ਕਰਨ ਦੇ ਮਕਸਦ ਨੂੰ ਲੈ ਕੇ ਸਥਾਨਕ ਸੈਂਟੀਨਾਲ ਇੰਟਰਨੈਸ਼ਨਲ ਸਕੂਲ ਵੱਲੋਂ ਵਿਦਿਆਰਥੀ ਕੈਬਨਿਟ ਦਾ ਗਠਨ ਕੀਤਾ ਗਿਆ ਹੈ। ਸਕੂਲ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ



ਪ੍ਰਬੰਧਕੀ ਬਾਡੀ ਦੇ ਕੰਮਕਾਜ ਦਾ ਅਹਿਸਾਸ ਦਿਵਾਉਣ ਲਈ ਇੱਕ ਸਨਮਾਨ ਸਮਾਰੋਹ ਦੌਰਾਨ ਵੱਖ ਵੱਖ ਨਿਯੁਕਤੀਆਂ ਕੀਤੀਆਂ। ਸਮਾਗਮ ਵਿੱਚ ਸਕੂਲ ਮੈਨੇਜਮੈਂਟ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਅਤੇ ਐਮ. ਡੀ. ਅੰਮ੍ਰਿਤਪਾਲ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਨਵੇਂ ਚੁਣੇ ਮੈਂਬਰਾਂ ਨੂੰ ਮੁੱਖ ਮਹਿਮਾਨ ਵੱਲੋਂ ਬੈਜ ਅਤੇ ਝੰਡੇ ਦੇ ਕੇ ਸਨਮਾਨਤ ਕੀਤਾ ਗਿਆ। ਹੈੱਡ ਗਰਲ ਗਿਮਲਜੋਤ ਕੌਰ ਵਲੋਂ ਮੈਂਬਰਾਂ ਨੂੰ ਫਰਜ਼ਾਂ ਅਤੇ ਚੁਣੌਤੀਆਂ ਲਈ ਤਤਪਰ ਰਹਿਣ ਦੀ ਸਹੁੰ ਚੁਕਾਈ। ਇਸ ਮੌਕੇ ਹੈੱਡ ਬੁਆਏ ਅਤੇ ਹੈੱਡ ਗਰਲ, ਖੇਡ ਕਪਤਾਨਾਂ ਅਤੇ ਹਾਊਸ ਕਪਤਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਰਿਪਨਜੋਤ ਕੌਰ ਨੂੰ ਹੈੱਡ ਗਰਲ ਅਤੇ ਹਰਨੂਰ ਸਿੰਘ ਨੂੰ ਹੈੱਡ ਬੁਆਏ ਨਿਯੁਕਤ ਕੀਤਾ ਗਿਆ, ਜਦਕਿ ਮਨਰਾਜਵੀਰ ਸਿੰਘ ਅਤੇ ਕਿਰਨਪ੍ਰੀਤ ਕੌਰ, ਡਿੰਪਲਪ੍ਰੀਤ ਕੌਰ ਨੂੰ ਸਪੋਰਟਸ ਕਪਤਾਨ ਨਿਯੁਕਤ ਕੀਤਾ ਗਿਆ। ਅਭੈ ਪਰਤਾਪ ਸਿੰਘ ਨੂੰ ਰਣਜੀਤ ਹਾਊਸ ਕੈਪਟਨ, ਕਰਨਦੀਪ ਸਿੰਘ ਪਰਤਾਪ ਹਾਊਸ , ਜਸਜੋਤ ਸਿੰਘ ਭਗਤ ਹਾਊਸ ਅਤੇ ਅਰਸ਼ਦੀਪ ਸਿੰਘ ਨੂੰ ਅਜਾਦ ਹਾਊਸ ਦੇ ਕਪਤਾਨ ਵਜੋਂ ਨਿਯੁਕਤ ਕੀਤਾ ਗਿਆ। ਮੁੱਖ ਮਹਿਮਾਨ ਕਰਨਵੀਰ ਸਿੰਘ ਢਿੱਲੋਂ ਨੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਕੂਲਾਂ ਵਿੱਚ ਨਿਯੁਕਤੀ ਸਮਾਰੋਹ ਬਹੁਤ ਹੀ ਮਾਣ ਦਾ ਮੌਕਾ ਹੈ। ਢਿੱਲੋਂ ਨੇ ਕਿਹਾ ਕਿ ਇਹ ਅਹੁਦੇਦਾਰੀ ਮਹਿਜ਼ ਇੱਕ ਸਨਮਾਨ ਹੀ ਨਹੀਂ ਬਲਕਿ ਜ਼ਿੰਮੇਵਾਰੀ ਨਿਭਾਉਣ ਲਈ ਅਗਲੀ ਕਤਾਰ ਵਿਚ ਖੜ੍ਹਾ ਕਰਦਾ ਹੈ। ਸਕੂਲ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਕਿਹਾ ਕਿ ਚੁਣੇ ਹੋਏ ਵਿਦਿਆਰਥੀਆਂ ਨੂੰ ਇੱਕ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ, ਤਾਂ ਜੋ ਉਹ ਪੂਰੇ ਸਕੂਲ ਦੇ ਵਿਦਿਆਰਥੀਆਂ ਲਈ ਚਾਨਣ ਮੁਨਾਰਾ ਬਣ ਸਕਣ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਸ਼ਾਮਲ ਸੀ।

# ਪੰਜਾਬ 'ਚ ਭਾਜਪਾ ਬੂਥ ਪੱਧਰ ਤੱਕ ਪਾਰਟੀ ਨੂੰ ਮਜ਼ਬੂਤ ਕਰਕੇ ਵੱਡੀ ਸਿਆਸੀ ਪਾਰਟੀ ਵਜੋਂ ਉਭਰੇਗੀ : ਟੌਹੜਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਵਿੱਚ ਭਾਜਪਾ ਬੂਥ ਪੱਧਰ ਤੋਂ ਮੰਡਲ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਮਜ਼ਬੂਤੀ ਨਾਲ ਅੱਗੇ ਵਧ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਭਾਜਪਾ ਪੰਜਾਬ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਵਜੋਂ ਉਭਰੇਗੀ ਅਤੇ 2027 ਵਿੱਚ ਪੰਜਾਬ ਵਿੱਚ ਭਾਜਪਾ ਦੀ ਡਬਲ ਇੰਜਣ ਸਰਕਾਰ ਬਣਾ ਕੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰੇਗੀ। ਉਪਰੋਕਤ ਵਿਚਾਰ ਭਾਜਪਾ ਦੇ ਸੂਬਾ ਸਕੱਤਰ ਅਤੇ ਮੋਗਾ ਜ਼ਿਲ੍ਹੇ ਦੇ ਸਹਿ-ਇੰਚਾਰਜ ਕਰਮਵੀਰ ਸਿੰਘ ਟੌਹੜਾ ਨੇ ਕੱਲ੍ਹ ਪੁਰਾਣੀ ਦਾਣਾ ਮੰਡੀ ਸਥਿਤ ਜ਼ਿਲ੍ਹਾ ਦਫ਼ਤਰ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਵੱਲੋਂ ਆਯੋਜਿਤ ਮੰਡਲ ਪ੍ਰਧਾਨਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਸ ਮੌਕੇ ਭਾਜਪਾ ਦੇ ਜਨਰਲ ਸਕੱਤਰ ਵਿੱਕੀ ਸਿਤਾਰਾ, ਮੰਡਲ ਪ੍ਰਧਾਨ ਭੂਪਿੰਦਰ ਹੈਪੀ, ਮੰਡਲ ਪ੍ਰਧਾਨ ਉਮਾਕਾਂਤ ਰਾਏ, ਮੰਡਲ ਪ੍ਰਧਾਨ ਅਮਨਦੀਪ ਗਰੋਵਰ, ਮੰਡਲ ਪ੍ਰਧਾਨ ਚਮਨ ਲਾਲ, ਮੰਡਲ ਪ੍ਰਧਾਨ ਦੀਪਕ ਤਲਵਾੜ, ਮੰਡਲ ਪ੍ਰਧਾਨ ਸੁਖਬੀਰ ਸਿੰਘ, ਮੰਡਲ ਪ੍ਰਧਾਨ ਅਮਰੀਕ ਸਿੰਘ, ਅਜੈ ਮਿਸ਼ਰਾ, ਲਖਵੀਰ ਸਿੰਘ, ਵੀਰ ਸਿੰਘ ਢੇਸੀ, ਦਫ਼ਤਰ ਇੰਚਾਰਜ ਜਤਿੰਦਰ ਚੱਢਾ, ਹੇਮੰਤ ਸੂਦ, ਸੁਖਚੈਨ ਸਿੰਘ, ਸੁੱਖਾ ਸਿੰਘ, ਤੇਜਵੀਰ ਸਿੰਘ ਆਦਿ ਮੌਜੂਦ ਸਨ। ਭਾਜਪਾ ਦੇ ਸੂਬਾ ਸਕੱਤਰ ਅਤੇ ਮੋਗਾ ਜ਼ਿਲ੍ਹੇ ਦੇ ਸਹਿ-ਇੰਚਾਰਜ ਕਰਮਵੀਰ ਸਿੰਘ ਟੌਹੜਾ ਨੇ ਕਿਹਾ ਕਿ ਭਾਜਪਾ ਅਧਿਕਾਰੀਆਂ ਅਤੇ ਵਰਕਰਾਂ ਨੂੰ ਆਪਣੇ



ਮੰਡਲਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਬੂਥ ਪੱਧਰ 'ਤੇ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਜਾ ਸਕੇ ਅਤੇ ਘਰ-ਘਰ ਜਾ ਕੇ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਲਾਭ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ 2027 ਦੀ ਉਡੀਕ ਕਰ ਰਹੇ ਹਨ, ਇਸ ਲਈ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾ ਕੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਪੰਜਾਬ ਵਿੱਚੋਂ ਮਾੜੀ ਕਾਨੂੰਨ ਵਿਵਸਥਾ, ਬੇਰੁਜ਼ਗਾਰੀ, ਜਬਰ-ਜ਼ਨਾਹ, ਗੈਂਗਸਟਰਵਾਦ ਨੂੰ ਖਤਮ ਕਰਕੇ ਖੁਸ਼ਹਾਲੀ ਲਿਆਂਦੀ ਜਾਵੇਗੀ ਅਤੇ ਬੇਰੁਜ਼ਗਾਰੀ ਨੂੰ ਖਤਮ ਕਰਕੇ ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ। ਉਨ੍ਹਾਂ ਮੰਡਲ ਪ੍ਰਧਾਨਾਂ ਨੂੰ ਕਿਹਾ ਕਿ ਉਹ ਜਲਦੀ ਤੋਂ ਜਲਦੀ ਆਪਣੀਆਂ ਬੂਥ ਕਮੇਟੀਆਂ ਬਣਾ ਕੇ ਪਾਰਟੀ ਨੂੰ ਮਜ਼ਬੂਤ ਕਰਨ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਕਿਹਾ ਕਿ ਭਾਜਪਾ ਮੰਡਲ ਕਮੇਟੀਆਂ ਬਣਾ ਰਹੀ ਹੈ ਅਤੇ ਮੰਡਲਾਂ ਵੱਲੋਂ ਬੂਥ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਕੁਝ ਨਵੇਂ ਮੰਡਲ ਆਪਣੀਆਂ ਕਮੇਟੀਆਂ ਬਣਾ ਰਹੇ ਹਨ ਅਤੇ ਜਲਦੀ ਹੀ ਇਹ ਪ੍ਰਕਿਰਿਆ ਪੂਰੀ ਹੋ ਜਾਵੇਗੀ ਅਤੇ ਭਾਜਪਾ ਮੋਗਾ ਜ਼ਿਲ੍ਹੇ ਵਿੱਚ ਬੂਥ ਪੱਧਰ 'ਤੇ ਆਪਣੀ ਪਕੜ ਸਥਾਪਿਤ ਕਰੇਗੀ। ਭਾਜਪਾ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੈਂਪ ਲਗਾ ਕੇ ਪੈਨਸ਼ਨ, ਆਧਾਰ ਕਾਰਡ, ਆਯੁਸ਼ਮਾਨ ਕਾਰਡ, ਪ੍ਰਧਾਨ ਮੰਤਰੀ ਰਾਸ਼ਨ ਯੋਜਨਾ, ਕੱਚੇ ਘਰਾਂ ਨੂੰ ਪੱਕੇ ਘਰਾਂ ਵਿੱਚ ਬਦਲਣ, ਜਨ ਧਨ ਯੋਜਨਾ ਤਹਿਤ ਖਾਤੇ ਖੋਲ੍ਹਣ ਆਦਿ ਵਰਗੀਆਂ ਸਾਰੀਆਂ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਪਹੁੰਚਾਉਣ ਲਈ ਗਤੀਵਿਧੀਆਂ ਚਲਾ ਰਹੀ ਹੈ।

# ਡਰਾਈਵਿੰਗ ਲਾਇਸੰਸ ਤੇ ਆਰ ਸੀ ਨਾਲ ਸੰਬੰਧਤ ਸੇਵਾਵਾਂ ਹੁਣ ਸੇਵਾ ਕੇਂਦਰਾਂ 'ਤੇ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਵੱਡੀ ਸਹੂਲਤ ਦਿੰਦੇ ਹੋਏ ਮਾਲ ਵਿਭਾਗ ਨਾਲ ਸੰਬੰਧਤ 6 ਸੇਵਾਵਾਂ ਅਤੇ ਡਰਾਈਵਿੰਗ ਲਾਇਸੰਸ ਅਤੇ ਆਰ ਸੀ ਨਾਲ ਸੰਬੰਧਤ ਟਰਾਂਸਪੋਰਟ ਵਿਭਾਗ ਦੀਆਂ 42 ਸੇਵਾਵਾਂ ਹੁਣ ਸੇਵਾ ਕੇਂਦਰਾਂ 'ਤੇ ਉਪਲੱਬਧ ਕਰਵਾ ਦਿੱਤੀਆਂ ਗਈਆਂ ਹਨ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਵੱਡੀ ਰਾਹਤ ਦਿੰਦਿਆਂ ਡੀਡ ਰਜਿਸਟ੍ਰੇਸ਼ਨ, ਡੀਡ ਦਾ ਖਰੜਾ ਤਿਆਰ ਕਰਨਾ, ਪੂਰਵ-ਪੜਤਾਲ ਲਈ ਡੀਡ ਜਮ੍ਹਾਂ ਕਰਨੀ, ਸਟੈਂਪ ਡਿਊਟੀ ਦਾ ਭੁਗਤਾਨ, ਇੰਤਕਾਲ ਲਈ ਬੇਨਤੀ (ਵਿਰਾਸਤ ਜਾਂ ਰਜਿਸਟਰਡ ਡੀਡ ਦੇ ਆਧਾਰ 'ਤੇ, ਰਪਟਾਂ ਦੇ ਦਾਖਲੇ ਲਈ ਬੇਨਤੀ, ਅਦਾਲਤੀ ਆਦੇਸ਼ਾਂ, ਬੈਂਕ ਕਰਜ਼ੇ ਦੇ ਗਿਰਵੀਨਾਮੇ ਜਾਂ ਬੈਂਕ ਕਰਜ਼ਿਆਂ/ ਗਿਰਵੀਨਾਮੇ ਦੀ ਮੁਆਫ਼ੀ ਨਾਲ ਸਬੰਧਤ), ਫਰਦ ਬਦਰ ਲਈ ਬੇਨਤੀ (ਰਿਕਾਰਡ ਵਿੱਚ ਸੁਧਾਰ), ਡਿਜੀਟਲ ਤੌਰ 'ਤੇ ਦਸਤਖਤ ਕੀਤੀ ਫਰਦ ਲਈ ਬੇਨਤੀ ਤੋਂ ਇਲਾਵਾ ਡਰਾਈਵਿੰਗ ਲਾਇਸੰਸ ਅਤੇ ਆਰ ਸੀ ਨਾਲ ਸੰਬੰਧਤ ਸੇਵਾਵਾਂ ਹੁਣ ਸੇਵਾ ਕੇਂਦਰ ਤੋਂ ਮਿਲਿਆ ਕਰਨਗੀਆਂ।ਉਨ੍ਹਾਂ ਕਿਹਾ ਕਿ ਜੋ ਨਾਗਰਿਕ ਸੇਵਾ ਕੇਂਦਰ ਨਹੀਂ ਆ ਸਕਦੇ ਤਾਂ ਉਹ ਫੋਨ ਨੰਬਰ 1076 ਡਾਇਲ ਕਰਕੇ ਇਨ੍ਹਾ ਸੇਵਾਵਾਂ ਦਾ ਲਾਭ ਡੋਰ ਸਟੈਪ ਡਲਿਵਰੀ ਰਾਹੀਂ ਘਰ ਬੈਠੇ ਵੀ ਪ੍ਰਾਪਤ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਡਰਾਈਵਿੰਗ ਲਾਇਸੰਸ ਨਾਲ ਸੰਬੰਧਤ ਸੇਵਾਵਾਂ ਵਿੱਚ ਲਰਨਰ ਲਾਇਸੰਸ ਨਾਲ ਸਬੰਧਤ ਸੇਵਾਵਾਂ, ਜਿਵੇਂ ਕਿ ਨਵੀਂ ਅਰਜ਼ੀ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਡੁਪਲੀਕੇਟ ਲਰਨਰ ਲਾਇਸੰਸ ਤੋਂ ਇਲਾਵਾ ਡੁਪਲੀਕੇਟ ਲਾਇਸੰਸ, ਨਵੀਨੀਕਰਨ (ਜਿਥੇ ਟੈਸਟ ਟਰੈਕ ਜਾਣ ਦੀ ਜ਼ਰੂਰਤ ਨਹੀਂ), ਰਿਪਲੇਸਮੈਂਟ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਜਨਮ ਮਿਤੀ ਦੀ ਦਰੁਸਤੀ, ਡਰਾਈਵਿੰਗ ਲਾਇਸੰਸ ਐਕਸਟ੍ਰੈਕਟ ਪ੍ਰੀਵੀਜੀਨਿੰਗ, ਲਾਇੰਸਸ ਸਰੈਂਡਰ, ਪਬਲਿਕ ਸਰਵਿਸ ਵਹੀਕਲ ਦਾ ਬੈਜ, ਕੰਡਕਟਰ ਲਾਇਸੰਸ ਦਾ ਨਵੀਨੀਕਰਨ, ਲਰਨਰ ਲਾਇਸੰਸ ਦੀ ਮਿਆਦ ਵਿਚ ਵਾਧਾ, ਇੰਟਰਨੈਸ਼ਨਲ ਡਰਾਇੰਵਿਗ ਪਰਮਿਟ, ਸ਼ਾਮਲ ਹਨ।ਆਰ ਸੀ ਨਾਲ ਸੰਬੰਧਤ ਸੇਵਾਵਾਂ ਵਿੱਚ ਡੁਪਲੀਕੇਟ ਆਰ.ਸੀ, ਗੈਰ-ਵਪਾਰਕ ਵਾਹਨ ਦੀ ਮਾਲਕੀ ਤਬਦੀਲੀ, ਹਾਇਰ ਪਰਚੇਜ ਦੀ ਨਿਰੰਤਰਤਾ (ਮਾਲਕੀ ਤਬਦੀਲੀ/ਨਾਮ ਤਬਦੀਲੀ ਦੀ ਸੂਰਤ ਵਿੱਚ), ਹਾਇਰ ਪਰਚੇਜ ਐਗਰੀਮੈਂਟ ਦੀ ਇਨਡੋਰਸਮੈਂਟ, ਵਪਾਰਕ ਵਾਹਨਾਂ ਦਾ ਫਿਟਨੈਸ ਸਰਟੀਫਿਕੇਟ (ਭਾਰੇ/ ਮੀਡੀਅਮ/ਤਿੰਨ ਪਹੀਆ/ ਚਾਰ ਪਹੀਆ/ ਐਲ.ਐਮ.ਵੀ), ਵਧੀਕ ਲਾਈਫ ਟਾਈਮ ਟੈਕਸ ਦੀ ਅਦਾਇਗੀ (ਮਾਲਕੀ ਤਬਦੀਲੀ ਦੀ ਸੂਰਤ ਵਿੱਚ), ਆਰ.ਸੀ. ਦੇ ਵੇਰਵੇ ਦੇਖਣੇ, ਆਰ.ਸੀ. ਲਈ ਐਨ.ਓ.ਸੀ, ਟਰਾਂਸਪੋਰਟ ਸੇਵਾਵਾਂ ਦੇ ਰਿਕਾਰਡ ਵਿਚ ਮੋਬਾਇਲ ਨੰਬਰ ਦਾ ਅਪਡੇਟ, ਆਰ.ਸੀ. ਵਿਚ ਪਤੇ ਦੀ ਤਬਦੀਲੀ, ਵਾਹਨ ਵਿਚ ਤਬਦੀਲੀ ਅਤੇ ਹਾਇਰ ਪਰਚੇਜ ਐਗਰੀਮੈਂਟ ਆਦਿ ਵੀ ਸੇਵਾ ਕੇਂਦਰਾਂ 'ਤੇ ਮੁਹਈਆ ਕਰਵਾਏ ਜਾਣਗੇ।

# ਨਗਰ ਪਾਲਿਕਾ ਕਾਲਾਂਵਾਲੀ ਦੇ ਪ੍ਰਧਾਨ ਮਹੇਸ਼ ਕੁਮਾਰ ਸਮੇਤ 16 ਕੌਂਸਲਰਾਂ ਦਾ ਸਹੁੰ ਚੁੱਕ ਸਮਾਗਮ ਅੱਜ

**● 9 ਸਾਲ ਬਾਅਦ ਨਗਰ ਪਾਲਿਕਾ ਕਾਲਾਂਵਾਲੀ ਨੂੰ ਮਿਲਿਆ ਨਵਾਂ ਪ੍ਰਧਾਨ ਤੇ 16 ਕੌਂਸਲਰ**

**ਸਿਰਸਾ (ਸੁਰਿੰਦਰ ਪਾਲ ਸਿੰਘ)**- 9 ਸਾਲ ਦੇ ਲੰਮੇ ਅਰਸੇ ਬਾਅਦ ਨਗਰ ਪਾਲਿਕਾ ਕਾਲਾਂਵਾਲੀ ਦੇ ਨਵੇਂ ਚੁਣੇ ਗਏ ਪ੍ਰਧਾਨ ਮਹੇਸ਼ ਕੁਮਾਰ ਗੋਇਲ ਝੋਰੜ ਅਤੇ ਨਗਰ ਪਾਲਿਕਾ ਚੋਣਾਂ ਜਿੱਤਣ ਵਾਲੇ 16 ਕੌਂਸਲਰਾਂ ਦਾ ਸਹੁੰ ਚੁੱਕ ਸਮਾਗਮ ਅੱਜ ਸਾਲਾਸਰ ਧਰਮਸ਼ਾਲਾ ਕਾਲਾਂਵਾਲੀ ਵਿਖੇ ਉਪ-ਮੰਡਲ ਅਧਿਕਾਰੀ ਮੋਹਿਤ ਕੁਮਾਰ ਅਤੇ ਨਗਰ ਪਾਲਿਕਾ ਦੇ ਸਕੱਤਰ ਗਿਰਧਾਰੀ ਲਾਲ ਦੀ ਨਿਗਰਾਨੀ ਹੇਠ ਹੋ ਰਿਹਾ ਹੈ।



ਧਿਆਨ ਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਅਤੇ ਹਲਕਾ ਕਾਲਾਂਵਾਲੀ ਦੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਨੂੰ ਸਮਾਰੋਹ ਲਈ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ ਹੈ। ਲਗਭਗ ਨੌਂ ਸਾਲਾਂ ਬਾਅਦ ਕਾਲਾਂਵਾਲੀ ਸ਼ਹਿਰ ਦੀਆਂ ਨਗਰ ਪਾਲਿਕਾ ਚੋਣਾਂ ਦੇ ਨਤੀਜੇ 30 ਜੂਨ ਨੂੰ ਐਲਾਨੇ ਗਏ ਸਨ। ਦਿਲਚਸਪ ਗੱਲ ਇਹ ਹੈ ਕਿ ਪ੍ਰਧਾਨ ਤੋਂ ਬਾਅਦ ਹੁਣ ਨਗਰ ਪਾਲਿਕਾ ਦੇ ਡਿਪਟੀ ਪ੍ਰਧਾਨ ਦੇ ਅਹੁਦੇ ਲਈ ਭਾਜਪਾ, ਕਾਂਗਰਸ ਅਤੇ ਆਜ਼ਾਦ ਕੌਂਸਲਰਾਂ ਵਿਚਕਾਰ ਤਿੱਖਾ ਸੰਘਰਸ਼ ਜਾਰੀ ਹੈ। ਹਾਲਾਂਕਿ ਡਿਪਟੀ ਮੁਖੀ ਲਈ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ । ਦੂਜੇ ਪਾਸੇ ਕਾਂਗਰਸ ਦੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਦਾ ਦਾਅਵਾ ਹੈ ਕਿ ਮੁਖੀ ਦੇ ਅਹੁਦੇ ਤੋਂ ਬਾਅਦ ਡਿਪਟੀ ਮੁਖੀ ਵੀ ਕਾਂਗਰਸ ਪਾਰਟੀ ਦਾ ਹੋਵੇਗਾ। ਪ੍ਰਬੰਧਕਾਂ ਦਾ ਕਹਿਣਾ ਹੈ ਕਿ ਅੱਜ ਹੋਣ ਵਾਲੇ ਸਰਕਾਰੀ ਸਮਾਗਮ ਦੀਆਂ ਤਿਆਰੀਆਂ ਮੁਕਮਲ ਹਨ।

# ਹੜ੍ਹਾਂ ਕਾਰਨ ਫ਼ਸਲਾਂ ਤੇ ਘਰਾਂ ਦੇ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਦਿੱਤਾ ਜਾਵੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਕਿਸੇ ਵੀ ਮੁਲਕ ਜਾਂ ਸੂਬੇ ਆਦਿ ਵਿਚ ਜਦੋਂ ਵੀ ਹੜ੍ਹ ਆਉਦੇ ਹਨ, ਤਾਂ ਵਾਧੂ ਪਾਣੀ ਦੀ ਸਹੀ ਨਿਕਾਸੀ ਅਤੇ ਰੋਕਥਾਮ ਕਰਨ ਦੀ ਜ਼ਿੰਮੇਵਾਰੀ ਸੰਬੰਧਤ ਸਰਕਾਰ ਤੇ ਨਿਜ਼ਾਮ ਦੀ ਹੁੰਦੀ ਹੈ । ਸਰਕਾਰ ਨੇ ਇਹ ਵੀ ਦੇਖਣਾ ਹੁੰਦਾ ਹੈ ਕਿ ਦਰਿਆਵਾ ਤੇ ਨਦੀਆਂ ਵਿੱਚ ਬਰਸਾਤਾਂ ਦੇ ਦਿਨਾਂ ਵਿੱਚ ਆਉਣ ਵਾਲੇ ਫਾਲਤੂ ਪਾਣੀ ਦੇ ਵਹਾਅ ਨੂੰ ਕੰਟਰੋਲ ਕਰਕੇ ਡੈਮਾਂ ਰਾਹੀ ਇਸਦੇ ਵਹਾਅ ਨੂੰ ਘੱਟ ਕਰਨ ਤੇ ਆਪਣੇ ਨਿਵਾਸੀਆਂ ਦੇ ਨੁਕਸਾਨ ਹੋਣ ਤੋ ਬਚਾਉਣ ਦੀ ਹਰ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ।ਜੇਕਰ ਇਸ ਅਣਗਹਿਲੀ ਦੀ ਬਦੌਲਤ ਫ਼ਾਜ਼ਿਲਕਾ ਦੇ ਇਲਾਕੇ ਵਿੱਚ ਕਿਸਾਨਾਂ ਤੇ ਆਮ ਲੋਕਾਂ ਦੀਆਂ ਫ਼ਸਲਾਂ ਤੇ ਘਰਾਂ ਨੂੰ ਜੋ ਨੁਕਸਾਨ ਹੋਇਆ ਹੈ, ਉਸ ਹੋਏ ਨੁਕਸਾਨ ਦਾ ਤੁਰੰਤ ਪਟਵਾਰੀਆਂ ਤੇ ਮਾਲ ਵਿਭਾਗ ਮਹਿਕਮੇ ਦੇ ਅਧਿਕਾਰੀਆ ਕੋਲੋ ਤੁਰੰਤ ਛਾਣਬੀਨ ਕਰਾ ਕੇ ਸੰਬੰਧਤ ਪੀੜਤ ਪਰਵਾਰਾਂ ਨੂੰ ਬਣਦੇ ਮੁਆਵਜ਼ੇ ਦਾ ਭੁਗਤਾਨ ਕੀਤਾ ਜਾਵੇ ਤਾਂ ਜੁ ਇਨ੍ਹਾਂ ਪਰਵਾਰਾਂ ਦੇ ਹੋਏ ਨੁਕਸਾਨ ਦੀ ਬਦੌਲਤ ਅਗਲੀ ਆਉਣ ਵਾਲੀ ਫ਼ਸਲ ਤੱਕ ਇਨ੍ਹਾਂ ਪਰਵਾਰਾਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਹੋ ਸਕੇ । ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਫ਼ਾਜ਼ਿਲਕਾ ਦੇ ਇਲਾਕੇ ਵਿੱਚ ਆਏ ਵੱਡੇ ਹੜ੍ਹਾਂ ਦੀ ਬਦੌਲਤ ਜ਼ਿੰਮੀਦਾਰਾਂ ਦੀਆਂ ਫਸਲਾਂ ਤੇ ਆਮ ਲੋਕਾਂ ਦੇ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਦੇਣ ਅਤੇ ਇਨ੍ਹਾਂ ਹੜ੍ਹਾਂ ਨੂੰ ਡੈਮਾਂ ਰਾਹੀ ਜਾਂ ਹੋਰ ਦਰਿਆਵਾਂ ਨਦੀਆਂ ਰਾਹੀ ਕੰਟਰੋਲ ਕਰਨ ਦੀ ਸਹੀ ਸਮੇਂ 'ਤੇ ਜ਼ਿੰਮੇਵਾਰੀ ਨਿਭਾਉਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਸਤਲੁਜ, ਬਿਆਸ, ਰਾਵੀ, ਚੇਨਾਬ ਆਦਿ ਦਰਿਆਵਾਂ ਰਾਹੀਂ ਆਉਣ ਵਾਲੇ ਬਰਸਾਤੀ ਪਾਣੀ ਤੇ ਪਹਾੜੀ ਪਾਣੀ ਦੇ ਵਹਾਅ ਨੂੰ ਘੱਟ ਕਰਨ ਲਈ ਜਦੋਂ ਇਨ੍ਹਾਂ ਦਰਿਆਵਾ ਉਤੇ ਡੈਮ ਬਣੇ ਹੋਏ ਹਨ, ਤਾਂ ਉਨ੍ਹਾਂ ਰਾਹੀ ਕੰਟਰੋਲ ਕਿਉਂ ਨਹੀਂ ਕੀਤਾ ਜਾਂਦਾ ਅਤੇ ਸਹੀ ਸਮੇਂ 'ਤੇ ਇਨ੍ਹਾਂ ਦਰਿਆਵਾਂ, ਨਦੀਆਂ, ਨਾਲਿਆਂ ਦੀ ਸਫ਼ਾਈ ਮੁਰੰਮਤ ਕਿਉਂ ਨਹੀ ਕੀਤੀ ਜਾਂਦੀ ?

# ਪਲਵਿੰਦਰ ਸਿੰਘ ਠੁੱਲੀਵਾਲ ਦੀ ਟੀਮ ਵੱਲੋਂ ਬ੍ਰਿਸਬੇਨ ਭੰਗੜਾ ਕੱਪ 'ਚ ਸ਼ਾਨਦਾਰ ਪ੍ਰਦਰਸ਼ਨ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਭੰਗੜਾ ਕੋਚ ਪਲਵਿੰਦਰ ਸਿੰਘ ਠੁੱਲੀਵਾਲ ਦੀ ਪੰਜਾਬੀ ਫ਼ੋਕ ਡਾਂਸ ਅਕੈਡਮੀ ਨੇ ਵਿਰਾਸਤ ਮਲਟੀਕਲਚਰਲ ਸੁਸਾਇਟੀ ਬ੍ਰਿਸਬੇਨ ਵਲੋਂ ਸਥਾਪਨਾ ਕੀਤੀ, ਜਿਸ ਰਾਹੀਂ ਉਹ ਹੁਣ ਤੱਕ ਹਜ਼ਾਰਾਂ ਨੌਜਵਾਨਾਂ ਨੂੰ ਗਿੱਧੇ ਤੇ ਭੰਗੜੇ ਦੀ ਸਿਖਲਾਈ ਦੇ ਚੁੱਕੇ ਹਨ।ਇਸ ਵਾਰ ਬ੍ਰਿਸਬੇਨ ਭੰਗੜਾ ਕੱਪ 2025 'ਚ ਪੂਰੇ ਆਸਟ੍ਰੇਲੀਆ



ਲਾਈਫ਼ ਚਰਚ ਬ੍ਰਿਸਬੇਨ ਸਾਊਥ ਵਿਖੇ ਕਰਾਏ ਗਏ ਭੰਗੜਾ ਕੱਪ 2025 ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਇਲਾਕੇ ਦਾ ਨਾਂਅ ਦੁਨੀਆ ਭਰ 'ਚ ਰੌਸ਼ਨ ਕੀਤਾ ਹੈ।ਜਾਣਕਾਰੀ ਅਨੁਸਾਰ 20 ਸਾਲ ਪਹਿਲਾਂ ਪਿੰਡ ਠੁੱਲੀਵਾਲ (ਬਰਨਾਲਾ) ਤੋਂ ਆਸਟ੍ਰੇਲੀਆ ਆ ਕੇ ਵਸੇ ਨੌਜਵਾਨ ਪਲਵਿੰਦਰ ਸਿੰਘ ਨੇ ਨੌਜਵਾਨਾਂ ਨੂੰ ਪੰਜਾਬੀ ਲੋਕ ਨਾਚ ਭੰਗੜੇ ਨਾਲ ਜੋੜਨ ਲਈ 2018 ਪੰਜਾਬੀ ਫ਼ੋਕ ਡਾਂਸ ਅਕੈਡਮੀ ਦੀ ਭਰ ਤੋਂ ਭੰਗੜੇ ਦੀਆਂ ਟੀਮਾਂ ਨੇ ਭਾਗ ਲਿਆ।ਮਾਹਰ ਜੱਜ ਅੰਮ੍ਰਿਤਪਾਲ ਸਿੰਘ ਢਿੱਲੋਂ, ਸਵਰਨ ਸਿੰਘ ਬਰਨਾਲਾ, ਗੁਰਪ੍ਰੀਤ ਸਿੰਘ ਸਹੋਤਾ, ਆਸਤੀ ਚੌਹਾਨ ਨਿਊਜ਼ੀਲੈਂਡ ਵੱਲੋਂ ਐਲਾਨੇ ਅੰਤਮ ਨਤੀਜਿਆਂ ਅਨੁਸਾਰ ਪੰਜਾਬੀ ਫ਼ੋਕ ਡਾਂਸ ਅਕੈਡਮੀ ਮੈਲਬੌਰਨ ਨੇ ਸਬ-ਯੂਨੀਅਰ ਵਰਗ 'ਚ ਪਹਿਲਾ, ਯੂਨੀਅਰ ਫੋਕ ਰਿਕਾਰਡਿੰਗ ਢੋਲ ਵਰਗ 'ਚ ਪਹਿਲਾ, ਸੰਗੀਤ ਕੈਟਾਗਰੀ 'ਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਸਬ-ਯੂਨੀਅਰ ਵਰਗ 'ਚ ਮਹਿਲ ਕਲਾਂ (ਬਰਨਾਲਾ) ਦੀ ਜਪਪ੍ਰੀਤ ਕੌਰ ਪੁੱਤਰੀ ਦਵਿੰਦਰ ਸਿੰਘ ਸਿੱਧੂ ਨੇ ਬੈੱਸ ਡਾਂਸਰ ਦਾ ਖਿਤਾਬ ਆਪਣੇ ਨਾਂਅ ਕੀਤਾ। ਕੋਚ ਪਲਵਿੰਦਰ ਸਿੰਘ ਠੁੱਲੀਵਾਲ ਨੇ ਦੱਸਿਆ ਕਿ ਪੰਜਾਬੀ ਫ਼ੋਕ ਡਾਂਸ ਅਕੈਡਮੀ ਦੀ ਯੂਨੀਅਰ ਫੋਕ ਰਿਕਾਰਡਿੰਗ ਢੋਲ ਟੀਮ ਇਸ ਤੋਂ ਪਹਿਲਾਂ ਪੀ.ਐੱਫ਼.ਡੀ.ਏ. ਰੂਹ ਪੰਜਾਬੀ ਦੀ ਭੰਗੜਾ ਕੱਪ ਸਿਡਨੀ ਕੱਪ, ਏ.ਬੀ.ਸੀ. ਆਸਟ੍ਰੇਲੀਅਨ ਭੰਗੜਾ ਕੱਪ ਜਿੱਤਣ 'ਚ ਸਫ਼ਲਤਾ ਹਾਸਲ ਕਰ ਚੁੱਕੀ ਹੈ।ਕੋਚ ਠੁੱਲੀਵਾਲ ਨੇ ਦੱਸਿਆ ਕਿ 2018 ਤੋਂ ਪਹਿਲਾਂ ਇੱਥੇ ਹਿੱਪ-ਹੌਪ ਭੰਗੜਾ ਜ਼ੋਰਾਂ 'ਤੇ ਸੀ, ਪੰਜਾਬੀ ਫ਼ੋਕ ਡਾਂਸ ਅਕੈਡਮੀ ਮੈਲਬੌਰਨ ਦੀ ਸਥਾਪਨਾ ਤੋਂ ਬਾਅਦ ਭੰਗੜੇ ਦੀ ਸ਼ੁੱਧ ਰੂਪ 'ਚ ਵਾਪਸੀ ਹੋਈ।ਇਸ ਅਕੈਡਮੀ ਰਾਹੀਂ ਉਹ ਆਸਟ੍ਰੇਲੀਆ ਦੇ ਜ਼ੰਮੇ ਜਾਇਆਂ ਨੂੰ ਪੰਜਾਬੀ ਸੱਭਿਆਚਾਰ ਦੀ ਇਸ ਵੰਨਗੀ ਨਾਲ ਨਿਰੰਤਰ ਜੋੜ ਰਹੇ ਹਨ।ਨੌਜਵਾਨ ਪਲਵਿੰਦਰ ਸਿੰਘ ਠੁੱਲੀਵਾਲ ਦੀ ਇਹ ਭੰਗੜਾ ਅਕੈਡਮੀ ਪੰਜਾਬੀ ਲੋਕ ਭੰਗੜਾ, ਗਿੱਧਾ, ਮਲਵਈ ਗਿੱਧਾ, ਲੁੱਡੀ, ਸ਼ੰਮੀ ਆਦਿ ਨੂੰ ਸ਼ੁੱਧ ਰੂਪ 'ਚ ਪੇਸ਼ ਕਰਨ ਸਿਰਤੋੜ ਯਤਨ ਕਰ ਰਹੀ ਹੈ।

# ਵਿਧਾਨ ਸਭਾ ਹਲਕਾ ਸੁਨਾਮ ਵਿਖੇ ਭਾਜਪਾ ਸਰਕਲ ਪ੍ਰਧਾਨਾਂ ਦੀ ਨਿਯੁਕਤੀ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਵਿਧਾਨ ਸਭਾ ਹਲਕਾ ਸੁਨਾਮ ਵਿਖੇ ਭਾਜਪਾ ਸਰਕਲ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਜਿਸ ਵਿੱਚ ਰਾਜੀਵ



ਮੱਖਣ ਨੂੰ ਸੁਨਾਮ ਸ਼ਹਿਰੀ ਸਰਕਲ, ਦਰਸ਼ਨ ਸਿੰਘ ਸਾਬਕਾ ਸਰਪੰਚ ਨਮੋਲ ਨੂੰ ਸੁਨਾਮ ਦਿਹਾਤੀ ਸਰਕਲ, ਨਰਿੰਦਰ ਸਿੰਘ ਸ਼ੇਰੋਂ ਨੂੰ ਚੀਮਾਂ ਸਰਕਲ ਅਤੇ ਜਗਸੀਰ ਬਾਵਾ ਨਾਗਰਾ ਨੂੰ ਖੇੜੀ ਸਰਕਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਦੀ ਸੂਬਾ ਸਕੱਤਰ ਦਾਮਨ ਬਾਜਵਾ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਅਤੇ ਜ਼ਿਲ੍ਹੇ ਦੀ ਸਮੂਹ ਟੀਮ ਵੱਲੋਂ ਵਿਧਾਨ ਸਭਾ ਹਲਕਾ ਸੁਨਾਮ ਵਿਖੇ ਅੱਜ ਨਵੇਂ ਸਿਰੇ ਤੋਂ ਸਰਕਲ ਪ੍ਰਧਾਨਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਦਾਮਨ ਬਾਜਵਾ ਵੱਲੋਂ ਸਰਕਲ ਪ੍ਰਧਾਨ ਨੂੰ ਵਧਾਈਆਂ ਦਿੰਦੇ ਹੋਏ ਭਾਜਪਾ ਪੰਜਾਬ ਪ੍ਰਧਾਨ ਸੁਨੀਲ ਜਾਖੜ ਅਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਪੰਜਾਬ ਸੰਗਠਨ ਮੰਤਰੀ ਸ਼੍ਰੀ ਨਿਵਾਸਸੁਲੂ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਲੀਡਰਸ਼ਿਪ ਹੇਠ ਸਾਡੇ ਇਹ ਭਰਾਵਾਂ ਨੂੰ ਵਿਧਾਨ ਸਭਾ ਸੁਨਾਮ ਵਿੱਚ ਭਾਜਪਾ ਸਰਕਲ ਪ੍ਰਧਾਨਾਂ ਦੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਪਹੁੰਚੇ ਭਾਜਪਾ ਜ਼ਿਲ੍ਹਾ ਸੰਗਰੂਰ 2 ਜ਼ਿਲ੍ਹਾ ਪ੍ਰਧਾਨ ਅਮ੍ਰਿਤਰਾਜ ਚੱਠਾ ਅਤੇ ਭਾਜਪਾ ਜ਼ਿਲ੍ਹਾ ਸੰਗਰੂਰ 2, ਏ.ਆਰ.ਓ ਜਗਤ ਕਥੂਰੀਆ ਮਲੇਰਕੋਟਲਾ ਵੱਲੋਂ ਸਰਕਲ ਪ੍ਰਧਾਨਾਂ ਨੂੰ ਮੁਬਾਰਕਵਾਦ ਦਿੱਤੀ। ਇਸ ਮੌਕੇ ਹਰਮਨਦੇਵ ਬਾਜਵਾ, ਪ੍ਰੇਮ ਗੁਗਨਾਨੀ, ਸੰਜੇ ਗੋਇਲ, ਅਸ਼ੋਕ ਗੋਇਲ, ਅਸ਼ਵਨੀ ਗਰਗ, ਰਜਿਤ ਸ਼ਰਮਾ, ਸਤਵੀਰ ਸਰਪੰਚ ਬਿਗੜਵਾਲ, ਅੰਕਿਤ ਕਾਂਸਲ, ਆਦਿ ਹਾਜ਼ਰ ਸਨ।

# ਸੂਏ 'ਚ ਪਾੜ ਕਾਰਨ ਸੈਂਕੜੇ ਏਕੜ ਝੋਨੇ ਦੀ ਫ਼ਸਲ ਪ੍ਰਭਾਵਤ ਹੋਣ ਦਾ ਡਰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਕਲਿਆਣ ਪੁਲ ਤੋਂ ਨਿਕਲਦੇ ਕੁਰੜ ਰਜਵਾਹੇ 'ਚ 50 ਫੁੱਟ ਚੌੜਾ ਪਾੜ ਪੈ ਜਾਣ ਕਾਰਨ ਪਿੰਡ ਵਜੀਦਕੇ ਖੁਰਦ ਦੇ ਕਿਸਾਨਾਂ ਦੀ 100 ਦੇ



ਕਰੀਬ ਝੋਨੇ ਦੀ ਫ਼ਸਲ ਇਕਦਮ ਜ਼ਿਆਦਾ ਪਾਣੀ ਆਉਣ ਨਾਲ ਪ੍ਰਭਾਵਤ ਹੋਣ ਦਾ ਡਰ ਬਣਿਆ ਹੋਇਆ ਹੈ। ਕਿਸਾਨਾਂ ਨੇ ਰਾਜ ਸਰਕਾਰ ਅਤੇ ਸੰਬੰਧਤ ਮਹਿਕਮੇ ਖ਼ਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਉਨ੍ਹਾਂ ਪ੍ਰਭਾਵਤ ਫ਼ਸਲਾਂ ਦਾ ਕਿਸਾਨਾਂ ਨੂੰ ਮੁਆਵਜ਼ਾ ਦੇਣ ਅਤੇ ਰਜਵਾਹੇ ਨੂੰ ਨਵੇਂ ਸਿਰੇ ਤੋਂ ਪੱਕਾ ਬਣਾਉਣ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਈ।ਮਿਲੀ ਜਾਣਕਾਰੀ ਅਨੁਸਾਰ ਪਿੰਡ ਵਜੀਦਕੇ ਖੁਰਦ ਨਾਲ ਸੰਬੰਧਿਤ ਕਿਸਾਨ ਜਗਸੀਰ ਸਿੰਘ, ਸੁਖਦੇਵ ਸਿੰਘ ਠੱਕਰਵਾਲੀਏ, ਪ੍ਰਗਟ ਸਿੰਘ, ਅਵਤਾਰ ਸਿੰਘ, ਅਜਾਇਬ ਸਿੰਘ, ਸਰਬਜੀਤ ਸਿੰਘ, ਮੰਦਰ ਸਿੰਘ, ਕਰਨੈਲ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ, ਊਧਮ ਸਿੰਘ, ਗੁਰਮੁਖ ਸਿੰਘ, ਨਰਿੰਦਰ ਸਿੰਘ, ਗੁਰਜੰਟ ਸਿੰਘ, ਅਤੇ ਹੋਰ ਕਈ ਕਿਸਾਨਾਂ ਦੀ ਫਸਲ ਰਜਵਾਹੇ ਦੇ ਤੇਜ਼ ਵਹਾਅ ਵਾਲੇ ਪਾਣੀ ਵਿਚ ਡੁੱਬ ਗਈ ਹੈ। +ਕਿਸਾਨਾਂ ਨੇ ਦੱਸਿਆ ਕਿ ਬਠਿੰਡਾ ਬ੍ਰਾਂਚ ਤੋਂ ਨਿਕਲਦਾ ਇਹ ਕਲਿਆਣ ਰਜਵਾਹਾ ਪਿਛਲੇ ਕਈ ਸਾਲਾਂ ਤੋਂ ਖਸਤਾ ਹਾਲਤ 'ਚ ਹੋਣ ਕਰਕੇ ਹਰ ਸਾਲ ਇਸ ਵਿੱਚ ਪਾੜ ਪੈ ਜਾਂਦੇ ਹਨ, ਜਿਸ ਨਾਲ ਪੀੜਤ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪੈਂਦਾ ਹੈ।ਪਤਾ ਲੱਗਦਿਆਂ ਹੀ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਮੌਕੇ ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ।ਉਨ੍ਹਾਂ ਕਿਹਾ ਕਿ ਰਿਪੋਰਟ ਤਿਆਰ ਕਰਕੇ ਐਸ.ਡੀ.ਐਮ. ਨੂੰ ਭੇਜੀ ਗਈ ਹੈ।ਐਸ ਡੀ ਓ ਨਹਿਰੀ ਵਿਭਾਗ ਨੇ ਦੱਸਿਆ ਕਿ ਕੁਰੜ ਮਾਈਨਰ 'ਚ ਪਾੜ ਵਾਲੀ ਥਾਂ ਨੂੰ ਮਿੱਟੀ ਨਾਲ ਪੂਰਨ ਦਾ ਕੰਮ ਤੇਜੀ ਨਾਲ ਸ਼ੁਰੂ ਕਰਾ ਦਿੱਤਾ ਹੈ, ਜਿਸ ਨੂੰ ਛੇਤੀ ਪੂਰਾ ਕਰ ਲਿਆ ਜਾਵੇਗਾ।

# ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਆਈ ਟੀ ਆਈ ਗੇਟ ਅੱਗੇ ਗੇਟ ਰੈਲੀ

**ਜਲਾਲਾਬਾਦ (ਜੀਤ ਕੁਮਾਰ)** ਸਰਕਾਰੀ ਆਈ.ਟੀ.ਆਈਜ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਸਰਕਾਰੀ ਆਈ ਟੀ ਆਈ ਦੇ ਗੇਟ ਅੱਗੇ ਪੰਜਾਬ ਸਰਕਾਰ ਵਿਰੁੱਧ ਗੇਟ ਰੈਲੀ ਕੀਤੀ ਤੇ ਪੰਜਾਬ ਸਰਕਾਰ ਦੇ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਤੇ ਚੇਤਾਵਨੀ ਦਿੱਤੀ ਗਈ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਤਕਨੀਕੀ ਸਿੱਖਿਆ ਮੰਤਰੀ ਤੇ ਹੋਰ ਸਾਰੇ ਮੰਤਰੀਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ ਜਾਣਗੇ। ਲੋੜ ਪੈਣ 'ਤੇ ਪੱਕਾ ਮੋਰਚਾ ਵੀ ਲਾਇਆ ਜਾਵੇਗਾ। ਯੂਨੀਅਨ ਆਗੂ ਅਮਰਜੀਤ ਸਿੰਘ, ਗੁਰਵਿੰਦਰ ਸਿੰਘ, ਗੁਰਪਾਲ ਸਿੰਘ, ਮਨਜੀਤ ਕੁਮਾਰ, ਗੁਰਲਾਭ ਸਿੰਘ ਸਮੇਤ ਹੋਰਾਂ ਨੇ ਦੱਸਿਆ ਕਿ ਸਰਕਾਰੀ ਆਈ ਟੀ ਆਈਜ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਪਿਛਲੇ ਕਈ ਸਾਲਾਂ ਤੋਂ ਗੱਲਬਾਤ ਰਾਹੀਂ ਮਸਲੇ ਹੱਲ ਨਾ ਹੋਣ 'ਤੇ ਹੁਣ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਵਿਰੁੱਧ ਹੁਣ ਖੁੱਲ੍ਹ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿ ਉਹ 15-16 ਸਾਲਾਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਆਂ ਵਿੱਚ ਬਿਨਾਂ ਕਿਸੇ ਸਰਕਾਰੀ




ਸਹੂਲਤਾਂ ਤੋਂ ਨਿਗੂਣੀਆਂ ਤਨਖਾਹਾਂ ਸਿਰਫ਼ 15000 ਉੱਪਰ ਗਰੁੱਪ ਬੀ ਬਤੌਰ ਕਰਾਫਟ ਇੰਸਟਰਕਟਰ ਵਜੋਂ ਆਪਣਾ ਸੋਸ਼ਣ ਕਰਾ ਰਹੇ ਹਾਂ, ਜਦਕਿ ਇਹੀ ਪੰਜਾਬ ਸਰਕਾਰ ਗਰੁੱਪ ਸੀ ਅਤੇ ਡੀ ਨੂੰ ਸਾਡੇ ਨਾਲੋਂ ਵੱਧ ਤਨਖਾਹਾਂ ਦੇ ਰਹੀ ਹੈ, ਜੋ ਕਿਤੇ ਵੀ ਤਰਕਸੰਗਤ ਨਹੀਂ ਹੈ। ਸਾਨੂੰ ਕਿਸੇ ਵੀ ਕਿਸਮ ਦੀ ਛੁੱਟੀ ਨਹੀਂ ਦਿੱਤੀ ਜਾਂਦੀ, ਨਾ ਹੀ ਕੋਈ ਬਦਲੀ ਕਰਾਉਣ ਦਾ ਅਧਿਕਾਰ ਹੈ, ਨਾ ਹੀ ਕੋਈ ਸਰਵਿਸ ਬੁੱਕ ਲਾਈ ਗਈ ਹੈ ਤੇ ਨਾ ਹੀ ਕੋਈ ਸਲਾਨਾ ਇੰਕਰੀਮੈਂਟ ਹੈ, ਇੱਥੋਂ ਤੱਕ ਲੇਡੀਜ਼ ਲਈ ਜਣੇਪਾ ਛੁੱਟੀ ਤੱਕ ਦਾ ਅਧਿਕਾਰ ਨਹੀਂ ਹੈ, ਜੋ ਪੰਜਾਬ ਸਰਕਾਰ ਲਈ ਬਹੁਤ ਹੀ ਸ਼ਰਮਨਾਕ ਗੱਲ ਹੈ। ਅਸੀਂ ਗੱਲਬਾਤ ਰਾਹੀਂ ਪਿਛਲੇ ਤਿੰਨ ਸਾਲਾਂ ਤੋਂ 40-50 ਮੁੱਖ ਮੰਤਰੀ ਦਫਤਰ ਦੇ ਗੇੜੇ ਮਾਰੇ ਕਿ ਸ਼ਾਇਦ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਸਮਾਂ ਮਿਲ ਜਾਵੇ, ਪ੍ਰੰਤੂ ਆਮ ਲੋਕਾਂ ਦੇ ਮੁੱਖ ਮੰਤਰੀ ਕਹਾਉਣ ਵਾਲੇ ਭਗਵੰਤ ਸਿੰਘ ਮਾਨ ਵੀ ਪਹਿਲੇ ਮੁੱਖ ਮੰਤਰੀਆਂ ਦੀ ਤਰ੍ਹਾਂ ਹੀ ਨਿਕਲੇ ਇੱਕ ਮਿੰਟ ਦਾ ਵੀ ਸਮਾਂ ਨਹੀਂ ਦਿੱਤਾ ਗਿਆ। ਇਸਤੋਂ ਇਲਾਵਾ ਕਈ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਵੀ ਮਿਲ ਚੁੱਕੇ ਹਾਂ ਉਹਨਾਂ ਵੱਲੋਂ ਹਰ ਵਾਰ ਇੰਗਨੋਰ ਕਰ ਦਿੱਤਾ ਜਾਂਦਾ ਹੈ, ਜਿਵੇਂ ਉਨ੍ਹਾਂ ਦਾ ਤਕਨੀਕੀ ਸਿੱਖਿਆ ਵੱਲ ਧਿਆਨ ਈ ਨਾ ਹੋਵੇ ਕਿਉਂਕਿ ਉਹ ਪਿਛਲੇ ਤਿੰਨ ਸਾਲਾਂ ਤੋਂ ਸਕੂਲਾਂ ਵਿੱਚੋਂ ਹੀ ਨਹੀਂ ਨਿਕਲ ਰਹੇ ਜਦਕਿ ਉਹ ਤਕਨੀਕੀ ਸਿੱਖਿਆ ਮੰਤਰੀ ਵੀ ਹਨ। ਅਸੀਂ ਪੰਜਾਬ ਦਾ ਕੋਈ ਆਮ ਆਦਮੀ ਪਾਰਟੀ ਦਾ ਐਮ ਐਲ , ਕੋਈ ਮੰਤਰੀ ਨਹੀਂ ਛੱਡਿਆ ਜਿਸਨੂੰ ਬੇਨਤੀ ਨਾ ਕੀਤੀ ਹੋਵੇ ਪ੍ਰੰਤੂ ਸਾਰਿਆਂ ਵੱਲੋਂ ਸਿਰਫ ਲਾਰੇ ਹੀ ਮਿਲੇ ਹਨ, ਕਿਸੇ ਨੇ ਵੀ ਕੋਈ ਹੱਲ ਕਰਾਉਣ ਬਾਰੇ ਨਹੀਂ ਸੋਚਿਆ।

# ਗੋਲਡੀ ਕੰਬੋਜ ਦੀ ਗੱਡੀ ਨਾਲ ਭਿਆਨਕ ਹਾਦਸਾ, ਪਰਵਾਰ ਸਮੇਤ ਵਾਲ਼-ਵਾਲ਼ ਬਚੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਵਿਧਾਇਕ ਗੋਲਡੀ ਕੰਬੋਜ ਦੀ ਗੱਡੀ ਨਾਲ ਫ਼ਿਰੋਜ਼ਪੁਰ ਨੇੜੇ ਇੱਕ ਭਿਆਨਕ ਹਾਦਸਾ ਵਾਪਰਿਆ, ਜਿਸ ਵਿੱਚ ਉਹ ਅਤੇ ਉਨ੍ਹਾਂ ਦਾ ਪਰਵਾਰ ਬੁਰੀ ਤਰ੍ਹਾਂ ਫਸ ਗਿਆ। ਖੁਸ਼ਕਿਸਮਤੀ ਨਾਲ ਇਸ ਹਾਦਸੇ ਵਿੱਚ ਵਿਧਾਇਕ ਤੇ ਉਨ੍ਹਾਂ ਦੇ ਪਰਵਾਰ ਦੇ ਸਾਰੇ ਮੈਂਬਰ ਸੁਰੱਖਿਅਤ ਬਚ ਗਏ, ਪਰ ਗੱਡੀ ਨੂੰ ਕਾਫੀ ਨੁਕਸਾਨ ਪਹੁੰਚਿਆ। ਜਾਣਕਾਰੀ ਮੁਤਾਬਕ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਖਤਮ ਹੋਣ ਤੋਂ ਬਾਅਦ ਗੋਲਡੀ ਕੰਬੋਜ ਆਪਣੇ ਪਰਵਾਰ ਸਮੇਤ ਜਲਾਲਾਬਾਦ ਵਾਪਸ ਪਰਤ ਰਹੇ ਸਨ। ਇਸ ਦੌਰਾਨ ਸੜਕ 'ਤੇ ਮੀਂਹ ਦੇ ਪਾਣੀ ਦਾ ਇਕੱਠਾ ਹੋਣਾ ਅਤੇ ਰਸਤੇ ਦੀ ਖਰਾਬ ਹਾਲਤ ਉਨ੍ਹਾਂ ਲਈ ਮੁਸੀਬਤ ਬਣ ਗਈ। ਅਚਾਨਕ ਉਨ੍ਹਾਂ ਦੀ ਗੱਡੀ ਪਾਣੀ ਵਿੱਚ ਫਸ ਗਈ ਤੇ ਬ੍ਰੇਕਾਂ ਫੇਲ੍ਹ ਹੋਣ ਕਾਰਨ ਕੰਟਰੋਲ ਗੁਆਚ ਗਿਆ। ਨਤੀਜੇ ਵਜੋਂ, ਗੱਡੀ ਅੱਗੇ ਜਾ ਰਹੀ ਪਾਇਲਟ ਵਾਹਨ ਨਾਲ ਜ਼ੋਰਦਾਰ ਟੱਕਰ ਮਾਰ ਗਈ, ਜਿਸ ਨਾਲ ਵਾਹਨ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ।

ਘਟਨਾ ਸਥਾਨ 'ਤੇ ਮੌਜੂਦ ਲੋਕਾਂ ਤੇ ਸੁਰੱਖਿਆ ਕ੍ਰਮਚਾਰੀਆਂ ਨੇ ਤੁਰੰਤ ਮੱਦਦ ਕੀਤੀ ਅਤੇ ਵਿਧਾਇਕ ਸਮੇਤ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਸੜਕ 'ਤੇ ਪਾਣੀ ਇਕੱਠਾ ਹੋਣ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ।

ਲੋਕਾਂ ਨੇ ਦੱਸਿਆ ਕਿ ਇਸ ਖੇਤਰ 'ਚ ਮੀਂਹ ਦੇ ਮੌਸਮ ਦੌਰਾਨ ਸੜਕਾਂ ਦੀ ਹਾਲਤ ਕਾਫੀ ਖਰਾਬ ਹੋ ਜਾਂਦੀ ਹੈ, ਜਿਸ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਗੋਲਡੀ ਕੰਬੋਜ ਨੇ ਘਟਨਾ ਤੋਂ ਬਾਅਦ ਆਪਣੀ ਸੁਰੱਖਿਅਤ ਸਥਿਤੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਹ ਤੇ ਉਨ੍ਹਾਂ ਦਾ ਪਰਵਾਰ ਠੀਕ ਹੈ।

17-July-PAGE-14.qxd 7/16/2025 10:55 PM Page 1



## ਜਨਮ ਦਿਨ ਮੁਬਾਰਕ



ਸੀਰਤ ਕੌਰ, ਬਿਨਪਾਲਕੇ



ਜਪਨਪ੍ਰੀਤ ਕੌਰ ਰੰਧਾਵਾ, ਗੁਰਦਾਸਪੁਰ

# 'ਯੁੱਧ ਨਸ਼ਿਆਂ ਵਿਰੁੱਧ' ਦਾ ਹਿੱਸਾ ਬਣ ਕੇ ਇਸ ਨੂੰ ਲੋਕ ਲਹਿਰ ਬਣਾਇਆ ਜਾਵੇ : ਰੰਧਾਵਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਪੰਜਾਬ ਸਰਕਾਰ ਵਲੋਂ ਨਸ਼ਿਆਂ ਦੀ ਰੋਕਥਾਮ ਲਈ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਉਣ ਲਈ ਭਾਗ ਦੋ ਤਹਿਤ ਵਿਧਾਇਕ ਡੇਰਾਬਸੀ ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਤੇ ਕੋਆਰਡੀਨੇਟਰ ਸੁਮਿਤ ਰਾਣਾ,ਉਪ ਕੋਆਰਡੀਨੇਟਰ ਸਤਵੰਤ ਸਿੰਘ ਦੀ ਮੌਜੂਦਗੀ ਹੇਠ ਪਿੰਡ ਜਾਸਤਨਾ ਕਲਾਂ, ਜਾਸਤਨਾ ਖੁਰਦ,ਬੱਲੋਪੁਰ ,ਤੋਫਾਪੁਰ ਤੇ ਆਗਾਪੁਰ ਵਿਚ ਯੁੱਧ ਨਸ਼ਿਆਂ ਵਿਰੁੱਧ ਮੁੰਹਿਮ ਤਹਿਤ ਨਸ਼ਾ ਮੁਕਤੀ ਯਾਤਰਾ ਰਾਹੀਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ। ਵਿਧਾਇਕ ਰੰਧਾਵਾ ਨੇ ਪੰਚਾਇਤਾਂ ਅਤੇ ਪਿੰਡ ਵਾਸੀਆਂ ਨੂੰ ਕਿਹਾ ਗਿਆ ਹੈ ਕਿ ਉਹ ਪਿੰਡ ਦੇ ਨੌਜਵਾਨ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਉਨ੍ਹਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਨਸ਼ੇ ਦੇ ਦਲਦਲ ਵਿਚੋਂ ਕੱਢਿਆ ਜਾ ਸਕੇ। ਉਨ੍ਹਾਂ ਸਮੂਹ ਪਿੰਡਾਂ ਦੇ ਵਾਸੀਆਂ ਅਤੇ ਪੰਚਾਇਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨਸ਼ਿਆ ਵਿਰੁੱਧ ਜੰਗ ਵਿੱਚ ਪ੍ਰਸ਼ਾਸਨ ਦਾ ਸਾਥ ਦੇਣ। ਇਸ ਮੌਕੇ ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਵਿਚ ਅਮਲ ਵਿਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਨਸ਼ਾਂ ਤਸਕਰਾਂ ਬਾਰੇ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਅਤੇ ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ ਪਿੰਡ ਵਾਸੀਆਂ ਵਲੋਂ ਨਸ਼ਿਆਂ ਵਿਰੁੱਧ ਲੜਾਈ ਵਿਚ ਪ੍ਰਸ਼ਾਸਨ ਨੂੰ ਪੂਰਨ ਸਹਿਯੋਗ ਦੇਣ ਦਾ ਅਹਿਦ ਲਿਆ ਗਿਆ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦਾ ਹਿੱਸਾ ਬਣ ਕੇ ਇਸ ਨੂੰ ਲੋਕ ਲਹਿਰ ਬਣਾਇਆ ਜਾਵੇ ਤੇ ਆਪਣੇ ਪਿੰਡ, ਸ਼ਹਿਰ, ਗਲੀ, ਮੁਹੱਲੇ, ਰਿਸ਼ਤੇਦਾਰਾਂ ਤੇ ਹੋਰ ਸੰਪਰਕ 'ਚ ਆਉਣ ਵਾਲੇ ਨਸ਼ਾ ਪੀੜ੍ਹਤ ਵਿਅਕਤੀਆਂ ਨੂੰ ਸਰਕਾਰੀ ਸਿਹਤ ਸੰਸਥਾਵਾਂ 'ਚ ਆਪਣਾ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਸਾਡੇ ਸਮਾਜ ਨੂੰ ਨਸ਼ਿਆਂ ਦੀ ਦਲਦਲ 'ਚੋਂ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਨਸ਼ੇ ਵਿਅਕਤੀ ਨੂੰ ਸਰੀਰਕ, ਮਾਨਸਿਕ, ਆਰਥਿਕ ਤੇ ਸਮਾਜਿਕ ਤੌਰ 'ਤੇ ਕਮਜ਼ੋਰ ਬਣਾ ਦਿੰਦੇ ਹਨ। ਸਰਕਾਰੀ ਸਿਹਤ ਕੇਂਦਰਾਂ 'ਚ ਨਸ਼ਾ ਪੀੜ੍ਹਤ ਮਰੀਜ਼ਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ ਤੇ ਮਰੀਜ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਤੋਂ ਪੀੜ੍ਹਤ ਵਿਅਕਤੀਆਂ ਨਾਲ ਹਮਦਰਦੀ ਵਾਲਾ ਰਵੱਈਆ ਅਪਨਾਉਣ ਦੀ ਲੋੜ ਹੈ।



# ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਵੱਲੋਂ ਮੰਗਾਂ ਨਾ ਮੰਨਣ 'ਤੇ ਤਿੱਖੇ ਸੰਘਰਸ਼ ਦੀ ਚੇਤਾਵਨੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਮਿੱਡ -ਡੇ -ਮੀਲ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਵੱਲੋਂ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਮਿੰਨੀ ਸਕੱਤਰੇਤ ਵਿਖੇ ਰੋਸ -ਮੁਜ਼ਾਹਰਾ ਕੀਤਾ ਗਿਆ ਅਤੇ ਆਪਣੀ ਹੱਕੀ ਮੰਗਾਂ ਦੀ ਪੂਰਤੀ ਲਈ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਮੁੱਖ-ਮੰਤਰੀ ਪੰਜਾਬ ਨੂੰ ਮੰਗ-ਪੱਤਰ ਭੇਜਿਆ ਗਿਆ। ਇਸ ਧਰਨੇ ਵਿੱਚ ਬੋਲਦਿਆਂ ਯੂਨੀਅਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮਿੱਡ -ਡੇ -ਮੀਲ ਵਰਕਰਾਂ ਨਾਲ਼ ਕੀਤੇ ਵਾਅਦਿਆਂ ਅਤੇ ਉਹਨਾਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ। ਉਹਨਾਂ ਕਿਹਾ ਕਿ ਉਹਨਾਂ ਦੀਆਂ ਮੁੱਖ ਮੰਗਾਂ ਵਿੱਚ ਤਨਖਾਹ ਵਿੱਚ ਵਾਧਾ ਕਰਨਾ, ਸਾਲ ਵਿੱਚ ਦੋ ਵਰਦੀਆਂ ਦੇਣਾ, ਮੁਫ਼ਤ ਮੈਡੀਕਲ ਦੀ ਸਹੂਲਤ ਅਤੇ ਮੈਡੀਕਲ ਛੁੱਟੀਆਂ ਲਾਗੂ ਕਰਨਾ, ਮਿੱਡ-ਡੇ-ਮੀਲ ਵਰਕਰਾਂ ਤੋਂ ਹੋਰ ਕੰਮ ਨਾ ਲੈਣਾ ਆਦਿ ਹਨ, ਜਿਨ੍ਹਾਂ ਦੀ ਪੂਰਤੀ ਲਈ ਉਹ ਸੰਘਰਸ਼ ਦੇ ਰਾਹ ਤੇ ਹਨ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਉਹਨਾਂ ਦੀ ਮੰਗਾਂ ਪ੍ਰਤੀ ਸੰਜੀਦਗੀ ਨਹੀਂ ਦਿਖਾਉਂਦੀ ਤਾਂ ਯੂਨੀਅਨ 03 ਅਗਸਤ ਨੂੰ ਸੰਗਰੂਰ ਵਿਖੇ ਸੂਬਾ-ਪੱਧਰੀ ਰੈਲੀ ਕਰਨਗੇ। ਇਸ ਮੌਕੇ ਯੂਨੀਅਨ ਆਗੂਆਂ ਵੱਲੋਂ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਖਿਲਾਫ਼ ਅਤੇ ਜਲਦ ਮੰਗਾਂ ਨਾ ਮੰਨੇ ਜਾਣ ਤੇ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ, ਸੁਨੀਲ ਸ਼ਰਮਾ, ਮੱਖਣ ਸਿੰਘ ਲੰਗੇਰੀ, ਰਣਵੀਰ ਸਿੰਘ, ਵਿਕਾਸ ਸ਼ਰਮਾ, ਅਨੁਪਮ ਰਤਨ, ਮਿੱਡ- ਡੇ-ਮੀਲ ਵਰਕਰਜ਼ ਯੂਨੀਅਨ ਤੋਂ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ ਆਸ਼ਾ ਰਾਣੀ ਭੁੱਲੋਵਾਲ ਰਾਣਾਂ, ਬਲਵਿੰਦਰ ਕੌਰ, ਸੀਮਾ ਰਾਣੀ, ਨਰੇਸ਼ ਕੁਮਾਰੀ, ਜਸਬੀਰ ਕੌਰ,ਮਲਕੀਤ ਕੌਰ,ਤਜਿੰਦਰ ਕੌਰ, ਕਮਲਜੀਤ ਕੌਰ,ਇੰਦਰਜੀਤ ਕੌਰ, ਕਮਲਾ ਦੇਵੀ, ਕੁਲਵਿੰਦਰ ਕੌਰ, ਨੀਲਮ ਰਾਣੀ,ਅਰਵਿੰਦਰ ਕੌਰ, ਲਕਸ਼ਮੀ ਦੇਵੀ,ਸੁਨੀਤਾ ਕੁਮਾਰੀ, ਮੀਨਾ ਕੁਮਾਰੀ,ਜਗਵਿੰਦਰ ਕੌਰ, ਮਲਕੀਤ ਕੌਰ, ਜੋਤੀ ਸ਼ਰਮਾ, ਜਸਮੀਤ ਕੌਰ, ਰਾਜ ਰਾਣੀ, ਚਰਨਜੀਤ ਕੌਰ, ਸੁੱਖਵਿੰਦਰ ਕੌਰ, ਕਮਲਜੀਤ ਕੌਰ, ਮੰਜੂ, ਬਿਮਲਾ ਰਾਣੀ, ਆਸ਼ਾ ਰਾਣੀ, ਮਨਜੀਤ ਕੌਰ, ਰਾਜ ਰਾਣੀ, ਊਸ਼ਾ ਰਾਣੀ, ਸੁਰਿੰਦਰ ਕੌਰ, ਰਾਣੀ ਸਹਿਤ ਵੱਡੀ ਗਿਣਤੀ ਵਿੱਚ ਮਿੱਡ -ਡੇ -ਮੀਲ ਵਰਕਰਜ਼ ਹਾਜ਼ਰ ਸਨ।



# ਇਕਵਾਇਰ ਕੀਤੀ ਜ਼ਮੀਨ 'ਤੇ ਕਾਬਜ਼ ਹੋਇਆ ਮੰਡੀ ਬੋਰਡ

## ਮੰਡੀ ਸ਼ਹਿਰ ਤੋਂ ਬਾਹਰ ਲਿਜਾਣ ਦਾ ਸੁਪਨਾ ਸਾਕਾਰ

**ਸ਼ਾਹਕੋਟ (ਗਿਆਨ ਸੈਦਪੁਰੀ )**

15 ਸਾਲ ਤੋਂ ਸ਼ਾਹਕੋਟ ਦੀ ਅਨਾਜ ਮੰਡੀ ਸ਼ਹਿਰ ਤੋਂ ਬਾਹਰ ਸਥਾਪਿਤ ਕਰਨ ਦੇ ਯਤਨ ਉਸ ਵੇਲੇ ਸਫਲ ਹੁੰਦੇ ਨਜ਼ਰ ਆਏ ਜਦੋਂ ਪੰਜਾਬ ਮੰਡੀ ਬੋਰਡ ਵੱਲੋਂ 2010 ਵਿੱਚ ਇਕਵਾਇਰ ਕੀਤੀ ਜਮੀਨ ਦਾ ਕਬਜ਼ਾ ਹਾਸਿਲ ਕਰ ਲਿਆ ਗਿਆ। ਮੰਗਲਵਾਰ ਨੂੰ ਤੜਕੇ 4 ਵਜੇ ਤੋਂ ਸ਼ੁਰੂ ਪੰਜ ਡਿਊਟੀ ਮਜਿਸਟਰੇਟਾਂ ਅਤੇ ਭਾਰੀ ਫੋਰਸ ਦੀ ਮੌਜੂਦਗੀ ਅਤੇ ਐਸ ਡੀ ਐਮ ਸ਼ਾਹਕੋਟ ਸ਼ੁਭੀ ਆਂਗਰਾ ਤੇ ਡੀਐਸਪੀ ਸ਼ਾਹਕੋਟ ਉਕਾਂਰ ਸਿੰਘ ਬਰਾੜ ਦੀ ਅਗਵਾਈ ਵਿੱਚ ਕਬਜ਼ਾ ਕਰਨ ਦੀ ਕਾਰਵਾਈ ਨਿਰਵਿਘਨ ਨੇਪਰੇ ਚੜ੍ਹ ਗਈ। ਸਰਕਾਰੀ ਕਾਰਵਾਈ ਵਿਰੁੱਧ ਸਬੰਧਤ ਕਿਸਾਨਾਂ ਵੱਲੋਂ ਟਕਰਾ ਕਰਨ ਦੇ ਮੱਦੇਨਜ਼ਰ ਲਗਭਗ ਛੇ ਜ਼ਿਲ੍ਹਿਆਂ ਦੀ ਪੁਲਸ ਫੋਰਸ ਇੱਥੇ ਪਹੁੰਚੀ ਹੋਈ ਸੀ। ਇਸ ਸੰਬੰਧ ਵਿੱਚ ਸੁਪਰੀਮ ਕੋਰਟ ਵੱਲੋਂ ਪੰਜਾਬ ਮੰਡੀ ਬੋਰਡ ਦੇ ਹੱਕ ਵਿੱਚ ਆਏ ਫੈਸਲੇ ਨੂੰ ਸੌਖੀ ਤਰ੍ਹਾਂ ਅਮਲ ਵਿੱਚ ਲਿਆਉਣ ਲਈ ਸਥਾਨਕ ਪੁਲਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ, ਮਾਰਕਿਟ ਕਮੇਟੀ ਦੇ ਸਕੱਤਰ, ਸਬੰਧਤ ਕਿਸਾਨ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਮਹੀਨਾ ਭਰ ਮੀਟਿੰਗਾਂ ਹੁੰਦੀਆਂ ਰਹੀਆਂ। ਕਾਫੀ ਕਿਸਾਨਾਂ ਵੱਲੋਂ ਸਹਿਮਤੀ ਦੀ ਸੁਰ ਕਾਰਨ ਇਹ ਕਾਰਵਾਈ ਉਤਸ਼ਾਹ ਪੂਰਨ ਢੰਗ ਨਾਲ ਅੰਜਾਮ ਦਿੱਤੀ ਗਈ। ਇੱਥੇ ਦੱਸਣ ਯੋਗ ਹੈ ਕਿ ਨੇੜਲੇ ਪਿੰਡ ਕੋਟਲੀ ਗਾਜਰਾਂ ਦੇ ਕਿਸਾਨਾਂ ਦੀ ਜ਼ਮੀਨ 2010 ਵਿੱਚ ਇਕਵਾਇਰ ਕੀਤੀ ਗਈ ਸੀ। 30 ਏਕੜ ਚਾਰ ਕਨਾਲਾਂ 12 ਮਰਲੇ ਇਕਵਾਇਰ ਕੀਤੀ ਜ਼ਮੀਨ ਨਾਲ 33 ਕਿਸਾਨ ਸੰਬੰਧਿਤ ਸਨ। ਮੰਡੀ ਬੋਰਡ ਦੀ ਇਸ ਕਾਰਵਾਈ ਵਿਰੁੱਧ 2011 ਵਿੱਚ ਕਿਸਾਨਾਂ ਨੇ ਪਟੀਸ਼ਨ ਦਾਖਲ ਕਰਵਾ ਦਿੱਤੀ। 13/ 9/12 ਨੂੰ ਹਾਈ ਕੋਰਟ ਦਾ ਫੈਸਲਾ ਆਇਆ ਕਿ ਇਕਵਾਇਰ ਕੀਤੀ ਜ਼ਮੀਨ ਵਿੱਚ ਜੋ ਉਸਾਰੀ ਅਧੀਨ ਰਕਬਾ ਹੈ, ਉਹ ਛੱਡ ਕੇ ਬਾਕੀ ਜ਼ਮੀਨ ਦਾ ਕਬਜ਼ਾ ਲੈ ਲਿਆ ਜਾਵੇ। ਇਸ ਆਦੇਸ਼ ਨਾਲ ਮੰਡੀ ਬੋਰਡ ਵੱਲੋਂ ਤਿੰਨ ਕਨਾਲ ਦੋ ਮਰਲੇ ਰਕਬਾ ਛੱਡ ਦਿੱਤਾ ਗਿਆ। ਇਸ 'ਤੇ ਵੀ ਕਿਸਾਨਾਂ ਦੀ ਤਸੱਲੀ ਨਾ ਹੋਣ ਕਾਰਨ ਉਹ 2015 ਵਿੱਚ ਸੁਪਰੀਮ ਕੋਰਟ ਪਹੁੰਚ ਗਏ। ਸੁਪਰੀਮ ਕੋਰਟ ਵਿੱਚ ਜਾ ਕੇ ਵੀ ਕਿਸਾਨਾਂ ਨੂੰ ਨਿਰਾਸ਼ਾ ਦਾ ਹੀ ਸਾਹਮਣਾ ਕਰਨਾ ਪਿਆ।ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਫੈਸਲਿਆਂ ਦੇ ਮੱਦੇਨਜ਼ਰ ਡਿਪਟੀ ਡਾਇਰੈਕਟਰ ਆਬਾਦਕਾਰ ਵੱਲੋਂ ਤਹਿਸੀਲਦਾਰ ਸ਼ਾਹਕੋਟ ਅਤੇ ਸਕੱਤਰ ਮਾਰਕੀਟ ਕਮੇਟੀ ਸ਼ਾਹਕੋਟ ਨੂੰ ਪੱਤਰ ਜਾਰੀ ਕੀਤਾ ਗਿਆ ਕਿ ਜ਼ਮੀਨ ਦਾ ਕਬਜ਼ਾ ਲਿਆ ਜਾਵੇ। ਇਸੇ ਰੌਸ਼ਨੀ ਵਿੱਚ ਮੰਗਲਵਾਰ ਨੂੰ ਇਕਵਾਇਰ ਕੀਤੀ ਗਈ ਜ਼ਮੀਨ ਦਾ ਮੰਡੀ ਬੋਰਡ ਨੇ ਕਬਜ਼ਾ ਲੈ ਲਿਆ। ਇਸ ਕਾਰਵਾਈ ਦੌਰਾਨ ਝੋਨੇ ਦੀ ਥੋੜੀ ਜਿਹੀ ਕੱਚੀ ਫਸਲ ਅਤੇ ਥੋੜੇ ਜਿਹੇ ਰਕਬੇ ਵਿੱਚ ਬਾਜਰਾ ਵਗੈਰਾ ਵਾਹੁਣਾ ਪਿਆ। ਇਸ ਫਸਲ ਦੇ ਬਣਦੇ 45 ਹਜ਼ਾਰ ਰੁਪਏ ਕਿਸਾਨਾਂ ਨੂੰ ਅਦਾ ਕੀਤੇ ਜਾਣਗੇ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ ਬਲਬੀਰ ਸਿੰਘ ਢੰਡੋਵਾਲ, ਚੇਅਰਮੈਨ ਮਾਰਕੀਟ ਕਮੇਟੀ ਮਹਿਤਪੁਰ ਅਤੇ ਆਪ ਆਗੂ ਜਸਵੀਰ ਸਿੰਘ ਜਲਾਲਪੁਰੀ ਦੀ ਸਰਗਰਮ ਭੂਮਿਕਾ ਰਹੀ। ਕਬਜ਼ਾ ਕਾਰਵਾਈ ਦੌਰਾਨ ਸਕੱਤਰ ਮਾਰਕੀਟ ਕਮੇਟੀ ਸ਼ਾਹਕੋਟ ਤਜਿੰਦਰ ਕੁਮਾਰ, ਤਹਿਸੀਲਦਾਰ ਸ਼ਾਹਕੋਟ ਮਨਿੰਦਰ ਸਿੰਘ ਸਿੱਧੂ, ਨਾਇਬ ਤਹਸੀਲਦਾਰ ਜਸਪਾਲ ਸਿੰਘ, ਵੈਟਨਰੀ ਅਫਸਰ ਡਾਕਟਰ ਅਮਨਦੀਪ ਸਿੰਘ, ਐਸ ਐਚ ਓ ਸ਼ਾਹਕੋਟ ਬਲਵਿੰਦਰ ਸਿੰਘ ਭੁੱਲਰ, ਗੁਰਬੀਰ ਸਿੰਘ ਕਾਨੂੰਗੋ, ਮੁਖਤਿਆਰ ਸਿੰਘ ਸੀਨੀਅਰ ਸਹਾਇਕ, ਗੁਰਮੇਲ ਸਿੰਘ ਤੇ ਵਰਿੰਦਰਜੀਤ ਸਿੰਘ( ਦੋਵੇਂ ਜੇਈ) ਅਤੇ ਮਾਰਕੀਟ ਕਮੇਟੀ ਦਾ ਸਮੁੱਚਾ ਸਟਾਫ ਸਾਰਾ ਸਮਾਂ ਮੌਜੂਦ ਰਹੇ। ਇਸ ਮੌਕੇ ਪੁਲਸ ਫੋਰਸ ਦੇ 450 ਜਵਾਨ ਮੁਸਤੈਦ ਰਹੇ।



ਕਬਜ਼ਾ ਕਰਨ ਦੀ ਕਾਰਵਾਈ ਮੌਕੇ ਡੀ ਐੱਸ ਪੀ ਓਂਕਰ ਸਿੰਘ ਬਰਾੜ ਤੇ ਹੋਰ।

# ਵਿਧਾਇਕ ਰਮਨ ਅਰੋੜਾ ਦੇ ਪੁੱਤਰ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ

**ਨਕੋਦਰ, (ਯੋਗੇਸ਼ਵਰ, ਰੀਨਾ ਸ਼ਰਮਾ)**- ਵਿਧਾਇਕ ਰਮਨ ਅਰੋੜਾ ਦੇ ਪੁੱਤਰ ਰਾਜਨ ਅਰੋੜਾ ਨੂੰ ਹਾਈ ਕੋਰਟ ਤੋਂ ਰਾਹਤ ਮਿਲ ਗਈ ਹੈ। ਅਦਾਲਤ ਨੇ ਗ੍ਰਿਫਤਾਰੀ 'ਤੇ ਰੋਕ ਅਤੇ ਜਾਂਚ ਵਿਚ ਸ਼ਾਮਲ ਹੋਣ ਦੇ ਆਦੇਸ਼ ਦਿੱਤੇ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਦੇ ਭ੍ਰਿਸ਼ਟਾਚਾਰ ਮਾਮਲੇ 'ਚ ਫਰਾਰ ਚਲ ਰਹੇ ਪੁੱਤਰ ਰਾਜਨ ਅਰੋੜਾ ਦੀ ਗ੍ਰਿਫਤਾਰੀ 'ਤੇ 24 ਸਤੰਬਰ ਤਕ ਲਈ ਰੋਕ ਲਗਾ ਦਿੱਤੀ ਹੈ। ਦਰਅਸਲ, ਰਾਜਨ ਅਰੋੜਾ ਨੇ ਅਗਾਊਂ ਜਮਾਨਤ ਅਰਜੀ ਦਾਇਰ ਕੀਤੀ ਸੀ, ਜਿਸ ਨੂੰ ਹਾਈ ਕੋਰਟ ਨੇ ਮਨਜੂਰੀ ਦਿੰਦੇ ਹੋਏ ਇਹ ਫੈਸਲਾ ਸੁਣਾਇਆ। ਜ਼ਿਕਰਯੋਗ ਹੈ ਕਿ ਰਮਨ ਅਰੋੜਾ ਦੇ ਫਰਾਰ ਚੱਲ ਰਹੇ ਬੇਟੇ ਰਾਜਨ ਅਰੋੜਾ ਤੇ ਕੁੜਮ ਰਾਜੂ ਮਦਾਨ ਦੀ ਗ੍ਰਿਫਤਾਰੀ ਲਈ ਵਿਜੀਲੈਂਸ ਨੇ ਸ਼ੁੱਕਰਵਾਰ ਨੂੰ ਲੁਕਆਊਟ ਸਰਕੂਲਰ ਵੀ ਜਾਰੀ ਕਰਵਾਇਆ ਸੀ। ਉੱਥੇ ਹੀ, ਹੁਣ ਵਿਧਾਇਕ ਜਮਾਨਤ ਲਈ ਹਾਈ ਕੋਰਟ ਦੀ ਸ਼ਰਨ ਲੈ ਸਕਦਾ ਹੈ। ਰਮਨ ਅਰੋੜਾ ਤੇ ਉਸ ਦੇ ਕੁੜਮ ਦੀ ਜਮਾਨਤ ਅਰਜੀ ਰੱਦ ਹੋਣ ਦੇ ਬਾਅਦ ਸਿਆਸੀ ਗਲਿਆਰਿਆਂ 'ਚ ਰਮਨ ਅਰੋੜਾ ਦੇ ਅਸਤੀਫੇ ਦੇ ਚਰਚੇ ਤੇਜ ਹਨ। ਕਿਆਸ ਲਗਾਏ ਜਾ ਰਹੇ ਹਨ ਕਿ ਵਿਧਾਇਕ ਉੱਤੇ ਅਸਤੀਫਾ ਦੇਣ ਦਾ ਵੀ ਦਬਾਅ ਹੈ।

# ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਦਾ ਚਾਲੀਆ ਮਨਾਇਆ



**ਬੰਗਾ (ਅਵਤਾਰ ਕਲੇਰ)**

ਪੰਜਾਬ ਦਾ ਮੱਕਾ ਮੰਨਿਆ ਜਾਂਦਾ ਦਰਬਾਰ ਰੌਜਾ ਸ਼ਰੀਫ਼ ਮੰਢਾਲੀ ਵਿਖੇ ਦਰਬਾਰ ਦੇ ਸੰਸਥਾਪਕ ਸੱਯਦ ਉੱਲ ਸ਼ੇਖ ਹਜ਼ਰਤ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਦਾ ਚਾਲੀਆ ਮੌਜੂਦਾ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਜੀ ਸਰਪ੍ਰਸਤੀ ਹੇਠ ਮਨਾਇਆ ਗਿਆ। ਮੁਨੱਬਰ ਅਲੀ ਕਵਾਲ ਪਾਰਟੀ ਮਲੇਰਕੋਟਲਾ ਵਾਲਿਆਂ ਨੇ ਖਤਮ ਸ਼ਰੀਫ਼ ਪੜ੍ਹਿਆ ਅਤੇ ਕਵਾਲੀ ਦੀ ਰਸਮ ਅਦਾ ਕੀਤੀ ਗਈ। ਕੁਲ ਲੋਕਾਈ ਦੇ ਭਲੇ ਲਈ ਦੁਆ ਕੀਤੀ ਗਈ। ਸਾਈਂ ਫੱਕਰ ਸ਼ਾਹ ਕਾਦਰੀ ਦਾਦੂਵਾਲ, ਸਾਈਂ ਜੀਤ ਸ਼ਾਹ ਰੁੜਕਾ ਕਲਾਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਾਈਂ ਅਬਦੁੱਲਾ ਸ਼ਾਹ ਕਾਦਰੀ 1908 'ਚ ਇਸ ਦੁਨੀਆਂ ਤੋਂ ਪਰਦਾ ਕਰ ਗਏ ਸੀ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ ਜੀ, ਸਾਈਂ ਫੱਕਰ ਸ਼ਾਹ ਕਾਦਰੀ ਦਾਦੂਵਾਲ, ਸਾਈਂ ਜੀਤ ਸ਼ਾਹ ਰੁੜਕਾ ਕਲਾਂ, ਜੀਤ ਬਾਬਾ ਕੁਲਥਮ,ਮੁਹੰਮਦ ਆਸ਼ਿਕ ਨੀਲਾ, ਡਾ. ਜਗਦੀਸ਼ ਮੁਹੰਮਦ,ਮਨੀ,ਗੱਗੀ, ਹਨੀ,ਸੋਨੂੰ ਜੱਸੋਮਜਾਰਾ, ਡਾ. ਮੋਹਣ ਲਾਲ ਬੱਧਣ,ਹਰਪ੍ਰੀਤ ਜੱਖੂ, ਚੰਨੀ ਖੋਥੜਾਂ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# ਆਰਮੀ ਜਵਾਨ ਦੀ ਸਵਿਫਟ ਗੱਡੀ 'ਚੋਂ ਮਿਲੀ ਸ਼ੱਕੀ ਹਾਲਾਤ 'ਚ ਲਾਸ਼



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**

ਨਜਦੀਕੀ ਪਿੰਡ ਖੋਖਰਾਂ ਦੇ ਖੇਡ ਮੈਦਾਨ ਵਿੱਚ ਪਾਣੀ ਦੀ ਟੈਂਕੀ ਦੇ ਨੇੜੇ ਖੜੀ ਸਵਿਫਟ ਕਾਰ ਵਿਚੋਂ ਨੌਜਵਾਨ ਦੀ ਲਾਸ਼ ਬਰਾਮਦ ਹੋਈ। ਇਸ ਸੰਬੰਧੀ ਥਾਣਾ ਮੁਖੀ ਗੁਰਪ੍ਰੀਤ ਸਿੰਘ ਅਤੇ ਏ ਐਸ ਆਈ ਨਰਿੰਦਰ ਪਾਲ ਬੈਂਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਸੀ ਕਿ ਖੋਖਰਾ ਦੇ ਖੇਡ ਮੈਦਾਨ ਵਿਚ ਸਵਿਫਟ ਕਾਰ ਪੀਬੀ 71 ਏ 9679 ਖੜੀ ਹੈ ਜਿਸ ਦੀ ਡਰਾਈਵਰ ਸੀਟ 'ਤੇ ਨੌਜਵਾਨ ਮ੍ਰਿਤਕ ਹਾਲਤ ਵਿੱਚ ਪਿਆ ਹੈ । ਜਦੋਂ ਮੌਕੇ 'ਤੇ ਜਾਂਚ ਪੜਤਾਲ ਕੀਤੀ ਤਾਂ ਮ੍ਰਿਤਕ ਦੀ ਪਛਾਣ ਕੁਲਜੀਤ ਸਿੰਘ (28) ਪੁੱਤਰ ਅਰਜਨ ਸਿੰਘ ਵਾਸੀ ਪਿੰਡ ਫਤਿਹਗੜ੍ਹ ਵੀਰਾਨ ਪੁਲਸ ਚੌਂਕੀ ਡੱਲਾ ਜਿਲ੍ਹਾ ਰੂਪਨਗਰ ਵੱਜੋਂ ਹੋਈ। ਇਹ ਨੌਜਵਾਨ 2017 ਵਿੱਚ ਫੌਜ 'ਚ ਭਰਤੀ ਹੋਇਆ ਸੀ। ਇਸ ਦੀ ਡਿਊਟੀ ਕੋਟਾ ਰਾਜਸਥਾਨ ਵਿੱਚ ਸੀ ਤੇ ਚਾਰ ਪੰਜ ਦਿਨ ਪਹਿਲਾਂ ਹੀ ਛੁੱਟੀ 'ਤੇ ਆਇਆ ਸੀ। ਉਸ ਦੀ ਪਤਨੀ ਅਤੇ ਪਿਤਾ ਪੁਲਸ ਮੁਲਾਜ਼ਮ ਹਨ, ਜਿਨ੍ਹਾਂ ਦੀ ਜਲੰਧਰ ਵਿਖੇ ਡਿਊਟੀ ਹੈ। ਉਹ ਜਲੰਧਰ ਵਿਖੇ ਹੀ ਰਹਿੰਦੇ ਹਨ ਤੇ ਪੰਦਰਾਂ ਵੀਹ ਦਿਨਾਂ ਬਾਅਦ ਪਿੰਡ ਆਉਂਦੇ ਹਨ । ਮ੍ਰਿਤਕ ਦਾ ਨੌ ਮਹੀਨਿਆਂ ਦਾ ਬੱਚਾ ਹੈ। ਮ੍ਰਿਤਕ ਦੇ ਪਿਤਾ ਅਰਜਨ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਬੀਤੇ ਕੱਲ੍ਹ ਚਾਰ ਵਜੇ ਘਰੋ ਸ਼੍ਰੀ ਚਮਕੌਰ ਸਾਹਿਬ ਨੂੰ ਨਵੇਂ ਕੱਪੜੇ ਲੈਣ ਗਿਆ ਸੀ ਜਿਸ ਦਾ ਬਾਅਦ ਵਿੱਚ ਕੋਈ ਪਤਾ ਨਹੀਂ ਲੱਗਾ। ਪਰਿਵਾਰਕ ਮੈਂਬਰ ਸਾਰੀ ਰਾਤ ਲੱਭਦੇ ਰਹੇ ਸਵੇਰੇ ਖੋਖਰਾ ਖੇਡ ਮੈਦਾਨ ਵਿੱਚ ਗੱਡੀ ਖੜੀ ਦੇਖੀ ਜਦੋਂ ਗੱਡੀ ਦੇ ਕੋਲ ਆ ਕੇ ਦੇਖਿਆ ਤਾਂ ਡਰਾਈਵਰ ਸੀਟ ਉੱਤੇ ਉਸ ਦੇ ਪੁੱਤਰ ਦੀ ਲਾਸ਼ ਪਈ ਸੀ। ਪੁਲਸ ਅਤੇ ਫੌਰੇਸਿੰਕ ਟੀਮਾਂ ਜਾਂਚ ਕਰ ਰਹੀਆਂ ਹਨ।

# ਸੜਕ ਸਫ਼ਾਈ ਮਿਸ਼ਨ ਤਹਿਤ ਉੱਚ ਅਧਿਕਾਰੀਆਂ 51 ਸੜਕਾਂ ਲਈਆਂ ਗੋਦ

**ਜਲੰਧਰ -(ਇਕਬਾਲ ਸਿੰਘ ਉਭੀ)**—ਸੜਕਾਂ ਦੀ ਨਿਰੰਤਰ ਨਿਗਰਾਨੀ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਉੱਚ ਅਧਿਕਾਰੀਆਂ ਵਲੋਂ 51 ਸੜਕਾਂ ਨੂੰ ਗੋਦ ਲਿਆ ਗਿਆ ਹੈ। ਇਸ ਮਿਸ਼ਨ ਨੂੰ ਜਮੀਨੀ ਪੱਧਰ 'ਤੇ ਲਾਗੂ ਕਰਨ ਲਈ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਵਿਵੇਕ ਮੋਦੀ ਨੇ ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਸਾਫ਼-ਸਫ਼ਾਈ ਅਤੇ ਹੋਰ ਹੋਣ ਵਾਲੇ ਜਰੂਰੀ ਕੰਮਾਂ ਦਾ ਜਾਇਜ਼ਾ ਲਿਆ। ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਿਤ ਬੀ.ਡੀ.ਪੀ.ਓ ਨੂੰ ਹਦਾਇਤ ਕੀਤੀ ਕਿ ਹੁਸ਼ਿਆਰਪੁਰ ਸੜਕ ਦੀ ਸਾਫ਼-ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਐਕਸੀਅਨ ਐਨ ਐਚ ਏ ਆਈ ਨੂੰ ਵੀ ਨਿਰਦੇਸ਼ ਦਿੱਤੇ ਕਿ ਸਮੁੱਚੀ ਸੜਕ 'ਤੇ ਖੱਡਿਆਂ ਨੂੰ ਤੁਰੰਤ ਠੀਕ ਕਰਵਾਇਆ ਜਾਵੇ। ਇਸ ਤੋਂ ਇਲਾਵਾ ਸੜਕ ਦੇ ਡਿਵਾਈਡਰਾਂ ਵਿਚਕਾਰ ਉੱਗੀ ਬੂਟੀ ਆਦਿ ਦੀ ਸਫਾਈ ਵੀ ਯਕੀਨੀ ਬਣਾਈ ਜਾਵੇ।

# ਬਸਪਾ ਨੇ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਦਾ ਫੂਕਿਆ ਪੁਤਲਾ ਤੇ ਕੀਤੀ ਨਾਅਰੇਬਾਜ਼ੀ

**ਮਾਹਿਲਪੁਰ (ਸਫਰੀ)**

ਅੱਡਾ ਟੂਟੋ ਮਜਾਰਾ ਦੇ ਮੇਨ ਅੱਡੇ 'ਚ ਬਸਪਾ ਨੇ ਪੰਜਾਬ ਸੰਭਾਲੋ ਮੁਹਿੰਮ ਤਹਿਤ ਰੋਸ ਰੈਲੀ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਵਿਰੁੱਧ ਚਮਨ ਲਾਲ ਟੂਟੋ ਮਜਾਰਾ ਦੀ ਅਗਵਾਈ ਹੇਠ ਪੁਤਲੇ ਫੂਕੇ ਅਤੇ ਜੰਮ ਕੇ ਨਾਅਰੇਬਾਜੀ ਕੀਤੀ । ਇੱਕਠ ਨੂੰ ਸੰਬੋਧਨ ਕਰਦਿਆਂ ਚਮਨ ਲਾਲ ਟੂਟੋ ਮਜਾਰਾ ,ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਇੰਚਾਰਜ ਬਖਸ਼ੀਸ਼ ਸਿੰਘ, ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਪ੍ਰਧਾਨ ਮਾ. ਮਲਕੀਅਤ ਸਿੰਘ,ਮਾ. ਧਰਮ ਸਿੰਘ, ਰਛਪਾਲ ਸਿੰਘ ਲਾਲੀ ਭਾਰਟਾ ਸੰਮਤੀ ਮੈਂਬਰ,ਮਾਸਟਰ ਜੁਗਿੰਦਰ ਸਿੰਘ ਆਦਿ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਤੇ ਬੇਰੁਜਗਾਰੀ ਖਤਮ ਕਰਨ, ਲੁੱਟਾਂ ਖੋਹਾਂ ਨੂੰ ਨੱਥ ਪਾਉਣ ਅਤੇ ਪੰਜਾਬ 'ਚ ਅਮਨ ਸ਼ਾਂਤੀ ਦੇ ਵਾਅਦੇ ਕਰਕੇ ਹੋਂਦ ਵਿੱਚ ਆਈ ਸੀ । ਉਨ੍ਹਾਂ ਕਿਹਾ ਕਿ ਵੱਖ ਵੱਖ ਸਟੇਟਾਂ ਵਿਚ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਦੀਆ ਮੂਰਤੀ ਨਾਲ ਛੇੜਛਾੜ, ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਬਦੀ, ਨਸ਼ਾ ਤਸਕਰਾਂ ਨੂੰ ਫੜਨ ਦੀ ਬਜਾਏ ਨਸ਼ਾ ਕਰਨ ਵਾਲਿਆਂ 'ਤੇ ਮਾਮਲੇ ਦਰਜ ਕਰਨੇ ਆਦਿ ਮਸਲਿਆਂ ਨੂੰ ਲੈ ਕੇ ਬਸਪਾ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਜਾ ਰਹੇ ਹਨ। ਉਨ੍ਹਾਂ ਕਿਹਾ ਹਸਪਤਾਲ 'ਚ ਡਾਕਟਰ ਨਹੀਂ ਸਕੂਲਾਂ ਵਿਚ ਮਾਸਟਰ ਨਹੀਂ । ਉਨ੍ਹਾਂ ਕਿਹਾ ਕਿ ਜਿਹੜੇ ਮੁਲਾਜਮ ਆਪਣੇ ਹੱਕਾਂ ਲਈ ਰੋਸ ਰੈਲੀ ਕਰਦੇ ਉਨ੍ਹਾਂ ਦੀ ਛਿੱਤਰ ਪਰੇਡ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਦੀ ਨੀਤੀਆਂ ਕਾਰਨ ਲੋਕ ਦੁੱਖੀ ਹਨ । ਇਸ ਮੌਕੇ ,ਸੁਰਿੰਦਰ ਸਿੰਘ ਰੱਤੂ ਬੱਢੋਆਣ, ਆਤਮਾ ਰਾਮ ਬੱਢੋਆਣ, ਚਰਨ ਦਾਸ ਬੱਢੋਆਣ, ਗਿਰਧਾਰੀ ਲਾਲ ਬੱਢੋਆਣ, ਰਣਜੀਤ ਸਿੰਘ ਮਹਿੰਗੋਵਾਲ, ਅਵਤਾਰ ਸਿੰਘ ਪਟਵਾਰੀ ,ਹਰਜਿੰਦਰ ਸਿੰਘ, ਟੂਟੋਮਜਾਰਾ, ਡਾ ਵਿਜੈ ਡੰਡੇਵਾਲ,ਹਰਭਜਨ ਸਿੰਘ ਪੰਚ, ਸਤਪਾਲ ਸਿੰਘ, ਰਾਮੇਸ਼ ਮਾਹਿਲਪੁਰ, ਹਰਭਜਨ ਸਿੰਘ ਗੰਧੋਵਾਲ,ਹਰਕਮਲਜੀਤ ਮਾਹਿਲਪੁਰ, ਮਹਿੰਦਰ ਪਾਲ ਢਾਡਾ ਕਲਾ ,ਰਾਕੇਸ ਮਾਹਿਲਪੁਰ, ਹਰਕਮਲਜੀਤ ਸਿੰਘ, ਸਤਪਾਲ ਸਿੰਘ ਢਾਡਾ ਢਾਡਾ ਕਲਾ,ਮਹਿੰਦਰ ਸਿੰਘ, ਢਾਡਾ ਕਲਾ ਸਮੇਤ ਵੱਡੀ ਗਿਣਤੀ 'ਚ ਬਸਪਾ ਵਰਕਰ ਹਾਜਰ ਸਨ।



# ਰੰਧਾਵਾ ਨੇ ਰੱਖਿਆ ਨਵੇਂ ਸ਼ਾਨਦਾਰ ਐਂਟਰੀ ਗੇਟ ਦਾ ਨੀਂਹ ਪੱਥਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਸਥਾਨਕ ਧਾਰਮਿਕ ਤੇ ਸੱਭਿਆਚਾਰ ਹੋਰ ਮਜ਼ਬੂਤ ਕਰਦਿਆਂ, ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼੍ਰੀ ਰਾਮ ਤਲਾਈ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਲੈਣ ਤੋਂ ਬਾਅਦ ਐਂਟਰੀ ਗੇਟ ਨਿਰਮਾਣ ਲਈ ਨੀਂਹ ਪੱਥਰ ਰੱਖਿਆ। ਇਹ ਗੇਟ 53.95 ਲੱਖ ਦੀ ਲਾਗਤ ਨਾਲ ਨਗਰ ਕੌਂਸਲ ਡੇਰਾਬੱਸੀ ਵੱਲੋਂ ਬਣਾਇਆ ਜਾਵੇਗਾ। ਸਮਾਗਮ ਵਿੱਚ ਨਗਰ ਕੌਂਸਲ ਪ੍ਰਧਾਨ ਸ੍ਰੀਮਤੀ ਆਸ਼ੂ ਉਪਨੇਜਾ, ਪਾਰਟੀ ਦੇ ਬਲਾਕ ਪ੍ਰਧਾਨ, ਐਮ.ਸੀ. , ਆਮ ਆਦਮੀ ਪਾਰਟੀ ਦੀ ਟੀਮ,ਤੇ ਸ਼ਹਿਰ ਵਾਸੀ ਮੌਜੂਦ ਰਹੇ।ਐਂਟਰੀ ਗੇਟ ਨੂੰ ਧਾਰਮਿਕ ਮਹੱਤਤਾ ਦੇ ਰੂਪ ਵਿੱਚ ਵਿਕਸਤ ਕਰਦੇ ਹੋਏ, ਇਸ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਤੇ ਸ਼੍ਰੀ ਅਰਜੁਨ ਦੇ ਰੱਥ ਦੀ ਰਚਨਾ ਵੀ ਕੀਤੀ ਜਾਵੇਗੀ। ਇਹ ਸ਼ਰਧਾ ਭਰਿਆ ਕੰਮ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਰਵਾਇਆ ਜਾਵੇਗਾ, ਜਦਕਿ ਬਾਕੀ ਨਿਰਮਾਣ ਨਗਰ ਕੌਂਸਲ ਡੇਰਾਬੱਸੀ ਦੁਆਰਾ ਕੀਤਾ ਜਾਵੇਗਾ।ਵਿਧਾਇਕ ਨੇ ਸਪੱਸ਼ਟ ਕੀਤਾ ਕਿ ਇਸ ਗੇਟ ਦਾ ਉਦਘਾਟਨ ਇਲਾਕੇ ਦੀ ਸਭ ਤੋਂ ਬਜ਼ੁਰਗ ਔਰਤ ਦੇ ਹੱਥੋਂ ਕਰਵਾਇਆ ਜਾਵੇਗਾ।ਇਹ ਗੇਟ ਲੋਕਾਂ ਦੀ ਭਾਵਨਾ ਹੈ, ਕਿਸੇ ਵਿਅਕਤੀ ਦੀ ਸ਼ਾਨ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਜਿਵੇਂ ਕੁਰੂਕਸ਼ੇਤਰ ਦੇ ਪ੍ਰਵੇਸ਼ ਗੇਟ ਨੇ ਆਪਣੀ ਪਛਾਣ ਬਣਾਈ ਹੈ, ਅਸੀਂ ਉਮੀਦ ਕਰਦੇ ਹਾਂ ਕਿ ਡੇਰਾਬੱਸੀ ਵਿੱਚ ਬਣਨ ਵਾਲਾ ਇਹ ਗੇਟ ਉਸ ਤੋਂ ਵੀ ਵਧੀਆ ਤੇ ਆਕਰਸ਼ਕ ਹੋਵੇਗਾ ਤਾਂ ਜੋ ਜਦੋਂ ਵੀ ਕੋਈ ਯਾਤਰੀ ਇੱਥੋਂ ਲੰਘੇ, ਉਹ ਡੇਰਾਬੱਸੀ ਦੀ ਸੋਹਣੀ ਯਾਦ ਆਪਣੇ ਨਾਲ ਲੈ ਕੇ ਜਾਵੇ। ਉਨ੍ਹਾਂ ਨੇ ਕਿਹਾ ਕਿ ਐਂਟਰੀ ਗੇਟ ਨਿਰਮਾਣ ਦੇ ਨਾਲ਼ ਡੇਰਾਬੱਸੀ ਦੀ ਸਾਂਝੀ ਪਛਾਣ ਨੂੰ ਨਵੀਂ ਉਚਾਈ ਮਿਲੇਗੀ।



# ਵਾਈ ਐੱਫ ਸੀ ਰੁੜਕਾ ਕਲਾਂ ਦੀਆਂ ਕੁੜੀਆਂ ਬਣੀਆਂ ਪੰਜਾਬ ਸਟੇਟ ਸੀਨੀਅਰ ਫੁੱਟਬਾਲ ਚੈਂਪੀਅਨ



**ਗੁਰਾਇਆ (ਬਿੰਦਰ ਸੁੰਮਨ)**

ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਯੋਜਨਾਬੱਧ ਤਰੀਕੇ ਨਾਲ ਬੱਚਿਆਂ ਤੇ ਨੌਜਵਾਨਾਂ ਲੜਕੇ ਅਤੇ ਲੜਕੀਆਂ ਦੇ ਸਰਵਪੱਖੀ ਵਿਕਾਸ ਲਈ ਕੰਮ ਕਰਦੀ ਆ ਰਹੀ ਹੈ । ਜ਼ਿਕਰਯੋਗ ਹੈ ਕਿ ਕਲੱਬ ਦੇ ਹੁਣ ਤੱਕ 100 ਤੋਂ ਵੱਧ ਖਿਡਾਰੀ ਰਾਸ਼ਟਰੀ ਅਤੇ 25 ਤੋਂ ਵੱਧ ਅੰਤਰਰਾਸ਼ਟਰੀ ਪੱਧਰ ਤੇ ਖੇਡ ਕੇ ਕਲੱਬ ਦਾ ਨਾਂਅ ਰੌਸ਼ਨ ਕਰ ਚੁੱਕੇ ਹਨ। ਕਲੱਬ ਦੇ ਵੱਲੋਂ ਇਲਾਕੇ ਵਿੱਚ 40 ਵੱਖ-ਵੱਖ ਸੈਂਟਰਾਂ ਦੇ 5000 ਦੇ ਕਰੀਬ ਲੜਕੇ ਤੇ ਲੜਕੀਆਂ ਨੂੰ ਖਾਸ ਤੌਰ 'ਤੇ ਫੁੱਟਬਾਲ, ਕਬੱਡੀ,ਰੈਸਲਿੰਗ, ਕ੍ਰਿਕਟ,ਐਥਲੈਟਿਕ ਆਦਿ ਖੇਡਾਂ ਚ ਉੱਚੇ ਦਰਜੇ ਦੀ ਮੁਫਤ ਟ੍ਰੇਨਿੰਗ ਦਿੱਤੀ ਜਾਂਦੀ ਹੈ। ਪੰਜਾਬ ਫੁੱਟਬਾਲ ਐਸੋਸੀਏਸ਼ਨ ਵੱਲੋਂ ਪੰਜਾਬ ਸਟੇਟ ਸੀਨੀਅਰ ਵੂਮੈਨ ਫੁੱਟਬਾਲ ਚੈਂਪੀਅਨਸ਼ਿਪ 2025-2026 ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਕਰਵਾਈ ਗਈ। ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਲੜਕੀਆਂ ਦੀਆਂ ਟੀਮਾਂ ਨੇ ਹਿੱਸਾ ਲਿਆ ਜਿਵੇਂ ਅੰਮ੍ਰਿਤਸਰ, ਫਿਰੋਜ਼ਪੁਰ, ਕਪੂਰਥਲਾ, ਫਤਿਹਗੜ੍ਹ ਸਾਹਿਬ ਜਲੰਧਰ, ਸੰਗਰੂਰ ,ਬਰਨਾਲਾ ,ਰੋਪੜ ਮੁਕਤਸਰ ਤਰਨ ਤਾਰਨ ਆਦਿ। ਇਸ ਵੂਮੇਨ ਫੁੱਟਬਾਲ ਚੈਂਪੀਅਨਸ਼ਿਪ ਵਿਚ ਵਾਈ.ਐਫ.ਸੀ. ਰੁੜਕਾ ਕਲਾਂ ਦੀਆਂ ਅੱਠ ਫੁੱਟਬਾਲ ਖਿਡਾਰਨਾਂ ਨੇ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੀਆਂ ਟੀਮਾਂ ਵੱਲੋਂ ਪ੍ਰਤਿਨਿਧਤਾ ਕੀਤੀ। ਇਸ ਚੈਂਪੀਅਨਸ਼ਿਪ ਵਿੱਚ ਵਾਈ ਐਫ ਸੀ ਰੁੜਕਾ ਕਲਾਂ ਦੀਆਂ ਲੜਕੀਆਂ ਨੇ ਮੱਲਾਂ ਮਾਰ ਕੇ ਆਪਣੇ ਖੇਡ ਦਾ ਚੰਗਾ ਪ੍ਰਦਰਸ਼ਨ ਕੀਤਾ ਤੇ ਇਸ ਚੈਂਪੀਅਨਸ਼ਿਪ ਵਿੱਚ ਜ਼ਿਲ੍ਹਾ ਜਲੰਧਰ ਦੀ ਟੀਮ ਚੈਂਪੀਅਨ ਰਹੀ,ਕਪੂਰਥਲਾ ਦੀ ਟੀਮ ਨੇ ਦੂਜਾ ਮੁਕਾਮ ਹਾਸਿਲ ਕੀਤਾ ਅਤੇ ਰੋਪੜ ਦੀ ਟੀਮ ਨੇ ਤੀਜਾ ਮੁਕਾਮ ਹਾਸਲ ਕਰਕੇ ਆਪਣੇ ਜ਼ਿਲ੍ਹਿਆਂ ਦਾ ਨਾਂਅ ਪੰਜਾਬ ਭਰ 'ਚ ਰੋਸ਼ਨ ਕੀਤਾ। ਇਸ ਮੌਕੇ ਵਾਈ. ਐਫ.ਸੀ. ਰੁੜਕਾ ਕਲਾਂ ਦੇ ਪ੍ਰਧਾਨ ਗੁਰਮੰਗਲ ਦਾਸ ਨੇ ਫੁੱਟਬਾਲ ਖਿਡਾਰਣਾਂ ਨੂੰ ਇਸ ਚੈਂਪੀਅਨਸ਼ਿਪ ਵਿੱਚ ਵਧੀਆ ਮੁਕਾਮ ਹਾਸਲ ਕਰਨ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਹਨਾਂ ਦਾ ਅਕੈਡਮੀ ਆਉਣ 'ਤੇ ਸਨਮਾਨਤ ਕੀਤਾ ਗਿਆ।

# ਬੀ ਕੇ ਇੰਟਰਨੈਸ਼ਨਲ ਤੇ ਬਾਬੇ ਕੇ ਸਕੂਲ 'ਚ 'ਮਿਸ਼ਨ ਹਰਿਆਲੀ-2025' ਮੁਹਿੰਮ ਚਲਾਈ



**ਲੋਹੀਆਂ ਖਾਸ, (ਯੋਗੇਸ਼ਵਰ)** - ਬਾਬਾ ਨਾਹਰ ਸਿੰਘ ਤੇ ਬਾਬਾ ਕਪੂਰ ਸਿੰਘ ਦੇ ਅਸ਼ੀਰਵਾਦ ਨਾਲ ਬੀ ਕੇ ਇੰਟਰਨੈਸ਼ਨਲ ਕਾਨਵੇਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਿਖੇ 'ਮਿਸ਼ਨ ਹਰਿਆਲੀ-2025' ਤਹਿਤ ਮੁਹਿੰਮ ਚਲਾਈ ਗਈ, ਜਿਸ ਵਿੱਚ ਵਿਦਿਆਰਥੀ ਅਤੇ ਅਧਿਆਪਕਾਂ ਨੇ ਸਕੂਲ ਅਤੇ ਆਸ ਪਾਸ ਖੇਤਰਾਂ ਵਿੱਚ ਜਾ ਕੇ ਲੋੜ ਅਨੁਸਾਰ ਫਲਦਾਰ ਅਤੇ ਛਾਂਦਾਰ ਰੁੱਖ ਲਗਾਉਣ ਦਾ ਅਭਿਆਨ ਚਲਾਇਆ ਅਤੇ ਇਹਨਾਂ ਦੀ ਸੰਭਾਲ ਨੂੰ ਯਕੀਨੀ ਬਣਾਇਆ। ਵਿਦਿਆਰਥੀਆਂ ਨੇ ਵਾਤਾਵਰਣ ਸਬੰਧੀ ਆਪਣੀ ਜ਼ਿੰਮੇਦਾਰੀ ਸਮਝਦੇ ਹੋਏ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਇਸ ਮੁਹਿੰਮ ਰਾਹੀਂ ਸਮਾਜ ਨੂੰ ਵੀ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸ ਮੌਕੇ 'ਤੇ ਡਾਇਰੈਕਟਰ ਸੱਦਾਮ ਖਾਨ, ਡਿਪਟੀ ਡਾਇਰੈਕਟਰ ਸ੍ਰੀਮਤੀ ਸਰਗਮ ਥਿੰਦ, ਪ੍ਰਿੰਸੀਪਲ ਸ੍ਰੀਮਤੀ ਨੀਤੀਮਾ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਭਵਿੱਖ ਪ੍ਰਤੀ ਜਾਗਰੂਕ ਕਰਦਿਆਂ ਸਮਾਜਿਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।

# ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਲੇ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦਿਹਾੜੇ ਦੇ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਨਰੰਗ ਸਿੰਘ ਜੀ ਮਲੇਰਕੋਟਲੇ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਭਾਈ ਤਾਰੂ ਸਿੰਘ ਜੀ ਦੁਆਰਾ ਧਰਮ ਦੀ ਖਾਤਰ (ਗੁਰਸਿੱਖੀ ਦੀ ਮੋਹਰ) ਕੇਸਾਂ ਨੂੰ ਕਤਲ ਕਰਵਾਉਣ ਦੀ ਬਜਾਇ ਖੋਪਰੀ ਉਤਰਵਾ ਕੇ ਪ੍ਰਾਪਤ ਕੀਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਨਾਲ ਸੁਣਾਇਆ । ਭਾਈ ਇੰਦਰਜੀਤ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ ਦੇ ਰਾਗੀ ਜੱਥੇ ਨੇ ਆਪਣੇ ਰਸਭਿੰਨੇ ਕੀਤਰਨ ਨਾਲ ਇਲਾਹੀ ਬਾਣੀ ਗਵਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਗੁਰਸੇਵਕ ਸਿੰਘ ਜੀ ਜਵੱਦੀ ਟਕਸਾਲ ਵਾਲਿਆਂ ਨੇ ਆਪਣੇ ਪ੍ਰਵਚਨਾ ਰਾਹੀ ਸੰਗਤਾਂ ਨੂੰ ਭਾਈ ਤਾਰੂ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਰਮਿੰਦਰ ਸਿੰਘ ਜੀ ਸਮਰਾਲੇ ਵਾਲੇ, ਭਾਈ ਹਰਵਿੰਦਰ ਸਿੰਘ ਜੀ, ਭਾਈ ਕੁਲਵੰਤ ਸਿੰਘ ਜੀ, ਭਾਈ ਪਰਮਜੀਤ ਸਿੰਘ ਜੀ, ਭਾਈ ਅੰਮ੍ਰਿਤਪਾਲ ਸਿੰਘ, ਮਿੱਤਰ ਪਿਆਰੇ ਨੂੰ ਕਵੀਸ਼ਰੀ ਜੱਥਾ, ਭਾਈ ਹਰਪ੍ਰੀਤ ਸਿੰਘ ਜੀ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸੰਗਰਾਂਦ ਦੇ ਦਿਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਤੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਇਸ ਮੌਕੇ ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ ।ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ 20 ਜੁਲਾਈ ਨੂੰ ਬਾਲਾ ਪ੍ਰੀਤਮ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੁਰਵਕ ਮਨਾਇਆ ਜਾਵੇਗਾ।




# ਹਿਮ ਸ਼ਿਵਲਿੰਗ ਦੇ ਦਰਸ਼ਨ ਕਰਕੇ 84 ਸ਼ਿਵ ਭਗਤਾਂ ਦਾ ਜਥਾ ਪਰਤਿਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**

ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਅਤੇ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਅਗਵਾਈ ਹੇਠ ਸ਼੍ਰੀ ਹਿਮ ਸ਼ਿਵਲਿੰਗ ਦੇ ਦਰਸ਼ਨਾਂ ਲਈ ਗਿਆ 84 ਸ਼ਿਵ ਭਗਤਾਂ ਦਾ ਜਥਾ ਸ਼੍ਰੀ ਅਮਰਨਾਥ ਯਾਤਰਾ ਕਰਕੇ ਜਥਾ ਰਾਜੀ ਖੁਸ਼ੀ ਨੂਰਮਹਿਲ ਪਰਤ ਆਇਆ ਹੈ। ਮੰਡਲ ਦੀ ਮਹਿਲਾ ਵਿੰਗ ਦੀ ਪ੍ਰਧਾਨ ਲਾਇਨ ਬਬਿਤਾ ਸੰਧੂ ਨੇ ਦੱਸਿਆ ਯਾਤਰਾ ਸੰਪੂਰਣ ਹੋਣ ਨਾਲ ਲਗਾਤਾਰ 20ਵੀਂ ਵਾਰ ਯਾਤਰਾ ਸੇਵਾਵਾਂ ਪ੍ਰਦਾਨ ਕਰਨ ਦਾ ਨੂਰਮਹਿਲ ਇਲਾਕੇ ਸਮੇਤ ਜ਼ਿਲ੍ਹਾ ਜਲੰਧਰ ਵਿੱਚ ਇੱਕ ਇਤਿਹਾਸ ਬਣ ਗਿਆ ਹੈ। ਮੰਡਲ ਦੇ ਸੇਵਾਦਾਰਾਂ ਅਸ਼ੋਕ ਬਬਿਤਾ ਸੰਧੂ, ਦਿਨਕਰ ਜਸਪ੍ਰੀਤ ਕੌਰ ਸੰਧੂ, ਕਲੱਬ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਸੋਮਿਨਾਂ ਸੰਧੂ ਸਮੇਤ ਅਤੇ ਯਾਤਰੀਆਂ ਨੇ ਸ਼ੁਕਰਾਨੇ ਵਜੋਂ ਉੱਚੀ ਅਵਾਜ਼ ਵਿੱਚ ਜੈਕਾਰੇ ਛੱਡੇ। ਮੰਡਲ ਦੇ ਸੇਵਾਦਾਰਾਂ ਅਤੇ ਯਾਤਰੀ ਰਮੇਸ਼ ਕੁਮਾਰ ਬੁਲ੍ਹੋਵਾਲ, ਐਨ.ਆਰ.ਆਈ ਬਲਜੀਤ ਕੌਰ ਸੰਘੂ, ਰਾਜਧਾਨੀ ਦਿੱਲੀ ਨੋਇਡਾ ਤੋਂ ਸੋਨਿਆਂ, ਲੁਧਿਆਣਾ ਤੋਂ ਸੂਰਜ, ਚੰਡੀਗੜ੍ਹ ਤੋਂ ਪਿਯੂਸ਼ ਮਲਹੋਤਰਾ, ਆਦਮਪੁਰ ਤੋਂ ਡਿੰਪਲ ਗੋਗਨਾ ਸਮੇਤ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਸ਼ਾਮਿਲ ਯਾਤਰੀਆਂ ਨੇ ਪ੍ਰਸ਼ਾਸਨ ਦੇ ਯਾਤਰਾ ਪ੍ਰਬੰਧਾਂ ਦੀ ਜਿੱਥੇ ਸ਼ਲਾਘਾ ਕੀਤੀ ਉੱਥੇ ਸ੍ਰੀਨਗਰ ਦੇ ਪੰਥਾ ਚੌਂਕ 'ਚ ਯਾਤਰੀਆਂ ਦੇ ਠਹਿਰਾਵ ਸਥਾਨ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ, ਕਿਹਾ ਕਿ ਯਾਤਰੀ ਨਿਵਾਸ ਵਿੱਚ ਯਾਤਰੀਆਂ ਨੂੰ ਭੇਡਾਂ ਬੱਕਰੀਆਂ ਵਾਂਗ ਤਾੜਨ ਉਪਰੰਤ ਰਾਤ ਨੂੰ ਟਾਟਾਂ 'ਤੇ ਸੌਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਉੱਥੇ ਪਹਿਲਾਂ ਤੋਂ ਮੌਜੂਦ ਯਾਤਰੀ ਆਪਣੇ ਕੀਮਤੀ ਸਮਾਨ ਜਿਵੇਂ ਮੋਬਾਈਲ, ਨਕਦੀ, ਬੈਗ ਆਦਿ ਗੁੰਮ ਹੋਣ ਦਾ ਰੌਲਾ ਪਾ ਰਹੇ ਸਨ। ਮੰਡਲ ਦੇ ਕੋਆਰਡੀਨੇਟਰ ਲਾਇਨ ਦਿਨਕਰ ਸੰਧੂ ਨੇ ਦੱਸਿਆ ਕਿ ਨਵੇਂ ਬਣੇ 'ਸ਼੍ਰੀ ਪ੍ਰੇਮ ਚੰਦ ਗਰਗ ਭਵਨ' ਜਿਸਦਾ ਉਦਘਾਟਨ ਹੋਏ ਨੂੰ ਸਿਰਫ 10/12 ਦਿਨ ਹੀ ਹੋਏ ਹਨ, ਦੇ ਕਮਰਿਆਂ ਦੀਆਂ ਚੱਦਰਾਂ, ਸਿਰਹਾਣੇ ਅਤੇ ਟਾਇਲਟ ਸੀਟਾਂ ਐਨੀਆਂ ਗੰਦੀਆਂ ਸਨ ਕਿ ਸਾਨੂੰ ਅਲਾਟ ਕੀਤਾ ਗਿਆ ਕਮਰਾ ਛੱਡਣਾ ਪਿਆ ਅਤੇ ਮਸਾਂ ਹੀ ਸਾਨੂੰ ਸਾਫ ਕਮਰਾ ਮਿਲਿਆ।ਯਾਤਰੀ ਸੋਮਿਨਾਂ ਸੰਧੂ ਅਤੇ ਦਿਨਕਰ ਸੰਧੂ ਨੇ ਕਿਹਾ ਕਿ ਸੁਰੱਖਿਆ ਦੇ ਨਾਂਅ 'ਤੇ ਪੰਜਾਬ ਦੇ ਸਿਮ ਬੰਦ ਕਰਨਾ ਇੱਕ ਸਾਜਿਸ਼ ਹੈ, ਮੋਬਾਈਲ ਕੰਪਨੀਆਂ ਨੂੰ ਲਾਭ ਦੇਣ ਯਾਤਰੀਆਂ ਦੀ ਜੇਬ 'ਤੇ ਡਾਕਾ ਮਾਰਨ ਵਾਲੀ ਗੱਲ ਹੈ। ਉਹਨਾਂ ਕਿਹਾ ਜਿਸ ਯਾਤਰੀ ਦਾ ਸਿਮ ਜੰਮੂ ਪ੍ਰਵੇਸ਼ ਕਰਦਿਆਂ ਬੰਦ ਕਰ ਦਿੱਤਾ ਜਾਂਦਾ ਹੈ ਉਸਦਾ ਵ੍ਹਟਸਐਪ, ਫੇਸਬੁੱਕ, ਟੈਲੀਗਰਾਮ ਆਦਿ ਲੋਕਲ ਸਿਮ ਲੈਣ ਜਾਂ ਵਾਈ-ਫਾਈ ਰਾਹੀਂ ਬੇਰੋਕ-ਟੋਕ ਚਲਦੇ ਹਨ ਫਿਰ ਸੁਰੱਖਿਆ ਦੇ ਨਾਂਅ 'ਤੇ ਸਿਮ ਬੰਦ ਕਰਨਾ ਯਾਤਰੀ ਨੂੰ ਪ੍ਰੇਸ਼ਾਨ ਕਰਨ ਤੋਂ ਇਲਾਵਾ ਕੋਈ ਹੋਰ ਗੱਲ ਨਹੀਂ ਹੈ। ਮੰਗ ਕੀਤੀ ਗਈ ਹੈ ਕਿ ਹਰ ਯਾਤਰੀ ਦਾ ਆਪਣਾ ਸਿਮ ਚੱਲਣਾ ਚਾਹੀਦਾ ਹੈ ਤਾਂ ਕਿ ਐਨੀ ਔਖੀ ਯਾਤਰਾ ਦੌਰਾਨ ਉਸਦਾ ਆਪਣੇ ਪਰਿਵਾਰ ਅਤੇ ਕਾਰੋਬਾਰ ਨਾਲ ਸੁੱਖ-ਸਾਂਝ ਬਣੀ ਰਹੇ।



### ਐਥਲੀਟ ਫੌਜਾ ਸਿੰਘ ਐਕਸੀਡੈਂਟ ਕੇਸ

# ਪੁਲਸ ਵੱਲੋਂ ਐੱਨ ਆਰ ਆਈ ਨੌਜਵਾਨ ਗ੍ਰਿਫ਼ਤਾਰ

**ਕਿਸ਼ਨਗੜ੍ਹ/ਜਲੰਧਰ/ਲੋਹੀਆਂ ਖਾਸ : (ਸੁਖਜੀਤ ਕੁਮਾਰ, ਸ਼ੈਲੀ ਐਲਬਰਟ,ਯੋਗੇਸ਼ਵਰ, ਰੀਨਾ ਸ਼ਰਮਾ)**—ਦਿਹਾਤੀ ਪੁਲਸ ਨੇ 114 ਸਾਲਾ ਪ੍ਰਸਿੱਧ ਦੌੜਾਕ ਫੌਜਾ ਸਿੰਘ ਨਾਲ ਜੁੜੇ ਹਿਟ ਐਂਡ ਰਨ ਮਾਮਲੇ ਨੂੰ ਸਿਰਫ਼ 30 ਘੰਟਿਆਂ ਦੇ ਅੰਦਰ ਸੁਲਝਾ ਲਿਆ ਹੈ। ਮੰਗਲਵਾਰ ਦੇਰ ਰਾਤ ਪੁਲਸ ਨੇ ਇਸ ਮਾਮਲੇ 'ਚ ਦਾਸੂਪੁਰ ਦੇ 30 ਸਾਲਾ ਐਨ ਆਰ ਆਈ ਅੰਮ੍ਰਿਤਪਾਲ ਸਿੰਘ ਢਿੱਲੋਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਹਾਦਸੇ ਵਾਲੀ ਫਾਰਚਿਊਨਰ ਗੱਡੀ ਵੀ ਬਰਾਮਦ ਕਰ ਲਈ ਹੈ।ਇਸ ਦੇ ਨਾਲ ਹੀ ਵਾਰਦਾਤ ਵਿੱਚ ਵਰਤੀ ਗਈ ਫਾਰਚਿਊਨਰ ਗੱਡੀ (PB20-C-7100) ਨੂੰ ਜ਼ਬਤ ਕਰ ਲਿਆ ਗਿਆ ਹੈ । ਮੁਲਜ਼ਮ ਨੂੰ ਦੇਰ ਰਾਤ ਥਾਣਾ ਭੋਗਪੁਰ ਲਿਆਇਆ ਗਿਆ, ਜਿੱਥੇ ਉਸ ਤੋਂ ਪੁੱਛਗਿੱਛ ਕੀਤੀ ਗਈ।ਪੁਲਸ ਨੂੰ ਇਹ ਵੀ ਪਤਾ ਚੱਲਿਆ ਕਿ ਅੰਮ੍ਰਿਤਪਾਲ ਸਿੰਘ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਤੇ ਉਸ ਦੀਆਂ ਤਿੰਨ ਭੈਣਾਂ ਤੇ ਮਾਂ ਕੈਨੇਡਾ 'ਚ ਰਹਿੰਦੇ ਹਨ।ਅੰਮ੍ਰਿਤਪਾਲ ਸਿੰਘ 8 ਦਿਨਾਂ ਪਹਿਲਾਂ ਹੀ ਕੈਨੇਡਾ ਤੋਂ ਪਰਤਿਆ ਸੀ। ਹਾਦਸੇ ਤੋਂ ਇੱਕ ਦਿਨ ਬਾਅਦ ਅੰਮ੍ਰਿਤਪਾਲ ਸਿੰਘ ਕਰਤਾਰਪੁਰ ਨੇੜੇ ਆਪਣੇ ਪਿੰਡ ਗਿਆ। ਉਹ ਜਲੰਧਰ ਨਹੀਂ ਗਿਆ ਸਗੋਂ ਪਿੰਡਾਂ ਦੇ ਰਸਤਿਆਂ ਰਾਹੀਂ ਆਪਣੇ ਪਿੰਡ ਪਹੁੰਚਿਆ। ਮੁੱਢਲੀ ਜਾਂਚ 'ਚ ਅੰਮ੍ਰਿਤਪਾਲ ਨੇ ਆਪਣਾ ਜ਼ੁਰਮ ਕਬੂਲ ਕਰ ਲਿਆ ਹੈ।ਅੰਮ੍ਰਿਤਪਾਲ ਨੇ ਦੱਸਿਆ ਕਿ ਉਹ ਮੁਕੇਰੀਆਂ ਵੱਲੋਂ ਆਪਣਾ ਫ਼ੋਨ ਵੇਚ ਕੇ ਆ ਰਿਹਾ ਸੀ। ਜਦੋਂ ਉਹ ਬਿਆਸ ਨੇੜੇ ਪਹੁੰਚਿਆ ਤਾਂ ਬਜ਼ੁਰਗ ਉਸ ਦੀ ਗੱਡੀ ਨਾਲ ਟਕਰਾ ਗਿਆ। ਉਸ ਨੂੰ ਇਹ ਨਹੀਂ ਪਤਾ ਸੀ ਕਿ ਬਜ਼ੁਰਗ ਫੌਜਾ ਸਿੰਘ ਹਨ। ਅੰਮ੍ਰਿਤਪਾਲ ਸਿੰਘ ਵਿਰੁੱਧ ਹਿੱਟ ਐਂਡ ਰਨ, ਲਾਪਰਵਾਹੀ ਕਾਰਨ ਮੌਤ ਅਤੇ ਮੌਕੇ ਤੋਂ ਫਰਾਰ ਹੋਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।ਮਾਮਲਾ ਮਾਤਾ ਰਮਾਈ ਬਾਈ ਅੰਬੇਡਕਰ ਮਾਰਗ ਥਾਣੇ ਵਿੱਚ ਦਰਜ ਕੀਤਾ ਗਿਆ ਹੈ।



# ਸਾਵਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**

ਗੁਰੂਦੁਆਰਾ ਸ਼ਹੀਦ ਬਾਬਾ ਮੱਤੀ ਜੀ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਦੀ ਦੇਖ -ਰੇਖ ਹੇਠ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਸਵੇਰੇ 8 ਵਜੇ ਤੋਂ ਦੁਪਹਿਰ 1.30 ਵਜੇ ਤੱਕ ਸਜੇ ਦੀਵਾਨਾਂ ਅੰਦਰ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਜੱਥਿਆਂ ਵਿੱਚ ਹਜ਼ੂਰੀ ਰਾਗੀ ਭਾਈ ਗੁਰਜੀਤ ਸਿੰਘ ਗੁਰੂਦੁਆਰਾ ਸ਼ਹੀਦ ਬਾਬਾ ਮੱਤੀ ,ਭਾਈ ਮਨਪ੍ਰੀਤ ਸਿੰਘ ਰਬਾਬੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਇੰਟਰਨੈਸ਼ਨਲ ਪੰਥਕ ਢਾਡੀ ਕਥਾ ਗੁਰਵਿੰਦਰ ਸਿੰਘ ਮਾਨ ਜਲੋਕੇ (ਪੱਟੀ), ਕਥਾਵਾਚਕ ਗਿਆਨੀ ਜਸਵਿੰਦਰ ਸਿੰਘ ਛਾਪਾ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਵਲੋਂ ਸੰਗਤਾਂ ਨੂੰ ਕੀਰਤਨ,ਕਥਾ ਅਤੇ ਢਾਡੀ ਵਾਰਾਂ ਰਾਹੀਂ ਗੁਰੂਬਾਣੀ ਨਾਲ ਜੋੜ ਨਿਹਾਲ ਕੀਤਾ ਗਿਆ। ਪਿੰਮਸ ਹਸਪਤਾਲ ਦੇ ਡਾਕਟਰਾਂ ਦੀ ਟੀਮ ਵਲੋਂ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ।ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਉਨ੍ਹਾਂ ਸਭਨਾਂ ਸੰਗਤਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਸਭਨਾਂ ਨੂੰ ਸੰਗਰਾਂਦ ਦੇ ਦਿਹਾੜੇ ਦੀ ਵਧਾਈ ਵੀ ਦਿੱਤੀ।ਇਸ ਮੌਕੇ ਤੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ, ਮੀਤ ਪ੍ਰਧਾਨ ਦਰਸਨ ਸਿੰਘ, ਸੈਕਟਰੀ ਰਣਵੀਰ ਪਾਲ ਸਿੰਘ, ਜਰਨੈਲ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ,ਹਰਦਿਆਲ ਸਿੰਘ, ਸੁਰਿੰਦਰ ਸਿੰਘ, ਗੁਰਜੀਤ ਸਿੰਘ, ਮਨਜੀਤ ਸਿੰਘ, ਇੱਕ ਬਾਲ ਸਿੰਘ, ਜਸਪਾਲ ਸਿੰਘ, ਸਤਨਾਮ ਸਿੰਘ, ਸਰਪੰਚ ਰਸ਼ਪਾਲ ਸਿੰਘ ਪਾਲਾ, ਗਿਣਤੀ ਵਿੱਚ ਇਲਾਕਾ ਵਾਸੀ ਗੁਰੂ ਘਰ ਦਾ ਆਸ਼ੀਰਵਾਦ ਲਿਆ।ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੁਰਜੀਤ ਸਿੰਘ ਹੁਰਾਂ ਬਾਖੂਬੀ ਨਿਭਾਈ।

